Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ


Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 44, October 29, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਸੁਖਬੀਰ ਬਾਦਲ ਲਈ ਚੁਣੌਤੀ ਬਣੀ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਇਸ ਵਾਰ ਅਕਾਲੀ ਦਲ (ਬਾਦਲ) ਲਈ ਵੱਡੀ ਚੁਣੌਤੀ ਬਣਦੀ ਜਾਪ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਮੈਂਬਰ ਤੇ ਵਿਰੋਧੀ ਧਿਰਾਂ ਇਸ ਵਾਰ ਬਾਦਲਾਂ ਦੀ ਜੇਬ ਵਿਚੋਂ ਨਿਕਲਦੇ 'ਲਿਫਾਫੇ ਵਾਲੇ ਪ੍ਰਧਾਨ' ਦੀ ਰਵਾਇਤ ਨੂੰ ਤੋੜਨ ਲਈ ਬਜ਼ਿਦ ਹਨ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਸਾਬਕਾ ਵਿਧਾਇਕਾ ਜਗੀਰ ਕੌਰ ਵੱਲੋਂ ਕਮੇਟੀ ਪ੍ਰਧਾਨ ਦੀ ਚੋਣ ਲੜਨ ਦਾ ਫੈਸਲਾ ਅਕਾਲੀ ਦਲ ਲਈ ਇਕ ਹੋਰ ਵੰਡ ਦਾ ਕਾਰਨ ਬਣਨ ਦੇ ਨਾਲ-ਨਾਲ ਸੁਖਬੀਰ ਸਿੰਘ ਬਾਦਲ ਲਈ ਇਕ ਹੋਰ ਚੁਣੌਤੀ ਖੜ੍ਹੀ ਕਰ ਗਿਆ ਹੈ। ਜਗੀਰ ਕੌਰ ਨੇ ਸਾਫ ਆਖ ਦਿੱਤਾ ਹੈ ਕਿ ਉਹ ਹਰ ਹਾਲ ਚੋਣ ਲੜਨਗੇ। ਜਗੀਰ ਕੌਰ ਵੱਲੋਂ ਅਹੁਦੇਦਾਰਾਂ ਦੀ ਚੋਣ ਵਾਸਤੇ ਸੱਦੇ ਜਨਰਲ ਇਜਲਾਸ ਨੂੰ 9 ਨਵੰਬਰ ਦੀ ਥਾਂ ਅਗਾਂਹ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਤਰਕ ਹੈ ਕਿ ਤਕਰੀਬਨ ਇਕ ਦਰਜਨ ਤੋਂ ਵੱਧ ਕਮੇਟੀ ਮੈਂਬਰ ਵਿਦੇਸ਼ ਵਿਚ ਹਨ, ਉਹ ਵੋਟ ਪਾਉਣ ਤੋਂ ਵਾਂਝੇ ਰਹਿ ਜਾਣਗੇ; ਹਾਲਾਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ ਕਿ ਜਨਰਲ ਹਾਊਸ ਸਿੱਖ ਗੁਰਦੁਆਰਾ ਐਕਟ ਮੁਤਾਬਕ 21 ਦਿਨਾਂ ਦੇ ਵਕਫ਼ੇ ਬਾਅਦ ਸੱਦਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸੂਚਨਾ ਵੀ ਭੇਜ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਜਿਹੜੇ ਮੈਂਬਰ ਵਿਦੇਸ਼ ਵਿਚ ਹਨ, ਉਨ੍ਹਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਸੁਖਬੀਰ ਬਾਦਲ ਜਗੀਰ ਕੌਰ ਨੂੰ ਚੋਣ ਨਾ ਲੜਨ ਲਈ ਮਨਾਉਣ ਵਾਸਤੇ ਹਰ ਹੀਲਾ ਵਰਤ ਰਹੇ ਹਨ।



### ਐਤਕੀਂ ਪ੍ਰਧਾਨ ਲਿਫਾਫੇ 'ਚੋਂ ਨਹੀਂ ਨਿਕਲੇਗਾ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਬੰਧੀ ਉਹ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕਰਦੇ ਹਨ ਕਿ ਆਪਣੇ ਜ਼ਮੀਰ ਦੀ ਆਵਾਜ਼ ਨਾਲ ਵੋਟ ਦਾ ਇਸਤੇਮਾਲ ਕਰ ਕੇ ਪ੍ਰਧਾਨ ਦੀ ਚੋਣ ਕਰਨ। ਜਗੀਰ ਕੌਰ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਚੋਣ ਲੜਨ ਦੇ ਐਲਾਨ ਸਬੰਧੀ ਢੀਂਡਸਾ ਨੇ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਦੇ ਵਿਰੋਧ ਵਿਚ ਲੜਨ ਵਾਲੇ ਉਮੀਦਵਾਰ ਦਾ ਸਮਰਥਨ ਕਰਨਗੇ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲਿਫਾਫੇ ਵਿਚੋਂ ਨਹੀਂ ਨਿਕਲੇਗਾ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਸਮੇਂ ਹਮੇਸ਼ਾ ਦੋਸ਼ ਲੱਗਦੇ ਆਏ ਹਨ ਕਿ ਜਮਹੂਰੀ ਢੰਗ ਦੀ ਥਾਂ ਬਾਦਲ ਪਰਿਵਾਰ ਵੱਲੋਂ ਪਹਿਲਾਂ ਹੀ ਤੈਅ ਕੀਤੇ ਨਾਮ ਦਾ ਐਲਾਨ ਕਰ ਕੇ ਸਿੱਖ ਸੰਗਤ ਨੂੰ ਗੁਮਰਾਹ ਕੀਤਾ ਜਾਂਦਾ ਹੈ। ਇਜਲਾਸ ਤੋਂ ਐਨ ਪਹਿਲਾਂ ਪ੍ਰਧਾਨ ਦੀ ਚੋਣ ਦੇ ਅਧਿਕਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਸੌਂਪ ਦਿੱਤੇ ਜਾਂਦੇ ਹਨ। 'ਲਿਫਾਫਾ ਪ੍ਰਧਾਨ' ਦੀ ਇਸ 'ਪਰੰਪਰਾ' ਖਿਲਾਫ ਕਈ ਵਾਰ ਬਾਗੀ ਸੁਰਾਂ ਉਠੀਆਂ ਹਨ ਪਰ ਕਿਸੇ ਦੀ ਕੋਈ ਪੇਸ਼ ਨਹੀਂ ਚੱਲੀ ਹਾਲਾਂਕਿ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਅਕਾਲੀ ਦਲ (ਬਾਦਲ) ਇਸ ਵੇਲੇ ਅੰਦਰੂਨੀ ਬਗਾਵਤ ਦਾ ਸਾਹਮਣਾ ਕਰ ਰਿਹਾ ਹੈ। ਬਹਿਬਲ ਕਲਾਂ ਅਤੇ ਬੇਅਦਬੀ ਦੀਆਂ ਘਟਨਾਵਾਂ, ਸੀਨੀਅਰ ਲੀਡਰਾਂ ਵੱਲੋਂ ਪਾਰਟੀ ਛੱਡਣ, ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਚੁਣੌਤੀਆਂ ਨੇ ਬਾਦਲ ਧੜੇ ਨੂੰ ਪੈਰੋਂ ਕੱਢਿਆ ਹੋਇਆ ਹੈ। ਪਿਛਲੇ ਦਿਨੀਂ ਅਕਾਲੀ ਦਲ ਦੇ ਚੋਣ ਨਿਸ਼ਾਨ ਉਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜੇਤੂ ਰਹੇ ਧੜੇ ਨੇ ਭਾਜਪਾ ਦੀ ਸਰਪ੍ਰਸਤੀ ਨਾਲ ਅਕਾਲੀ ਦਲ ਤੋਂ ਤੋੜ-ਵਿਛੋੜਾ ਕਰ ਲਿਆ ਸੀ। ਕਮੇਟੀ ਦੇ ਤਤਕਾਲੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਕਾਰਨ ਅਕਾਲੀ ਦਲ ਦੇ ਦਿੱਲੀ ਵਿਚ ਆਧਾਰ ਨੂੰ ਵੱਡਾ ਖੋਰਾ ਲੱਗਾ ਸੀ।

ਪੰਜਾਬ 'ਚ ਪੰਜ ਸਾਲਾਂ ਦੇ ਵਕਫ਼ੇ ਦੌਰਾਨ ਹੀ ਦੋ ਵਿਧਾਨ ਸਭਾ ਅਤੇ ਇਕ ਸੰਸਦੀ ਚੋਣ 'ਚ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਅਕਾਲੀ ਦਲ ਪੂਰੀ ਤਰ੍ਹਾਂ ਸੰਕਟ 'ਚ ਘਿਰਿਆ ਹੋਇਆ ਹੈ। ਪਾਰਟੀ ਦੀ ਲੀਡਰਸ਼ਿਪ ਵੀ ਨਮੋਸ਼ੀ ਭਰੇ ਮਹੌਲ 'ਚ ਲੰਘ ਰਹੀ ਹੈ। ਇਕਬਾਲ ਸਿੰਘ ਝੂੰਦਾ ਦੀ ਅਗਵਾਈ ਹੇਠ ਬਣਾਈ ਕਮੇਟੀ ਦੀ ਰਿਪੋਰਟ ਤੋਂ ਬਾਅਦ ਪੈਦਾ ਹੋਏ ਹਾਲਾਤ ਨੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ। ਪਤਾ ਲੱਗਾ ਹੈ ਕਿ

*(ਬਾਕੀ ਸਫਾ 6 'ਤੇ)*

## ਬੰਦੀ ਛੋੜ ਦਿਵਸ ਮੌਕੇ ਪੰਥਕ ਏਕਤਾ ਦਾ ਸੱਦਾ



**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਤੇ ਦੀਵਾਲੀ ਮੌਕੇ ਰਾਤ ਨੂੰ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਗਈ ਤੇ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਕੀਤਾ ਗਿਆ। ਬੰਦੀ ਛੋੜ ਦਿਹਾੜੇ ਸਬੰਧੀ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਹੋਏ ਗੁਰਮਤਿ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਦੁਆਰਾ ਸੰਗਤ ਨਾਲ ਸਾਂਝ ਪਾਈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਪੰਥਕ ਏਕਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪੰਥਕ ਏਕਤਾ ਲਈ ਸਿਰਫ਼ ਸਿਆਸੀ ਏਕਤਾ ਅਹਿਮ ਨਹੀਂ ਸਗੋਂ ਪੰਥ ਦੀਆਂ ਸਮੂਹ ਧਿਰਾਂ ਨੂੰ ਇਕ ਕਾਰਜ ਮਿਥ ਕੇ ਇਕੱਠੇ ਹੋਣਾ ਚਾਹੀਦਾ ਹੈ। ਸਾਂਝੇ ਪ੍ਰੋਗਰਾਮ ਮਿਥ ਕੇ ਸਿੱਖ ਕੌਮ ਨੂੰ ਅਗਾਂਹ ਲੈ ਕੇ ਜਾਣ ਲਈ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ। ਪੰਥ ਦੀਆਂ ਸਮੱਸਿਆਵਾਂ ਤੇ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਸ ਵੇਲੇ ਪਤਿਤਪੁਣਾ, ਨਸ਼ਾ, ਭਾਰਤ ਵਿਚ ਘਟ ਰਹੀ ਸਿੱਖ ਆਬਾਦੀ ਤੇ ਸਿੱਖ ਨੌਜਵਾਨਾਂ ਦਾ ਪਰਵਾਸ ਦਾ ਰੁਝਾਨ ਆਉਣ ਵਾਲੇ ਖਤਰੇ ਦਾ

*(ਬਾਕੀ ਸਫਾ 6 'ਤੇ)*

Ad Space Available
Call at: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਹਰਿਆਣਾ ਕਮੇਟੀ: ਸਹਿਮਤੀ ਨਾਲ ਮਾਮਲਾ ਸੁਲਝਾਉਣ ਦਾ ਸੁਝਾਅ ਨਕਾਰਿਆ



**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ 'ਤੇ ਬੈਠ ਕੇ ਆਪਸੀ ਮਤਭੇਦ ਹੱਲ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਦਾ ਦੇ ਸੁਝਾਅ ਨੂੰ ਹਰਿਆਣਾ ਗੁਰਦੁਆਰਾ ਕਮੇਟੀ ਨੇ ਰੱਦ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਐਕਟ ਨੂੰ ਮਾਨਤਾ ਦਿੱਤੇ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਇਸ ਫੈਸਲੇ ਖਿਲਾਫ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਗਈ ਹੈ।

ਇਸ ਮਾਮਲੇ ਵਿਚ ਦੋ ਵੱਖ-ਵੱਖ ਨਜ਼ਰਸਾਨੀ ਪਟੀਸ਼ਨਾਂ ਦਾਇਰ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਆਗੂਆਂ ਨੂੰ ਸੁਝਾਅ ਦਿੱਤਾ ਸੀ ਕਿ ਅਕਾਲ ਤਖ਼ਤ 'ਤੇ ਮਿਲ ਕੇ ਮਤਭੇਦ ਦੂਰ ਕਰ ਲਏ ਜਾਣ। ਉਨ੍ਹਾਂ ਕਿਹਾ ਸੀ ਕਿ ਸਿਆਸੀ ਪਾਰਟੀਆਂ ਵੱਲੋਂ ਹਰਿਆਣਾ ਅਤੇ ਪੰਜਾਬ ਦੇ ਸਿੱਖਾਂ ਵਿਚਾਲੇ ਇਸ ਮਾਮਲੇ ਨੂੰ ਲੈ ਕੇ ਵੰਡ ਪਾ ਦਿੱਤੀ ਗਈ ਹੈ ਤੇ ਇਸ ਨਾਲ ਆਪਸ ਵਿੱਚ ਭਰਾ ਮਾਰੂ ਜੰਗ ਹੋਣ ਦਾ ਖਦਸ਼ਾ ਹੈ। ਹਰਿਆਣਾ ਕਮੇਟੀ ਦੇ ਪ੍ਰਧਾਨ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਦੋਹਰੇ ਮਾਪਦੰਡ ਅਪਣਾ ਰਹੀ ਹੈ, ਇਕ ਪਾਸੇ ਸ਼੍ਰੋਮਣੀ ਕਮੇਟੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇ ਰਹੀ ਹੈ ਤੇ ਦੂਜੇ ਪਾਸੇ ਹਰਿਆਣਾ ਦੇ ਸਿੱਖ ਆਗੂਆਂ ਨੂੰ ਆਪਸੀ ਮਤਭੇਦ ਹੱਲ ਕਰਨ ਲਈ ਗੱਲਬਾਤ ਦਾ ਸੱਦਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਵਉੱਚ ਅਦਾਲਤ ਵੱਲੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਐਕਟ ਨੂੰ ਮਾਨਤਾ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਾਰੇ ਸਿੱਖ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨਦੇ ਹੋਏ ਹਰਿਆਣਾ ਦੇ ਗੁਰਦੁਆਰੇ ਤੇ ਅਦਾਰਿਆਂ ਦਾ ਪ੍ਰਬੰਧ ਹਰਿਆਣਾ ਦੇ ਸਿੱਖਾਂ ਨੂੰ ਸੌਂਪਣ। ਹਰਿਆਣਾ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਲਈ ਆਗੂਆਂ ਵਿਚ ਚੱਲ ਰਹੀ ਖਿੱਚੋਤਾਣ ਬਾਰੇ ਉਨ੍ਹਾਂ ਕਿਹਾ ਇਸ ਸਬੰਧੀ ਆਪਸੀ ਕੋਈ ਮਤਭੇਦ ਨਹੀਂ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਐਲਾਨ ਕਰ ਦਿੱਤਾ ਗਿਆ ਹੈ ਕਿ ਨਵੀਂ ਕਮੇਟੀ ਦੇ ਬਣਨ ਤੱਕ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਹੀ ਹਰਿਆਣਾ ਦੇ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਦੇਖਿਆ ਜਾਵੇਗਾ।

## ਹੁਣ ਗੱਲਬਾਤ ਦਾ ਸਮਾਂ ਨਹੀਂ: ਨਲਵੀ

**ਚੰਡੀਗੜ੍ਹ:** ਹਰਿਆਣਾ ਦੇ ਇਕ ਹੋਰ ਸਿੱਖ ਆਗੂ ਦੀਦਾਰ ਸਿੰਘ ਨਲਵੀ ਨੇ ਆਖਿਆ ਕਿ ਮੌਜੂਦਾ ਸਥਿਤੀ ਵਿਚ ਜਦੋਂ ਸੁਪਰੀਮ ਕੋਰਟ ਵੱਲੋਂ ਹਰਿਆਣਾ ਕਮੇਟੀ ਬਾਰੇ ਫੈਸਲਾ ਆ ਚੁੱਕਾ ਹੈ ਤਾਂ ਹੁਣ ਇਸ ਸਬੰਧੀ ਗੱਲਬਾਤ ਕਰਨ ਦਾ ਸਮਾਂ ਨਹੀਂ। ਉਨ੍ਹਾਂ ਕਿਹਾ ਕਿ ਕੀ ਸ਼੍ਰੋਮਣੀ ਕਮੇਟੀ ਨਜ਼ਰਸਾਨੀ ਪਟੀਸ਼ਨ ਵਾਪਸ ਲਵੇਗੀ। ਜੇਕਰ ਨਹੀਂ ਤਾਂ ਆਪਸੀ ਗੱਲਬਾਤ ਲਈ ਹੁਣ ਕੋਈ ਮੌਕਾ ਨਹੀਂ ਹੈ। ਇਸ ਸਬੰਧੀ 13 ਸਾਲ ਲੰਬੀ ਲੜਾਈ ਤੋਂ ਬਾਅਦ ਇਹ ਐਕਟ ਬਣਿਆ ਹੈ, ਜਿਸ ਨੂੰ ਹੁਣ ਸੁਪਰੀਮ ਕੋਰਟ ਵੱਲੋਂ ਵੀ ਮਾਨਤਾ ਦੇ ਦਿੱਤੀ ਗਈ ਹੈ।

## ਹਰਿਆਣਾ ਸਿੱਖ ਗੁਰਦੁਆਰਾ ਐਕਟ 'ਚ ਸੋਧ ਲਈ ਹਰੀ ਝੰਡੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਹੇਠ ਹਰਿਆਣਾ ਸਿਵਲ ਸਕੱਤਰੇਤ ਵਿਚ ਹੋਈ ਕੈਬਨਿਟ ਮੀਟਿੰਗ ਵਿਚ 12 'ਚੋਂ 11 ਏਜੰਡਿਆਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਕੈਬਨਿਟ ਨੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ-2014 ਵਿਚ ਸੋਧ ਲਈ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) 2022 ਨਾਮ ਨਾਲ ਆਰਡੀਨੈਂਸ ਲਿਆਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਐਕਟ 2004 ਹਰਿਆਣਾ ਵੱਲੋਂ 14 ਜੁਲਾਈ 2014 ਨੂੰ ਨੋਟੀਫਿਕੇਸ਼ਨ ਰਾਹੀਂ ਸੂਬੇ ਵਿਚ ਸਿੱਖ ਗੁਰਦੁਆਰਾ ਅਤੇ ਗੁਰਦੁਆਰਾ ਸੰਪਤੀਆਂ ਦੇ ਬਿਹਤਰ ਪ੍ਰਬੰਧਨ ਤੇ ਦੇਖ-ਰੇਖ ਲਈ ਲਾਗੂ ਕੀਤਾ।

# ਸਿੱਖ ਕਤਲੇਆਮ: ਪੀੜਤਾਂ ਦਾ ਵਫਦ ਜਥੇਦਾਰ ਨੂੰ ਮਿਲਿਆ



**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤਾਂ ਦੀ ਜਥੇਬੰਦੀ 'ਦੰਗਾ ਪੀੜਤ ਵੈੱਲਫੇਅਰ ਸੁਸਾਇਟੀ' ਦਾ ਵਫਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਿਆ। ਜਥੇਦਾਰ ਨੂੰ ਮੰਗ ਪੱਤਰ ਸੌਂਪਦਿਆਂ ਵਫਦ ਨੇ ਖਦਸ਼ਾ ਪ੍ਰਗਟਾਇਆ ਕਿ ਸਰਕਾਰਾਂ ਵੱਲੋਂ ਸਾਜਿਸ਼ ਤਹਿਤ ਦੰਗਾ ਪੀੜਤਾਂ ਦੇ ਬਣਾਏ ਗਏ 'ਲਾਲ ਕਾਰਡ' ਰੱਦ ਕਰ ਕੇ ਮੁੜ ਉਨ੍ਹਾਂ ਨੂੰ ਉਜਾੜਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖਲ ਦੇ ਕੇ ਉਨ੍ਹਾਂ ਦਾ ਮਾਮਲਾ ਸਰਕਾਰਾਂ ਤੱਕ ਪਹੁੰਚਾਉਣ।

ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ, ਇਸਤਰੀ ਵਿੰਗ ਦੀ ਪ੍ਰਧਾਨ ਗੁਰਦੀਪ ਕੌਰ ਤੇ ਹੋਰਨਾਂ ਨੇ ਕਿਹਾ ਕਿ '84 ਵਿਚ ਲਗਭਗ ਦਸ ਹਜ਼ਾਰ ਸਿੱਖਾਂ ਦਾ ਕਤਲੇਆਮ ਹੋਇਆ ਸੀ ਤੇ ਦੇਸ਼ ਭਰ ਵਿੱਚੋਂ ਲਗਭਗ 25 ਹਜ਼ਾਰ ਸਿੱਖ ਪਰਿਵਾਰ ਉਜੜ ਕੇ ਪੰਜਾਬ ਆਏ ਸਨ। ਉਸ ਵੇਲੇ ਪੰਜਾਬ ਸਰਕਾਰ ਵੱਲੋਂ ਉਕਤ ਪਰਿਵਾਰਾਂ ਨੂੰ ਲਾਲ ਸ਼ਨਾਖ਼ਤੀ ਕਾਰਡ ਜਾਰੀ ਕਰਦਿਆਂ ਮਾਲੀ ਸਹਾਇਤਾ ਵਜੋਂ ਦੋ-ਦੋ ਲੱਖ ਰੁਪਏ ਵੀ ਦਿੱਤੇ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਵਿਚ ਆਪਣੇ ਕੁਝ ਹਮਾਇਤੀਆਂ ਨੂੰ ਜਾਅਲੀ ਦੰਗਾ ਪੀੜਤ ਬਣਾ ਕੇ ਲਾਭ ਦਿੱਤੇ ਗਏ ਸਨ, ਜਿਨ੍ਹਾਂ ਵੱਲੋਂ ਦੰਗਾ ਪੀੜਤਾਂ ਖ਼ਿਲਾਫ ਕਈ ਬੇਬੁਨਿਆਦ ਸ਼ਿਕਾਇਤਾਂ ਤੇ ਅਦਾਲਤਾਂ ਵਿਚ ਪਟੀਸ਼ਨਾਂ ਵੀ ਪਾਈਆਂ ਗਈਆਂ ਹਨ। ਇਸ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਉਕਤ ਰੱਦ ਕੀਤੇ ਕਾਰਡਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ 'ਆਪ' ਸਰਕਾਰ ਨੇ ਵੀ ਬਿਨਾ ਕੋਈ ਸੁਣਵਾਈ ਕੀਤਿਆਂ ਵੱਡੀ ਗਿਣਤੀ ਲਾਲ ਕਾਰਡ ਰੱਦ ਕਰਦਿਆਂ ਬਾਕੀਆਂ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਜਥੇਦਾਰ ਹਰਪ੍ਰੀਤ ਸਿੰਘ ਨੇ ਵਫਦ ਦੇ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਦੰਗਾ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

# ਸਿੱਖ ਸਿਧਾਂਤ ਦੀ ਮਜ਼ਬੂਤੀ ਲਈ ਰਹਿਤ ਮਰਿਆਦਾ ਲਾਗੂ ਕਰਨ ਦਾ ਸੱਦਾ

**ਚੰਡੀਗੜ੍ਹ:** ਸਿੰਘ ਸਭਾ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਗਾਜ਼ ਹੋ ਗਿਆ। ਇਸ ਦੌਰਾਨ ਸਿੰਘ ਸਭਾਵਾਂ ਦੇ ਨੁਮਾਇੰਦਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਇਕਸੁਰ ਹੁੰਦਿਆਂ ਸਿੱਖ ਸਿਧਾਂਤ ਨੂੰ ਨਿਖਾਰਨ ਤੇ ਪ੍ਰਚਾਰਨ ਲਈ, ਅਕਾਲ ਤਖ਼ਤ ਵੱਲੋਂ ਜਾਰੀ ਸਰਬ-ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਲਾਗੂ ਕਰਨ ਦਾ ਸੱਦਾ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਰਹਿਤ ਮਰਿਆਦਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਇਕ ਦੂਜੇ ਦੇ ਪੂਰਕ ਹਨ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ 1873 ਵਿਚ ਖੜ੍ਹੀ ਹੋਈ ਸਿੰਘ ਸਭਾ ਲਹਿਰ ਵੱਲੋਂ ਜਿਨ੍ਹਾਂ ਵਹਿਮਾਂ-ਭਰਮਾਂ ਵਿਰੁੱਧ ਪ੍ਰਚਾਰ ਕੀਤਾ ਗਿਆ, ਉਹੀ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਗੁਰਦੁਆਰਿਆਂ ਵਿਚ ਕੀਤੇ ਜਾ ਰਹੇ ਹਨ। ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗੋਬਿੰਦ ਸਿੰਘ ਚੇਅਰ ਦੇ ਮੁਖੀ ਪ੍ਰੋ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਪਿਛਲੇ ਡੇਢ ਸੌ ਸਾਲਾਂ ਦੌਰਾਨ ਅੱਜ ਸਿੱਖ ਜੀਵਨ ਵਿਚ ਸਭ ਤੋਂ ਵੱਧ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਦਮਿਕ ਹਲਕਿਆਂ ਵਿਚ ਸਿੱਖ ਸਿਧਾਂਤ/ਪੰਥ ਅਤੇ ਗੁਰੂ ਗ੍ਰੰਥ ਦੇ ਨਿਵੇਕਲੇਪਨ ਨੂੰ ਖਤਮ ਕਰਨ ਦੀ ਕੋਸ਼ਿਸ਼ਾਂ ਹੋ ਰਹੀਆਂ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਡੇਰਾ ਮੁਖੀ ਦੀਆਂ ਗਤੀਵਿਧੀਆਂ 'ਤੇ ਰੋਕ ਲਾਉਣ ਦੀ ਮੰਗ



**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਵੱਲੋਂ ਸੁਨਾਮ ਵਿਚ ਡੇਰਾ ਖੋਲ੍ਹਣ ਦੇ ਐਲਾਨ ਉਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸਰਕਾਰ ਪਾਸੋਂ ਇਸ ਦੀਆਂ ਗਤੀਵਿਧੀਆਂ ਉਤੇ ਤੁਰਤ ਰੋਕ ਲਗਾਉਣ ਦੀ ਮੰਗ ਕੀਤੀ ਹੈ।

ਸ. ਧਾਮੀ ਨੇ ਆਖਿਆ ਕਿ ਡੇਰਾ ਸਿਰਸਾ ਮੁਖੀ ਉਤੇ ਲੱਗੇ ਦੋਸ਼ ਬੇਹੱਦ ਸੰਗੀਨ ਹਨ ਤੇ ਜਬਰ ਜਨਾਹ ਤੇ ਹੱਤਿਆ ਦੇ ਮਾਮਲਿਆਂ ਵਿਚ ਸਜ਼ਾਯਾਫ਼ਤਾ ਹੈ। ਉਨ੍ਹਾਂ ਆਖਿਆ ਕਿ ਇਸ ਵਿਵਾਦਤ ਵਿਅਕਤੀ ਵੱਲੋਂ ਪੰਜਾਬ ਅੰਦਰ ਡੇਰਾ ਖੋਲ੍ਹਣ ਦੇ ਐਲਾਨ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ ਤੇ ਇਸ ਨਾਲ ਪੰਜਾਬ ਦਾ ਸ਼ਾਂਤ ਮਾਹੌਲ ਖਰਾਬ ਹੋ ਸਕਦਾ ਹੈ।


ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਬੇਹੱਦ ਸੰਜੀਦਾ ਮਾਮਲੇ ਉਤੇ ਜ਼ਿੰਮੇਵਾਰੀ ਨਾਲ ਆਪਣੀ ਭੂਮਿਕਾ ਨਿਭਾਵੇ ਤੇ ਇਹ ਸੰਕਲਪ ਕਰੇ ਕਿ ਡੇਰਾ ਸਿਰਸਾ ਦੀ ਕੋਈ ਵੀ ਸ਼ਾਖਾ ਪੰਜਾਬ ਵਿਚ ਨਾ ਬਣੇ। ਉਨ੍ਹਾਂ ਕਿਹਾ ਕਿ ਜੇਲ੍ਹ ਅੰਦਰ ਬੰਦ ਰਾਮ ਰਹੀਮ ਨੂੰ ਪਹਿਲਾਂ ਹੀ ਵਾਰ-ਵਾਰ ਪੈਰੋਲ ਦੇ ਕੇ ਸਿੱਖ ਮਾਨਸਿਕਤਾ ਨੂੰ ਸੱਟ ਮਾਰੀ ਜਾ ਰਹੀ ਹੈ ਤੇ ਹੁਣ ਉਸ ਵੱਲੋਂ ਸੁਨਾਮ ਵਿਚ ਡੇਰਾ ਖੋਲ੍ਹਣ ਦਾ ਐਲਾਨ ਕਰਨਾ ਸਾਜ਼ਿਸ਼ੀ ਹਰਕਤ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

# ਕੌਂਸਲ ਪ੍ਰਧਾਨ ਸਣੇ ਕਈ ਕਾਂਗਰਸੀ ਕੌਂਸਲਰ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਨਗਰ ਨਿਗਮ ਚੋਣਾਂ ਤੋਂ ਪਹਿਲਾਂ 'ਆਪ' ਨੇ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ। ਅੱਜ ਚੰਡੀਗੜ੍ਹ ਦੇ ਸੈਕਟਰ-39 ਸਥਿਤ ਪਾਰਟੀ ਦਫ਼ਤਰ ਵਿੱਚ ਪੰਜਾਬ ਦੀਆਂ ਪੰਜ ਨਗਰ ਕੌਂਸਲਾਂ ਦੇ ਦੋ ਦਰਜਨ ਤੋਂ ਵੱਧ ਕਾਂਗਰਸੀ ਕੌਂਸਲਰ 'ਆਪ' ਵਿਚ ਸ਼ਾਮਲ ਹੋਏ, ਜਿਨ੍ਹਾਂ ਨੂੰ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਸ੍ਰੀ ਬਰਸਟ ਨੇ ਦੱਸਿਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਭੋਗਪੁਰ ਕੌਂਸਲਰ ਦੇ ਪ੍ਰਧਾਨ ਸੰਜੀਵ ਅਗਰਵਾਲ ਤੇ ਉਨ੍ਹਾਂ ਦੇ ਸਾਥੀ ਕੌਂਸਲਰ ਮੰਜੂ ਅਗਰਵਾਲ, ਮਨਪ੍ਰੀਤ ਕੌਰ, ਵਿਦਵੰਤ ਕੌਰ, ਸੁਖਜੀਤ ਸਿੰਘ, ਬਲਵਿੰਦਰ ਭੰਡਾਰੀ ਤੇ ਰਾਕੇਸ਼ ਮਹਿਤਾ ਸ਼ਾਮਲ ਹਨ। ਫਿਲੌਰ ਨਗਰ ਕੌਂਸਲ ਤੋਂ ਕੌਂਸਲਰ ਹੰਸ ਪਾਲ ਸਿੰਘ, ਨਿੰਦਰ ਸੰਧੂ, ਰਾਜਵਿੰਦਰ ਕੌਰ ਭਾਰਤੀ, ਡਾਕਟਰ ਵੈਭਵ ਸ਼ਰਮਾ, ਸੁਰਿੰਦਰ ਕੈਂਟ ਤੇ ਅਰੁਣ ਸ਼ਰਮਾ ਅਤੇ ਗੋਰਾਇਆ ਕੌਂਸਲ ਤੋਂ ਹਰਮੇਸ਼ ਲਾਲ 'ਆਪ' ਨਾਲ ਜੁੜੇ।

ਇਸੇ ਤਰ੍ਹਾਂ ਨਗਰ ਕੌਂਸਲ ਆਦਮਪੁਰ ਤੋਂ ਕਨੂੰ ਤੇ ਸੁਰਿੰਦਰ ਪਾਲ ਮਿਲਖੀ ਰਾਮ ਤੇ ਮਾਨਸਾ ਕੌਂਸਲ ਤੋਂ ਵਿਜੈ ਕੁਮਾਰ, ਜਸਵੀਰ ਕੌਰ, ਰਾਮਪਾਲ, ਸੁਨੀਲ ਨੀਨੂੰ, ਅਮਨਦੀਪ ਸਿੰਘ, ਕ੍ਰਿਸ਼ਨਾ ਦੇਵੀ ਤੇ ਰੇਖਾ ਰਾਣੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ ਪੰਜਾਬ ਸੀਵਰੇਜ ਅਤੇ ਵਾਟਰ ਸਪਲਾਈ ਬੋਰਡ ਦੇ ਸਾਬਕਾ ਚੇਅਰਮੈਨ ਪਰਗਟ ਸਿੰਘ ਧੂੰਨਾ ਤੇ ਅੰਮ੍ਰਿਤਸਰ ਪੂਰਬੀ ਤੋਂ ਬਲਵਿੰਦਰ ਸਿੰਘ ਵਿੱਕੀ ਪਾਰਟੀ ਵਿੱਚ ਸ਼ਾਮਲ ਹੋਏ।

# ਸਿੱਖ ਮਸਲਿਆਂ ਦੇ ਹੱਲ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ



**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਤੱਕ ਰੋਪਵੇਅ ਬਣਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਵੱਲੋਂ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ ਕਿ ਜੇਕਰ ਆਉਣ ਵਾਲੀਆਂ ਗਰਮੀਆਂ ਦੇ ਦਿਨਾਂ ਵਿਚ ਇਸ ਰੋਪਵੇਅ ਨੂੰ ਮੁਕੰਮਲ ਕਰ ਦਿੱਤਾ ਜਾਂਦਾ ਹੈ ਤਾਂ ਸਿੱਖ ਸ਼ਰਧਾਲੂ ਸੌਖੇ ਤਰੀਕੇ ਨਾਲ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਸਕਣਗੇ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਜਥੇਦਾਰ ਪੰਜੋਲੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੁੱਚੀ ਸਿੱਖ ਕੌਮ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੀ ਹੈ। ਸ੍ਰੀ ਪੰਜੋਲੀ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ, ਡਾਂਗਮਾਰ ਸਾਹਿਬ, ਮੰਗੂਮੱਠ ਸਾਹਿਬ, ਸਿੱਖ ਬੰਦੀ ਸਿੰਘਾਂ ਦੀ ਰਿਹਾਈ, ਸਿੱਖ ਇਕ ਵੱਖਰੀ ਕੌਮ ਨੂੰ ਭਾਰਤ ਦੇ ਸੰਵਿਧਾਨ ਵਿਚ ਮਾਨਤਾ ਦੇਣ, ਸਿੱਖ ਬੱਚਿਆਂ ਦਾ ਫੌਜ ਦੀ ਭਰਤੀ ਵਿਚ ਕੋਟਾ 2 ਫੀਸਦੀ ਤੋਂ ਵਧਾ ਕੇ 5 ਫੀਸਦੀ ਕਰਨ ਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਲਈ ਕੀਤੇ ਗਏ ਲਾਂਘੇ ਦੇ ਪ੍ਰਬੰਧ ਵਾਂਗ ਹੀ ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ ਆਦਿ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਬਾਰਡਰ ਰਾਹੀਂ ਮੌਕੇ 'ਤੇ ਹੀ ਵੀਜ਼ੇ ਦਾ ਪ੍ਰਬੰਧ ਕਰਨ 'ਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਸਿੱਖ ਪੰਥ ਦੇ ਮਸਲਿਆਂ ਸਬੰਧੀ ਪ੍ਰਧਾਨ ਮੰਤਰੀ ਕੋਲੋਂ ਮੁਲਾਕਾਤ ਦਾ ਸਮਾਂ ਵੀ ਮੰਗਿਆ ਹੈ।

## ਸਿੱਖ ਗੁਰੂਆਂ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੇ ਰਹਾਂਗੇ: ਪ੍ਰਧਾਨ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿੱਖ ਗੁਰੂਆਂ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੀ ਰਹੇਗੀ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰਦੁਆਰਾ ਹੇਮਕੁੰਟ ਸਾਹਿਬ 'ਰੋਪਵੇਅ' ਦਾ ਨੀਂਹ ਪੱਥਰ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕਰਨ ਵਾਲੇ ਪੱਤਰ ਉਤੇ ਪ੍ਰਤੀਕ੍ਰਿਆ ਦੇ ਰਹੇ ਸਨ, ਜੋ ਗੋਬਿੰਦਘਾਟ ਨੂੰ ਹੇਮਕੁੰਟ ਸਾਹਿਬ ਨਾਲ ਜੋੜੇਗਾ। ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਮੁੱਖ ਅਧਿਆਤਮਕ ਸ਼ਖ਼ਸੀਅਤਾਂ ਸਮੇਤ ਸਿੱਖ ਭਾਈਚਾਰੇ ਦੇ ਸਤਿਕਾਰਯੋਗ ਮੈਂਬਰਾਂ ਨੇ ਹੇਮਕੁੰਟ ਸਾਹਿਬ 'ਰੋਪਵੇਅ' ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਮੈਂ ਉਨ੍ਹਾਂ ਦੇ ਪਿਆਰ ਭਰੇ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਤੇ ਸੰਗਤ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਗੁਰੂ ਸਾਹਿਬਾਨ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰਦੇ ਰਹਾਂਗੇ।

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ।

43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----


## ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰਨ:
608-886-2500


# ਵੱਖ ਵੱਖ ਸੰਸਥਾਵਾਂ ਤੇ ਸ਼ਖ਼ਸੀਅਤਾਂ ਵੱਲੋਂ ਹਰਨੇਕ ਗਿੱਲ ਨੂੰ ਸ਼ਰਧਾਂਜਲੀਆਂ

## ਹਰਨੇਕ ਗਿੱਲ ਦੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦਿੱਤਾ ਜਾਵੇਗਾ: ਪ੍ਰੋ. ਸਰਚਾਂਦ ਸਿੰਘ ਖਿਆਲਾ

**ਅੰਮ੍ਰਿਤਸਰ:** ਉੱਘੇ ਸਿੱਖ ਵਿਦਵਾਨ ਅਤੇ ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਮਰਹੂਮ ਸ਼ਾਇਰ ਹਰਨੇਕ ਸਿੰਘ ਗਿੱਲ ਦੀਆਂ ਸਾਹਿਤਕ ਰਚਨਾਵਾਂ ਨੂੰ ਕਿਤਾਬੀ ਰੂਪ 'ਚ ਸਾਂਭਿਆ ਜਾਣਾ ਹੀ ਉਸ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਕਿਉਂਕਿ ਉਸ ਨੇ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਸਾਰੀਆਂ ਅਜਿਹੀਆਂ ਰਚਨਾਵਾਂ ਦਿੱਤੀਆਂ



ਹਨ ਜੋ ਪੰਜਾਬੀ ਸਾਹਿਤ ਲਈ ਮੀਲ ਪੱਥਰ ਵਾਂਗ ਕੰਮ ਕਰਨਗੀਆਂ।

ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਹਰਨੇਕ ਗਿੱਲ ਦੀਆਂ ਬਹੁਤ ਸਾਰੀਆਂ ਲਾਜਵਾਬ ਕਵਿਤਾਵਾਂ ਹਨ, ਜਿਨ੍ਹਾਂ 'ਚੋਂ ਕੁਝ ਪ੍ਰਕਾਸ਼ਿਤ ਹੋਈਆਂ ਹਨ ਅਤੇ ਬਹੁਤ ਸਾਰੀਆਂ ਅਜੇ ਅਪ੍ਰਕਾਸ਼ਿਤ ਪਈਆਂ ਹਨ ਜੋ ਪੰਜਾਬੀ ਦੇ ਪਾਠਕਾਂ ਤੱਕ ਪੁੱਜਣੀਆਂ ਚਾਹੀਦੀਆਂ ਹਨ। ਹਰਨੇਕ ਗਿੱਲ ਦੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਪਰਵੀਨ ਪੁਰੀ ਦੀ ਜ਼ਿੰਮੇਵਾਰੀ ਲਾਈ ਗਈ। ਉਹ ਉਸ ਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਇਕੱਠੀਆਂ ਕਰਦਿਆਂ ਉਸ ਦੀ ਸੰਪਾਦਨਾ ਕਰਨਗੇ। ਇਸ ਬਾਰੇ ਪਰਿਵਾਰ ਅਤੇ ਸਾਂਝੇ ਦੋਸਤਾਂ ਵਲੋਂ ਸਹਿਮਤੀ ਦਿੱਤੀ ਗਈ ਹੈ।

ਸ਼ਾਇਰ ਹਰਨੇਕ ਸਿੰਘ ਗਿੱਲ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਾਜ਼ਰ ਸੰਗਤਾਂ ਦਾ ਸ਼ਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਣ ਲਈ ਪਰਿਵਾਰ ਵਲੋਂ ਧੰਨਵਾਦ ਕੀਤਾ ਗਿਆ। ਪ੍ਰੋਫ਼ੈਸਰ ਸਰਚਾਂਦ ਸਿੰਘ ਨੇ ਹਰਨੇਕ ਦੇ ਜੀਵਨ 'ਤੇ ਚਾਨਣਾ ਪਾਉਂਦੀਆਂ ਉਸ ਦੀਆਂ ਸਾਹਿਤਕ ਰਚਨਾਵਾਂ ਤੋਂ ਇਲਾਵਾ ਹੋਰ ਸਮਾਜਿਕ, ਧਾਰਮਿਕ, ਸਿੱਖਿਆ ਦੇ ਖੇਤਰ, ਸਭਿਆਚਾਰਕ ਗਤੀਵਿਧੀਆਂ ਵਿਚ ਨਿਭਾਏ ਰੋਲ ਦੀ ਗੱਲ ਕਰਦਿਆਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਉਹ ਅਸਲ ਵਿਚ ਕਿਸ ਤਰ੍ਹਾਂ ਦਾ ਇਨਸਾਨ ਸੀ।

ਉਹ ਪਾਖੰਡਵਾਦ ਦੇ ਵਿਰੁੱਧ ਸੀ ਅਤੇ ਦਿਖਾਵੇ ਵਿਚ ਯਕੀਨ ਨਹੀਂ ਸੀ ਰੱਖਦਾ। ਉਸ ਨੂੰ ਵਾਹ ਵਾਹ ਦੀ ਕੋਈ ਲੋਚਾ ਨਹੀਂ ਸੀ, ਇਸੇ ਕਰਕੇ ਉਸ ਨੇ ਆਪਣੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਵੀ ਨਹੀਂ ਕਰਵਾਇਆ। ਉਹ ਪੰਜਾਹ ਕੁ ਸਾਲ ਦਾ ਸ਼ਾਨਦਾਰ ਜੀਵਨ ਜੀਅ ਕੇ ਚੁੱਪਚਾਪ ਹੀ ਸਾਨੂੰ ਅਲਵਿਦਾ ਕਹਿ ਗਿਆ ਹੈ। ਉਸ ਨੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਬਾਖ਼ੂਬੀ ਨਿਭਾਈਆਂ। ਹੁਣ ਉਸ ਦੇ ਬੇਟੇ ਵਿਦੇਸ਼ ਦੀ ਧਰਤੀ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ।

ਇਸ ਸਮੇਂ ਵੱਖ ਵੱਖ ਸਾਹਿਤਕ, ਸਮਾਜਿਕ, ਧਾਰਮਿਕ, ਸਭਿਆਚਾਰਕ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਵਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼ੋਕ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ। ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਚੰਡੀਗੜ੍ਹ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ ਅਤੇ ਅੰਤਿਮ ਅਰਦਾਸ ਕੀਤੀ ਗਈ।

ਇਸ ਮੌਕੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਪਦਮਸ੍ਰੀ ਡਾਕਟਰ ਸੁਰਜੀਤ ਪਾਤਰ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਤੇ ਜਸਬੀਰ ਸਿੰਘ ਡਿੰਪਾ, ਸੀਨੀਅਰ ਆਗੂ ਸਤਪਾਲ ਸਿੰਘ ਸੋਖੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਜੌਹਲ, ਪੰਜਾਬ ਸਾਹਿਤ ਅਕੈਡਮੀ ਕਲਾ ਪ੍ਰੀਸ਼ਦ ਦੇ ਪ੍ਰਧਾਨ ਡਾਕਟਰ ਸਰਬਜੀਤ ਕੌਰ ਸੋਹਲ, ਨਿੰਦਰ ਘੁਗਿਆਣਵੀ, ਪੰਜਾਬੀ ਸੰਗੀਤ ਅਕਾਦਮੀ ਤੇ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਪ੍ਰਧਾਨ ਕੇਵਲ ਧਾਲੀਵਾਲ, ਬੀਬਾ ਬਲਵੰਤ, ਮੁਖਤਾਰ ਗਿੱਲ, ਡਾਕਟਰ ਜੋਗਿੰਦਰ ਸਿੰਘ ਕੈਰੋਂ, ਡਾਕਟਰ ਆਤਮ ਰੰਧਾਵਾ, ਡਾਕਟਰ ਹੀਰਾ ਸਿੰਘ, ਸ਼ੇਖਰ, ਡਾਕਟਰ ਨਰੇਸ਼, ਇੰਦਰੇਸ਼ਮੀਤ, ਸ਼ਮੀਲ, ਹਰਦੀਪ ਗਿੱਲ, ਅਨੀਤਾ ਦੇਵਗਨ, ਡਾਕਟਰ ਗੋਪਾਲ ਸਿੰਘ ਬੁੱਟਰ, ਡਾਕਟਰ ਮਨਜਿੰਦਰ ਸਿੰਘ, ਪੰਜਾਬੀ ਸਾਹਿਤ ਸਭਾ ਚੁਗਾਵਾਂ ਤੇ ਸਾਹਿਤ ਸਭਾ ਬਾਬਾ ਬਕਾਲਾ ਦੇ ਅਹੁਦੇਦਾਰਾਂ, ਅਵਤਾਰ ਸਿੰਘ ਚੀਮਾ, ਰਾਜਬੀਰ ਸਿੰਘ ਬਾਜਵਾ, ਅਜੀਤ ਸਿੰਘ ਬਾਜਵਾ, ਪੱਪੀ ਵਡਾਲਾ, ਯਾਦਵਿੰਦਰ ਸਿੰਘ ਟਾਂਗਰਾ, ਅਵਤਾਰ ਸਿੰਘ ਖਿਲਚੀਆਂ, ਸਤਨਾਮ ਸਿੰਘ ਗਿੱਲ, ਡਾਕਟਰ ਜਸਵੰਤ ਸਿੰਘ ਬਾਜ਼ ਅਤੇ ਵੱਖ ਵੱਖ ਖੇਤਰਾਂ ਨਾਲ ਸੰਬੰਧਤ ਹੋਰਨਾਂ ਕਈ ਸ਼ਖਸੀਅਤਾਂ ਨੇ ਗਿੱਲ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਨਿਊਯਾਰਕ ਵਿਚ ਅਗਲੇ ਸਾਲ ਤੋਂ ਸਕੂਲਾਂ ਵਿਚ ਹੋਵੇਗੀ ਦੀਵਾਲੀ ਦੀ ਛੁੱਟੀ

**ਨਿਊਯਾਰਕ:** ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਦੀ ਅਗਲੇ ਸਾਲ 2023 ਵਿਚ ਨਿਊਯਾਰਕ ਸ਼ਹਿਰ ਵਿਚ ਜਨਤਕ ਸਕੂਲੀ ਛੁੱਟੀ ਹੋਵੇਗੀ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਦੀਵਾਲੀ ਦੀ ਛੁੱਟੀ ਨੂੰ ਪਬਲਿਕ ਸਕੂਲ ਸੂਚੀ ਵਿਚ ਸ਼ਾਮਿਲ ਕਰਨ ਦਾ ਐਲਾਨ ਕੀਤਾ। ਪ੍ਰੈਸ ਕਾਨਫਰੰਸ ਵਿਚ ਸਟੇਟ ਅਸੈਂਬਲੀ ਮੈਂਬਰ ਜੈਨੀਫਰ ਰਾਜਕੁਮਾਰ ਤੇ ਸਿੱਖਿਆ ਵਿਭਾਗ ਦੇ ਚਾਂਸਲਰ ਡੇਵਿਡ ਬੈਂਕਸ ਵੀ ਹਾਜ਼ਰ ਸਨ। ਇਸ ਮੌਕੇ ਐਡਮਜ਼ ਨੇ ਕਿਹਾ ਕਿ ਹਿੰਦੂ, ਸਿੱਖਾਂ ਤੇ ਹੋਰ ਭਾਈਚਾਰਿਆਂ ਦੇ ਸਾਂਝੇ ਤਿਓਹਾਰ ਦੀਵਾਲੀ ਨੂੰ ਮਾਨਤਾ ਦੇਣ ਵਾਸਤੇ ਇਸ ਫੈਸਲੇ ਦੀ ਲੰਬੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਮੇਅਰ ਐਡਮਜ਼ ਨੇ ਕਿਹਾ ਕਿ ਅਸੀਂ ਬੱਚਿਆਂ ਨੂੰ ਦੀਵਾਲੀ ਬਾਰੇ ਜਾਣਨ ਲਈ ਉਤਸ਼ਾਹਿਤ ਕਰਾਂਗੇ। ਉਨ੍ਹਾਂ ਕਿਹਾ, 'ਅਸੀਂ ਉਸ ਰੋਸ਼ਨੀ ਨੂੰ ਮਾਨਤਾ ਦੇ ਰਹੇ ਹਾਂ ਜੋ ਸਾਡੇ ਅੰਦਰ ਹੈ ਜੋ ਰੋਸ਼ਨੀ ਹਨੇਰੇ ਨੂੰ ਦੂਰ ਕਰ ਸਕਦੀ ਹੈ।'

# ਸੁਪਰੀਮ ਕੋਰਟ ਵਲੋਂ ਅਮਰੀਕਾ ਸਰਕਾਰ ਦੇ ਵਿਦਿਆਰਥੀਆਂ ਦੇ ਕਰਜ਼ਾ ਮੁਆਫੀ ਪ੍ਰੋਗਰਾਮ ਉਪਰ ਰੋਕ ਲਾਉਣ ਤੋਂ ਨਾਂਹ

**ਸੈਕਰਾਮੈਂਟੋ:** ਅਮਰੀਕਾ ਦੀ ਸੁਪਰੀਮ ਕੋਰਟ ਨੇ ਵਿਸਕਾਨਸਿਨ ਟੈਕਸਪੇਅਰ ਗਰੁੱਪ ਦੁਆਰਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਰਜ਼ਾ ਮੁਆਫੀ ਪ੍ਰੋਗਰਾਮ ਨੂੰ ਚੁਣੌਤੀ ਦੇਣ ਵਾਲੀ ਦਾਇਰ ਹੰਗਾਮੀ ਅਪੀਲ ਉਪਰ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਐਸੋਸੀਏਟਸ ਜਸਟਿਸ ਐਮੀ ਕੋਨੀ ਬਾਰੈਟ ਨੇ ਟੈਕਸਪੇਅਰ ਗਰੁੱਪ ਦੁਆਰਾ ਪ੍ਰੋਗਰਾਮ ਉਪਰ ਆਰਜ਼ੀ ਰੋਕ ਲਾਉਣ ਲਈ ਕੀਤੀ ਬੇਨਤੀ ਰੱਦ ਕਰਦਿਆਂ ਕਿਹਾ ਕਿ ਇਹ ਬਿਨਾਂ ਕਿਸੇ ਵਿਸਥਾਰ ਦੇ ਦਾਇਰ ਕੀਤੀ ਗਈ ਹੈ। ਬਾਰੈਟ ਨੇ ਪਟੀਸ਼ਨ ਕਰਤਾ ਦੀ ਉਹ ਬੇਨਤੀ ਵੀ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਮਾਮਲਾ ਜੱਜਾਂ ਦੇ ਪੂਰੇ ਬੈਂਚ ਦੇ ਸਪੁਰਦ ਕਰ ਦਿੱਤਾ ਜਾਵੇ। ਬਰਾਊਨ ਕਾਊਂਟੀ ਟੈਕਸਪੇਅਰਜ਼ ਐਸੋਸੀਏਸ਼ਨ ਉਨ੍ਹਾਂ ਹੋਰ ਧਿਰਾਂ ਵਿਚ ਸ਼ਾਮਿਲ ਹੈ ਜੋ ਕਰਜ਼ਾ ਮੁਆਫੀ ਪ੍ਰੋਗਰਾਮ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਧਿਰਾਂ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਸਿੱਖਿਆ ਵਿਭਾਗ ਦੀਆਂ ਤਾਕਤਾਂ ਨੂੰ ਅੱਖੋਂ ਪਰੋਖੇ ਕਰ ਕੇ ਲਾਗੂ ਕੀਤਾ ਜਾ ਰਿਹਾ ਹੈ।

ਰਾਸ਼ਟਰਪਤੀ ਜੋਅ ਬਾਇਡਨ ਨੇ ਅਗਸਤ ਵਿਚ ਕਰਜ਼ਾ ਮੁਆਫੀ ਰਾਹਤ ਯੋਜਨਾ ਦਾ ਐਲਾਨ 'ਹੀਰੋਜ਼ ਐਕਟ' ਤਹਿਤ ਕੀਤਾ ਸੀ ਜੋ ਐਕਟ 9/11 ਦੇ ਟਰੇਡ ਟਾਵਰਾਂ ਉਪਰ ਹੋਏ ਅਤਿਵਾਦੀ ਹਮਲੇ ਉਪਰੰਤ ਬਣਾਇਆ ਗਿਆ ਸੀ। ਇਸ ਯੋਜਨਾ ਤਹਿਤ ਵਿਦਿਆਰਥੀਆਂ ਕੋਲੋਂ ਦਰਖਾਸਤਾਂ ਆਨ ਲਾਈਨ ਲਈਆਂ ਜਾ ਰਹੀਆਂ ਹਨ ਤੇ ਜਾਇਜ਼ ਮਾਮਲਿਆਂ ਵਿਚ 10000 ਡਾਲਰ ਤੋਂ 20000 ਡਾਲਰ ਤਕ ਕਰਜ਼ਾ ਮੁਆਫ ਕਰਨ ਦੀ ਵਿਵਸਥਾ ਹੈ।

# ਨਿਊ ਹੈਂਪਸ਼ਾਇਰ ਹਵਾਈ ਅੱਡੇ ਨੇੜੇ ਛੋਟਾ ਜਹਾਜ਼ ਘਰ ਉਪਰ ਡਿੱਗ ਕੇ ਤਬਾਹ, ਦੋ ਮੌਤਾਂ

**ਨਿਊ ਹੈਂਪਸ਼ਾਇਰ:** ਇੱਥੇ ਹਵਾਈ ਅੱਡੇ ਨੇੜੇ ਇਕ ਇੰਜਣ ਵਾਲਾ ਛੋਟਾ ਜਹਾਜ਼ ਇਕ ਇਮਾਰਤ ਉਪਰ ਡਿੱਗ ਕੇ ਤਬਾਹ ਹੋ ਗਿਆ ਜਿਸ ਵਿਚ ਸਵਾਰ ਦੋਨਾਂ ਵਿਅਕਤੀਆਂ ਦੀ ਮੌਤ ਹੋ ਗਈ। ਕੀਨ, ਨਿਊ ਹੈਂਪਸ਼ਾਇਰ ਵਿਖੇ ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਜਿਸ ਇਮਾਰਤ ਉਪਰ ਡਿੱਗਾ ਉਸ ਵਿਚ ਕਈ ਪਰਿਵਾਰਾਂ ਦੇ ਘਰ ਹਨ। ਜਿਸ ਘਰ ਉਪਰ ਜਹਾਜ਼ ਡਿੱਗਾ ਉਹ ਅੱਗ ਦੀਆਂ ਲਪਟਾਂ ਵਿਚ ਘਿਰ ਗਿਆ ਪਰ ਉਥੇ ਰਹਿੰਦੇ ਸਾਰੇ ਲੋਕ ਤੁਰੰਤ ਘਰ ਤੋਂ ਬਾਹਰ ਆ ਗਏ। ਕੁਲ 8 ਜੀਅ ਘਰ ਵਿਚ ਰਹਿੰਦੇ ਸਨ, ਜਿਨ੍ਹਾਂ ਵਿਚੋਂ ਕੋਈ ਵੀ ਜ਼ਖਮੀ ਨਹੀਂ ਹੋਇਆ। ਘਰ ਪੂਰੀ ਤਰ੍ਹਾਂ ਸੜ ਕੇ ਸਵਾਹ ਹੋ ਗਿਆ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਅਚਨਚੇਤ ਵਾਪਰਿਆ।

ਮੇਅਰ ਜਾਰਜ ਹਾਂਸਲ ਅਨੁਸਾਰ ਕੀਨ, ਡਿਲਾਨ ਹੋਪਕਿਨਜ਼ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਛੇਤੀ ਬਾਅਦ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਮੇਅਰ ਅਨੁਸਾਰ ਬੇਘਰ ਹੋਏ 8 ਪਰਿਵਾਰਕ ਜੀਆਂ ਦੀ ਰੈੱਡ ਕਰਾਸ ਮਦਦ ਕਰ ਰਹੀ ਹੈ।

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at: 847-226-2323
We provide the service all over AMERICA.
Located in INDIANAPOLIS (IN)

To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net
Visit us on the web:www.punjabtimesusa.com

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:
*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:
*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:
*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:
*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਨੇਡਾ ਤਿੰਨ ਲੱਖ ਲੋਕਾਂ ਨੂੰ ਨਾਗਰਿਕਤਾ ਦੇਵੇਗਾ

**ਓਟਵਾ:** ਕੈਨੇਡਾ ਨੇ ਵਿੱਤੀ ਵਰ੍ਹੇ 2022-23 'ਚ ਤਿੰਨ ਲੱਖ ਲੋਕਾਂ ਨੂੰ ਮੁਲਕ ਦੀ ਨਾਗਰਿਕਤਾ ਦੇਣ ਦਾ ਟੀਚਾ ਰੱਖਿਆ ਹੈ। ਕੈਨੇਡਾ ਦੇ ਇਸ ਕਦਮ ਨਾਲ ਬਹੁਤੇ ਭਾਰਤੀਆਂ ਨੂੰ ਲਾਭ ਹੋਣ ਦੀ ਸੰਭਾਵਨਾ ਹੈ। ਇਮੀਗਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਕਿਹਾ ਹੈ ਕਿ ਉਨ੍ਹਾਂ ਕੁੱਲ 2,85,000 ਅਰਜ਼ੀਆਂ ਦਾ ਅਮਲ ਆਰੰਭਿਆ ਹੈ ਤੇ 31 ਮਾਰਚ, 2023 ਤੱਕ ਤਿੰਨ ਲੱਖ ਹੋਰ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਸਿਫਾਰਸ਼ ਕੀਤੀ ਹੈ। ਵਿਭਾਗ ਨੇ ਇਹ ਵੀ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਨਾਗਰਿਕਤਾ ਲਈ ਸਾਲ ਦੇ ਅਖੀਰ 'ਚ ਆਨਲਾਈਨ ਅਪਲਾਈ ਕਰਨ ਦੇ ਯੋਗ



ਹੋਣਗੇ। ਪਿਛਲੇ ਵਿੱਤੀ ਵਰ੍ਹੇ 2021-22 ਨਾਲੋਂ ਇਹ ਗਿਣਤੀ ਬਹੁਤ ਜ਼ਿਆਦਾ ਹੈ। ਕਰੋਨਾ ਮਹਾਮਾਰੀ ਤੋਂ ਪਹਿਲਾਂ 2019-20 ਦੇ ਟੀਚਿਆਂ ਨਾਲੋਂ ਵੀ ਇਹ ਵਧ ਹੈ ਜਦੋਂ 253,000 ਸਿਟੀਜ਼ਨਸ਼ਿਪ ਅਰਜ਼ੀਆਂ ਦਾ ਅਮਲ ਆਰੰਭਿਆ ਗਿਆ ਸੀ। ਮਹਾਮਾਰੀ ਫੈਲਣ ਕਾਰਨ ਵਿਭਾਗ ਮਾਰਚ 2020 'ਚ ਅਰਜ਼ੀਆਂ 'ਤੇ ਵਿਚਾਰ ਨਹੀਂ ਕਰ ਸਕਿਆ ਸੀ। ਮੌਜੂਦਾ ਵਿੱਤੀ ਵਰ੍ਹੇ 'ਚ ਕੈਨੇਡਾ ਨੇ 1,16,000 ਨਵੇਂ ਨਾਗਰਿਕਾਂ ਦਾ ਸਵਾਗਤ ਕੀਤਾ ਹੈ ਤੇ ਉਹ ਟੀਚਾ ਹਾਸਲ ਕਰਨ ਵੱਲ ਅੱਗੇ ਵਧ ਰਿਹਾ ਹੈ। ਇਸੇ ਵਕਫ਼ੇ ਦੌਰਾਨ 2021 'ਚ ਸਿਰਫ 35 ਹਜ਼ਾਰ ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ ਸੀ। ਉਂਜ ਮੁਲਕਾਂ ਦੇ ਹਿਸਾਬ ਨਾਲ ਨਾਗਰਿਕਤਾ ਹਾਸਲ ਕਰਨ ਵਾਲਿਆਂ ਦਾ ਕੋਈ ਅੰਕੜਾ ਨਹੀਂ ਦਿੱਤਾ ਗਿਆ ਹੈ ਪਰ ਮੰਨਿਆ ਜਾ ਰਿਹਾ ਹੈ ਕਿ 2022 'ਚ ਬਹੁਤੇ ਭਾਰਤੀਆਂ ਨੂੰ ਇਸ ਦਾ ਲਾਭ ਮਿਲਿਆ ਹੈ।

## ਜਾਰਜੀਆ ਮੇਲੋਨੀ ਬਣੀ ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ

**ਰੋਮ:** ਨਵ-ਫਾਸੀਵਾਦੀ ਨੇਤਾ ਜਾਰਜੀਆ ਮੇਲੋਨੀ ਨੇ ਇਟਲੀ ਦੀ ਪਹਿਲੀ ਸੱਜੇ ਪੱਖੀ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਮੇਲੋਨੀ (45) ਨੇ ਰਾਸ਼ਟਰਪਤੀ ਮਹਿਲ ਵਿਚ ਇਟਲੀ ਦੇ ਰਾਸ਼ਟਰਪਤੀ ਦੇ ਸਾਹਮਣੇ ਅਹੁਦੇ ਦੀ ਸਹੁੰ ਚੁੱਕੀ। ਇਸ ਨਾਲ ਉਹ ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣ ਗਈ ਹੈ। ਪਿਛਲੇ ਮਹੀਨੇ ਹੋਈਆਂ ਕੌਮੀ ਚੋਣਾਂ ਵਿਚ ਬ੍ਰਦਰਜ ਆਫ ਇਟਲੀ ਨੇ ਸਭ ਤੋਂ ਵੱਧ ਵੋਟਾਂ ਜਿੱਤੀਆਂ ਸਨ।

# ਪਾਕਿ ਫੌਜ ਮੁਖੀ ਜਨਰਲ ਬਾਜਵਾ ਅਗਲੇ ਮਹੀਨੇ ਹੋਣਗੇ ਸੇਵਾਮੁਕਤ

**ਇਸਲਾਮਾਬਾਦ:** ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਹੈ ਕਿ ਉਹ ਅਗਲੇ ਪੰਜ ਹਫਤਿਆਂ 'ਚ ਸੇਵਾਮੁਕਤ ਹੋ ਜਾਣਗੇ। ਉਨ੍ਹਾਂ ਕਿਹਾ ਕਿ ਉਹ ਸੇਵਾ 'ਚ ਹੋਰ ਵਿਸਥਾਰ ਦੀ ਮੰਗ ਨਹੀਂ ਕਰਨਗੇ। ਜਨਰਲ ਬਾਜਵਾ ਦਾ ਕਾਰਜਕਾਲ 29 ਨਵੰਬਰ ਨੂੰ ਖਤਮ ਹੋਵੇਗਾ ਤੇ ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਨਵੇਂ ਥਲ ਸੈਨਾ ਮੁਖੀ ਦੀ ਚੋਣ ਕਰਨਗੇ।

ਜੀਓ ਟੀਵੀ ਦੀ ਰਿਪੋਰਟ ਮੁਤਾਬਕ ਸਰਕਾਰ ਨੇ ਐਲਾਨ ਕੀਤਾ ਹੈ ਕਿ ਜਨਰਲ ਬਾਜਵਾ ਦਾ ਜਾਨਸ਼ੀਨ ਸੰਵਿਧਾਨ ਮੁਤਾਬਕ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਫੌਜ ਸਿਆਸਤ 'ਚ ਕੋਈ ਭੂਮਿਕਾ ਨਹੀਂ ਨਿਭਾਏਗੀ। ਲੰਡਨ 'ਚ ਪੀ.ਐਮ.ਐਲ-ਐਨ. ਸੁਪਰੀਮੋ ਨਾਲ ਮੁਲਾਕਾਤ ਮਗਰੋਂ ਸੰਭਾਵਨਾ ਜਤਾਈ ਜਾ ਰਹੀ ਸੀ ਕਿ ਜਨਰਲ ਬਾਜਵਾ ਦਾ ਕਾਰਜਕਾਲ ਵਧ ਸਕਦਾ ਹੈ ਪਰ ਹੁਣ ਇੰਜ ਹੋਣਾ ਮੁਸ਼ਕਿਲ ਜਾਪਦਾ ਹੈ।

# ਐਫ.ਏ.ਟੀ.ਐਫ. ਨੇ ਪਾਕਿਸਤਾਨ ਨੂੰ 'ਗ੍ਰੇਅ ਸੂਚੀ' ਵਿਚੋਂ ਕੱਢਿਆ

**ਇਸਲਾਮਾਬਾਦ:** ਅਤਿਵਾਦ ਲਈ ਫੰਡਿੰਗ ਤੇ ਮਨੀ ਲਾਂਡਰਿੰਗ 'ਤੇ ਨਜ਼ਰ ਰੱਖਣ ਵਾਲੀ ਆਲਮੀ ਨਿਗਰਾਨ ਸੰਸਥਾ ਵਿੱਤੀ ਕਾਰਵਾਈ ਕਾਰਜ ਬਲ (ਐਫ.ਏ.ਟੀ.ਐਫ.) ਨੇ ਪਾਕਿਸਤਾਨ ਨੂੰ ਆਪਣੀ 'ਗ੍ਰੇਅ ਸੂਚੀ' ਵਿਚੋਂ ਬਾਹਰ ਕਰ ਦਿੱਤਾ ਹੈ। ਇਹ ਜਾਣਕਾਰੀ ਸੂਚੀ ਬਣਾਉਣ ਵਾਲੀ ਸੰਸਥਾ ਐਫ.ਏ.ਟੀ.ਐਫ. ਨੇ ਦਿੱਤੀ।

ਪਾਕਿਸਤਾਨ ਨੂੰ ਗ੍ਰੇਅ ਸੂਚੀ ਵਿਚੋਂ ਕੱਢਣ ਦਾ ਫੈਸਲਾ ਪੈਰਿਸ ਵਿਚ ਐਫ.ਏ.ਟੀ.ਐਫ. ਪ੍ਰਧਾਨ ਟੀ. ਰਾਜਾ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਦੋ ਦਿਨਾਂ ਮੀਟਿੰਗ ਤੋਂ ਬਾਅਦ ਲਿਆ ਗਿਆ। ਕੁਮਾਰ ਨੇ ਕਿਹਾ, "ਪਾਕਿਸਤਾਨ ਨੇ ਐਫ.ਏ.ਟੀ.ਐਫ. ਵੱਲੋਂ ਜੂਨ 2018 ਤੇ ਜੂਨ 2021 ਵਿਚ ਦੱਸੀਆਂ ਰਣਨੀਤਕ ਖਾਮੀਆਂ ਨੂੰ ਪੂਰਾ ਕਰਨ ਸਬੰਧੀ ਕਾਰਜ ਯੋਜਨਾ ਤਹਿਤ ਤਕਨੀਕੀ ਖਾਮੀਆਂ ਦੂਰ ਕਰਨ ਵਚਨਬੱਧਤਾ ਪੂਰੀ ਕੀਤੀ ਹੈ।" ਅਜਿਹਾ ਹੋਣ ਨਾਲ ਹੁਣ ਪਾਕਿਸਤਾਨ ਆਪਣੀ ਸੰਕਟ ਵਾਲੀ ਵਿੱਤੀ ਸਥਿਤੀ ਨਾਲ ਨਜਿੱਠਣ ਲਈ ਵਿਦੇਸ਼ੀ ਫੰਡ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰ ਸਕਦਾ ਹੈ।

## ਰਿਸ਼ੀ ਸੂਨਕ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ



**ਲੰਡਨ:** ਬਰਤਾਨੀਆ ਦੀ ਲੀਡਰਸ਼ਿੱਪ ਦੀ ਇਤਿਹਾਸਕ ਦੌੜ ਵਿਚ ਕੰਜ਼ਰਵੇਟਿਵ ਪਾਰਟੀ ਦਾ ਨਵਾਂ ਆਗੂ ਚੁਣੇ ਰਿਸ਼ੀ ਸੂਨਕ ਨੂੰ ਸਮਰਾਟ ਚਾਰਲਸ ਤੀਜੇ ਨੇ ਸਰਕਾਰ ਬਣਾਉਣ ਦਾ ਸੱਦਾ ਦਿੱਤੇ ਜਾਣ ਬਾਅਦ ਸੂਨਕ ਨੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਸੂਨਕ ਮੁਲਾਕਾਤ ਲਈ ਬਕਿੰਘਮ ਪੈਲੇਸ ਪੁੱਜੇ। ਸਮਰਾਟ ਨੇ ਉਨ੍ਹਾਂ ਨੂੰ ਮੁਲਕ ਦੇ ਪਹਿਲੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਵਜੋਂ ਨਿਯੁਕਤ ਕੀਤਾ।

## ਲੁਧਿਆਣਾ ਅਦਾਲਤ ਵਿਚ ਪੇਸ਼ ਨਾ ਹੋਏ ਨਵਜੋਤ ਸਿੱਧੂ

**ਲੁਧਿਆਣਾ:** ਬਰਖ਼ਾਸਤ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਵੱਲੋਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਖਿਲਾਫ਼ ਇਥੇ ਜੱਜ ਸੁਮਿਤ ਮੱਕੜ ਦੀ ਅਦਾਲਤ ਵਿਚ ਚੱਲ ਰਹੇ ਕੇਸ ਵਿਚ ਨਵਜੋਤ ਸਿੰਘ ਸਿੱਧੂ ਪੇਸ਼ ਨਹੀਂ ਹੋਏ।

ਇਸ ਕੇਸ 'ਚ ਨਵਜੋਤ ਸਿੰਘ ਸਿੱਧੂ ਨੇ ਗਵਾਹ ਵਜੋਂ ਪੇਸ਼ ਹੋਣਾ ਸੀ। ਸਿੱਧੂ ਦੇ ਸਮਰਥਕਾਂ ਨੇ ਇਥੇ ਦੱਸਿਆ ਹੈ ਕਿ ਉਨ੍ਹਾਂ ਨੂੰ ਪਟਿਆਲਾ ਜੇਲ੍ਹ 'ਚੋਂ ਚੈਕਅੱਪ ਲਈ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ ਸੀ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਸਫਰ ਲਈ 'ਅਨਫਿਟ' ਕਰਾਰ ਦਿੱਤਾ ਹੈ। ਪਟਿਆਲਾ ਜੇਲ੍ਹ 'ਚ ਉਨ੍ਹਾਂ ਦੀ ਸਿਹਤ ਖਰਾਬ ਹੋ ਗਈ ਸੀ।

# ਖੜਗੇ ਬਣੇ ਕਾਂਗਰਸ ਦੇ ਨਵੇਂ ਪ੍ਰਧਾਨ

**ਨਵੀਂ ਦਿੱਲੀ:** ਮਲਿਕਾਰਜੁਨ ਖੜਗੇ ਕਾਂਗਰਸ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਖੜਗੇ ਨੇ ਪਾਰਟੀ ਦੇ 137 ਸਾਲਾ ਇਤਿਹਾਸ ਵਿਚ ਪਾਰਟੀ ਪ੍ਰਧਾਨ ਲਈ 6ਵੀਂ ਵਾਰ ਹੋਈ ਚੋਣ ਵਿਚ ਸ਼ਸ਼ੀ ਥਰੂਰ ਨੂੰ ਹਰਾਇਆ। ਖੜਗੇ ਦੀ ਚੋਣ ਨਾਲ 24 ਸਾਲਾਂ ਬਾਅਦ ਕਾਂਗਰਸ ਦੀ ਕਮਾਨ ਗਾਂਧੀ ਪਰਿਵਾਰ ਤੋਂ ਬਾਹਰਲੇ ਕਿਸੇ ਸ਼ਖਸ ਹੱਥ ਆਈ ਹੈ। ਇਸ ਤੋਂ ਪਹਿਲਾਂ ਸੀਤਾਰਾਮ ਕੇਸਰੀ ਗੈਰ-ਗਾਂਧੀ ਕਾਂਗਰਸ ਪ੍ਰਧਾਨ ਸਨ, ਜਿਨ੍ਹਾਂ ਨੂੰ 1998 ਵਿਚ ਦੋ ਸਾਲ ਦੇ ਕਾਰਜਕਾਲ ਮਗਰੋਂ ਗ਼ੈਰਰਸਮੀ ਤਰੀਕੇ ਨਾਲ ਹਟਾ ਦਿੱਤਾ ਗਿਆ ਸੀ।

ਕਾਂਗਰਸ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਖੜਗੇ ਨੂੰ ਜੇਤੂ ਐਲਾਨਦਿਆਂ ਕਿਹਾ ਕਿ ਕਾਂਗਰਸ ਪ੍ਰਧਾਨ ਦੀ ਚੋਣ ਲਈ ਕੁੱਲ 9385 ਵੋਟਾਂ ਪੋਲ ਹੋਈਆਂ, ਜਿਸ ਵਿਚੋਂ ਖੜਗੇ ਨੂੰ 7897 ਤੇ ਥਰੂਰ ਨੂੰ 1072 ਵੋਟਾਂ ਪਈਆਂ ਜਦਕਿ 416 ਵੋਟਾਂ ਅਯੋਗ ਨਿਕਲੀਆਂ। ਖੜਗੇ, ਜਿਨ੍ਹਾਂ ਨੂੰ 50 ਸਾਲਾਂ ਦਾ ਸਿਆਸੀ ਤਜਰਬਾ ਹੈ, ਐੱਸ. ਨਿਜਾਲਿੰਗੱਪਾ ਮਗਰੋਂ ਕਰਨਾਟਕ ਤੋਂ ਦੂਜੇ ਏ.ਆਈ.ਸੀ.ਸੀ. ਪ੍ਰਧਾਨ ਹਨ। ਜਗਜੀਵਨ ਰਾਮ ਤੋਂ ਬਾਅਦ ਉਹ ਦੂਜੇ ਦਲਿਤ ਆਗੂ ਹਨ, ਜੋ ਕਾਂਗਰਸ ਪ੍ਰਧਾਨ ਬਣੇ ਹਨ। ਖੜਗੇ 1969 ਵਿਚ ਕਾਂਗਰਸ 'ਚ ਸ਼ਾਮਲ ਹੋਏ ਸਨ ਤੇ ਮਗਰੋਂ ਉਹ ਗੁਲਬਰਗਾ ਸਿਟੀ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਬਣੇ। ਖੜਗੇ ਲਗਾਤਾਰ 9 ਵਾਰ ਵਿਧਾਇਕ ਵੀ ਚੁਣੇ ਗਏ। ਉਹ ਦੋ ਵਾਰ ਲੋਕ ਸਭਾ ਮੈਂਬਰ ਤੇ ਇਕ ਵਾਰ ਰਾਜ ਸਭਾ ਮੈਂਬਰ ਵੀ ਰਹੇ। ਪ੍ਰਧਾਨਗੀ ਦੀ ਚੋਣ ਲੜਨ ਲਈ ਉਨ੍ਹਾਂ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਵਜੋਂ ਅਸਤੀਫਾ ਦਿੱਤਾ ਸੀ।

# ਅਮਰੀਕਾ ਨੇ ਭਾਰਤ ਨੂੰ 307 ਵਿਰਾਸਤੀ ਵਸਤਾਂ ਮੋੜੀਆਂ

**ਨਿਊ ਯਾਰਕ:** ਅਮਰੀਕਾ ਨੇ ਤਕਰੀਬਨ 15 ਸਾਲ ਦੀ ਜਾਂਚ ਤੋਂ ਬਾਅਦ 307 ਪ੍ਰਾਚੀਨ ਵਸਤਾਂ ਭਾਰਤ ਨੂੰ ਮੋੜੀਆਂ ਹਨ ਜਿਨ੍ਹਾਂ ਨੂੰ ਚੋਰੀ ਕਰ ਕੇ ਜਾਂ ਤਸਕਰੀ ਰਾਹੀਂ ਦੇਸ਼ ਤੋਂ ਬਾਹਰ ਲਿਜਾਇਆ ਗਿਆ ਸੀ। ਇਨ੍ਹਾਂ ਵਸਤਾਂ ਦੀ ਕੀਮਤ ਕਰੀਬ 40 ਲੱਖ ਅਮਰੀਕੀ ਡਾਲਰ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਵਸਤਾਂ ਕਲਾਕ੍ਰਿਤਾਂ ਦੇ ਬਦਨਾਮ ਵਪਾਰੀ ਸੁਭਾਸ਼ ਕਪੂਰ ਕੋਲੋਂ ਬਰਾਮਦ ਕੀਤੀਆਂ ਗਈਆਂ ਸਨ। ਮੈਨਹੱਟਨ ਜਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਨੇ ਭਾਰਤ ਨੂੰ ਕਰੀਬ 40 ਲੱਖ ਅਮਰੀਕੀ ਡਾਲਰ ਕੀਮਤ ਦੀਆਂ 307 ਪੁਰਾਤਨ ਵਸਤਾਂ ਮੋੜਨ ਦਾ ਐਲਾਨ ਕੀਤਾ। ਬ੍ਰੈਗ ਨੇ ਦੱਸਿਆ ਕਿ ਇਨ੍ਹਾਂ ਵਿਚੋਂ 235 ਵਸਤਾਂ ਨੂੰ ਮੈਨਹੱਟਨ ਜਿਲ੍ਹਾ ਅਟਾਰਨੀ ਦੇ ਦਫਤਰ ਵੱਲੋਂ ਕਪੂਰ ਖਿਲਾਫ ਮਾਰੇ ਗਏ ਛਾਪਿਆਂ ਦੌਰਾਨ ਜ਼ਬਤ ਕੀਤਾ ਗਿਆ ਸੀ।

ਕਪੂਰ ਅਫ਼ਗਾਨਿਸਤਾਨ, ਕੰਬੋਡੀਆ, ਭਾਰਤ, ਇੰਡੋਨੇਸ਼ੀਆ, ਮਿਆਂਮਾਰ, ਨੇਪਾਲ, ਪਾਕਿਸਤਾਨ, ਸ੍ਰੀਲੰਕਾ, ਥਾਈਲੈਂਡ ਅਤੇ ਹੋਰ ਦੇਸ਼ਾਂ ਤੋਂ ਵਸਤਾਂ ਦੀ ਤਸਕਰੀ ਕਰਨ ਵਿਚ ਮਦਦ ਕਰਦਾ ਹੈ। ਮੈਨਹੱਟਨ ਜਿਲ੍ਹਾ ਅਟਾਰਨੀ ਦਫਤਰ ਮੁਤਾਬਕ, ਨਿਊ ਯਾਰਕ ਸਥਿਤ ਭਾਰਤੀ ਕੌਂਸਲੇਟ ਵਿਚ ਇਕ ਸਮਾਰੋਹ ਦੌਰਾਨ ਇਹ ਪੁਰਾਤਨ ਵਸਤਾਂ ਭਾਰਤ ਨੂੰ ਸੌਂਪੀਆਂ ਗਈਆਂ।

## ਸੁਖਬੀਰ ਲਈ ਚੁਣੌਤੀ ਬਣੀ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ

*(ਪਹਿਲੇ ਸਫੇ ਦੀ ਬਾਕੀ)*

ਇਸ ਕਮੇਟੀ ਦੀ ਰਿਪੋਰਟ ਵਿਚ ਪ੍ਰਧਾਨ ਬਦਲਣ ਦਾ ਸਪਸ਼ਟ ਇਸ਼ਾਰਾ ਸੀ ਜਿਸ ਨੂੰ ਹੇਠਲੀ ਲੀਡਰਸ਼ਿਪ ਤਬਦੀਲੀ ਤੱਕ ਹੀ ਸੀਮਤ ਕਰ ਦਿੱਤਾ ਗਿਆ। ਇਸ ਪਿੱਛੋਂ ਬਾਗੀ ਸੁਰਾਂ ਉਠਣੀਆਂ ਸ਼ੁਰੂ ਹੋਈਆਂ। ਅਕਾਲੀ ਦਲ ਵੱਲੋਂ ਪੈਰਾਂ ਸਿਰ ਹੋਣ ਲਈ ਪੰਥਕ ਏਕੇ ਦੀ ਦੁਹਾਈ ਪਾਈ ਜਾ ਰਹੀ ਹੈ। ਅਕਾਲੀ ਤਖਤ ਦੇ ਜਥੇਦਾਰ ਵੱਲੋਂ ਅਕਾਲੀ ਦਲ ਨੂੰ ਤਕੜਾ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ ਹਾਲਾਂਕਿ ਕੁਝ ਪੰਥਕ ਧਿਰਾਂ ਵੱਲੋਂ ਇਸ ਏਕੇ ਲਈ (ਪੰਥਕ ਮੇਲ) ਲਈ ਬਾਦਲ ਪਰਿਵਾਰ ਖਾਸਕਰ ਸੁਖਬੀਰ ਬਾਦਲ ਨੂੰ ਲਾਂਭੇ ਕਰਨ ਦੀ ਮੰਗ ਰੱਖੀ ਜਾ ਰਹੀ ਹੈ। ਇਨ੍ਹਾਂ ਚੁਣੌਤੀਆਂ ਵਿਚਾਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਅਕਾਲੀ ਦਲ ਲਈ ਕਾਫੀ ਅਹਿਮੀਅਤ ਰੱਖਦੀ ਹੈ।

# ਕੌਮਾਂਤਰੀ ਵਿੱਤ ਪ੍ਰਣਾਲੀ ਦੀਵਾਲੀਆ ਕਰਾਰ

**ਮੁੰਬਈ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਕਿਹਾ ਕਿ ਕੌਮਾਂਤਰੀ ਵਿੱਤ ਪ੍ਰਣਾਲੀ ਨੈਤਿਕ ਤੌਰ 'ਤੇ ਦੀਵਾਲੀਆ ਹੈ ਕਿਉਂਕਿ ਇਹ ਅਮੀਰ ਦੇਸ਼ਾਂ ਦਾ ਪੱਖ ਪੂਰਦੀ ਹੈ। ਉਨ੍ਹਾਂ ਕਿਹਾ ਕਿ ਉਹ ਆਸ ਕਰਦੇ ਹਨ ਕਿ ਇਸ ਨੂੰ ਸੁਧਾਰਨ ਵਿਚ ਭਾਰਤ ਦੀ ਅਹਿਮ ਸ਼ਮੂਲੀਅਤ ਹੋਵੇਗੀ। ਉਨ੍ਹਾਂ ਕਿਹਾ, "ਵਿਕਾਸਸ਼ੀਲ ਦੇਸ਼ਾਂ ਨੂੰ ਉਭਾਰ ਦੇ ਵਿੱਤੀ ਸਾਧਨਾਂ 'ਚੋਂ ਬਹੁਤ ਘੱਟ ਮਿਲਿਆ ਹੈ। ਇਹ ਦੇਸ਼ ਕੋਵਿਡ-19 ਮਹਾਮਾਰੀ ਤੋਂ ਉੱਭਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਨ੍ਹਾਂ ਦੇਸ਼ਾਂ 'ਚੋਂ ਕੁਝ ਨੂੰ ਤਾਂ ਕਰਜ਼ੇ ਦੀ ਪਰੇਸ਼ਾਨੀ ਪੇਸ਼ ਆ ਰਹੀ ਹੈ। ਉਹ ਭਾਰਤੀ ਤਕਨੀਕੀ ਸੰਸਥਾ (ਆਈ.ਆਈ.ਟੀ.) ਮੁੰਬਈ ਵਿਚ ਇਕ ਸਮਾਰੋਹ ਦੌਰਾਨ ਸੰਬੋਧਨ ਕਰ ਰਹੇ ਸਨ।

## ਬੰਦੀ ਛੋੜ ਦਿਵਸ ਮੌਕੇ ਪੰਥਕ ਏਕਤਾ ਦਾ ਸੱਦਾ

*(ਪਹਿਲੇ ਸਫੇ ਦੀ ਬਾਕੀ)*

ਸੰਕੇਤ ਹਨ। ਉਨ੍ਹਾਂ ਪੰਜਾਬ ਵਿਚ ਸਿੱਖਾਂ ਦੇ ਹੋ ਰਹੇ ਧਰਮ ਪਰਿਵਰਤਨ 'ਤੇ ਸਰਕਾਰ ਦੀ ਖਾਮੋਸ਼ੀ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦ ਸੰਘਰਸ਼ੀ ਯੋਧੇ ਘਰ ਪਰਤਣ ਦੀ ਉਡੀਕ ਕਰ ਰਹੇ ਹਨ ਪਰ ਦੇਸ਼-ਵਿਦੇਸ਼ ਵਿਚ ਗੁਰਦੁਆਰਿਆਂ ਦੇ ਪ੍ਰਬੰਧਾਂ 'ਤੇ ਕਾਬਜ਼ ਹੋਣ ਲਈ ਚੱਲਦੀਆਂ ਲੜਾਈਆਂ ਸਿੱਖਾਂ ਵਿਚ ਧੜੇਬੰਦੀ ਅਤੇ ਨਫਰਤ ਪੈਦਾ ਕਰ ਰਹੀਆਂ ਹਨ। ਪੰਥਕ ਏਕਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਮੂਹ ਧਿਰਾਂ ਇਸ ਸੁਝਾਅ ਨੂੰ ਵਿਚਾਰਨ ਤੇ ਅਮਲ ਕਰਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਪੰਜਾਬ ਨੂੰ ਫੰਡ ਜਾਰੀ ਕਰਨ ਤੋਂ ਹੱਥ ਘੁੱਟਣ ਲੱਗੀ ਮੋਦੀ ਸਰਕਾਰ

**ਚੰਡੀਗੜ੍ਹ:** ਕੇਂਦਰ ਨੇ ਹੁਣ ਪੰਜਾਬ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਦੇਣ ਤੋਂ ਆਨਾਕਾਨੀ ਸ਼ੁਰੂ ਕਰ ਦਿੱਤੀ ਹੈ। ਚਰਚਾ ਹੈ ਕਿ 'ਆਪ' ਤੇ ਭਾਜਪਾ ਦੇ ਗੁਜਰਾਤ ਤੇ ਹਿਮਾਚਲ ਵਿਧਾਨ ਸਭਾ ਚੋਣਾਂ ਵਿਚ ਆਹਮੋ-ਸਾਹਮਣੇ ਹੋਣ ਕਾਰਨ ਕੇਂਦਰੀ ਹਕੂਮਤ ਨੇ ਪੰਜਾਬ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਵਰ੍ਹਾ 2021-22 ਦੇ ਝੋਨੇ ਦੇ ਸੀਜ਼ਨ ਦੇ ਕਰੀਬ 1110 ਕਰੋੜ ਅਤੇ ਵਰ੍ਹਾ 2022-23 ਦੇ ਕਣਕ ਦੇ ਸੀਜ਼ਨ ਦਾ 650 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਬਕਾਇਆ ਪਿਆ ਹੈ ਜਦੋਂ ਕਿ ਝੋਨੇ ਦਾ ਮੌਜੂਦਾ ਸੀਜ਼ਨ ਵੀ ਅੱਧਾ ਖ਼ਤਮ ਹੋ ਗਿਆ ਹੈ।

ਸੂਤਰਾਂ ਮੁਤਾਬਕ ਗੁਜਰਾਤ 'ਚ ਵਿਧਾਨ ਸਭਾ ਚੋਣਾਂ ਮਗਰੋਂ ਹੀ ਪੰਜਾਬ ਨੂੰ ਇਹ ਫੰਡ ਜਾਰੀ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਖ਼ੁਰਾਕ ਅਤੇ ਜਨਤਕ ਵੰਡ ਮੰਤਰੀ ਪਿਊਸ਼ ਗੋਇਲ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦਿਹਾਤੀ ਵਿਕਾਸ ਫੰਡਾਂ ਦੇ 1760 ਕਰੋੜ ਰੁਪਏ ਦੇ ਬਕਾਏ ਫੌਰੀ ਜਾਰੀ ਕੀਤੇ ਜਾਣ। ਉਨ੍ਹਾਂ ਹਰ ਕੇਂਦਰੀ ਸ਼ਰਤ ਨੂੰ ਸਮੇਂ-ਸਮੇਂ 'ਤੇ ਪੂਰਾ ਕੀਤੇ ਜਾਣ ਦਾ ਚੇਤਾ ਵੀ ਕਰਾਇਆ ਹੈ। ਮੁੱਖ ਮੰਤਰੀ ਨੇ 8 ਅਗਸਤ ਨੂੰ ਇਸ ਸਬੰਧੀ ਗੋਇਲ ਨਾਲ ਦਿੱਲੀ ਵਿਚ ਮੁਲਾਕਾਤ ਵੀ ਕੀਤੀ ਸੀ।



ਇਸੇ ਦੌਰਾਨ ਪੰਜਾਬ ਦਿਹਾਤੀ ਵਿਕਾਸ ਬੋਰਡ ਦੀ ਮੈਨੇਜਮੈਂਟ ਨੇ ਸੂਬੇ ਦੇ ਖ਼ੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਪੇਂਡੂ ਵਿਕਾਸ ਫੰਡਾਂ ਦੇ 1760 ਕਰੋੜ ਦੇ ਬਕਾਏ 18 ਫੀਸਦੀ ਵਿਆਜ ਨਾਲ ਤਾਰੇ ਜਾਣ ਲਈ ਕਿਹਾ ਹੈ। ਦੇਖਣਾ ਹੋਵੇਗਾ ਕਿ ਖ਼ੁਰਾਕ ਤੇ ਸਪਲਾਈ ਵਿਭਾਗ ਵੱਲੋਂ ਕੇਂਦਰ ਤੋਂ ਆਰ.ਡੀ.ਐਫ. 'ਤੇ 18 ਫੀਸਦੀ ਵਿਆਜ ਦੀ ਮੰਗ ਕੀਤੀ ਜਾਂਦੀ ਹੈ ਜਾਂ ਨਹੀਂ। ਕੇਂਦਰ ਸਰਕਾਰ ਨੇ ਅਕਤੂਬਰ 2020 'ਚ ਦਿਹਾਤੀ ਵਿਕਾਸ ਫੰਡ ਰੋਕਣ ਮਗਰੋਂ 22 ਜੁਲਾਈ, 2021 ਨੂੰ ਸੂਬੇ ਨੂੰ ਪੰਜਾਬ ਦਿਹਾਤੀ ਵਿਕਾਸ ਐਕਟ 1987 ਦੀ ਧਾਰਾ 7 ਵਿਚ ਸੋਧ ਕਰਨ ਦੀ ਹਦਾਇਤ ਕੀਤੀ ਸੀ। ਕੇਂਦਰ ਦਾ ਇਤਰਾਜ਼ ਸੀ ਕਿ ਇਨ੍ਹਾਂ ਫੰਡਾਂ ਨੂੰ ਹੋਰ ਕੰਮ 'ਤੇ ਵਰਤਿਆ ਜਾਂਦਾ ਹੈ। ਚੰਨੀ ਸਰਕਾਰ ਸਮੇਂ ਵੀ ਕੇਂਦਰ ਨੇ ਸਾਰੇ ਲੇਖੇ-ਜੋਖੇ ਦੇ ਬਾਵਜੂਦ ਇਹ ਫੰਡ ਜਾਰੀ ਨਹੀਂ ਕੀਤੇ ਸਨ।

'ਆਪ' ਸਰਕਾਰ ਨੇ 13 ਅਪਰੈਲ ਦੀ ਕੈਬਨਿਟ ਮੀਟਿੰਗ ਵਿਚ 'ਪੰਜਾਬ ਦਿਹਾਤੀ ਵਿਕਾਸ ਐਕਟ (ਸੋਧ) ਆਰਡੀਨੈਂਸ 2022' ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਉਦੋਂ ਰਾਜਪਾਲ ਨੇ ਇਸ ਆਰਡੀਨੈਂਸ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ ਤੇ ਬਿੱਲ ਲਿਆਉਣ ਦੀ ਨਸੀਹਤ ਦਿੱਤੀ ਸੀ। ਪੰਜਾਬ ਕੈਬਨਿਟ ਵੱਲੋਂ 6 ਜੂਨ ਨੂੰ 'ਪੰਜਾਬ ਦਿਹਾਤੀ ਵਿਕਾਸ (ਸੋਧ) ਬਿੱਲ 2022' ਨੂੰ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਵਿਧਾਨ ਸਭਾ ਨੇ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ। ਕੇਂਦਰ ਸਰਕਾਰ ਦੇ ਪੱਤਰ ਮਗਰੋਂ 20 ਜੁਲਾਈ ਨੂੰ ਪੰਜਾਬ ਸਰਕਾਰ ਨੇ ਨਵੇਂ ਸੋਧ ਬਿੱਲ ਦੇ ਨੋਟੀਫਿਕੇਸ਼ਨ ਦੀ ਕਾਪੀ ਵੀ ਕੇਂਦਰ ਨੂੰ ਭੇਜ ਦਿੱਤੀ ਸੀ। 23 ਜੁਲਾਈ ਨੂੰ ਮੁੱਖ ਮੰਤਰੀ ਨੇ ਮੁੜ ਕੇਂਦਰੀ ਖ਼ੁਰਾਕ ਮੰਤਰੀ ਨੂੰ ਪੱਤਰ ਲਿਖ ਕੇ ਇਨ੍ਹਾਂ ਫੰਡਾਂ ਲਈ ਗੁਹਾਰ ਲਾਈ। ਉਸ ਸਮੇਂ ਕੇਂਦਰ ਨੇ ਪੇਂਡੂ ਵਿਕਾਸ ਫੰਡਾਂ ਦੇ ਖ਼ਰਚੇ ਦੇ ਵੇਰਵੇ ਮੰਗ ਲਏ ਸਨ ਜਦਕਿ ਪਹਿਲਾਂ ਵੀ ਕਈ ਦਫ਼ਾ ਖ਼ਰਚੇ ਦੇ ਵੇਰਵੇ ਕੇਂਦਰ ਨੂੰ ਭੇਜੇ ਜਾ ਚੁੱਕੇ ਸਨ। ਪੰਜਾਬ ਸਰਕਾਰ ਨੇ 2 ਅਗਸਤ ਨੂੰ ਮੁੜ ਖ਼ਰਚੇ ਦੇ ਵੇਰਵੇ ਭੇਜ ਦਿੱਤੇ। ਕੇਂਦਰ ਨੇ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਬਕਾਇਆ ਫੰਡ ਜਾਰੀ ਨਹੀਂ ਕੀਤੇ ਹਨ।

## ਫੰਡਾਂ ਦੀ ਕਮੀ ਕਾਰਨ ਵਿਕਾਸ ਕੰਮ ਪ੍ਰਭਾਵਿਤ: ਧਾਲੀਵਾਲ

**ਚੰਡੀਗੜ੍ਹ:** ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ-ਵਾਰ ਪੱਤਰ ਲਿਖਣ ਦੇ ਬਾਵਜੂਦ ਕੇਂਦਰ ਸਰਕਾਰ ਦਿਹਾਤੀ ਵਿਕਾਸ ਫੰਡਾਂ ਦੇ ਬਕਾਏ ਜਾਰੀ ਕਰਨ ਤੋਂ ਪਾਸਾ ਵੱਟ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਅਸਲ ਕਾਰਨ ਇਕੋ ਹੀ ਹੈ ਕਿ ਕੇਂਦਰ ਗੁਜਰਾਤ ਚੋਣਾਂ ਕਰਕੇ ਪੰਜਾਬ ਦਾ ਵਿੱਤੀ ਤੌਰ 'ਤੇ ਦਮ ਘੁੱਟਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਫੰਡਾਂ ਦੀ ਕਮੀ ਹੋਣ ਕਾਰਨ ਸੂਬੇ ਵਿਚ ਵਿਕਾਸ ਕੰਮ ਪ੍ਰਭਾਵਿਤ ਹੋ ਰਹੇ ਹਨ।

# ਵਕੀਲਾਂ ਉਤੇ ਐਨ.ਆਈ.ਏ. ਦੇ ਛਾਪਿਆਂ ਤੋਂ ਭੜਕੀ ਬਾਰ ਕੌਂਸਲ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀ ਬਾਰ ਕੌਂਸਲ ਨੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਉਨ੍ਹਾਂ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਨ ਦਾ ਫੈਸਲਾ ਲਿਆ ਹੈ ਜਿਨ੍ਹਾਂ ਵਕੀਲਾਂ ਦੇ ਦਫਤਰਾਂ ਤੇ ਰਿਹਾਇਸ਼ਾਂ 'ਤੇ ਛਾਪੇ ਮਾਰੇ ਸਨ। ਉਨ੍ਹਾਂ ਕਿਹਾ ਕਿ ਇਹ ਵਕੀਲ ਤੇ ਉਸ ਦੇ ਮੁਵੱਕਿਲ ਨੂੰ ਐਵੀਡੈਂਸ ਐਕਟ, ਬਾਰ ਕੌਂਸਲ ਆਫ ਇੰਡੀਆ ਰੂਲਜ਼ ਤੇ ਐਡਵੋਕੇਟਸ ਐਕਟ 1961 ਤਹਿਤ ਮਿਲੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਹੈ।

ਪੰਜਾਬ ਤੇ ਹਰਿਆਣਾ ਬਾਰ ਕਾਊਂਸਿਲ ਦੇ ਚੇਅਰਮੈਨ ਸੁਵੀਰ ਸਿੱਧੂ ਨੇ ਕਿਹਾ ਕਿ ਐਨ.ਆਈ.ਏ. ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਨ ਬਾਰੇ ਫੈਸਲਾ ਕੌਂਸਲ ਦੀ ਹੋਈ ਹੰਗਾਮੀ ਮੀਟਿੰਗ ਦੌਰਾਨ ਲਿਆ ਗਿਆ। ਉਨ੍ਹਾਂ ਕਿਹਾ ਕਿ ਜਾਂਚ ਏਜੰਸੀਆਂ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸੰਵਿਧਾਨਕ ਨੇਮਾਂ ਤਹਿਤ ਨਿਰਪੱਖ ਢੰਗ ਨਾਲ ਕੰਮ ਕਰਨ ਪਰ ਸ਼ੱਕ ਦੇ ਆਧਾਰ 'ਤੇ ਮਾਰੇ ਗਏ ਅਜਿਹੇ ਛਾਪਿਆਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਕੌਂਸਲ ਦੇ ਸਾਰੇ ਕਾਰਜਕਾਰਨੀ ਮੈਂਬਰਾਂ ਨੇ ਐਨ.ਆਈ.ਏ. ਟੀਮਾਂ ਵੱਲੋਂ ਚੰਡੀਗੜ੍ਹ, ਗੁਰੂਗ੍ਰਾਮ ਤੇ ਬਠਿੰਡਾ 'ਚ ਵਕੀਲਾਂ ਦੇ ਦਫਤਰਾਂ ਅਤੇ ਰਿਹਾਇਸ਼ਾਂ 'ਤੇ ਮਾਰੇ ਗਏ ਛਾਪਿਆਂ ਤੇ ਉਨ੍ਹਾਂ ਦੇ ਫੋਨ ਤੇ ਲੈਪਟਾਪ ਜ਼ਬਤ ਕਰਨ ਦੀ ਨਿਖੇਧੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਬਾਰ ਕੌਂਸਲ ਨੇ ਇਸ ਸਬੰਧੀ ਐਨ.ਆਈ.ਏ. ਦੇ ਡਾਇਰੈਕਟਰ ਜਨਰਲ ਨੂੰ ਚਿੱਠੀ ਵੀ ਲਿਖੀ ਹੈ। ਉਨ੍ਹਾਂ ਕਿਹਾ ਕਿ ਵਕੀਲ ਮੁਵੱਕਿਲਾਂ ਦੇ ਸਿਰਫ ਨੁਮਾਇੰਦੇ ਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਤਿੰਨੋਂ ਵਕੀਲਾਂ ਨੇ ਛਾਪਿਆਂ ਦੌਰਾਨ ਜਾਂਚ ਏਜੰਸੀਆਂ ਨਾਲ ਪੂਰਾ ਸਹਿਯੋਗ ਵੀ ਦਿੱਤਾ ਸੀ। ਸ੍ਰੀ ਸਿੱਧੂ ਨੇ ਕਿਹਾ ਕਿ ਐਨ.ਆਈ.ਏ. ਅਧਿਕਾਰੀਆਂ ਦੀ ਕਾਰਵਾਈ ਨੇਮਾਂ ਤੇ ਐਕਟ ਦੀ ਉਲੰਘਣਾ ਹੈ ਤੇ ਮੈਂਬਰਾਂ ਦਾ ਮੰਨਣਾ ਹੈ ਕਿ ਇਸ ਸਬੰਧੀ ਕੋਈ ਨਾ ਕੋਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਭਵਿੱਖ 'ਚ ਮੁੜ ਤੋਂ ਅਜਿਹੇ ਛਾਪੇ ਮਾਰਨ ਤੋਂ ਰੋਕਿਆ ਜਾ ਸਕੇ।

# ਅਕਾਲ ਤਖਤ ਨੂੰ ਵੋਟਾਂ ਵਾਲੇ ਪ੍ਰਬੰਧ ਤੋਂ ਮੁਕਤ ਕਰਵਾਉਣ ਬਾਰੇ ਗੋਸ਼ਟੀ

**ਅੰਮ੍ਰਿਤਸਰ:** ਗਰਮਖਿਆਲੀ ਜਥੇਬੰਦੀਆਂ ਦੇ ਕਾਰਕੁਨਾਂ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਇਥੇ ਸ੍ਰੀ ਅਕਾਲ ਤਖ਼ਤ ਦੇ ਪ੍ਰਬੰਧ ਨੂੰ ਵੋਟਾਂ ਵਾਲੀਆਂ ਸੰਸਥਾਵਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਦੇ ਮੁੱਦੇ ਉਤੇ ਇਕ ਵਿਚਾਰ ਗੋਸ਼ਟੀ ਕਰਵਾਈ ਗਈ।

ਇਸ ਸਬੰਧੀ ਸਿੱਖ ਆਗੂ ਭਾਈ ਦਲਜੀਤ ਸਿੰਘ ਬਿੱਟੂ ਨੇ ਆਖਿਆ ਕਿ ਵਿਚਾਰ ਗੋਸ਼ਟੀ ਵਿਚ ਸਿੱਖ ਬੁਲਾਰਿਆਂ ਵੱਲੋਂ 'ਅਕਾਲੀ ਤੇ ਅਕਾਲ ਤਖ਼ਤ ਦੀ ਵਰਤਮਾਨ ਸਥਿਤੀ ਤੇ ਭਵਿੱਖ ਦਾ ਅਮਲ' ਮੁੱਦੇ ਉਤੇ ਚਰਚਾ ਕੀਤੀ ਗਈ। ਬੁਲਾਰਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਨੂੰ ਵੋਟਾਂ ਵਾਲੇ ਪ੍ਰਬੰਧ ਤੋਂ ਮੁਕਤ ਕਰਵਾਉਣ, ਅਕਾਲ ਤਖ਼ਤ ਦੀ ਪ੍ਰਭੂਸੱਤਾ ਦੀ ਬਹਾਲੀ, ਗੁਰਦੁਆਰਾ ਪ੍ਰਬੰਧ ਵਿਚ ਲੋੜੀਂਦੇ ਸੁਧਾਰ ਤੇ ਖੇਤਰੀ ਰਾਜਨੀਤੀ ਦੇ ਹਾਲਾਤਾਂ ਅਨੁਸਾਰ ਰਾਜਸੀ ਪਹਿਲਕਦਮੀ ਬਾਰੇ ਵਿਚਾਰ ਪੇਸ਼ ਕੀਤੇ ਗਏ।

ਉਨ੍ਹਾਂ ਕਿਹਾ ਕਿ ਇਸ ਵੇਲੇ ਸੰਸਾਰ ਸਮੇਤ ਭਾਰਤੀ ਉਪ ਮਹਾਂਦੀਪ ਤੇ ਪੰਜਾਬ ਵਿਚ ਹਾਲਾਤ ਅਸਥਿਰਤਾ ਵੱਲ ਵਧ ਰਹੇ ਹਨ। ਸਿੱਖਾਂ ਵਿਚ ਆਪਸੀ ਸੰਵਾਦ ਵਾਸਤੇ ਕੋਈ ਭਰੋਸੇਯੋਗ ਕੇਂਦਰੀ ਧੁਰਾ ਨਹੀਂ ਰਿਹਾ ਹੈ, ਜਿਸ ਕਾਰਨ ਸਿੱਖ ਖਿੰਡ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਵਿਚਾਰ ਗੋਸ਼ਟੀ ਇਸ ਲੜੀ ਦੀ ਪਹਿਲੀ ਵਿਚਾਰ ਚਰਚਾ ਹੈ, ਜਿਸ ਵਿਚ ਪੰਥਕ ਸੰਪਰਦਾਵਾਂ, ਸੰਸਥਾਵਾਂ ਤੇ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ ਹੈ। ਇਸ ਤੋਂ ਬਾਅਦ 14 ਨਵੰਬਰ ਨੂੰ ਸਿੱਖ ਪ੍ਰਚਾਰਕਾਂ ਨੂੰ ਵਿਚਾਰ ਗੋਸ਼ਟੀ ਦਾ ਸੱਦਾ ਦਿੱਤਾ ਗਿਆ ਹੈ, ਜਿਸ ਦਾ ਵਿਸ਼ਾ ਗੁਰਮਤਿ ਸੰਸਥਾ ਦੀ ਮੁੜ ਬਹਾਲੀ ਹੋਵੇਗਾ।



# ਪੰਜਾਬ 'ਚ ਅਮਨ-ਸ਼ਾਂਤੀ ਕਾਇਮ ਰੱਖਣ ਦਾ ਭਰੋਸਾ

**ਜਲੰਧਰ:** ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਹੈੱਡਕੁਆਰਟਰ ਵਿਚ 63ਵਾਂ ਸੂਬਾ ਪੱਧਰੀ ਪੁਲਿਸ ਯਾਦਗਾਰੀ ਦਿਵਸ ਮਨਾਇਆ ਗਿਆ।

ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਇਕ ਬੇਮਿਸਾਲ ਫੋਰਸ ਹੈ, ਜਿਸ ਨੇ ਸ਼ਾਂਤ ਤੇ ਅਸ਼ਾਂਤ ਮਾਹੌਲ ਵਿਚ ਦੇਸ਼ ਦੀ ਤਨਦੇਹੀ ਨਾਲ ਸੇਵਾ ਕੀਤੀ ਹੈ। ਉਨ੍ਹਾਂ ਆਖਿਆ ਕਿ ਪੰਜਾਬ 'ਚ ਅਮਨ-ਸ਼ਾਂਤੀ ਬਹਾਲ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਤੰਬਰ 1981 ਤੋਂ ਅਗਸਤ 1992 ਦਰਮਿਆਨ 1792 ਪੁਲਿਸ ਅਧਿਕਾਰੀਆਂ ਨੇ ਅਤਿਵਾਦ ਨਾਲ ਲੜਦੇ ਹੋਏ ਜਾਨਾਂ ਕੁਰਬਾਨ ਕੀਤੀਆਂ। ਇਨ੍ਹਾਂ ਵਿਚ ਪੰਜਾਬ ਪੁਲਿਸ ਦੇ 1604 ਅਧਿਕਾਰੀ ਅਤੇ ਸਿਪਾਹੀ ਸ਼ਾਮਲ ਹਨ, ਜਦਕਿ ਬਾਕੀ 188 ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀ.ਏ.ਪੀ.ਐਫ.) ਦੇ ਮੁਲਾਜ਼ਮ ਹਨ। ਕਮਾਂਡੈਂਟ 80ਵੀਂ ਬਟਾਲੀਅਨ ਵੱਲੋਂ ਇਸ ਸਾਲ ਦੇ ਸ਼ਹੀਦ ਹੋਣ ਵਾਲੇ ਪੁਲਿਸ ਬਲ ਦੇ ਸਾਰੇ 261 ਸ਼ਹੀਦਾਂ ਦੇ ਨਾਂ ਪੜ੍ਹੇ ਗਏ। ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆ ਗਿਆ ਤੇ ਬਾਅਦ ਵਿਚ ਸੀਨੀਅਰ ਅਧਿਕਾਰੀਆਂ ਨੇ ਸ਼ਹੀਦੀ ਸਮਾਰਕ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਡੀ.ਜੀ.ਪੀ. ਗੌਰਵ ਯਾਦਵ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ, "ਅਸੀਂ ਆਪਣੇ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਅਜਾਈਂ ਨਹੀਂ ਜਾਣ ਦਿਆਂਗੇ। ਪੰਜਾਬ ਪੁਲਿਸ ਸਰਹੱਦੀ ਰਾਜ ਵਿਚ ਸ਼ਾਂਤੀ ਤੇ ਸਦਭਾਵਨਾ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਅਤੇ ਬਹਾਦਰੀ ਨਾਲ ਸੇਵਾ ਕਰਦੀ ਰਹੇਗੀ।"



# ਬੱਚੀ ਦੀ ਅੱਖ ਵਿਚ ਪੈਨਸਿਲ ਵੱਜਣ ਕਾਰਨ ਰੋਸ਼ਨੀ ਗਈ

**ਲੁਧਿਆਣਾ:** ਇਥੇ ਪੁਲਿਸ ਲਾਈਨ ਸਥਿਤ ਇਕ ਸਕੂਲ ਵਿਚ ਛੇ ਸਾਲਾ ਬੱਚੀ ਦੀ ਅੱਖ 'ਚ ਇਕ ਵਿਦਿਆਰਥਣ ਨੇ ਪੈਨਸਿਲ ਮਾਰ ਦਿੱਤੀ, ਜਿਸ ਕਾਰਨ ਬੱਚੀ ਦੀ ਅੱਖ ਦੀ ਰੋਸ਼ਨੀ ਚਲੀ ਗਈ ਹੈ। ਪਹਿਲੀ ਜਮਾਤ ਦੀ ਵਿਦਿਆਰਥਣ ਸ਼ਨਾਇਆ ਦੀ ਅਧਿਆਪਕਾ ਨੇ ਉਸ ਦੇ ਮਾਪਿਆਂ ਨੂੰ ਫੋਨ ਕਰਕੇ ਸੂਚਨਾ ਦਿੱਤੀ ਸੀ ਕਿ ਬੱਚੀ ਦੀ ਅੱਖ ਵਿਚ ਉਂਗਲ ਵੱਜ ਗਈ ਹੈ ਤੇ ਉਹ ਆ ਕੇ ਉਸ ਨੂੰ ਲੈ ਜਾਣ। ਬੱਚੀ ਦੇ ਮਾਪੇ ਉਸ ਨੂੰ ਲੈ ਗਏ, ਪਰ ਘਰ ਜਾ ਕੇ ਕੁਝ ਸਮੇਂ ਬਾਅਦ ਬੱਚੀ ਨੇ ਕੁਝ ਵੀ ਦਿਖਾਈ ਨਾ ਦੇਣ ਦੀ ਸ਼ਿਕਾਇਤ ਕੀਤੀ।

ਪਰਿਵਾਰਕ ਮੈਂਬਰ ਜਦੋਂ ਬੱਚੀ ਨੂੰ ਡਾਕਟਰ ਕੋਲ ਲੈ ਕੇ ਗਏ ਤਾਂ ਪਤਾ ਲੱਗਿਆ ਕਿ ਬੱਚੀ ਦੀ ਅੱਖ ਦੀ ਪੁਤਲੀ ਫਟ ਗਈ ਹੈ। ਬੱਚੀ ਦੇ ਮਾਪਿਆਂ ਨੇ ਜਦੋਂ ਇਸ ਸਬੰਧੀ ਸਕੂਲ ਪ੍ਰਬੰਧਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਗੱਲ ਸੁਣਨ ਤੋਂ ਪਾਸਾ ਵੱਟਣਾ ਚਾਹਿਆ ਤੇ ਸਿਰਫ ਬੱਚੀ ਦੇ ਪਿਤਾ ਨੂੰ ਅੰਦਰ ਜਾਣ ਦਿੱਤਾ। ਗੱਲ ਨਾ ਸੁਣੇ ਜਾਣ ਦੇ ਰੋਸ ਵਜੋਂ ਬੱਚੀ ਦੇ ਪਰਿਵਾਰਕ ਮੈਂਬਰਾਂ ਨੇ ਸਕੂਲ ਦੇ ਬਾਹਰ ਧਰਨਾ ਲਾ ਦਿੱਤਾ। ਇਸ ਦੀ ਸੂਚਨਾ ਮਿਲਣ 'ਤੇ ਏ.ਸੀ.ਪੀ. ਅਸ਼ੋਕ ਕੁਮਾਰ ਉਥੇ ਪਹੁੰਚੇ ਤੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ। ਬੱਚੀ ਦੇ ਪਰਿਵਾਰ ਨੇ ਮੰਗ ਕੀਤੀ ਕਿ ਸਕੂਲ ਪ੍ਰਬੰਧਕਾਂ ਤੇ ਉਕਤ ਅਧਿਆਪਕਾ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਉਹ ਮੁੜ ਸਕੂਲ ਸਾਹਮਣੇ ਧਰਨਾ ਲਾਉਣਗੇ।

# ਝੋਨੇ ਦੇ ਇਕ-ਇਕ ਦਾਣੇ ਦੀ ਖਰੀਦ ਅਤੇ ਚੁਕਾਈ ਕੀਤੀ ਜਾਵੇ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੇ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਂਦਿਆਂ ਪ੍ਰਬੰਧਕੀ ਸਕੱਤਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਸੂਬੇ ਦੀਆਂ ਮੰਡੀਆਂ ਵਿਚੋਂ ਬਿਨਾਂ ਕਿਸੇ ਦੇਰੀ ਤੋਂ ਕਿਸਾਨਾਂ ਦੇ ਝੋਨੇ ਦੇ ਇਕ-ਇਕ ਦਾਣੇ ਦੀ ਖਰੀਦ ਤੇ ਚੁਕਾਈ ਕੀਤੀ ਜਾਵੇ।

ਮੁੱਖ ਮੰਤਰੀ ਨੇ ਸੂਬਾ ਸਰਕਾਰ ਦੇ ਪ੍ਰਬੰਧਕੀ ਸਕੱਤਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਖਰੀਦ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਆਮ ਆਦਮੀ ਕਲੀਨਿਕਾਂ ਦੇ ਕੰਮਕਾਜ ਦੀ ਸਮੀਖਿਆ ਕਰਦਿਆਂ ਤਸੱਲੀ ਜ਼ਾਹਿਰ ਕੀਤੀ ਕਿ ਰੋਜ਼ਾਨਾ 7500 ਮਰੀਜ਼ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਰਹੇ ਹਨ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਸੂਬੇ ਭਰ ਦੇ 400 ਹੋਰ ਸਿਹਤ ਸੰਭਾਲ ਕੇਂਦਰਾਂ ਨੂੰ ਮਜ਼ਬੂਤ ਕਰਨ ਲਈ ਵੀ ਕਿਹਾ। ਮੁੱਖ ਮੰਤਰੀ ਨੇ ਮਾਲ, ਸਥਾਨਕ ਸਰਕਾਰਾਂ ਤੇ ਸ਼ਹਿਰੀ ਇਕਾਈਆਂ ਨੂੰ ਜ਼ਮੀਨਾਂ ਦੀ ਵਿਕਰੀ-



ਨਾਮਿਆਂ (ਸੇਲ ਡੀਡਜ਼) ਉਤੇ ਲੱਗੀ ਰੋਕ ਹਟਵਾਉਣ ਲਈ ਰਣਨੀਤੀ ਬਣਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਵੀ ਕਿਹਾ। ਮੁੱਖ ਮੰਤਰੀ ਨੇ ਤਿਉਹਾਰਾਂ ਦੇ ਮੱਦੇਨਜ਼ਰ ਸਿਹਤ ਵਿਭਾਗ ਨੂੰ ਘਟੀਆ ਦਰਜੇ ਦੀਆਂ ਮਠਿਆਈਆਂ ਤੇ ਨਕਲੀ ਦੁੱਧ ਤੋਂ ਬਣੇ ਪਦਾਰਥਾਂ ਨੂੰ ਠੱਲ੍ਹ ਪਾਉਣ ਅਤੇ ਆਪਣੇ ਮੁਨਾਫੇ ਲਈ ਲੋਕਾਂ ਦੀ ਜਾਨ ਦਾਅ 'ਤੇ ਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਕੌਮੀ ਮਾਰਗਾਂ ਦੇ ਪ੍ਰੋਜੈਕਟਾਂ ਲਈ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਕਿਸਾਨਾਂ ਨੂੰ ਮੁਆਵਜ਼ਾ ਦੇ ਕੇ ਛੇਤੀ ਤੋਂ ਛੇਤੀ ਮੁਕੰਮਲ ਕੀਤੀ ਜਾਵੇ।

# ਕੇਂਦਰ ਦਾ ਉਲਾਂਭਾ: ਪਰਾਲੀ ਮੁੱਦੇ 'ਤੇ ਢੁਕਵੇਂ ਕਦਮ ਨਹੀਂ ਚੁੱਕ ਰਿਹਾ ਪੰਜਾਬ

**ਨਵੀਂ ਦਿੱਲੀ:** ਪੰਜਾਬ ਵਿਚ ਪਰਾਲੀ ਸਾੜਨ ਦਾ ਮਸਲਾ ਇਸ ਵੇਲੇ ਕਾਫੀ ਭਖਿਆ ਹੋਇਆ ਹੈ। ਕੇਂਦਰ ਤੇ ਸੂਬਾ ਸਰਕਾਰ ਵਿਚਾਲੇ ਇਕ-ਦੂਜੇ ਖ਼ਿਲਾਫ਼ ਤਿੱਖੀ ਬਿਆਨਬਾਜ਼ੀ ਜਾਰੀ ਹੈ। ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਤੇਜੀ ਨਾਲ ਵਧਣੀਆਂ ਸ਼ੁਰੂ ਹੋ ਗਈਆਂ ਹਨ, ਖਾਸ ਤੌਰ ਉਤੇ ਪੰਜਾਬ ਸਰਕਾਰ ਨੇ ਖੇਤਾਂ ਵਿਚ ਅੱਗ ਲਾਉਣ ਤੋਂ ਰੋਕਣ ਲਈ ਢੁਕਵੇਂ ਕਦਮ ਨਹੀਂ ਚੁੱਕੇ। ਦਿੱਲੀ-ਐਨ.ਸੀ.ਆਰ. ਵਿਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਮੁੱਦੇ ਉਤੇ ਅੰਤਰ ਮੰਤਰਾਲਾ ਮੀਟਿੰਗ ਵਿਚ ਕੇਂਦਰੀ ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਨੇ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਸਰਕਾਰ ਸੂਬੇ ਵਿਚ ਖੇਤਾਂ 'ਚ ਅੱਗ ਲਾਉਣ ਤੋਂ ਰੋਕਣ ਲਈ ਤਾਲਮੇਲ ਨਾਲ ਕਾਰਵਾਈ ਨਹੀਂ ਕਰ ਸਕੀ। ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਹਰਿਆਣਾ ਵਿਚ ਪਰਾਲੀ ਪ੍ਰਬੰਧਨ ਦੀ ਸਥਿਤੀ ਪੰਜਾਬ ਦੀ ਤੁਲਨਾ ਵਿਚ ਕਾਫੀ ਬਿਹਤਰ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ 15 ਅਕਤੂਬਰ ਤੱਕ ਅੱਗ ਦਾ ਰੁਝਾਨ ਪਿਛਲੇ ਸਾਲ ਦੇ ਮੁਕਾਬਲੇ ਘੱਟ ਸੀ ਪਰ ਹੁਣ ਇਹ ਤੇਜੀ ਨਾਲ ਵਧਣੀ ਸ਼ੁਰੂ ਹੋ ਗਈ ਹੈ, ਖਾਸ ਤੌਰ ਉਤੇ ਪੰਜਾਬ ਵਿਚ। ਮੰਤਰੀਆਂ ਨੇ ਨੋਟ ਕੀਤਾ ਕਿ ਪੂਸਾ ਬਾਇਓ ਡੀ ਕੰਪੋਜ਼ਰ,



ਮਾਈਕ੍ਰੋਬਾਇਲ ਘੋਲ, ਜੋ ਕਿ 15-20 ਦਿਨਾਂ ਵਿਚ ਪਰਾਲੀ ਨੂੰ ਖਾਦ ਵਿਚ ਬਦਲ ਦਿੰਦਾ ਹੈ, ਦਾ ਪੰਜਾਬ ਵਿਚ ਘੱਟ ਖੇਤਰ ਵਿਚ ਛਿੜਕਾਅ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਤੇ ਵਧਾਉਣ ਦੀ ਜਰੂਰਤ ਹੈ। ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਚੇਅਰਮੈਨ ਐਮ.ਐਮ. ਕੁੱਟੀ ਨੇ ਕਿਹਾ ਕਿ ਵਿਧਾਨਿਕ ਕਮੇਟੀ ਦੀਆਂ ਕਈ ਮੀਟਿੰਗਾਂ ਅਤੇ ਯਤਨਾਂ ਦੇ ਬਾਵਜੂਦ ਪੰਜਾਬ ਨੇ ਨਾਕਾਫੀ ਕਦਮ ਚੁੱਕੇ ਹਨ। ਪੰਜਾਬ ਦੇ ਮੁੱਖ ਸਕੱਤਰ ਨੂੰ ਅੰਮ੍ਰਿਤਸਰ ਵਿਚ ਅੱਗ ਦੀਆਂ ਵਧ ਰਹੀਆਂ ਘਟਨਾਵਾਂ ਨੂੰ ਰੋਕਣ ਤੇ ਪਿਛਲੇ ਸਾਲ ਦੇ ਮੁਕਾਬਲੇ ਖੇਤਾਂ ਵਿਚ ਅੱਗ ਦੇ ਮਾਮਲਿਆਂ ਵਿਚ 50 ਫੀਸਦੀ ਤੱਕ ਕਮੀ ਲਿਆਉਣ ਲਈ ਕਿਹਾ ਗਿਆ ਸੀ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਵੱਲੋਂ ਪੰਜਾਬ ਸਰਕਾਰ ਖਿਲਾਫ ਪਰਾਲੀ ਦੇ ਮੁੱਦੇ 'ਤੇ ਗੰਭੀਰ ਨਾ ਹੋਣ ਦੇ ਲਾਏ ਦੋਸ਼ 'ਤੇ ਪਲਟ ਵਾਰ ਕਰਦਿਆਂ ਆਖਿਆ ਕਿ ਅਸਲ ਵਿਚ ਨਰਿੰਦਰ ਸਿੰਘ ਤੋਮਰ ਨੂੰ ਪੰਜਾਬ ਦੀ ਖੇਤੀਬਾੜੀ ਕੋਈ ਸਮਝ ਨਹੀਂ। ਇਥੇ ਫ਼ਰੀਦਕੋਟ ਦੀ ਭਾਈ ਘਨੱ੍ਹਈਆ ਕੈਂਸਰ ਰੋਕੂ ਸੇਵਾ ਸੁਸਾਇਟੀ, ਖੇਤੀ ਵਿਰਾਸਤ ਮਿਸ਼ਨ ਅਤੇ ਗੁਰੂ ਸਾਹਿਬ ਚੈਰੀਟੇਬਲ ਸੁਸਾਇਟੀ ਵੱਲੋਂ ਪਿੰਡ ਸੰਧਵਾਂ ਵਿਚ ਸਾਂਝੇ ਤੌਰ 'ਤੇ ਪੰਜਾਬ ਦੇ 400 ਤੋਂ ਵੱਧ ਅਜਿਹੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪਰਾਲੀ ਨਹੀਂ ਫੂਕੀ ਜਾ ਰਹੀ, ਸਗੋਂ ਇਹ ਕਿਸਾਨ ਪਰਾਲੀ ਦੀ ਸਮੱਸਿਆ ਦੇ ਹੱਲ ਲਈ ਲੋਕਾਂ ਨੂੰ ਜਾਗਰੂਕ ਵੀ ਕਰ ਰਹੇ ਹਨ।

### ਪਰਾਲੀ ਸਾੜਨ ਕਾਰਨ ਦਿੱਲੀ 'ਚ ਪ੍ਰਦੂਸ਼ਣ ਦਾ ਫਿਰ ਦਾਅਵਾ

**ਨਵੀਂ ਦਿੱਲੀ:** ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (ਸੀ.ਆਰ.ਈ.ਏ.) ਦੇ ਦੁਆਰਾ ਇਕ ਖੋਜ ਅਧਿਐਨ ਮੁਤਾਬਕ ਦਿੱਲੀ ਵਿਚ ਅਕਤੂਬਰ ਤੇ ਨਵੰਬਰ ਵਿਚ ਜ਼ਿਆਦਾ ਹਵਾ ਪ੍ਰਦੂਸ਼ਣ ਦੇ ਪਿੱਛੇ ਪਰਾਲੀ ਸਾੜਨਾ ਇਕ ਅਹਿਮ ਕਾਰਨ ਬਣਿਆ ਹੋਇਆ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਦਿੱਲੀ ਵਿਚ ਪ੍ਰਦੂਸ਼ਣ ਦੇ ਮੁੱਖ ਸਰੋਤਾਂ ਵਿਚ ਗੈਸਾਂ ਦੀ ਨਿਕਾਸੀ ਕੰਟਰੋਲ ਤਕਨੀਕਾਂ ਦੀ ਕਮੀ, ਵਾਹਨਾਂ ਦੁਆਰਾ ਪ੍ਰਦੂਸ਼ਣ ਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਸ਼ਾਮਲ ਹਨ, ਜਿਸ ਨਾਲ ਸ਼ਹਿਰ ਦੀ ਹਵਾ ਦੀ ਗੁਣਵੱਤਾ ਬੇਹੱਦ ਖਤਰਨਾਕ ਹੋ ਗਈ ਹੈ।

# ਪੰਜਾਬ ਦੇ ਉਦਯੋਗਪਤੀਆਂ ਨੂੰ ਹੁਣ ਦੋ ਵਿਭਾਗਾਂ 'ਚ ਅਰਜ਼ੀਆਂ ਦੇਣ ਦੀ ਲੋੜ ਨਹੀਂ

**ਚੰਡੀਗੜ੍ਹ:** ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਸਤੇ ਕਾਰੋਬਾਰ ਨੂੰ ਸੁਖਾਲਾ ਬਣਾਉਣ ਵੱਲ ਇਕ ਹੋਰ ਪੁਲਾਂਘ ਪੁੱਟਦਿਆਂ ਰਾਜ ਸਰਕਾਰ ਨੇ ਸਟੈਂਡਅਲੋਨ ਉਦਯੋਗਾਂ ਲਈ ਬਿਲਡਿੰਗ ਪਲਾਨ ਨੂੰ ਪ੍ਰਵਾਨਗੀ ਦੇਣ ਅਤੇ ਸੰਪੂਰਨਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਸ਼ਕਤੀਆਂ ਡਾਇਰੈਕਟਰ ਫੈਕਟਰੀਜ਼ ਨੂੰ ਸੌਂਪ ਦਿੱਤੀਆਂ ਹਨ।

ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪਹਿਲਾਂ ਉਦਯੋਗਪਤੀਆਂ ਨੂੰ ਆਪਣੀਆਂ ਫੈਕਟਰੀਆਂ ਦੇ ਬਿਲਡਿੰਗ ਪਲਾਨ ਮਨਜ਼ੂਰ ਕਰਵਾਉਣ ਲਈ ਦੋ ਵੱਖ-ਵੱਖ ਵਿਭਾਗਾਂ ਵਿਚ ਅਰਜ਼ੀਆਂ ਦੇਣੀਆਂ ਪੈਂਦੀਆਂ ਸਨ ਪਰ ਹੁਣ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਸਟੈਂਡਅਲੋਨ ਉਦਯੋਗਾਂ ਲਈ ਬਿਲਡਿੰਗ ਪਲਾਨ ਨੂੰ ਪ੍ਰਵਾਨਗੀ ਦੇਣ ਅਤੇ ਸੰਪੂਰਨਤਾ ਸਰਟੀਫਿਕੇਟ ਜਾਰੀ ਕਰਨ ਸਮੇਤ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਪੈਂਦੇ ਉਦਯੋਗਾਂ ਦੀ ਕੰਪਾਊਂਡਿੰਗ ਸਬੰਧੀ ਸ਼ਕਤੀਆਂ ਡਾਇਰੈਕਟਰ ਫੈਕਟਰੀਜ਼ ਨੂੰ ਸੌਂਪ ਦਿੱਤੀਆਂ ਹਨ।

ਹੁਣ ਉਦਯੋਗਪਤੀ ਬਿਲਡਿੰਗ ਪਲਾਨ ਦੀ ਪ੍ਰਵਾਨਗੀ ਲਈ ਸਿੱਧੇ ਡਾਇਰੈਕਟਰ ਫੈਕਟਰੀਜ਼ ਪੰਜਾਬ ਦੇ ਦਫਤਰ ਵਿਚ ਅਪਲਾਈ ਕਰ ਸਕਦੇ ਹਨ। ਉਦਯੋਗਾਂ ਲਈ 'ਚੇਂਜ ਆਫ ਲੈਂਡ ਯੂਜ਼' ਸਬੰਧੀ ਪ੍ਰਵਾਨਗੀ ਪਹਿਲਾਂ ਹੀ ਮੁਆਫ਼ ਕਰ ਦਿੱਤੀ ਗਈ ਹੈ। ਇਸ ਲਈ ਬਿਨੈ-ਪੱਤਰ ਪ੍ਰਾਪਤ ਹੋਣ ਉਤੇ ਡਾਇਰੈਕਟਰ ਫੈਕਟਰੀਜ਼ ਵੱਲੋਂ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਟਾਊਨ ਪਲਾਨਰ (ਡੀ.ਟੀ.ਪੀ.) ਤੋਂ ਰਿਪੋਰਟ ਮੰਗੀ ਜਾਵੇਗੀ ਕਿ ਇਸ ਉਦਯੋਗ ਦੀ ਪ੍ਰਵਾਨਗੀ ਮਾਸਟਰ ਪਲਾਨਜ਼, ਰੀਜਨਲ ਪਲਾਨ, ਲੈਂਡ ਯੂਜ਼ ਪਲਾਨ, ਸਥਾਨਕ ਯੋਜਨਾ ਖੇਤਰ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਹੋਰ ਮੌਜੂਦਾ ਦਿਸ਼ਾ-ਨਿਰਦੇਸ਼ਾਂ ਦੇ ਉਪਬੰਧਾਂ ਮੁਤਾਬਕ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਡੀ.ਟੀ.ਪੀ. ਵੱਲੋਂ ਸੱਤ ਕੰਮ-ਕਾਜੀ ਦਿਨਾਂ ਦੇ ਅੰਦਰ ਡਾਇਰੈਕਟਰ ਫੈਕਟਰੀਜ਼ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

### ਵਿਕਾਸ ਨੂੰ ਗੰਭੀਰਤਾ ਨਾਲ ਲੈਣ ਵਿਭਾਗ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਤੇ ਭਲਾਈ ਸਕੀਮਾਂ ਲਈ ਮੁਹੱਈਆ ਕਰਵਾਏ ਗਏ ਫੰਡਾਂ ਦੀ ਸਮੇਂ ਸਿਰ ਵਰਤੋਂ ਨੂੰ ਯਕੀਨੀ ਬਣਾਉਣ ਤਾਂ ਜੋ ਸੂਬੇ ਦੇ ਸਰਵਪੱਖੀ ਵਿਕਾਸ ਵਿੱਚ ਤੇਜੀ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਮੱਠੀ ਰਫਤਾਰ ਜਾਂ ਭਲਾਈ ਸਕੀਮਾਂ ਦੀ ਸਪੁਰਦਗੀ ਵਿਚ ਦੇਰੀ ਕਾਰਨ ਫੰਡਾਂ ਦੇ ਅਣਵਰਤੇ ਰਹਿ ਜਾਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ। ਸ੍ਰੀ ਚੀਮਾ ਨੇ ਕਿਹਾ ਕਿ ਕਿਹਾ ਕਿ ਵਿੱਤ ਵਿਭਾਗ ਸਾਰੇ ਵਿਭਾਗਾਂ 'ਤੇ ਪੂਰੀ ਨਜ਼ਰ ਰੱਖੇਗਾ ਅਤੇ ਉਹ ਨਿੱਜੀ ਤੌਰ 'ਤੇ ਪ੍ਰਮੁੱਖ ਵਿਭਾਗਾਂ ਦੀ ਮਹੀਨਾਵਾਰ ਸਮੀਖਿਆ ਮੀਟਿੰਗ ਕਰ ਕੇ ਉਨ੍ਹਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਦਾ ਅਧਿਐਨ ਕਰਨਗੇ।

# ਹਿਮਾਚਲ ਪ੍ਰਦੇਸ਼ ਚੋਣਾਂ: ਭਾਜਪਾ ਵੱਲੋਂ ਪੰਜਾਬੀ ਨਜ਼ਰ-ਅੰਦਾਜ਼

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਭਾਜਪਾ ਨੇ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਹੈ। ਭਾਜਪਾ ਦੇ ਸਟਾਰ ਪ੍ਰਚਾਰਕਾਂ ਵਿਚ ਸਿਰਫ ਅਵਿਨਾਸ਼ ਰਾਏ ਖੰਨਾ ਦਾ ਨਾਮ ਸ਼ਾਮਲ ਹੈ, ਜਿਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਚੋਣਾਂ ਵਿਚ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕਿਸੇ ਆਗੂ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ।

ਉਧਰ, ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਨੇ 20 ਤੇ ਕਾਂਗਰਸ ਨੇ 40 ਸਟਾਰ ਪ੍ਰਚਾਰਕਾਂ ਦੀ ਸੂਚੀ ਦਾ ਐਲਾਨ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਵਿਧਾਨ ਚੋਣਾਂ ਵਿਚ ਪ੍ਰਚਾਰ ਕਰਨ ਲਈ 'ਆਪ' ਨੇ ਪੰਜਾਬ ਦੇ 9 ਅਤੇ ਕਾਂਗਰਸ ਦੇ 4 ਆਗੂਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਆਮ ਆਦਮੀ ਪਾਰਟੀ (ਆਪ) ਨੇ ਚੰਡੀਗੜ੍ਹ ਤੋਂ ਸਟਾਰ ਪ੍ਰਚਾਰਕਾਂ ਦਾ ਐਲਾਨ ਕੀਤਾ ਹੈ। ਇਸ ਵਿਚ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਉਨ੍ਹਾਂ 20 ਸਟਾਰ ਪ੍ਰਚਾਰਕਾਂ ਵਿਚ ਸ਼ਾਮਲ ਕੀਤਾ ਹੈ ਜੋ ਹਿਮਾਚਲ ਪ੍ਰਦੇਸ 'ਚ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ। 'ਆਪ' ਦੀ ਸੂਚੀ 'ਚ ਪੰਜਾਬ ਦੇ ਸੰਸਦ ਮੈਂਬਰ ਸੰਦੀਪ ਪਾਠਕ, ਰਾਘਵ ਚੱਢਾ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਮੀਤ ਹੇਅਰ, ਅਮਨ ਅਰੋੜਾ, ਲਾਲ ਚੰਦ ਕਟਾਰੂਚੱਕ, ਬ੍ਰਹਮ ਸ਼ੰਕਰ ਜਿੰਪਾ ਦੇ ਸ਼ਾਮਲ ਹਨ।

ਦੂਜੇ ਪਾਸੇ ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਚੋਣਾਂ ਲਈ ਪੰਜਾਬ ਦੇ ਚਾਰ ਆਗੂਆਂ ਨੂੰ ਚੋਣ ਪ੍ਰਚਾਰ ਲਈ ਭੇਜਿਆ ਹੈ ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਤਜਿੰਦਰ ਬਿੱਟੂ ਤੇ ਗੁਰਕੀਰਤ ਕੋਟਲੀ ਸ਼ਾਮਲ ਹਨ। ਇਸ ਤੋਂ ਇਲਾਵਾ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ, ਅਸ਼ੋਕ ਗਹਿਲੋਤ, ਭੂਪੇਸ਼ ਬਘੇਲ, ਆਨੰਦ ਸ਼ਰਮਾ, ਮੁਕੁਲ ਵਸਨੀਕ, ਰਾਜੀਵ ਸ਼ੁਕਲਾ, ਭੁਪਿੰਦਰ ਸਿੰਘ ਹੁੱਡਾ, ਹਰੀਸ਼ ਰਾਵਤ, ਪ੍ਰਤਿਭਾ ਸਿੰਘ, ਰਣਦੀਪ ਸਿੰਘ ਸੁਰਜੇਵਾਲਾ, ਸਚਿਨ ਪਾਇਲਟ, ਰਾਜ ਬੱਬਰ, ਦਪਿੰਦਰ ਹੁੱਡਾ, ਪਵਨ ਖੇੜਾ, ਮੁਹੰਮਦ ਅਜਹਰੂਦੀਨ, ਆਸ਼ਾ ਕੁਮਾਰੀ, ਸੰਜੈ ਦੱਤ, ਕੌਲ ਸਿੰਘ ਠਾਕੁਰ ਸਟਾਰ ਪ੍ਰਚਾਰਕ ਹਨ।

# ਮਾਨ ਸਰਕਾਰ ਵੱਲੋਂ ਭਾੜੇ 'ਤੇ ਜਹਾਜ਼ ਲੈਣ ਦੇ ਫੈਸਲੇ ਪਿੱਛੋਂ ਸਿਆਸੀ ਮਾਹੌਲ ਭਖਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹੁਣ ਜਹਾਜ਼ ਭਾੜੇ 'ਤੇ ਲੈਣ ਤੋਂ ਸਿਆਸੀ ਮਾਹੌਲ ਭਖ ਗਿਆ ਹੈ। ਸ਼ਹਿਰੀ ਹਵਾਬਾਜ਼ੀ ਮਹਿਕਮੇ ਨੇ ਇਕ ਸਾਲ ਲਈ ਅੱਠ ਤੋਂ ਦਸ ਸੀਟਾਂ ਵਾਲਾ ਏਅਰਕ੍ਰਾਫਟ ਕਿਰਾਏ ਉਤੇ ਲੈਣ ਵਾਸਤੇ ਟੈਂਡਰ ਮੰਗੇ ਹਨ। ਪੰਜਾਬ ਸਰਕਾਰ ਕੋਲ ਪਹਿਲਾਂ ਆਪਣਾ ਸਰਕਾਰੀ ਹੈਲੀਕਾਪਟਰ ਵੀ ਹੈ।

ਵਿਰੋਧੀ ਧਿਰਾਂ ਨੇ ਇਲਜ਼ਾਮ ਲਾਏ ਹਨ ਕਿ ਨਵੀਂ ਸਰਕਾਰ ਖ਼ਜ਼ਾਨੇ ਨੂੰ ਉਡਾਉਣ 'ਤੇ ਲੱਗੀ ਹੋਈ ਹੈ। ਦੇਖਿਆ ਜਾਵੇ ਤਾਂ ਇਹ ਲੀਹਾਂ ਪਿਛਲੀਆਂ ਸਰਕਾਰਾਂ ਨੇ ਹੀ ਪਾਈਆਂ ਹਨ। ਵੇਰਵਿਆਂ ਅਨੁਸਾਰ ਨਵੰਬਰ 1997 ਤੋਂ ਜੁਲਾਈ 2021 ਤੱਕ ਦੇ ਸਮੇਂ (ਕਰੀਬ 24 ਸਾਲ) ਦੌਰਾਨ ਹੈਲੀਕਾਪਟਰ 'ਤੇ ਸਰਕਾਰੀ ਖ਼ਜ਼ਾਨੇ ਵਿਚੋਂ 166.23 ਕਰੋੜ ਰੁਪਏ ਖਰਚੇ ਗਏ ਹਨ। ਗੱਠਜੋੜ ਸਰਕਾਰ ਦੀ ਹਕੂਮਤ ਦੌਰਾਨ ਇਹ ਖਰਚਾ 119.35 ਕਰੋੜ ਤੇ ਕਾਂਗਰਸ ਹਕੂਮਤਾਂ ਦੌਰਾਨ 46.88 ਕਰੋੜ ਰੁਪਏ ਆਇਆ ਸੀ। ਨਵੀਂ ਸਰਕਾਰ ਦਾ ਸੱਤ ਮਹੀਨੇ 'ਚ ਹੈਲੀਕਾਪਟਰ ਖਰਚਾ ਕਿੰਨਾ ਰਿਹਾ ਹੈ, ਉਸ ਬਾਰੇ ਆਰਟੀਆਈ ਤਹਿਤ ਸੂਚਨਾ ਦੇਣ ਤੋਂ ਕਿਨਾਰਾ ਕਰ ਲਿਆ ਗਿਆ ਹੈ।

ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸੀਨੀਅਰ ਅਧਿਕਾਰੀ ਆਖਦੇ ਹਨ ਕਿ ਪੰਜਾਬ ਸਰਕਾਰ ਨੂੰ ਭਾੜੇ 'ਤੇ ਜਹਾਜ਼ ਲੈਣ ਦੀ ਜ਼ਰੂਰਤ ਸੀ, ਜਿਸ ਕਰਕੇ ਟੈਂਡਰ ਮੰਗੇ ਗਏ ਹਨ। ਭਾਜਪਾ



ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਜਦੋਂ ਸਰਕਾਰ ਕੋਲ ਆਪਣਾ ਹੈਲੀਕਾਪਟਰ ਹੈ ਤਾਂ ਕਿਰਾਏ 'ਤੇ ਹੋਰ ਜਹਾਜ਼ ਲੈਣ ਦੀ ਕੀ ਲੋੜ ਹੈ। ਇਸੇ ਤਰ੍ਹਾਂ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਢਿੱਲੋਂ ਨੇ ਕਿਹਾ ਕਿ ਖ਼ਜ਼ਾਨੇ ਦਾ ਪੈਸਾ ਸਿਆਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਦਾ ਕਹਿਣਾ ਹੈ ਕਿ ਸ੍ਰੀ ਕੇਜਰੀਵਾਲ ਦੇ ਹੁਕਮਾਂ 'ਤੇ ਸਰਕਾਰ ਭਾੜੇ 'ਤੇ ਜਹਾਜ਼ ਲੈ ਰਹੀ ਹੈ।

ਪਿਛਲੀਆਂ ਸਰਕਾਰਾਂ ਸਮੇਂ ਵੀ ਹੈਲੀਕਾਪਟਰ ਭਾੜੇ 'ਤੇ ਲਿਆ ਜਾਂਦਾ ਰਿਹਾ ਹੈ ਜਿਸ ਉਤੇ ਆਡਿਟ ਇਤਰਾਜ਼ ਵੀ ਲੱਗੇ ਸਨ। ਕੈਪਟਨ ਸਰਕਾਰ ਸਮੇਂ ਸਰਕਾਰੀ ਹੈਲੀਕਾਪਟਰ ਦੇ ਅਪਰੇਸ਼ਨ/ਮੈਂਟੀਨੈਂਸ ਦਾ ਖਰਚਾ ਤੇ ਪ੍ਰਾਈਵੇਟ ਹੈਲੀਕਾਪਟਰਾਂ ਦੇ ਭਾੜੇ ਦਾ ਖਰਚਾ 14.58 ਕਰੋੜ ਰੁਪਏ ਰਿਹਾ ਹੈ। ਕੈਪਟਨ ਸਰਕਾਰ ਨੇ ਸਵਾ ਚਾਰ ਵਰ੍ਹਿਆਂ ਦੌਰਾਨ ਪ੍ਰਾਈਵੇਟ ਹੈਲੀਕਾਪਟਰ ਦੇ ਭਾੜੇ 'ਤੇ 3.66 ਕਰੋੜ ਰੁਪਏ ਖ਼ਰਚ ਕੀਤੇ ਹਨ ਤੇ ਸਰਕਾਰੀ ਹੈਲੀਕਾਪਟਰ ਦਾ ਖਰਚਾ 10.92 ਕਰੋੜ ਰੁਪਏ ਰਿਹਾ ਹੈ।

ਪਿਛਾਂਹ ਦੇਖੀਏ ਤਾਂ ਨਵੰਬਰ 1995 ਤੋਂ ਪੰਜਾਬ ਸਰਕਾਰ ਭਾੜੇ ਦਾ ਹੈਲੀਕਾਪਟਰ ਵਰਤਦੀ ਆ ਰਹੀ ਹੈ। ਨਵੰਬਰ 1995 ਤੋਂ 31 ਮਾਰਚ 1997 ਤੱਕ ਹੈਲੀਕਾਪਟਰ ਖਰਚਾ 9.68 ਕਰੋੜ ਰੁਪਏ ਰਿਹਾ। ਗੱਠਜੋੜ ਸਰਕਾਰ ਦੇ ਦਸ ਵਰ੍ਹਿਆਂ (2007-2017) ਦੌਰਾਨ ਹੈਲੀਕਾਪਟਰ ਦਾ ਖਰਚਾ 97.81 ਕਰੋੜ ਰੁਪਏ ਹੈ। ਉਦੋਂ ਰੋਜ਼ਾਨਾ ਔਸਤਨ 2 ਘੰਟੇ ਉਡਾਨ ਭਰਦਾ ਸੀ। ਵਰ੍ਹਾ 2007-2012 ਦੌਰਾਨ ਹੈਲੀਕਾਪਟਰ ਵਿਚ ਬਾਦਲ ਪਰਿਵਾਰ ਨੇ 426 ਗੇੜੇ ਬਾਦਲ ਪਿੰਡ ਦੇ ਲਾਏ ਸਨ। ਕੈਪਟਨ ਅਮਰਿੰਦਰ ਵੇਲੇ 2002-07 ਦੌਰਾਨ ਹੈਲੀਕਾਪਟਰ ਖਰਚਾ 22.62 ਕਰੋੜ ਰਿਹਾ। ਪੰਜਾਬ ਸਰਕਾਰ ਨੇ ਦਸੰਬਰ 2012 ਵਿਚ 'ਬੈੱਲ-429' ਹੈਲੀਕਾਪਟਰ 38 ਕਰੋੜ ਦੀ ਲਾਗਤ ਨਾਲ ਖ਼ਰੀਦ ਕੀਤਾ ਸੀ। ਇਕ ਸਰਕਾਰੀ ਹੈਲੀਕਾਪਟਰ ਅਪਰੈਲ 1994 ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ।

### ਚੋਣ ਪ੍ਰਚਾਰ ਲਈ ਵਰਤਿਆ ਜਾਵੇਗਾ ਜਹਾਜ਼: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ 'ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਲਈ ਹਵਾਈ ਜਹਾਜ਼ ਕਿਰਾਏ ਉਤੇ ਲੈਣ ਤੇ ਉਨ੍ਹਾਂ ਦੇ ਹਵਾਈ ਸਫਰ 'ਤੇ ਕਰੋੜਾਂ ਰੁਪਏ ਖਰਚਣ ਦਾ ਦੋਸ਼ ਲਾਇਆ ਹੈ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ। ਡਾ. ਚੀਮਾ ਨੇ ਕਿਹਾ ਕਿ ਭੁਗੋਲਿਕ ਖੇਤਰ ਦੇ ਹਿਸਾਬ ਨਾਲ ਪੰਜਾਬ ਵਿਚ ਫਿਕਸ ਵਿੰਗ ਵਾਲੇ ਹਵਾਈ ਜਹਾਜ਼ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਜਹਾਜ਼ ਦੀ ਵਰਤੋਂ ਹੋਰਨਾਂ ਰਾਜਾਂ ਵਿਚ ਅਰਵਿੰਦ ਕੇਜਰੀਵਾਲ ਦੇ ਚੋਣ ਪ੍ਰਚਾਰ ਵਾਸਤੇ ਕੀਤੀ ਜਾਵੇਗੀ।

### ਖਜ਼ਾਨੇ ਨੂੰ ਨਿੱਜੀ ਐਸ਼ ਲਈ ਵਰਤਣ ਦਾ ਹੱਕ ਨਹੀਂ: ਬਾਜਵਾ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਦੀ ਸਰਕਾਰ ਵੱਲੋਂ ਜਹਾਜ਼ ਕਿਰਾਏ ਉਤੇ ਲੈਣ ਦੇ ਫੈਸਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਬਾਜਵਾ ਨੇ ਮੁੱਖ ਮੰਤਰੀ ਨੂੰ ਵਰਜਦਿਆਂ ਕਿਹਾ ਕਿ ਸੂਬੇ ਦੇ ਖਜਾਨੇ ਨੂੰ ਆਪਣੀ ਨਿੱਜੀ ਐਸ਼ਪ੍ਰਸਤੀ ਲਈ ਵਰਤਣ ਦਾ ਕਿਸੇ ਸਰਕਾਰ ਕੋਲ ਅਧਿਕਾਰ ਨਹੀਂ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੇ ਇਕ ਸਾਲ ਦੀ ਮਿਆਦ ਲਈ ਡੈਸਾਲਟ ਫਾਲਕਨ 2000, ਇਕ ਫਿਕਸਡ ਵਿੰਗ ਜਹਾਜ਼ ਕਿਰਾਏ ਉਤੇ ਲੈਣ ਦੀ ਯੋਜਨਾ ਬਣਾਈ ਹੈ।

# ਸਰਕਾਰੀ ਨੌਕਰੀਆਂ ਲਈ ਪੰਜਾਬੀ ਭਾਸ਼ਾ ਦਾ ਗਿਆਨ ਹੁਣ ਜ਼ਰੂਰੀ



**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਪੰਜਾਬ ਸਿਵਲ ਸਰਵਿਸਿਜ਼ (ਸੇਵਾਵਾਂ ਦੀਆਂ ਆਮ ਤੇ ਸਾਂਝੀਆਂ ਸ਼ਰਤਾਂ) ਨਿਯਮ-1994 ਦੇ ਨਿਯਮ-17 ਅਤੇ ਪੰਜਾਬ ਰਾਜ (ਗਰੁੱਪ-ਡੀ) ਸੇਵਾ ਨਿਯਮ-1963 ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦਾ ਮਨੋਰਥ ਸਰਕਾਰੀ ਨੌਕਰੀਆਂ 'ਚ ਅਜਿਹੇ ਉਮੀਦਵਾਰਾਂ ਦੀ ਹੀ ਨਿਯੁਕਤੀ ਹੋਵੇਗੀ ਜੋ ਪੰਜਾਬੀ ਭਾਸ਼ਾ ਦੀ ਡੂੰਘੀ ਜਾਣਕਾਰੀ ਰੱਖਦੇ ਹਨ।

ਪੰਜਾਬ ਸਿਵਲ ਸਰਵਿਸਿਜ਼ (ਸੇਵਾਵਾਂ ਦੀਆਂ ਆਮ ਤੇ ਸਾਂਝੀਆਂ ਸ਼ਰਤਾਂ) ਨਿਯਮ-1994 ਦੇ ਨਿਯਮ 17 ਮੁਤਾਬਕ ਕੀਤੀ ਗਈ ਵਿਵਸਥਾ ਅਨੁਸਾਰ ਉਦੋਂ ਤੱਕ ਗਰੁੱਪ-ਸੀ ਵਿਚ ਕਿਸੇ ਵੀ ਅਸਾਮੀ ਲਈ ਵਿਅਕਤੀ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਹ ਮੈਟ੍ਰਿਕ ਪੱਧਰ ਦੇ ਬਰਾਬਰ ਪੰਜਾਬੀ ਭਾਸ਼ਾ ਦੀ ਯੋਗਤਾ ਪ੍ਰੀਖਿਆ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਪਾਸ ਨਹੀਂ ਕਰਦਾ। ਇਸੇ ਤਰ੍ਹਾਂ ਪੰਜਾਬ ਰਾਜ (ਗਰੁੱਪ-ਡੀ) ਸੇਵਾ ਨਿਯਮ-1963 ਦੇ ਨਿਯਮ 5 ਦੀ ਧਾਰਾ ਡੀ ਵਿਚ ਸੋਧ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਮੁਤਾਬਕ ਕੋਈ ਵੀ ਵਿਅਕਤੀ ਕਿਸੇ ਵੀ ਅਸਾਮੀ ਲਈ ਉਦੋਂ ਤੱਕ ਨਿਯੁਕਤ ਨਹੀਂ ਹੋਵੇਗਾ, ਜਦੋਂ ਤੱਕ ਉਹ ਮਿਡਲ ਦੇ ਪੱਧਰ ਦੇ ਬਰਾਬਰ ਪੰਜਾਬੀ ਭਾਸ਼ਾ ਦੀ ਯੋਗਤਾ ਪ੍ਰੀਖਿਆ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਪਾਸ ਨਹੀਂ ਕਰਦਾ। ਪੰਜਾਬੀ ਭਾਸ਼ਾ ਦੀ ਪ੍ਰੀਖਿਆ ਲਾਜ਼ਮੀ ਯੋਗਤਾ ਪ੍ਰੀਖਿਆ ਹੋਵੇਗੀ।

ਕੈਬਨਿਟ ਨੇ ਪਾਵਰਕੌਮ (ਪੀ.ਐਸ.ਪੀ.ਸੀ.ਐਲ.) ਦੇ ਮ੍ਰਿਤਕ ਮੁਲਾਜ਼ਮਾਂ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਦੇਣ, ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕੀਟਸ ਐਕਟ-1961 ਵਿਚ ਸੋਧ ਨੂੰ ਪ੍ਰਵਾਨ ਕਰਕੇ ਮੰਡੀ ਬੋਰਡ ਵਿਚੋਂ ਸੀਨੀਅਰ ਵਾਈਸ ਚੇਅਰਮੈਨ ਤੇ ਵਾਈਸ ਚੇਅਰਮੈਨਾਂ ਦੇ ਅਹੁਦੇ ਖਤਮ ਕਰਨ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਦੀਆਂ ਅਸਾਮੀਆਂ ਦੀ ਥਾਂ 'ਤੇ ਮੁੱਖ ਮੰਤਰੀ ਫੀਲਡ ਅਫ਼ਸਰਾਂ ਦੀਆਂ 23 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਇਨ੍ਹਾਂ ਮੁੱਖ ਮੰਤਰੀ ਫੀਲਡ ਅਫ਼ਸਰਾਂ ਦੇ ਕੰਮ ਦੀ ਨਿਗਰਾਨੀ ਰੱਖਣਗੇ ਤੇ ਸ਼ਿਕਾਇਤਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਨਿਬੇੜੇ ਲਈ ਲੋੜੀਂਦੀ ਸਹਾਇਤਾ ਵੀ ਮੁਹੱਈਆ ਕਰਨਗੇ।

ਪੰਜਾਬ ਵਿਚ ਵੱਖ-ਵੱਖ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਪ੍ਰਕਾਸ਼ ਕਰਕੇ ਲਿਜਾਣ ਲਈ ਵਿਸ਼ੇਸ਼ ਤੌਰ ਉਤੇ ਤਿਆਰ ਕੀਤੇ ਗਏ ਵਾਹਨਾਂ ਨੂੰ ਮੋਟਰ ਵਹੀਕਲ ਟੈਕਸ ਤੋਂ ਛੋਟ ਦਿੱਤੀ ਗਈ ਹੈ। ਬੁਲਾਰੇ ਨੇ ਦੱਸਿਆ ਕਿ ਸੂਬੇ ਵਿਚ ਅਜਿਹੇ ਲਗਭਗ 25000 ਵਾਹਨ ਹਨ ਜੋ ਧਾਰਮਿਕ ਗ੍ਰੰਥਾਂ ਦਾ ਪ੍ਰਕਾਸ਼ ਕਰਨ ਲਈ ਵਰਤੇ ਜਾਂਦੇ ਹਨ। ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ-1924 ਦੀ ਧਾਰਾ 13 (3) ਤਹਿਤ ਅਜਿਹੇ ਵਾਹਨ ਉਤੇ ਸਾਲਾਨਾ 10,000 ਰੁਪਏ ਮੋਟਰ ਵਹੀਕਲ ਟੈਕਸ ਲਾਗੂ ਹੁੰਦਾ ਹੈ। ਟੈਕਸ ਤੋਂ ਛੋਟ ਦੇਣ ਦੇ ਫੈਸਲੇ ਨਾਲ ਇਨ੍ਹਾਂ ਵਾਹਨਾਂ ਨੂੰ ਸਾਲਾਨਾ 20 ਕਰੋੜ ਤੋਂ 25 ਕਰੋੜ ਰੁਪਏ ਦੀ ਰਾਹਤ ਮਿਲੇਗੀ। ਸੂਬੇ ਵਿਚ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਕੈਬਨਿਟ ਨੇ ਪੰਜਾਬ ਮਾਈਨਰ ਮਿਨਰਲਜ਼ ਰੂਲਜ਼ 2013 ਦੇ ਨਿਯਮ 7.5 ਵਿਚ ਸੋਧ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਤਹਿਤ ਜੁਰਮਾਨਾ ਪੰਜ ਹਜ਼ਾਰ ਤੇ 25 ਹਜ਼ਾਰ ਦੀ ਹੱਦ ਤੋਂ ਵਧਾ ਕੇ 50 ਹਜ਼ਾਰ ਤੇ 2.5 ਲੱਖ ਤੱਕ ਕਰ ਦਿੱਤਾ ਗਿਆ ਹੈ। ਕੈਬਨਿਟ ਨੇ ਇਹ ਦਰਾਂ ਦਸ ਗੁਣਾਂ ਵਧਾਉਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਹੁਣ ਢੋਆ-ਢੁਆਈ ਤੇ ਹੋਰ ਛੋਟੇ ਵਾਹਨਾਂ, ਟਰੱਕ ਤੇ ਮਲਟੀ ਐਕਸਲ ਟਰੱਕ ਜਾਂ ਹੋਰ ਵਾਹਨਾਂ ਦੇ ਹਿਸਾਬ ਨਾਲ ਇਹ ਦਰਾਂ 50 ਹਜ਼ਾਰ ਤੋਂ ਲੈ ਕੇ 2.50 ਲੱਖ ਰੁਪਏ ਤੱਕ ਹੋਣਗੀਆਂ। ਤਰਸ ਦੇ ਆਧਾਰ ਉਤੇ ਨੌਕਰੀ ਸੰਭਾਵੀ ਤੌਰ 'ਤੇ ਸਿਰਫ ਉਨ੍ਹਾਂ ਮਾਮਲਿਆਂ 'ਤੇ ਲਾਗੂ ਹੋਵੇਗੀ ਜਿੱਥੇ ਮ੍ਰਿਤਕ ਕਰਮਚਾਰੀ ਦੀ ਮੌਤ 4 ਅਪਰੈਲ, 2010 ਤੋਂ ਪਹਿਲਾਂ ਸੀ ਤੇ ਜਿਨ੍ਹਾਂ ਨੂੰ ਪਹਿਲਾਂ ਮੁਆਵਜ਼ਾ ਨੀਤੀ ਅਧੀਨ ਵਿਚਾਰਿਆ ਗਿਆ ਸੀ। ਇਨ੍ਹਾਂ ਵਿਚ ਉਹ ਕੇਸ ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਮੁਲਾਜ਼ਮ ਦੀ ਮੌਤ ਦੀ ਮਿਤੀ ਸਾਲ 2002 (ਉਹ ਸਾਲ ਜਿਸ ਵਿਚ ਤਰਸ ਦੇ ਆਧਾਰ 'ਤੇ ਨਿਯੁਕਤੀ ਸਬੰਧੀ ਨੀਤੀ ਨੂੰ ਬੰਦ ਕਰ ਦਿੱਤਾ ਗਿਆ ਸੀ) ਤੋਂ ਪਹਿਲਾਂ ਦੀ ਹੈ।

## ਕੱਚੇ ਅਧਿਆਪਕ ਪੱਕੇ ਕਰਨ ਸਬੰਧੀ ਪੋਰਟਲ ਖੋਲ੍ਹਿਆ

**ਚੰਡੀਗੜ੍ਹ:** ਸਿੱਖਿਆ ਵਿਭਾਗ ਵਿਚ ਕੰਮ ਕਰਦੇ ਕੱਚੇ ਅਧਿਆਪਕਾਂ ਅਤੇ ਨਾਨ ਟੀਚਿੰਗ ਸਟਾਫ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਅਰਜ਼ੀਆਂ ਲੈਣ ਲਈ ਪੋਰਟਲ ਖੋਲ੍ਹਿਆ ਗਿਆ ਹੈ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਵਿਭਾਗ ਵਿਚ ਕੱਚੇ ਟੀਚਿੰਗ ਅਤੇ ਨਾਨ ਟੀਚਿੰਗ ਕਰਮਚਾਰੀਆਂ ਨੂੰ ਪੱਕਾ ਕਰਨ ਲਈ 7 ਅਕਤੂਬਰ ਨੂੰ ਜਾਰੀ ਨੀਤੀ ਅਨੁਸਾਰ ਆਨਲਾਈਨ ਪੋਰਟਲ ਖੋਲ੍ਹ ਦਿੱਤਾ ਗਿਆ ਹੈ ਜੋ ਕਿ 6 ਜਨਵਰੀ 2023 ਤੱਕ ਖੁੱਲ੍ਹਾ ਰਹੇਗਾ।

# ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਪਿੱਛੋਂ ਮੁਲਾਜ਼ਮਾਂ ਦੇ ਚਿਹਰੇ ਖਿੜੇ



**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਪਹਿਲੀ ਅਕਤੂਬਰ ਤੋਂ ਛੇ ਫੀਸਦੀ ਮਹਿੰਗਾਈ ਭੱਤਾ (ਡੀਏ) ਦੇਣ ਦਾ ਫੈਸਲਾ ਵੀ ਕੀਤਾ ਹੈ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਜਾਂ ਨਵੀਂ ਪੈਨਸ਼ਨ ਸਕੀਮ ਦੋਵਾਂ ਵਿਚੋਂ ਚੋਣ ਕਰਨ ਦਾ ਅਧਿਕਾਰ ਹੋਵੇਗਾ। ਜ਼ਿਕਰਯੋਗ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਸਾਲ 2004 ਵਿਚ ਬੰਦ ਕਰ ਦਿੱਤੀ ਗਈ ਸੀ ਤੇ ਉਦੋਂ ਤੋਂ ਹੀ ਮੁਲਾਜ਼ਮਾਂ ਨੂੰ ਨਵੀਂ ਪੈਨਸ਼ਨ ਸਕੀਮ ਦਿੱਤੀ ਜਾ ਰਹੀ ਹੈ ਪਰ ਮੁਲਾਜ਼ਮ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਕਰਦੇ ਆ ਰਹੇ ਸਨ।

ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਐਲਾਨ ਕਰਨ ਨਾਲ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰ ਵਰਗ ਵਿਚ ਖੁਸ਼ੀ ਦਾ ਮਾਹੌਲ ਹੈ। ਕੈਬਨਿਟ ਮੀਟਿੰਗ ਵਿਚ ਉਕਤ ਫੈਸਲਾ ਲੈਣ ਉਪਰੰਤ ਮੀਡੀਆ ਰਾਹੀਂ ਕੀਤੇ ਐਲਾਨ ਨਾਲ ਮੁਲਾਜ਼ਮ ਵਰਗ ਵੱਲੋਂ ਜਿਥੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਲੋਕ ਸੰਪਰਕ ਵਿਭਾਗ ਦੇ ਮੰਤਰੀ ਅਮਨ ਅਰੋੜਾ ਦੀ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ, ਉਥੇ ਹੀ ਇਕ ਦੂਸਰੇ ਨੂੰ ਵਧਾਈਆਂ ਵੀ ਦਿੱਤੀਆਂ ਗਈਆਂ। 'ਆਪ' ਦੇ ਮੁਲਾਜ਼ਮ ਵਿੰਗ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੁਣਾਏ ਗਏ ਉਕਤ ਇਤਿਹਾਸਕ ਫੈਸਲੇ ਨੇ ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਪਾਰਟੀਆਂ ਦੀਆਂ ਸਰਕਾਰਾਂ ਨੂੰ ਪਛਾੜ ਦਿੱਤਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਦੋ ਮਹਿੰਗਾਈ ਭੱਤੇ ਇਕੱਠੇ ਦਿੱਤੇ ਹੋਣ, ਇਸ ਦੇ ਨਾਲ ਹੀ ਬਕਾਏ ਦੇਣ ਦੀ ਵੀ ਹਾਮੀ ਭਰੀ ਹੈ।

ਉਨ੍ਹਾਂ ਕਿਹਾ ਕਿ ਹੁਣ ਨਵੇਂ ਕਰਮਚਾਰੀਆਂ ਨੂੰ ਐਨ.ਪੀ.ਐਸ. ਦੇ ਫਾਰਮ ਨਹੀਂ ਭਰਨੇ ਪੈਣਗੇ। ਸਾਂਝਾ ਮੁਲਾਜ਼ਮ ਫਰੰਟ ਪੰਜਾਬ ਤੇ ਯੂਟੀ ਚੰਡੀਗੜ੍ਹ ਦੇ ਸੂਬਾ ਕਨਵੀਨਰ ਸੁਖਚੈਨ ਸਿੰਘ ਖਹਿਰਾ, ਐਸ.ਸੀ/ਬੀ.ਸੀ. ਅਧਿਆਪਕ ਯੂਨੀਅਨ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ, ਪੰਜਾਬ ਸਿਵਲ ਸਕੱਤਰੇਤ ਐਸੋਸੀਏਸ਼ਨ ਦੇ ਪ੍ਰਧਾਨ ਜਸਪ੍ਰੀਤ ਸਿੰਘ ਰੰਧਾਵਾ, ਪਰਸਨਲ ਸਟਾਫ਼ ਐਸੋਸੀਏਸ਼ਨ ਦੇ ਆਗੂ ਮਲਕੀਤ ਸਿੰਘ ਔਜਲਾ, ਕਾਉਂਸਲ ਆਫ਼ ਡਿਪਲੋਮਾ ਇੰਜੀਨੀਅਰਜ਼ ਦੇ ਚੇਅਰਮੈਨ ਮਨਜਿੰਦਰ ਸਿੰਘ ਮੱਤੇਨੰਗਲ, ਦਿਲਪ੍ਰੀਤ ਸਿੰਘ ਲੋਹਟ ਆਦਿ ਨੇ ਵੀ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਭ੍ਰਿਸ਼ਟਾਚਾਰ ਮਾਮਲਿਆਂ ਦੇ ਸਮਾਂਬੱਧ ਨਿਪਟਾਰੇ ਦੀ ਹਦਾਇਤ



**ਚੰਡੀਗੜ੍ਹ:** ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ ਸਾਰੇ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ਦਾ ਸਮਾਂਬੱਧ ਤਰੀਕੇ ਨਾਲ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਸਮੂਹ ਵਿਭਾਗਾਂ ਤੇ ਵਿਜੀਲੈਂਸ ਵਿਭਾਗ ਦੇ ਸੀਨੀਅਰ ਅਫਸਰਾਂ ਦੀ ਮੀਟਿੰਗ ਦੌਰਾਨ ਕਿਹਾ ਕਿ ਕਿਸੇ ਵੀ ਰਿਸ਼ਵਤਖ਼ੋਰ ਖਿਲਾਫ ਬਿਲਕੁਲ ਵੀ ਨਰਮੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਵਿਭਾਗਾਂ ਵਿਚ ਵਿਜੀਲੈਂਸ ਵੱਲੋਂ ਜਾਂ ਸਬੰਧਤ ਵਿਭਾਗ ਵੱਲੋਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ-ਪੜਤਾਲ ਚੱਲ ਰਹੀ ਹੈ, ਉਸ ਨੂੰ ਮੁਕੰਮਲ ਕੀਤਾ ਜਾਵੇ ਤੇ ਇਸ ਵਿਚ ਦੇਰੀ ਜਾਂ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵੱਖ-ਵੱਖ ਵਿਭਾਗਾਂ ਵਿਚ ਪੈਂਡਿੰਗ ਕੇਸਾਂ ਦੀ ਪ੍ਰਗਤੀ ਰਿਪੋਰਟ ਲਈ। ਉਨ੍ਹਾਂ ਉਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਮ ਲੋਕਾਂ ਨੂੰ ਮੁਸ਼ਕਿਲ ਨਾ ਆਉਣ ਦਿਤੀ ਜਾਵੇ।

# ਨਕਾਬਪੋਸ਼ ਲੁਟੇਰਿਆਂ ਵੱਲੋਂ ਪਤੀ-ਪਤਨੀ ਦੀ ਹੱਤਿਆ




**ਤਰਨ ਤਾਰਨ:** ਹਰੀਕੇ ਪੱਤਣ ਦੀ ਭਗਤ ਰਵਿਦਾਸ ਕਲੋਨੀ ਵਿਚ ਲੁਟੇਰਿਆਂ ਨੇ ਪਤੀ-ਪਤਨੀ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਸਾਬਕਾ ਫੌਜੀ ਸੁਖਦੇਵ ਸਿੰਘ (50) ਅਤੇ ਉਸ ਦੀ ਪਤਨੀ ਰਾਜਬੀਰ ਕੌਰ (42) ਵਜੋਂ ਹੋਈ ਹੈ।

ਤਿੰਨੇ ਨਕਾਬਪੋਸ਼ ਲੁਟੇਰਿਆਂ ਨੇ ਘਰ ਅੰਦਰ ਜਬਰੀ ਦਾਖਲ ਹੋ ਕੇ ਵਾਰਦਾਤ ਕਰਨ ਤੋਂ ਪਹਿਲਾਂ ਹਥਿਆਰ ਦਿਖਾ ਕੇ ਉਨ੍ਹਾਂ ਦੀ ਧੀ ਸਿਮਰਨਜੀਤ ਕੌਰ ਤੇ ਨੂੰਹ ਬਲਜਿੰਦਰ ਕੌਰ ਨੂੰ ਸਟੋਰ 'ਚ ਬੰਦੀ ਬਣਾ ਦਿੱਤਾ ਤੇ ਉਨ੍ਹਾਂ ਨੂੰ ਕੀਮਤੀ ਸਾਮਾਨ ਦੇਣ ਲਈ ਕਿਹਾ। ਲੁਟੇਰਿਆਂ ਨੇ ਸੁਖਦੇਵ ਸਿੰਘ ਨੂੰ ਕੁਰਸੀ ਨਾਲ ਬੰਨ੍ਹ ਦਿੱਤਾ ਤੇ ਮਗਰੋਂ ਤੇਜ਼ਧਾਰ ਹਥਿਆਰਾਂ ਨਾਲ ਸੁਖਵਿੰਦਰ ਸਿੰਘ ਤੇ ਰਾਜਬੀਰ ਕੌਰ ਦਾ ਕਤਲ ਕਰ ਦਿੱਤਾ। ਜਿਵੇਂ ਹੀ ਉਨ੍ਹਾਂ ਦੀ ਲੜਕੀ ਤੇ ਨੂੰਹ ਸਟੋਰ ਦਾ ਦਰਵਾਜਾ ਤੋੜ ਕੇ ਬਾਹਰ ਆਈਆਂ ਤਾਂ ਉਨ੍ਹਾਂ ਦੇ ਮਾਤਾ-ਪਿਤਾ ਦੀਆਂ ਖ਼ੂਨ ਨਾਲ ਲਥਪਥ ਲਾਸ਼ਾਂ ਪਈਆਂ ਸਨ। ਸਿਮਰਨਜੀਤ ਕੌਰ ਨੇ ਆਪਣੇ ਤਾਇਆ ਸਲਵਿੰਦਰ ਸਿੰਘ ਨੂੰ ਫੋਨ ਕਰ ਕੇ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਨੇ ਪੁਲਿਸ ਨੂੰ ਸਾਰੀ ਵਾਰਦਾਤ ਬਾਰੇ ਜਾਣੂ ਕਰਵਾਇਆ।

ਲੁਟੇਰੇ ਸੁਖਦੇਵ ਸਿੰਘ ਦੀ ਲਾਇਸੈਂਸੀ ਰਾਈਫਲ, 30,000 ਰੁਪਏ ਤੇ ਸੋਨੇ ਦੀਆਂ ਤਿੰਨ ਮੁੰਦਰੀਆਂ ਲੈ ਗਏ। ਥਾਣਾ ਮੁਖੀ ਹਰਜੀਤ ਸਿੰਘ ਨੇ ਘਟਨਾ ਨੂੰ ਮੁੱਢਲੇ ਤੌਰ 'ਤੇ ਲੁੱਟ-ਖੋਹ ਦੀ ਵਾਰਦਾਤ ਆਖਿਆ ਹੈ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਗੋਬਿੰਦ ਘਾਟ-ਹੇਮਕੁੰਟ ਰੋਪਵੇਅ ਦਾ ਨੀਂਹ ਪੱਥਰ



**ਅੰਮ੍ਰਿਤਸਰ:** ਉਤਰਾਖੰਡ 'ਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਰੋਪਵੇਅ ਬਣਨ ਨਾਲ ਹੁਣ ਹਰੇਕ ਸ਼ਰਧਾਲੂ ਉਥੋਂ ਦੇ ਦਰਸ਼ਨ ਕਰ ਸਕੇਗਾ। ਕਰੀਬ 1163 ਕਰੋੜ ਰੁਪਏ ਨਾਲ ਤਿਆਰ ਹੋਣ ਵਾਲੇ ਇਸ ਰੋਪਵੇਅ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੀਂਹ ਪੱਥਰ ਰੱਖਿਆ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੀਤ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਤੇ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਸਮਾਗਮ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਗਲੇ ਵਰ੍ਹੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਆਉਣ ਦਾ ਸੱਦਾ ਦਿੱਤਾ ਹੈ ਜਿਸ ਨੂੰ ਉਨ੍ਹਾਂ ਪ੍ਰਵਾਨ ਕਰ ਲਿਆ ਹੈ। ਨੀਂਹ ਪੱਥਰ ਰੱਖਣ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਹੇਮਕੁੰਟ ਸਾਹਿਬ ਗੁਰਦੁਆਰੇ ਤੱਕ ਪਹੁੰਚ ਲਈ ਰੋਪਵੇਅ ਦਾ ਲਾਭ ਨਾ ਸਿਰਫ ਦੇਸ਼ ਸਗੋਂ ਇੰਗਲੈਂਡ, ਜਰਮਨੀ ਤੇ ਕੈਨੇਡਾ ਦੇ ਸਿੱਖਾਂ ਨੂੰ ਵੀ ਹੋਵੇਗਾ।

ਉਨ੍ਹਾਂ ਸਥਾਨਕ ਲੋਕਾਂ ਨੂੰ ਰੋਪਵੇਅ ਪ੍ਰਾਜੈਕਟਾਂ ਦੀ ਉਸਾਰੀ 'ਚ ਲੱਗੇ ਮਜ਼ਦੂਰਾਂ ਦੀ ਹਮਾਇਤ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਉਹ ਪਰਮਾਤਮਾ ਦੀ ਸੇਵਾ 'ਚ ਲੱਗੇ ਹੋਏ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਰੋਪਵੇਅ ਦਾ ਰਾਹ ਪੱਧਰਾ ਹੋਣ 'ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਸ਼ਲਾਘਾ ਕੀਤੀ ਹੈ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਵਿਚ ਉਨ੍ਹਾਂ ਦੇ ਤਪ ਅਸਥਾਨ ਵਜੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੱਕ ਪਹੁੰਚਣ ਲਈ ਰਾਹ ਸੁਖਾਲਾ ਕਰਨ ਵਾਸਤੇ ਪਿਛਲੇ ਇੱਕ ਦਹਾਕੇ ਤੋਂ ਯਤਨ ਕੀਤੇ ਜਾ ਰਹੇ ਸਨ। ਸਾਲ 2016 ਵਿਚ ਗੁਰਦੁਆਰਾ ਗੋਬਿੰਦ ਘਾਟ ਤੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਈ ਲਗਭਗ ਛੇ ਕਿਲੋਮੀਟਰ ਦੇ ਰਸਤੇ ਵਾਸਤੇ ਰੋਪਵੇਅ ਦੀ ਯੋਜਨਾ ਤਿਆਰ ਹੋਈ ਸੀ। ਇਸ ਸਬੰਧ ਵਿੱਚ ਹਰ ਵਿਭਾਗ ਕੋਲੋਂ ਐਨ.ਓ.ਸੀ. ਵੀ ਲੈ ਲਈ ਗਈ ਸੀ ਪਰ ਐਨ ਆਖਰੀ ਮੌਕੇ 'ਤੇ ਇਹ ਯੋਜਨਾ ਠੰਢੇ ਬਸਤੇ ਵਿਚ ਪੈ ਗਈ ਸੀ।

ਸ੍ਰੀ ਬਿੰਦਰਾ ਨੇ ਦੱਸਿਆ ਕਿ ਪ੍ਰਸਤਾਵਿਤ ਰੋਪਵੇਅ ਯੋਜਨਾ ਤਹਿਤ ਕਰੀਬ ਸਾਢੇ 12 ਕਿਲੋਮੀਟਰ ਦਾ ਰੋਪਵੇਅ ਤਿਆਰ ਹੋਵੇਗਾ ਤੇ ਇਹ ਰਸਤਾ ਸਿਰਫ 45 ਮਿੰਟਾਂ ਵਿਚ ਪੂਰਾ ਕੀਤਾ ਜਾ ਸਕੇਗਾ। ਇਸ ਵੇਲੇ ਲਗਭਗ 19 ਕਿਲੋਮੀਟਰ ਦੀ ਤਿੱਖੀ ਚੜ੍ਹਾਈ ਵਾਲਾ ਇਹ ਰਸਤਾ ਦੋ ਦਿਨਾਂ ਵਿਚ ਯਾਤਰੂਆਂ ਵੱਲੋਂ ਪੂਰਾ ਕੀਤਾ ਜਾਂਦਾ ਹੈ। ਇਹ ਯੋਜਨਾ 2024 ਤਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਮੀਤ ਚੇਅਰਮੈਨ ਨੇ ਦੱਸਿਆ ਕਿ ਇਸ ਯੋਜਨਾ ਸਬੰਧੀ ਟੈਂਡਰ ਪ੍ਰਕਿਰਿਆ ਜਨਵਰੀ ਤੱਕ ਮੁਕੰਮਲ ਹੋ ਜਾਵੇਗੀ ਜਿਸ ਨੂੰ ਨੈਸ਼ਨਲ ਹਾਈਵੇਅ ਅਥਾਰਿਟੀ ਵੱਲੋਂ ਮੁਕੰਮਲ ਕੀਤਾ ਜਾਵੇਗਾ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਸਿੱਖ ਭਾਈਚਾਰੇ ਨੂੰ ਇਹ ਦੀਵਾਲੀ ਦਾ ਤੋਹਫਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨਾਂ ਵਾਸਤੇ ਕੇਂਦਰ ਸਰਕਾਰ ਵੱਲੋਂ ਇਹ ਇਕ ਵੱਡੀ ਤੇ ਮਹਿੰਗੀ ਯੋਜਨਾ ਦੀ ਪ੍ਰਵਾਨਗੀ ਦਿੱਤੀ ਗਈ ਹੈ।

## ਜਥੇਦਾਰ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸ੍ਰੀ ਹੇਮਕੁੰਟ ਸਾਹਿਬ ਰੋਪਵੇਅ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਅੰਗਰੇਜ਼ੀ ਵਿਚ ਲਿਖੇ ਪੱਤਰ ਵਿਚ ਜਥੇਦਾਰ ਨੇ ਕਿਹਾ ਹੈ ਕਿ ਆਪ ਨੇ ਸਿੱਖ ਰਵਾਇਤਾਂ ਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਪ੍ਰਤੀ ਸਤਿਕਾਰ ਅਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਹੈ।

# ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਜਗਮੀਤ ਬਰਾੜ ਨੂੰ ਕਾਰਨ ਦੱਸੋ ਨੋਟਿਸ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ 'ਤੇ ਪਾਰਟੀ ਵਿਰੋਧੀ ਬਿਆਨਬਾਜ਼ੀ ਕਰਨ ਤੇ ਅਨੁਸ਼ਾਸਨਹੀਣਤਾ ਦੇ ਦੋਸ਼ ਲਾਉਂਦਿਆਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਇਹ ਨੋਟਿਸ ਜਾਰੀ ਕਰਦਿਆਂ ਸ੍ਰੀ ਬਰਾੜ ਤੋਂ ਪਾਰਟੀ ਵਿਰੋਧੀ ਬਿਆਨਬਾਜ਼ੀ ਕਰਨ ਸਬੰਧੀ ਇਕ ਹਫਤੇ ਵਿਚ ਜਵਾਬ ਮੰਗਿਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਜਵਾਬ ਨਾ ਦਿੱਤਾ ਗਿਆ ਤਾਂ ਸ੍ਰੀ ਬਰਾੜ ਖਿਲਾਫ ਅਨੁਸ਼ਾਸਨੀ ਕਾਰਵਾਈ ਵੀ ਹੋ ਸਕਦੀ ਹੈ। ਇਸ ਨੋਟਿਸ ਵਿਚ ਸਾਬਕਾ ਸੰਸਦ ਮੈਂਬਰ ਖਿਲਾਫ ਤਿੰਨ ਸ਼ਿਕਾਇਤਾਂ ਦਾ ਜ਼ਿਕਰ ਕੀਤਾ ਗਿਆ ਹੈ। ਪਹਿਲੀ ਸ਼ਿਕਾਇਤ ਵਿਚ ਮੌੜ ਹਲਕੇ ਦੇ ਪਾਰਟੀ ਵਰਕਰਾਂ ਵੱਲੋਂ ਸ੍ਰੀ ਬਰਾੜ ਉਤੇ ਬੇਲੋੜੀ ਬਿਆਨਬਾਜ਼ੀ ਕਰਕੇ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਦੀ ਗੱਲ ਕੀਤੀ ਹੈ। ਇਸ ਮੌਕੇ ਉਨ੍ਹਾਂ ਦੇ ਵੀਡੀਓ ਬਿਆਨਾਂ ਦਾ ਵੀ ਨੋਟਿਸ ਲਿਆ ਗਿਆ ਹੈ, ਜਿਸ ਵਿਚ ਸੋਸ਼ਲ ਮੀਡੀਆ 'ਤੇ ਧੜੇਬੰਦੀ ਨੂੰ ਉਤਸ਼ਾਹਿਤ ਕਰਨ ਅਤੇ ਪਾਰਟੀ ਵਿਚ ਵੰਡੀਆਂ ਪਾਉਣ ਦੀ ਸ਼ਿਕਾਇਤ ਮਿਲੀ ਹੈ।

ਇਸ ਤੋਂ ਇਲਾਵਾ ਪਾਰਟੀ ਨੇ ਜਗਮੀਤ ਬਰਾੜ ਵੱਲੋਂ 10 ਅਕਤੂਬਰ ਨੂੰ ਚੰਡੀਗੜ੍ਹ ਵਿਚ ਸੱਦੀ ਪ੍ਰੈੱਸ ਕਾਨਫਰੰਸ ਦਾ ਵੀ ਨੋਟਿਸ ਲਿਆ ਹੈ, ਜਿਸ ਵਿਚ ਉਨ੍ਹਾਂ ਨੇ ਖੁਦ ਨੂੰ 21 ਮੈਂਬਰੀ ਤਾਲਮੇਲ ਕਮੇਟੀ ਦਾ ਕਨਵੀਨਰ ਨਿਯੁਕਤ ਕੀਤਾ ਹੈ, ਜਦਕਿ ਪਾਰਟੀ ਵੱਲੋਂ ਇਸ ਸਬੰਧੀ ਕੋਈ ਹਾਮੀ ਨਹੀਂ ਭਰੀ ਗਈ ਸੀ। ਜ਼ਿਕਰਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਮਿਲੀ ਕਰਾਰੀ ਹਾਰ ਮਗਰੋਂ ਜਗਮੀਤ ਬਰਾੜ ਵੱਲੋਂ ਮੀਡੀਆ ਸਾਹਮਣੇ ਕੀਤੀ ਗਈ ਬਿਆਨਬਾਜ਼ੀ ਦਾ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਸਖਤ ਵਿਰੋਧ ਕੀਤਾ ਗਿਆ ਸੀ। ਇਸ ਦੌਰਾਨ ਬਾਦਲ ਪਰਿਵਾਰ ਨਾਲ ਨਾਰਾਜ਼ ਆਗੂਆਂ ਵੱਲੋਂ ਮੀਟਿੰਗਾਂ ਵੀ ਕੀਤੀਆਂ ਗਈਆਂ, ਜਿਸ ਮਗਰੋਂ ਪਾਰਟੀ ਨੇ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰਦਿਆਂ ਪਾਰਟੀ ਖਿਲਾਫ਼ ਬੋਲਣ ਵਾਲਿਆਂ ਨੂੰ ਠੱਲ੍ਹਣ ਲਈ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਹੇਠ ਅਨੁਸ਼ਾਸਨੀ ਕਮੇਟੀ ਬਣਾ ਦਿੱਤੀ। ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਬਰਾੜ ਨੇ ਲੰਘੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਕੀਤੀ ਸੀ ਤੇ ਉਨ੍ਹਾਂ ਦੀ ਸਿਆਸਤ ਦਾ ਵੱਡਾ ਹਿੱਸਾ ਬਾਦਲਾਂ ਦੇ ਧੁਰ ਵਿਰੋਧੀ ਸਿਆਸੀ ਆਗੂ ਵਾਲਾ ਰਿਹਾ ਹੈ।

## ਸੁਖਬੀਰ ਵੱਲੋਂ ਹਲਕਾਵਾਰ ਨਿਗਰਾਨਾਂ ਦੀ ਨਿਯੁਕਤੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚਾ ਉਸਾਰਨ ਵਾਸਤੇ ਹਲਕੇ ਦੀਆਂ ਬੂਥ ਪੱਧਰ ਕਮੇਟੀਆਂ ਬਣਾਉਣ ਲਈ ਹਲਕਾਵਾਰ ਨਿਗਰਾਨ ਲਾਉਣ ਦਾ ਫੈਸਲਾ ਕੀਤਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸਾਰੇ ਹਲਕਾ ਇੰਚਾਰਜ ਆਪੋ-ਆਪਣੇ ਹਲਕਿਆਂ ਦੀਆਂ ਬੂਥ ਕਮੇਟੀਆਂ ਤੇ ਹਲਕਾਵਾਰ ਆਬਜਰਵਰਾਂ ਦਾ ਸਾਥ ਦੇ ਕੇ ਜਥੇਬੰਦਕ ਢਾਂਚਾ ਮੁਕੰਮਲ ਕਰਵਾਉਣਗੇ।

# ਰਜਿਸਟਰੀਆਂ ਤੋਂ ਆਮਦਨ ਵਿਚ 18.50% ਵਾਧਾ



**ਚੰਡੀਗੜ੍ਹ:** ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਹੈ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜਾਨੇ ਵਿਚ ਸਤੰਬਰ ਮਹੀਨੇ ਵਿਚ ਪਿਛਲੇ ਸਾਲ ਦੇ ਮੁਕਾਬਲੇ 18.50 ਫੀਸਦੀ ਜ਼ਿਆਦਾ ਪੈਸਾ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮਾਲ ਮੰਤਰੀ ਨੇ ਦੱਸਿਆ ਕਿ ਸਟੈਂਪ ਤੇ ਰਜਿਸਟਰੇਸ਼ਨ ਅਧੀਨ ਇਕ ਸਤੰਬਰ ਤੋਂ 30 ਸਤੰਬਰ 2022 ਤੱਕ ਖਜਾਨੇ ਵਿਚ 301 ਕਰੋੜ 65 ਲੱਖ 64 ਹਜ਼ਾਰ 956 ਰੁਪਏ ਦੀ ਆਮਦਨ ਆਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਸਤੰਬਰ ਮਹੀਨੇ ਨਾਲੋਂ ਇਹ ਆਮਦਨ 18.50 ਫੀਸਦੀ ਜ਼ਿਆਦਾ ਬਣਦੀ ਹੈ। ਸਾਲ 2021 ਵਿਚ ਇਹ ਆਮਦਨ 254 ਕਰੋੜ 54 ਲੱਖ 23 ਹਜ਼ਾਰ 153 ਰੁਪਏ ਸੀ। ਜਿੰਪਾ ਨੇ ਕਿਹਾ ਕਿ ਅਗਸਤ ਮਹੀਨੇ ਵਿਚ ਵੀ ਪਿਛਲੇ ਸਾਲ ਦੇ ਮੁਕਾਬਲੇ 21.87 ਫੀਸਦੀ ਜ਼ਿਆਦਾ ਆਮਦਨ ਦਰਜ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਰਜਿਸਟਰੀਆਂ ਕਰਵਾਉਣ ਵੇਲੇ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ, ਇਸ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਮੇਂ-ਸਮੇਂ ਉਤੇ ਨਿਰਦੇਸ਼ ਜਾਰੀ ਕੀਤੇ ਜਾਂਦੇ ਰਹਿੰਦੇ ਹਨ ਤੇ ਉਹ ਖੁਦ ਵੀ ਦਫਤਰਾਂ ਦਾ ਦੌਰਾ ਕਰਦੇ ਹਨ।

# ਮੋਦੀ ਸਰਕਾਰ ਵੱਲੋਂ ਸੰਸਦ ਦੇ ਅਗਲੇ ਸੈਸ਼ਨ 'ਚ 1500 ਤੋਂ ਵੱਧ ਕਾਨੂੰਨ ਰੱਦ ਕਰਨ ਦੀ ਤਿਆਰੀ

**ਸ਼ਿਲਾਂਗ:** ਕੇਂਦਰੀ ਕਾਨੂੰਨ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਦੀ ਜ਼ਿੰਦਗੀ 'ਚ ਸਰਕਾਰੀ ਦਖਲ ਘਟਾਉਣਾ ਚਾਹੁੰਦੇ ਹਨ ਤੇ ਕੇਂਦਰ ਸਰਕਾਰ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ 1500 ਤੋਂ ਵੱਧ ਬੇਕਾਰ ਤੇ ਪੁਰਾਣੇ ਕਾਨੂੰਨ ਰੱਦ ਕਰੇਗੀ।

ਰਿਜਿਜੂ ਨੇ ਇਥੇ ਰੁਜ਼ਗਾਰ ਮੇਲੇ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਕਾਨੂੰਨ ਆਮ ਲੋਕਾਂ ਦੀ ਜ਼ਿੰਦਗੀ 'ਚ ਅੜਿੱਕਾ ਹਨ ਤੇ ਮੌਜੂਦਾ ਸਮੇਂ ਪ੍ਰਸੰਗਿਕ ਨਹੀਂ ਹਨ ਤੇ ਨਾ ਹੀ ਕਾਨੂੰਨ ਦੀਆਂ ਕਿਤਾਬਾਂ 'ਚ ਰਹਿਣ ਲਾਇਕ ਹਨ। ਉਨ੍ਹਾਂ ਕਿਹਾ, 'ਪ੍ਰਧਾਨ ਮੰਤਰੀ ਦੀ ਇੱਛਾ ਹੈ ਕਿ ਲੋਕਾਂ 'ਤੇ ਨਿਯਮਾਂ ਦੀ ਪਾਲਣਾ ਦਾ ਬੋਝ ਘੱਟ ਕੀਤਾ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਜਿੰਨੀ ਜਿਆਦਾ ਹੋ ਸਕੇ ਸ਼ਾਂਤੀ ਨਾਲ ਰਹਿ ਸਕਣ। ਉਹ ਆਮ ਲੋਕਾਂ ਦੀ ਜ਼ਿੰਦਗੀ 'ਚ ਸਰਕਾਰੀ ਦਖਲ ਘਟਾਉਣਾ ਚਾਹੁੰਦੇ ਹਨ।' ਉਨ੍ਹਾਂ ਕਿਹਾ, 'ਸਾਡੀ ਐਨ.ਡੀ.ਏ. ਸਰਕਾਰ ਨੇ ਸਾਰੇ ਬੇਕਾਰ ਤੇ ਪੁਰਾਣੇ ਕਾਨੂੰਨਾਂ ਨੂੰ ਹਟਾਉਣ ਦਾ ਫੈਸਲਾ ਲਿਆ ਹੈ ਕਿਉਂਕਿ ਅਣਲੋੜੀਂਦੇ ਕਾਨੂੰਨ ਆਮ ਲੋਕਾਂ ਲਈ ਇਕ ਬੋਝ ਹਨ। ਅਸੀਂ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ 1500 ਤੋਂ ਵੱਧ ਕਾਨੂੰਨ ਰੱਦ ਕਰਨ ਦਾ ਫੈਸਲਾ ਕੀਤਾ ਹੈ। ਮੈਂ ਕਈ ਹੋਰ ਰੱਦ ਕਰਨ ਯੋਗ ਕਾਨੂੰਨ ਪੇਸ਼ ਕਰਨ ਲਈ ਤਿਆਰ ਹਾਂ।'

ਰਿਜਿਜੂ ਨੇ ਮੇਘਾਲਿਆ 'ਚ ਨੈਸ਼ਨਲ ਪੀਪਲਜ਼ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਦੀ ਸ਼ਲਾਘਾ ਕੀਤੀ ਪਰ ਇਹ ਇੱਛਾ ਜ਼ਾਹਿਰ ਕੀਤੀ ਕਿ ਆਮ ਲੋਕਾਂ ਦੇ ਵੱਧ ਲਾਭ ਲਈ ਭਾਜਪਾ ਨੂੰ ਸਰਕਾਰ 'ਚ ਜਿਆਦਾ ਭੂਮਿਕਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਪੂਰਬ-ਉੱਤਰ 'ਤੇ ਵਿਸ਼ੇਸ਼ ਧਿਆਨ ਦੇ ਰਿਹਾ ਹੈ ਅਤੇ ਅਜਿਹਾ ਕੋਈ ਕਾਰਨ ਨਹੀਂ ਹੈ ਕਿ ਇਹ ਖੇਤਰ ਕਿਸੇ ਵੀ ਖੇਤਰ ਤੋਂ ਪੱਛੜ ਜਾਵੇਗਾ। ਉਨ੍ਹਾਂ ਕਿਹਾ ਕਿ ਪੂਰਬ-ਉੱਤਰ ਨੂੰ ਖੁਸ਼ਹਾਲ ਤੇ ਭਾਰਤ ਦਾ ਮਜ਼ਬੂਤ ਦੇਸ਼ ਬਣਾਉਣਾ ਭਾਜਪਾ ਦੀ ਇੱਛਾ ਹੈ।

# ਮੁਫਤ ਸਹੂਲਤਾਂ ਨੂੰ 'ਰਿਓੜੀ ਸਭਿਆਚਾਰ' ਕਹਿਣਾ ਲੋਕਾਂ ਦਾ ਅਪਮਾਨ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸਵਾਲ ਉਠਾਇਆ ਕਿ ਮਹਿੰਗਾਈ ਨਾਲ ਪਰੇਸ਼ਾਨ ਲੋਕਾਂ ਨੂੰ ਆਖਰ ਮੁਫਤ ਸਿੱਖਿਆ ਤੇ ਇਲਾਜ ਕਿਉਂ ਨਹੀਂ ਮਿਲਣਾ ਚਾਹੀਦਾ ਤੇ ਅਜਿਹੀਆਂ ਚੀਜ਼ਾਂ ਨੂੰ ਮੁਫਤ 'ਰਿਓੜੀਆਂ' ਕਹਿ ਕੇ ਆਮ ਆਦਮੀ ਦਾ ਅਪਮਾਨ ਕਿਉਂ ਕੀਤਾ ਜਾ ਰਿਹਾ ਹੈ। ਕੇਜਰੀਵਾਲ ਨੇ ਇਕ ਮੀਡੀਆ ਰਿਪੋਰਟ ਨੂੰ ਟਵੀਟ ਕੀਤਾ ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਰਿਓੜੀ' ਜਾਂ ਮੁਫਤ ਸੌਗਾਤਾਂ ਦੇ ਸਿਆਸੀ ਸੱਭਿਆਚਾਰ ਦੀ ਨਿੰਦਾ ਕੀਤੀ ਹੈ। 'ਆਪ' ਦੇ ਮੁਖੀ ਨੇ ਟਵੀਟ ਕੀਤਾ ਹੈ- 'ਮਹਿੰਗਾਈ ਕਾਰਨ ਲੋਕ ਪਰੇਸ਼ਾਨ ਹਨ। ਉਨ੍ਹਾਂ ਨੂੰ ਮੁਫਤ ਸਿੱਖਿਆ, ਇਲਾਜ, ਦਵਾਈਆਂ ਤੇ ਬਿਜਲੀ ਕਿਉਂ ਨਹੀਂ ਮਿਲਣੀ ਚਾਹੀਦੀ? ਬੈਂਕਾਂ ਨੇ ਐਨੇ ਅਮੀਰਾਂ ਦੇ ਕਰਜ਼ੇ ਮੁਆਫ ਕਰ ਦਿੱਤੇ ਹਨ। ਇਨ੍ਹਾਂ ਸਹੂਲਤਾਂ ਨੂੰ ਵਾਰ-ਵਾਰ ਮੁਫਤ ਰਿਓੜੀ ਕਹਿ ਕੇ ਆਮ ਆਦਮੀ ਦਾ ਅਪਮਾਨ ਨਾ ਕੀਤਾ ਜਾਵੇ।'

# ਡੇਰਾ ਮੁਖੀ ਦੇ ਸਤਿਸੰਗ 'ਚ ਹਾਜ਼ਰੀ ਭਰਨ ਲੱਗੇ ਭਾਜਪਾ ਆਗੂ

**ਕਰਨਾਲ:** ਪੈਰੋਲ ਉਤੇ ਜੇਲ੍ਹ ਵਿਚੋਂ ਬਾਹਰ ਆਇਆ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਆਨਲਾਈਨ ਸਤਿਸੰਗ ਕਰ ਰਿਹਾ ਹੈ, ਜਿਨ੍ਹਾਂ ਵਿਚ ਹਰਿਆਣਾ ਦੇ ਕੁਝ ਭਾਜਪਾ ਆਗੂਆਂ ਵੱਲੋਂ ਵੀ ਹਾਜਰੀ ਭਰੀ ਜਾ ਰਹੀ ਹੈ। ਉਸ ਦੀ ਪੈਰੋਲ ਇਕ ਵਾਰ ਫਿਰ ਖਿੱਤੇ ਵਿਚ ਚੋਣਾਂ ਦੇ ਨਾਲ ਮੇਲ ਖਾਂਦੀ ਹੈ, ਇਸ ਸਾਲ ਵਿਚ ਅਜਿਹਾ ਤੀਜੀ ਵਾਰ ਹੋਇਆ ਹੈ।

ਦੱਸਣਯੋਗ ਹੈ ਕਿ ਹਰਿਆਣਾ ਵਿਚ ਅਗਲੇ ਮਹੀਨੇ ਪੰਚਾਇਤੀ ਚੋਣਾਂ ਤੇ ਆਦਮਪੁਰ ਹਲਕੇ ਲਈ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਡੇਰਾ ਮੁਖੀ, ਜੋ ਆਪਣੀਆਂ ਦੋ ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲੇ ਵਿਚ 20 ਸਾਲ ਦੀ ਕੈਦ ਕੱਟ ਰਿਹਾ ਹੈ, ਹਰਿਆਣਾ ਵਿਚ 46 ਨਗਰ-ਪਾਲਕਾਵਾਂ ਦੀਆਂ ਚੋਣਾਂ ਤੋਂ ਪਹਿਲਾਂ ਜੂਨ ਵਿਚ ਵੀ ਇਕ ਮਹੀਨੇ ਦੀ ਪੈਰੋਲ ਉਤੇ ਬਾਹਰ ਆਇਆ ਸੀ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਮਹਿਜ ਦੋ ਹਫਤੇ ਪਹਿਲਾਂ 7 ਫਰਵਰੀ ਤੋਂ ਉਸ ਨੂੰ ਤਿੰਨ ਹਫਤਿਆਂ ਦੀ ਛੁੱਟੀ ਦਿੱਤੀ ਗਈ ਸੀ। 55 ਸਾਲਾ ਡੇਰਾ ਮੁਖੀ ਯੂ.ਪੀ. ਦੇ ਬਾਗਪਤ ਵਿਚਲੇ ਡੇਰਾ ਬਰਨਾਵਾ ਆਸ਼ਰਮ ਤੋਂ ਆਨਲਾਈਨ 'ਸਤਿਸੰਗ' ਕਰ ਰਿਹਾ ਹੈ। ਹਰਿਆਣਾ ਦੇ ਡਿਪਟੀ ਸਪੀਕਰ ਰਣਬੀਰ ਗੰਗਵਾ ਹਿਸਾਰ ਵਿਚ ਇਕ ਆਨਲਾਈਨ ਸਤਿਸੰਗ ਸੁਣਨ ਲਈ ਡੇਰੇ ਦੇ ਪੈਰੋਕਾਰਾਂ ਦੇ ਇਕ ਵੱਡੇ ਇਕੱਠ ਵਿਚ ਹਾਜਰ ਸਨ, ਜਿਸ ਦੌਰਾਨ ਉਨ੍ਹਾਂ ਆਪਣੇ ਪਰਿਵਾਰ ਦੇ ਡੇਰਾ ਸਿਰਸਾ ਨਾਲ ਸਬੰਧਾਂ ਬਾਰੇ ਗੱਲਬਾਤ ਕੀਤੀ। ਰਣਬੀਰ ਗੰਗਵਾ ਨੇ ਕਿਹਾ ਕਿ ਉਹ ਡੇਰਾ ਮੁਖੀ ਵੱਲੋਂ ਦਿੱਤੇ ਅਸ਼ੀਰਵਾਦ ਤੋਂ ਖੁਸ਼ ਹਨ ਤੇ ਉਮੀਦ ਕਰਦੇ ਹਨ ਕਿ ਇਕ ਦਿਨ ਉਹ ਆਹਮੋ-ਸਾਹਮਣੇ ਮਿਲਣਗੇ। ਗੰਗਵਾ ਨੇ ਕਿਹਾ ਕਿ ਉਹ ਡੇਰਾ ਮੁਖੀ ਦੇ ਆਨਲਾਈਨ ਸਤਿਸੰਗ ਵਿਚ ਸ਼ਾਮਲ ਹੋਣ ਵਿਚ ਕੁਝ ਗਲਤ ਨਹੀਂ ਵੇਖਦੇ, ਉਹ ਤੇ ਉਨ੍ਹਾਂ ਦਾ ਪਰਿਵਾਰ ਦਹਾਕਿਆਂ ਤੋਂ ਡੇਰੇ ਨਾਲ ਜੁੜਿਆ ਹੋਇਆ ਹੈ ਅਤੇ ਇਹ ਨਿੱਜੀ ਵਿਸ਼ਵਾਸ ਤੇ ਪਸੰਦ ਦਾ ਮਾਮਲਾ ਹੈ। ਇਸ ਤੋਂ ਪਹਿਲਾਂ ਕਰਨਾਲ ਦੀ ਮੇਅਰ ਰੇਨੂ ਬਾਲਾ ਨੇ ਭਾਜਪਾ ਦੇ ਕੁਝ ਹੋਰ ਆਗੂਆਂ ਨਾਲ ਆਨਲਾਈਨ ਸਤਿਸੰਗ ਵਿਚ ਹਾਜਰੀ ਲਗਵਾਈ।

# ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਸਮੇਂ ਦੀ ਲੋੜ: ਮਾਨ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਭ ਤੋਂ ਭਾਰੇ ਰਾਕੇਟ ਐਲ.ਵੀ.ਐਮ3-ਐਮ2 ਨੂੰ ਇਥੇ ਪੁਲਾੜ ਸਟੇਸ਼ਨ ਤੋਂ ਲਾਂਚ ਕੀਤਾ ਗਿਆ ਤੇ ਯੂਕੇ-ਅਧਾਰਤ ਗਾਹਕ ਲਈ 36 ਬਰਾਡਬੈਂਡ ਸੰਚਾਰ ਉਪਗ੍ਰਹਿਆਂ ਨੂੰ ਹੇਠਲੇ ਔਰਬਿਟ (ਐਲ.ਈ.ਓ.) ਵਿਚ ਸਥਾਪਿਤ ਕੀਤਾ ਗਿਆ। ਇਸਰੋ ਨੇ ਇਸ ਨੂੰ ਇਤਿਹਾਸਕ ਮਿਸ਼ਨ ਕਰਾਰ ਦਿੱਤਾ ਹੈ। ਇਸਰੋ ਦੇ ਚੇਅਰਮੈਨ ਐਸ. ਸੋਮਨਾਥ ਨੇ ਐਲਾਨ ਕੀਤਾ ਕਿ ਪੁਲਾੜ ਏਜੰਸੀ ਵਿਚ ਕੰਮ ਕਰ ਰਹੇ ਵਿਗਿਆਨੀਆਂ ਲਈ ਦੀਵਾਲੀ ਦਾ ਤਿਉਹਾਰ ਜਲਦੀ ਸ਼ੁਰੂ ਹੋ ਗਿਆ ਹੈ। ਇਸਰੋ ਨੇ ਟਵੀਟ ਕੀਤਾ, ''ਐਲ.ਵੀ.ਐਮ3 ਐਮ2/ਵਨਵੈੱਬ ਇੰਡੀਆ-1 ਮਿਸ਼ਨ ਸਫਲਤਾ ਨਾਲ ਪੂਰਾ ਹੋਇਆ। ਸਾਰੇ 36 ਸੈਟੇਲਾਈਟਾਂ ਨੂੰ ਨਿਰਧਾਰਤ ਔਰਬਿਟ ਵਿਚ ਸਥਾਪਿਤ ਕੀਤਾ ਗਿਆ ਹੈ।

# ਰਿਲਾਇੰਸ ਜੀਓ ਵੱਲੋਂ 5ਜੀ ਵਾਈ-ਫਾਈ ਸੇਵਾ ਸ਼ੁਰੂ

**ਨਵੀਂ ਦਿੱਲੀ:** ਰਿਲਾਇੰਸ ਜੀਓ ਨੇ ਰਾਜਸਥਾਨ ਦੇ ਨਾਥਦੁਆਰਾ ਸ਼ਹਿਰ 'ਚ 5ਜੀ ਵਾਈ-ਫਾਈ ਸੇਵਾ ਦੀ ਸ਼ੁਰੂਆਤ ਕੀਤੀ ਤੇ ਕੰਪਨੀ ਵੱਲੋਂ ਇਹ ਸੇਵਾ ਹੋਰ ਜਨਤਕ ਥਾਵਾਂ ਜਿਵੇਂ ਰੇਲਵੇ ਸਟੇਸ਼ਨਾਂ ਤੇ ਸਿੱਖਿਆ ਸੰਸਥਾਵਾਂ 'ਚ ਸ਼ੁਰੂ ਕੀਤੀ ਜਾਵੇਗੀ। ਇਸ ਸੇਵਾ ਦੀ ਸ਼ੁਰੂਆਤ ਕੰਪਨੀ ਦੇ ਚੇਅਰਮੈਨ ਆਕਾਸ਼ ਐੱਮ ਅੰਬਾਨੀ ਨੇ ਕੀਤੀ।

ਇਸ ਤੋਂ ਪਹਿਲਾਂ ਉਨ੍ਹਾਂ ਆਪਣੀ ਪਤਨੀ ਸ਼ਲੋਕਾ ਨਾਲ ਸ੍ਰੀਨਾਥਜੀ ਮੰਦਰ 'ਚ ਪੂਜਾ ਕੀਤੀ। ਰਿਲਾਇੰਸ ਜੀਓ ਦੇ ਚੇਅਰਮੈਨ ਆਕਾਸ਼ ਅੰਬਾਨੀ ਨੇ ਕਿਹਾ, 'ਅੱਜ ਅਸੀਂ ਪਵਿੱਤਰ ਸ਼ਹਿਰ ਨਾਥਦੁਆਰਾ ਤੇ ਭਗਵਾਨ ਸ੍ਰੀਨਾਥ ਜੀ ਦੇ ਮੰਦਰ 'ਚ ਪਹਿਲੀ ਅਸਲ 5ਜੀ ਵਾਈ-ਵਾਈ ਸੇਵਾ ਸ਼ੁਰੂ ਕੀਤੀ ਹੈ। ਇਸੇ ਤਰ੍ਹਾਂ ਅਸੀਂ ਇਹ ਸੇਵਾ ਅਜਿਹੀਆਂ ਹੀ ਹੋਰ ਥਾਵਾਂ 'ਤੇ ਵੀ ਦੇਵਾਂਗੇ। ਇਸ ਦੇ ਨਾਲ ਹੀ ਚੇਨੱਈ ਸਭ ਤੋਂ ਵੱਡੇ ਸ਼ਹਿਰ ਵਜੋਂ ਸਾਡੀ 5ਜੀ ਵਾਈ-ਫਾਈ ਸੇਵਾ 'ਚ ਸ਼ਾਮਲ ਹੋ ਗਿਆ ਹੈ।'




ਕੰਪਨੀ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ, ਧਾਰਮਿਕ ਥਾਵਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਕਾਰੋਬਾਰੀ ਅਦਾਰਿਆਂ ਤੇ ਜ਼ਿਆਦਾ ਭੀੜ ਵਾਲੀਆਂ ਹੋਰ ਥਾਵਾਂ 'ਤੇ ਵੀ 5ਜੀ ਵਾਈ-ਵਾਈ ਸੇਵਾ ਸ਼ੁਰੂ ਕੀਤੀ ਜਾਵੇਗੀ। ਜੀਓ ਖਪਤਕਾਰਾਂ ਨੂੰ ਇਹ ਵਾਈ-ਫਾਈ ਸੇਵਾ 'ਜੀਓ ਵੈਲਕਮ ਆਫਰ' ਮਿਆਦ ਦੌਰਾਨ ਮੁਫਤ ਮਿਲੇਗੀ। ਦੂਜਾ ਨੈਟਵਰਕ ਵਰਤਣ ਵਾਲੇ ਵੀ ਜੀਓ 5ਜੀ ਵਾਈ-ਵਾਈ ਦੀ ਸੀਮਤ ਵਰਤੋਂ ਕਰ ਸਕਣਗੇ।

# ਸ਼ੀ ਜਿਨਪਿੰਗ ਰਿਕਾਰਡ ਤੀਜੀ ਵਾਰ ਪਾਰਟੀ ਦੇ ਜਨਰਲ ਸਕੱਤਰ ਬਣੇ

**ਪੇਈਚਿੰਗ:** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਰਿਕਾਰਡ ਤੀਜੀ ਵਾਰ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀ.ਪੀ.ਸੀ.) ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਉਨ੍ਹਾਂ ਦਾ ਕਾਰਜਕਾਲ ਪੰਜ ਸਾਲਾਂ ਦਾ ਹੋਵੇਗਾ। ਪਾਰਟੀ ਦੇ ਸੰਸਥਾਪਕ ਮਾਓ ਜੇ ਤੁੰਗ ਤੋਂ ਬਾਅਦ ਉਹ ਤੀਜੀ ਵਾਰ ਇਸ ਅਹੁਦੇ ਲਈ ਚੁਣੇ ਜਾਣ ਵਾਲੇ ਪਹਿਲੇ ਚੀਨੀ ਨੇਤਾ ਹਨ। ਕੇਂਦਰੀ ਕਮੇਟੀ ਨੇ 24 ਮੈਂਬਰੀ 'ਪੋਲਿਟੀਕਲ ਬਿਊਰੋ' ਦੀ ਚੋਣ ਵੀ ਕੀਤੀ ਜਿਸ ਨੇ ਦੇਸ ਦਾ ਰਾਜ ਚਲਾਉਣ ਲਈ ਸਥਾਈ ਕਮੇਟੀ ਮੈਂਬਰਾਂ ਦੀ ਚੋਣ ਕੀਤੀ। ਸ਼ੀ ਦੀ ਅਗਵਾਈ ਹੇਠ ਹੋਏ ਪਹਿਲੇ ਇਜਲਾਸ 'ਚ ਸੀ.ਪੀ.ਸੀ. ਕੇਂਦਰੀ ਕਮੇਟੀ ਦੇ 203 ਮੈਂਬਰ ਤੇ 168 ਬਦਲਵੇਂ ਮੈਂਬਰ ਹਾਜਰ ਸਨ। ਇਜਲਾਸ ਦੌਰਾਨ ਸ਼ੀ ਨੂੰ ਕੇਂਦਰੀ ਮਿਲਟਰੀ ਕਮਿਸ਼ਨ ਦਾ ਚੇਅਰਮੈਨ ਵੀ ਨਾਮਜ਼ਦ ਕੀਤਾ ਗਿਆ ਜਿਸ ਦਾ ਮਤਲਬ ਹੈ ਕਿ ਚੀਨ ਦੀ ਪੂਰੀ ਫੌਜ ਦੇ ਅਖਤਿਆਰ ਉਨ੍ਹਾਂ ਕੋਲ ਹੋਣਗੇ। ਸੀ.ਪੀ.ਸੀ. ਨੇ ਸੱਤ ਮੈਂਬਰੀ ਨਵੀਂ ਸਟੈਂਡਿੰਗ ਕਮੇਟੀ ਦਾ ਵੀ ਐਲਾਨ ਕੀਤਾ। ਇਸ ਕਮੇਟੀ 'ਚ ਸ਼ੀ ਤੇ ਉਨ੍ਹਾਂ ਦੇ ਵਫਾਦਾਰ ਸ਼ਾਮਲ ਹਨ ਜਿਨ੍ਹਾਂ 'ਚ ਲੀ ਕੇਕਿਆਂਗ (63) ਵੀ ਹੈ ਅਤੇ ਉਨ੍ਹਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਜਦੋਂ ਅਗਲੇ ਸਾਲ ਲੀ ਕਿਆਂਗ ਸੇਵਾਮੁਕਤ ਹੋਣਗੇ ਤਾਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇਗਾ।

# ਇਸਰੋ ਨੇ ਇਤਿਹਾਸ ਸਿਰਜਿਆ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਭ ਤੋਂ ਭਾਰੇ ਰਾਕੇਟ ਐਲ.ਵੀ.ਐਮ3-ਐਮ2 ਨੂੰ ਇਥੇ ਪੁਲਾੜ ਸਟੇਸ਼ਨ ਤੋਂ ਲਾਂਚ ਕੀਤਾ ਗਿਆ ਤੇ ਯੂਕੇ-ਅਧਾਰਤ ਗਾਹਕ ਲਈ 36 ਬਰਾਡਬੈਂਡ ਸੰਚਾਰ ਉਪਗ੍ਰਹਿਆਂ ਨੂੰ ਹੇਠਲੇ ਔਰਬਿਟ (ਐਲ.ਈ.ਓ.) ਵਿਚ ਸਥਾਪਿਤ ਕੀਤਾ ਗਿਆ। ਇਸਰੋ ਨੇ ਇਸ ਨੂੰ ਇਤਿਹਾਸਕ ਮਿਸ਼ਨ ਕਰਾਰ ਦਿੱਤਾ ਹੈ। ਇਸਰੋ ਦੇ ਚੇਅਰਮੈਨ ਐਸ. ਸੋਮਨਾਥ ਨੇ ਐਲਾਨ ਕੀਤਾ ਕਿ ਪੁਲਾੜ ਏਜੰਸੀ ਵਿਚ ਕੰਮ ਕਰ ਰਹੇ ਵਿਗਿਆਨੀਆਂ ਲਈ ਦੀਵਾਲੀ ਦਾ ਤਿਉਹਾਰ ਜਲਦੀ ਸ਼ੁਰੂ ਹੋ ਗਿਆ ਹੈ। ਇਸਰੋ ਨੇ ਟਵੀਟ ਕੀਤਾ, ''ਐਲ.ਵੀ.ਐਮ3 ਐਮ2/ਵਨਵੈੱਬ ਇੰਡੀਆ-1 ਮਿਸ਼ਨ ਸਫਲਤਾ ਨਾਲ ਪੂਰਾ ਹੋਇਆ। ਸਾਰੇ 36 ਸੈਟੇਲਾਈਟਾਂ ਨੂੰ ਨਿਰਧਾਰਤ ਔਰਬਿਟ ਵਿਚ ਸਥਾਪਿਤ ਕੀਤਾ ਗਿਆ ਹੈ।

# ਪੰਜਾਬ ਦੀਆਂ ਜੇਲ੍ਹਾਂ ਵਿਚ 46 ਫੀਸਦ ਕੈਦੀ ਨਸ਼ੇ ਦੇ ਆਦੀ




**ਅੰਮ੍ਰਿਤਸਰ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਤਕਰੀਬਨ 33 ਹਜ਼ਾਰ ਕੈਦੀਆਂ ਵਿਚੋਂ 46 ਫੀਸਦ ਕੈਦੀ ਨਸ਼ੇ ਦੇ ਆਦੀ ਹਨ ਤੇ ਇਨ੍ਹਾਂ ਵਿਚੋਂ ਸਵੈ-ਇੱਛਾ ਨਾਲ ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਨਾ ਮਾਤਰ ਹੈ। ਇਹ ਖੁਲਾਸਾ ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿਚ ਕਰਵਾਏ ਗਏ ਸਰਵੇਖਣ ਦੇ ਅੰਕੜਿਆਂ ਤੋਂ ਹੋਇਆ ਹੈ। ਇਹ ਜਾਣਕਾਰੀ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਿੱਤੀ। ਉਹ ਇਥੇ ਅਚਨਚੇਤੀ ਕੇਂਦਰੀ ਜੇਲ੍ਹ ਵਿਚ ਛਾਪਾ ਮਾਰਨ ਲਈ ਪੁੱਜੇ ਸਨ।

ਜੇਲ੍ਹ ਵਿਚ ਛਾਪਾ ਮਾਰਨ ਮਗਰੋਂ ਉਨ੍ਹਾਂ ਜੇਲ੍ਹ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ ਹੈ ਤੇ ਕੈਦੀਆਂ ਨਾਲ ਵੀ ਗੱਲਬਾਤ ਕੀਤੀ। ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਖੁਲਾਸਾ ਕੀਤਾ ਕਿ ਸਰਕਾਰ ਵੱਲੋਂ ਜੇਲ੍ਹਾਂ ਨੂੰ ਸੁਧਾਰ ਘਰ ਵਜੋਂ ਤਿਆਰ ਕੀਤਾ ਜਾ ਰਿਹਾ ਹੈ। ਇਸ ਤਹਿਤ ਕੈਦੀਆਂ ਨੂੰ ਨਸ਼ਾ ਛੱਡਣ ਲਈ ਵੀ ਪ੍ਰੇਰਿਆ ਜਾ ਰਿਹਾ ਹੈ। ਇਹ ਕੰਮ ਸਰਕਾਰ ਇਕ ਮਿਸ਼ਨ ਵਜੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਸੁਧਾਰਾਂ ਤਹਿਤ ਚੰਗੇ ਆਚਰਨ ਵਾਲੇ ਕੈਦੀਆਂ ਨੂੰ ਪਰਿਵਾਰਕ ਮਿਲਣੀ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚੋਂ ਮੋਬਾਈਲ ਦੀ ਵਰਤੋਂ ਨੂੰ ਰੋਕਣ ਲਈ ਮੋਬਾਈਲ ਨੈੱਟਵਰਕ ਜਾਮ ਕਰਨ ਲਈ ਅਤਿ ਆਧੁਨਿਕ ਤਕਨੀਕ ਆਰ.ਐਫ. ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਇਹ ਤਕਨੀਕ ਵਰਤਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ, ਇਸ ਨਾਲ ਜੇਲ੍ਹਾਂ ਵਿਚੋਂ ਮੋਬਾਈਲ ਦੀ ਵਰਤੋਂ ਕਰਨ ਉਤੇ ਰੋਕ ਲੱਗ ਜਾਵੇਗੀ। ਕੈਦੀਆਂ ਤੇ ਹਵਾਲਾਤੀਆਂ ਦੀ ਤਲਾਸ਼ੀ ਲਈ ਹਰੇਕ ਜੇਲ੍ਹ ਵਿਚ ਬਾਡੀ ਸਕੈਨਰ ਲਾਏ ਜਾਣਗੇ। ਅਤਿ ਸੁਰੱਖਿਅਤ ਜੇਲ੍ਹਾਂ ਵਿਚ ਜਿਥੇ ਗੈਂਗਸਟਰ ਬੰਦ ਹਨ, ਦੇ ਹਿੱਸੇ ਉਪਰ ਲੋਹੇ ਦੀ ਜਾਲੀ ਲਾਈ ਜਾਵੇਗੀ ਤਾਂ ਜੋ ਮੋਬਾਇਲ ਫੋਨ ਜਾਂ ਹੋਰ ਸਾਮਾਨ ਬਾਹਰੋਂ ਨਾ ਆ ਸਕੇ। ਇਸ ਤੋਂ ਇਲਾਵਾ ਗੈਂਗਸਟਰਾਂ ਦੀ ਰੋਜ਼ ਦੋ ਵਾਰ ਤਲਾਸ਼ੀ ਸ਼ੁਰੂ ਕੀਤੀ ਗਈ ਹੈ। ਤਲਾਸ਼ੀ ਲੈਣ ਵਾਲੀ ਟੀਮ ਨੂੰ ਲਗਾਤਾਰ ਬਦਲਿਆ ਜਾ ਰਿਹਾ ਹੈ। ਜੇਲ੍ਹ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਜੇਲ੍ਹ ਵਿਚ ਸੁਧਾਰਾਂ ਲਈ ਕੀਤੇ ਜਾ ਰਹੇ ਯਤਨਾਂ ਕਾਰਨ ਹੀ ਹੁਣ ਤਕ ਜੇਲ੍ਹਾਂ ਵਿਚੋਂ 3600 ਮੋਬਾਈਲ ਫੋਨ ਬਰਾਮਦ ਕੀਤੇ ਜਾ ਚੁੱਕੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਜੇਲ੍ਹ ਅਮਲੇ ਦੀ ਕਮੀ ਨੂੰ ਪੂਰਾ ਕਰਨ ਲਈ 800 ਜੇਲ੍ਹ ਵਾਰਡਨਾ ਦੀ ਸਿਖਲਾਈ ਚੱਲ ਰਹੀ ਹੈ ਅਤੇ ਅੱਠ ਸੌ ਹੋਰ ਵਾਰਡਨਾਂ ਦੀ ਭਰਤੀ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਦੌਰਾਨ ਪੰਜਾਬ ਭਰ ਦੀਆਂ ਸਮੂਹ ਜੇਲ੍ਹਾਂ ਖਾਸ ਕਰ ਕੇ ਜਿਥੇ ਗੈਂਗਸਟਰ ਬੰਦ ਹਨ, ਵਿਚ ਸਖ਼ਤ ਚੈਕਿੰਗ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਦੌਰਾਨ ਤਿੰਨ ਵਾਰ ਦਿਨੇ ਤੇ ਤਿਨ ਵਾਰ ਰਾਤ ਨੂੰ ਚੈਕਿੰਗ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਇਨ੍ਹਾਂ ਵਿੱਚੋਂ ਦੋ ਵਾਰ ਸੁਪਰਡੈਂਟ ਅਤੇ ਦੋ ਵਾਰ ਐਡੀਸ਼ਨਲ ਸੁਪਰਡੈਂਟ ਦਾ ਨਾਲ ਰਹਿਣਾ ਲਾਜ਼ਮੀ ਕੀਤਾ ਗਿਆ ਹੈ। ਬਾਕੀ ਵਾਰ ਡਿਪਟੀ ਸੁਪਰਡੈਂਟ ਚੈਕਿੰਗ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਟਿਆਲਾ ਅਜਿਹੀ ਜੇਲ੍ਹ ਹੈ ਜਿੱਥੇ ਤਿੰਨ ਦਰਜਨ ਦੇ ਕਰੀਬ ਖਤਰਨਾਕ ਗੈਂਗਸਟਰ ਬੰਦ ਹਨ। ਇਸ ਤੋਂ ਇਲਾਵਾ ਬਲਵੰਤ ਸਿੰਘ ਰਾਜੋਆਣਾ ਸਮੇਤ ਅੱਧੀ ਦਰਜਨ ਫਾਂਸੀ ਯਾਫਤਾ ਕੈਦੀ ਵੀ ਇੱਥੇ ਬੰਦ ਹਨ। ਇਸੇ ਤਰ੍ਹਾਂ 450 ਸਜ਼ਾਯਾਫ਼ਤਾ ਕੈਦੀ ਤੇ 2000 ਦੇ ਕਰੀਬ ਹਵਾਲਾਤੀ ਇਸ ਜੇਲ੍ਹ ਵਿਚ ਹਨ। ਜੇਲ੍ਹ ਅਧਿਕਾਰੀਆਂ ਨੇ ਅਜਿਹੀ ਤਲਾਸ਼ੀ ਮੁਹਿੰਮ ਚੱਲਦੀ ਹੋਣ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਕ ਕੈਦੀ ਵੱਲੋਂ ਪਾਕਿ 'ਚ ਫੋਨ ਕੀਤੇ ਜਾਣ ਦੀ ਪੁਸ਼ਟੀ ਐਸ.ਟੀ.ਐਫ. ਦੇ ਅਧਿਕਾਰੀਆਂ ਨੇ ਵੀ ਕੀਤੀ ਹੈ। ਇਸ ਤੋਂ ਬਾਅਦ ਅੰਮ੍ਰਿਤਸਰ ਦੀ ਜੇਲ੍ਹ 'ਚ ਕੁਝ ਕੈਦੀਆਂ ਵੱਲੋਂ ਨਸ਼ੇ ਦਾ ਸੇਵਨ ਕਰਨ ਦੀ ਇਕ ਵੀਡੀਓ ਵੀ ਜਾਰੀ ਹੋਈ ਸੀ, ਜਿਸ ਨੂੰ ਜੇਲ੍ਹ ਵਿਭਾਗ ਲਈ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ।

## ਜੇਲ੍ਹਾਂ 'ਚ ਗੈਂਗਸਟਰਾਂ ਦੀ ਰੋਜ਼ਾਨਾ ਛੇ ਵਾਰ ਹੁੰਦੀ ਹੈ ਚੈਕਿੰਗ

**ਪਟਿਆਲਾ:** ਪੰਜਾਬ ਭਰ ਦੀਆਂ ਜੇਲ੍ਹਾਂ 'ਚ ਚੌਕਸੀ ਵਧਾ ਦਿੱਤੀ ਗਈ ਹੈ। ਖਾਸ ਕਰ ਕੇ ਗੈਂਗਸਟਰਾਂ ਵਾਲੇ ਜ਼ੋਨਾਂ ਵਿਚ ਚੌਵੀ ਘੰਟਿਆਂ 'ਚ ਛੇ ਵਾਰ ਚੈਕਿੰਗ ਕੀਤੀ ਜਾਂਦੀ ਹੈ। ਉਂਜ ਕੈਦੀਆਂ ਤੇ ਹਵਾਲਾਤੀਆਂ ਵਾਲੇ ਬੈਰਕ ਵੀ ਬਾਕਾਇਦਾ ਚੈੱਕ ਕੀਤੇ ਜਾਂਦੇ ਹਨ। ਅਸਲ 'ਚ ਚੈਕਿੰਗ ਦਾ ਇਹ ਮਾਮਲਾ ਪੰਜਾਬ ਦੀ ਪਟਿਆਲਾ ਤੋਂ ਬਾਹਰਲੇ ਜਿਲ੍ਹੇ ਦੀ ਇਕ ਜੇਲ੍ਹ ਵਿੱਚੋਂ ਇਕ ਗੈਂਗਸਟਰ ਵੱਲੋਂ ਪਾਕਿਸਤਾਨ ਵਿਚ ਫੋਨ ਕਰ ਕੇ ਕੋਈ ਹਥਿਆਰ ਆਦਿ ਮੰਗਵਾਉਣ ਦੀ ਗੱਲ ਲੀਕ ਹੋਣ ਤੋਂ ਬਾਅਦ ਸ਼ੁਰੂ ਕੀਤਾ ਗਿਆ ਹੈ। ਅਜਿਹੇ ਆਦੇਸ਼ ਜੇਲ੍ਹ ਮੰਤਰੀ ਹਰਜੋਤ ਬੈਂਸ ਵੱਲੋਂ ਜਾਰੀ ਕੀਤੇ ਗਏ ਹਨ।

## ਨਸ਼ਿਆਂ 'ਚ ਪੰਜਾਬ ਦੀ ਥਾਂ ਲੈ ਰਿਹੈ ਕੇਰਲ: ਰਾਜਪਾਲ

**ਕੋਚੀ:** ਕੇਰਲ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਨੇ ਕਿਹਾ ਕਿ 'ਨਸ਼ਿਆਂ ਦੀ ਰਾਜਧਾਨੀ' ਵਜੋਂ ਕੇਰਲਾ ਹੁਣ ਪੰਜਾਬ ਦੀ ਥਾਂ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਉਤੇ ਸ਼ਰਮ ਆਉਂਦੀ ਹੈ ਕਿ ਰਾਜ ਵਿਚ ਮਾਲੀਏ ਦੇ ਹੁਣ ਮੁੱਖ ਸਰੋਤ ਲਾਟਰੀ ਤੇ ਸ਼ਰਾਬ ਹਨ। ਜ਼ਿਕਰਯੋਗ ਹੈ ਕਿ ਖਾਨ ਦਾ ਸੂਬੇ ਦੀ ਖੱਬੇ ਪੱਖੀ ਸਰਕਾਰ ਨਾਲ ਕਈ ਮੁੱਦਿਆਂ 'ਤੇ ਟਕਰਾਅ ਚੱਲਦਾ ਰਿਹਾ ਹੈ। ਰਾਜਪਾਲ ਨੇ ਕਿਹਾ ਕਿ ਜਿਥੇ ਸਾਰੇ ਸ਼ਰਾਬ ਪੀਣ ਖਿਲਾਫ ਪ੍ਰਚਾਰ ਕਰਦੇ ਹਨ, ਉਥੇ ਕੇਰਲਾ ਸਰਕਾਰ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 100 ਪ੍ਰਤੀਸ਼ਤ ਸਾਖਰਤਾ ਦਰ ਵਾਲੇ ਸੂਬੇ ਵਿਚ ਇਹ ਸ਼ੋਭਾ ਨਹੀਂ ਦਿੰਦਾ।

## ਨਾਈਜੀਰੀਆ ਦੇ ਹਾਈ ਕਮਿਸ਼ਨਰ ਵੱਲੋਂ ਭਗਵੰਤ ਮਾਨ ਨਾਲ ਮੁਲਾਕਾਤ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਨਾਈਜੀਰੀਆ ਤੇ ਪੰਜਾਬ ਦਰਮਿਆਨ ਵੱਖ-ਵੱਖ ਖੇਤਰਾਂ ਵਿਚ ਮਜ਼ਬੂਤ ਸਹਿਯੋਗ ਉਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਨਾਈਜੀਰੀਆ ਦੇ ਹਾਈ ਕਮਿਸ਼ਨਰ ਅਹਿਮਦ ਸੁਲੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਾਈਜੀਰੀਆ ਤੇ ਪੰਜਾਬ ਦੋਵਾਂ ਲਈ ਦੁਵੱਲੇ ਲਾਭ ਦੀ ਵੱਡੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਨਾਈਜੀਰੀਆ ਤੇ ਪੰਜਾਬ ਨੂੰ ਆਪਸੀ ਸਹਿਯੋਗ ਦੇ ਨਵੇਂ ਦਿਸਹੱਦੇ ਸਿਰਜਣ ਲਈ ਹੋਰ ਸੰਭਾਵਨਾਵਾਂ ਦਾ ਪਤਾ ਲਗਾਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਖੇਤੀ ਸੰਦਾਂ ਦੀ ਦਰਾਮਦ-ਬਰਾਮਦ ਦੇ ਖੇਤਰ ਵਿਚ ਆਪਸੀ ਸਹਿਯੋਗ ਵਧਾਉਣ ਲਈ ਯਤਨ ਕੀਤੇ ਜਾਣਗੇ। ਫਸਲਾਂ ਅਤੇ ਖਾਦਾਂ 'ਤੇ ਆਧਾਰਿਤ ਵਪਾਰ ਵਧਾਉਣ ਦੀ ਸੰਭਾਵਨਾ ਵੀ ਤਲਾਸ਼ੀ ਜਾਵੇਗੀ।

# ਅਧਿਆਪਕ ਜਥੇਬੰਦੀਆਂ ਵੱਲੋਂ ਮੰਤਰੀਆਂ ਦੇ ਘਰਾਂ ਅੱਗੇ ਅਰਥੀ ਫੂਕ ਵਿਖਾਵੇ



**ਸੰਗਰੂਰ:** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ, ਈ.ਟੀ.ਟੀ. ਅਧਿਆਪਕ ਐਸੋਸੀਏਸ਼ਨ ਪੰਜਾਬ ਤੇ ਓਡੀਐੱਲ ਅਧਿਆਪਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਸੂਬੇ ਭਰ ਦੇ ਅਧਿਆਪਕਾਂ ਵੱਲੋਂ ਨੌਂ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਪੰਜਾਬ ਸਰਕਾਰ ਦੀ ਅਰਥੀ ਫੂਕਦਿਆਂ ਕਾਲੀ ਦੀਵਾਲੀ ਮਨਾਈ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਇਥੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਅੱਗੇ ਤਿੰਨ ਜ਼ਿਲ੍ਹਿਆਂ ਸੰਗਰੂਰ, ਮਾਨਸਾ ਅਤੇ ਮਾਲੇਰਕੋਟਲਾ ਦੇ ਅਧਿਆਪਕਾਂ ਨੇ ਸਰਕਾਰ ਦੀ ਅਰਥੀ ਫੂਕਦਿਆਂ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀ ਅਧਿਆਪਕਾਂ ਨੇ ਦੋਸ਼ ਲਾਇਆ ਕਿ ਮੰਗਾਂ ਦਾ ਹੱਲ ਕਰਨ ਦੀ ਥਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੰਘਰਸ਼ ਕਰਨ ਬਦਲੇ ਅਧਿਆਪਕਾਂ ਨੂੰ ਧਮਕਾਇਆ ਜਾ ਰਿਹਾ ਹੈ। ਇਸ ਸਬੰਧੀ ਡੀ.ਟੀ.ਐਫ. ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, 6505 ਈ.ਟੀ.ਟੀ. ਟੈੱਟ ਪਾਸ ਅਧਿਆਪਕਾਂ ਦੀ ਜਥੇਬੰਦੀ ਦੇ ਪ੍ਰਧਾਨ ਕਮਲ ਠਾਕੁਰ ਤੇ ਓ.ਡੀ.ਐਲ. ਅਧਿਆਪਕ ਯੂਨੀਅਨ ਦੇ ਪ੍ਰਧਾਨ ਬਲਜਿੰਦਰ ਗਰੇਵਾਲ ਨੇ ਦੱਸਿਆ ਕਿ ਸੰਗਰੂਰ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਬਰਨਾਲਾ ਵਿਚ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਅੰਮ੍ਰਿਤਸਰ ਵਿਚ ਇੰਦਰਬੀਰ ਸਿੰਘ ਨਿੱਝਰ, ਸਮਾਣਾ ਵਿਚ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ, ਗੰਭੀਰਪੁਰ (ਆਨੰਦਪੁਰ ਸਾਹਿਬ) ਵਿਚ ਸਿੱਖਿਆ ਮੰਤਰੀ (ਸਕੂਲ) ਹਰਜੋਤ ਸਿੰਘ ਬੈਂਸ, ਹੁਸ਼ਿਆਰਪੁਰ ਵਿਚ ਬ੍ਰਹਮਸ਼ੰਕਰ ਜਿੰਪਾ, ਮਲੋਟ ਵਿੱਚ ਡਾ. ਬਲਜੀਤ ਕੌਰ, ਗੁਰੂ ਹਰਸਹਾਏ ਵਿਚ ਫੌਜਾ ਸਿੰਘ ਸ਼ਰਾਰੀ ਅਤੇ ਪਿੰਡ ਕਟਾਰੂਚੱਕ (ਪਠਾਨਕੋਟ) ਵਿਚ ਲਾਲ ਚੰਦ ਕਟਾਰੂਚੱਕ ਦੇ ਘਰਾਂ ਤੇ ਦਫਤਰਾਂ ਅੱਗੇ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਬੈਂਸ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ ਹਨ। ਆਗੂਆਂ ਨੇ ਚਿਤਾਵਨੀ ਪੱਤਰ ਸੌਂਪਦਿਆਂ ਓਪਨ ਡਿਸਟੈਂਸ ਲਰਨਿੰਗ ਅਧਿਆਪਕਾਂ (3442, 7654, 5178 ਭਰਤੀਆਂ) ਦੇ ਪੈਂਡਿੰਗ ਰੈਗੂਲਰ ਆਰਡਰ ਜਾਰੀ ਕਰਨ ਅਤੇ 180 ਈ.ਟੀ.ਟੀ. ਅਧਿਆਪਕਾਂ ਤੇ ਮੁੱਢਲੀ ਭਰਤੀ (ਈ.ਟੀ.ਟੀ. 4500) ਦੇ ਸਾਰੇ ਲਾਭ ਬਹਾਲ ਕਰਨ ਸਬੰਧੀ ਹੱਲ ਨਾ ਹੋਣ ਦੀ ਸੂਰਤ ਵਿਚ 6 ਨਵੰਬਰ ਨੂੰ ਆਨੰਦਪੁਰ ਸਾਹਿਬ ਵਿਚ ਸੂਬਾਈ ਰੈਲੀ ਕਰ ਕੇ ਸਿੱਖਿਆ ਮੰਤਰੀ ਦੀ ਸ੍ਰੀ ਆਨੰਦਪੁਰ ਸਾਹਿਬ ਰਿਹਾਇਸ਼ ਦਾ ਘਿਰਾਓ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

# ਖੇਡਾਂ ਵਤਨ ਪੰਜਾਬ ਦੀਆਂ: ਟੀਕੇ ਤੇ ਸਰਿੰਜਾਂ ਮਿਲਣ ਦੀ ਜਾਂਚ ਦੇ ਹੁਕਮ




**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਕਰਵਾਈਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦੋ ਬਾਥਰੂਮਾਂ ਵਿਚੋਂ ਮਿਲੇ ਟੀਕੇ, ਸਰਿੰਜਾਂ, ਖਾਲੀ ਸ਼ੀਸ਼ੀਆਂ ਤੇ ਨਸ਼ੀਲੀਆਂ ਗੋਲੀਆਂ ਦੇ ਪੱਤਿਆਂ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਐਸ.ਡੀ.ਐਮ. ਡਾ. ਇਸ਼ਮਤ ਵਿਜੈ ਸਿੰਘ ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਖੇਡਾਂ ਦੌਰਾਨ ਨਸ਼ੇ ਦੀ ਵਰਤੋਂ ਕਰਨ ਵਾਲਿਆਂ ਦੀ ਪਛਾਣ ਕਰਨ ਦੀ ਹਦਾਇਤ ਕੀਤੀ ਹੈ। ਇਸ ਲਈ ਸਿਹਤ ਵਿਭਾਗ ਨੂੰ ਸਬੰਧਤ ਖਿਡਾਰੀਆਂ ਦੇ ਡੋਪ ਟੈਸਟ ਕਰਵਾਉਣ ਦੀ ਤਾਕੀਦ ਵੀ ਕੀਤੀ ਗਈ ਹੈ। ਉਧਰ, ਐਸ.ਡੀ.ਐਮ. ਦਾ ਕਹਿਣਾ ਹੈ ਕਿ ਜਿਲ੍ਹਾ ਖੇਡ ਅਫਸਰ ਵੱਲੋਂ ਆਪਣੀ ਬਣਦੀ ਰਿਪੋਰਟ ਉਨ੍ਹਾਂ ਨੂੰ ਸੌਂਪ ਦਿੱਤੀ ਗਈ ਹੈ ਪਰ ਉਨ੍ਹਾਂ ਨੇ ਅਜੇ ਖੁਦ ਘਟਨਾ ਸਥਾਨ ਦਾ ਮੌਕਾ ਦੇਖਣਾ ਹੈ।

ਉਧਰ, ਸਿਹਤ ਵਿਭਾਗ ਦੇ ਇਕ ਉੱਚ ਅਧਿਕਾਰੀ ਦਾ ਕਹਿਣਾ ਹੈ ਕਿ ਹੁਣ ਤੱਕ ਸਾਰੇ ਖਿਡਾਰੀ ਘਰਾਂ ਨੂੰ ਮੁੜ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਨੂੰ ਵਾਪਸ ਸੱਦਣਾ ਵੀ ਮੁਸ਼ਕਲ ਹੈ। ਉਂਜ ਵੀ ਸਿਹਤ ਵਿਭਾਗ ਵੱਲੋਂ ਮੁੱਖ ਤੌਰ 'ਤੇ ਅਫੀਮ ਤੇ ਭੁੱਕੀ ਵਰਗੇ ਨਸ਼ਿਆਂ ਦੇ ਹੀ ਟੈਸਟ ਕੀਤੇ ਜਾ ਸਕਦੇ ਹਨ। ਮੈਡੀਕਲ ਨਸ਼ੇ ਦੇ ਟੈਸਟ ਕਰਨੇ ਮੁਸ਼ਕਲ ਹਨ ਕਿਉਂਕਿ ਇਹ ਟੈਸਟ ਮੌਕੇ 'ਤੇ ਹੀ ਹੋ ਜਾਵੇ ਤਾਂ ਠੀਕ ਰਹਿੰਦਾ ਹੈ ਪਰ ਫਿਰ ਵੀ ਸਿਹਤ ਵਿਭਾਗ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਏਗਾ।

# ਮੂਸੇਵਾਲਾ ਹੱਤਿਆ: ਕਈ ਪਿੰਡਾਂ 'ਚ ਮਨਾਈ ਕਾਲੀ ਦੀਵਾਲੀ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ ਇਨਸਾਫ ਨਾ ਮਿਲਣ ਦੇ ਰੋਸ ਵਜੋਂ ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵੱਲੋਂ ਕਾਲੀ ਦੀਵਾਲੀ ਮਨਾਉਣ ਦਾ ਫੈਸਲਾ ਲਿਆ ਗਿਆ। ਪੰਜਾਬੀ ਗਾਇਕ ਦੇ ਸਮਾਰਕ ਉਤੇ ਪ੍ਰਸ਼ੰਸਕਾਂ ਨੇ ਸਿਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਅਤੇ ਮਸ਼ਾਲ ਜਲਾ ਕੇ ਮਰਹੂਮ ਗਾਇਕ ਨੂੰ ਸ਼ਰਧਾਂਜਲੀ ਭੇਟ ਕੀਤਾ।

ਪਿੰਡ ਮੂਸਾ ਤੋਂ ਇਲਾਵਾ ਪਿੰਡ ਜਵਾਹਰਕੇ ਵੱਲੋਂ ਵੀ ਦੀਵਾਲੀ ਨਾ ਮਨਾਉਣ ਦਾ ਫੈਸਲਾ ਲਿਆ ਗਿਆ, ਜਿੱਥੇ 29 ਮਈ ਨੂੰ ਸਿੱਧੂ ਮੂਸੇਵਾਲਾ ਨੂੰ ਕਤਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦਾ ਕਤਲ ਹੋਇਆਂ ਪੰਜ ਮਹੀਨੇ ਬੀਤ ਚੁੱਕੇ ਹਨ ਅਤੇ ਅੱਜ ਵੀ ਮੂਸੇਵਾਲਾ ਦੇ ਮਾਪੇ ਤੇ ਪ੍ਰਸੰਸਕ ਇਨਸਾਫ ਦੀ ਉਡੀਕ ਕਰ ਰਹੇ ਹਨ, ਜਿਸ ਦੇ ਰੋਸ ਵਜੋਂ ਜਿਲ੍ਹੇ ਦੇ ਪਿੰਡ ਮੂਸੇਵਾਲਾ ਤੇ ਜਵਾਹਰਕੇ ਤੋਂ ਇਲਾਵਾ ਬੁਰਜ ਢਿੱਲਵਾਂ, ਜੋਗਾ ਰਮਦਿੱਤੇਵਾਲਾ, ਖੋਖਰ, ਸੱਦਾ ਸਿੰਘ ਵਾਲਾ, ਗੇਹਲੇ, ਗਾਗੋਵਾਲ ਆਦਿ ਪਿੰਡਾਂ ਵੱਲੋਂ ਇਸ ਵਾਰ ਕਾਲੀ ਦੀਵਾਲੀ ਮਨਾਉਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਪਿੰਡ ਜਵਾਹਰਕੇ ਦੇ ਸਾਬਕਾ ਸਰਪੰਚ ਰਾਜਿੰਦਰ ਸਿੰਘ ਜਵਾਹਰਕੇ ਨੇ ਸਰਕਾਰ ਖਿਲਾਫ ਰੋਸ ਜ਼ਾਹਰ ਕਰਦਿਆਂ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਸਜਾਵਾਂ ਦੇਣ ਦੀ ਮੰਗ ਕੀਤੀ ਹੈ।

# ਭਗਵੰਤ ਮਾਨ ਕੋਲ ਲੋਕਾਂ ਲਈ ਨਾ ਸਮਾਂ ਹੈ ਤੇ ਨਾ ਪੈਸਾ: ਹਰਸਿਮਰਤ

**ਮਾਨਸਾ:** ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚਮਕਾਉਣ ਲਈ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੇ ਗੇੜੇ ਮਾਰ ਕੇ ਪੰਜਾਬ ਨੂੰ ਕਰਜ਼ਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਲੋਕਾਂ ਲਈ ਨਾ ਸਮਾਂ ਕੱਢ ਰਹੇ ਹਨ ਤੇ ਨਾ ਹੀ ਵਿਕਾਸ ਲਈ ਪੈਸੇ ਦਾ ਬੰਦੋਬਸਤ ਕਰ ਰਹੇ ਹਨ, ਜਦੋਂਕਿ ਰਾਜ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਦੇ ਬਦਲਾਅ ਤੋਂ ਭਰੋਸਾ ਪਹਿਲੇ 6 ਮਹੀਨਿਆਂ ਵਿਚ ਹੀ ਉਠ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਇਸ਼ਤਿਹਾਰਬਾਜ਼ੀ ਵਿਚੋਂ ਬਾਹਰ ਨਹੀਂ ਨਿਕਲ ਰਹੀ ਅਤੇ ਪੰਜਾਬ ਦਾ ਵਿਕਾਸ ਅਤੇ ਪ੍ਰਗਤੀ ਠੱਪ ਹੋ ਕੇ ਰਹਿ ਗਈ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 29 ਅਕਤੂਬਰ 2022

## ਪ੍ਰਾਪਤੀ ਅਤੇ ਵਿਹਾਰ

ਰਿਸ਼ੀ ਸੂਨਕ ਦੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਬਣਨ 'ਤੇ ਪੰਜਾਬੀਆਂ ਦਾ ਵੱਖਰਾ ਜਿਹਾ ਵਿਹਾਰ ਸਾਹਮਣੇ ਆਇਆ ਹੈ। ਪਹਿਲਾਂ ਵੀ ਜਦੋਂ ਪੰਜਾਬੀ ਵਿਦੇਸ਼ੀ ਧਰਤੀਆਂ ਉਤੇ ਕੋਈ ਮਾਅਰਕਾ ਮਾਰਦੇ ਹਨ ਤਾਂ ਅਜਿਹਾ ਵਿਹਾਰ ਸਾਹਮਣੇ ਆਉਂਦਾ ਰਿਹਾ ਹੈ। ਵੱਖ-ਵੱਖ ਮੁਲਕਾਂ ਵਿਚ ਪੰਜਾਬੀਆਂ, ਖਾਸਕਰ ਸਿੱਖਾਂ ਨੇ ਵਾਹਵਾ ਮੱਲਾਂ ਮਾਰੀਆਂ ਹਨ ਅਤੇ ਇਨ੍ਹਾਂ ਪੰਜਾਬੀਆਂ/ਸਿੱਖਾਂ ਦਾ ਪੰਜਾਬ ਲਈ ਮੋਹ-ਮੁਹੱਬਤ ਵੀ ਗਾਹੇ-ਬਗਾਹੇ ਚਰਚਾ ਵਿਚ ਆਉਂਦੇ ਰਹੇ ਹਨ। ਐਤਕੀਂ ਸਿੱਖਾਂ ਦੇ ਇਕ ਹਿੱਸੇ ਅੰਦਰ ਜੇ ਰਿਸ਼ੀ ਸੂਨਕ ਦੀ ਇਸ ਪ੍ਰਾਪਤੀ ਬਾਰੇ ਕੋਈ ਚਰਚਾ ਨਹੀਂ ਚੱਲੀ ਤਾਂ ਇਸ ਦੇ ਕਾਰਨ ਸਮਝੇ ਜਾ ਸਕਦੇ ਹਨ। ਅਸਲ ਵਿਚ ਅਸੀਂ ਧਰਮ, ਜਾਤ, ਨਸਲ ਦੇ ਆਧਾਰ 'ਤੇ ਚਰਚਾ ਕਰਨ ਦੇ ਆਦੀ ਹੋ ਚੁੱਕੇ ਹਾਂ। ਇਸ ਪਿਛੋਕੜ ਵਿਚ ਵਿਦੇਸ਼ਾਂ ਧਰਤੀਆਂ ਉਤੇ ਪੰਜਾਬੀਆਂ/ਸਿੱਖਾਂ ਦੀਆਂ ਪ੍ਰਾਪਤੀਆਂ ਲਈ ਅਸੀਂ ਹੁੱਬਦੇ ਹਾਂ ਪਰ ਪੰਜਾਬ ਵਿਚ ਭਾਰਤ ਦੇ ਹੋਰ ਸੂਬਿਆਂ ਤੋਂ ਆ ਕੇ ਵੱਸਣ ਵਾਲਿਆਂ 'ਤੇ ਇਤਰਾਜ਼ ਕਰਦੇ ਹਾਂ। ਪੰਜਾਬ ਦਾ ਪਰਵਾਸ ਨਾਲ ਬੜਾ ਗਹਿਰਾ ਸਬੰਧ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਪੰਜਾਬ ਤੋਂ ਹੋਰ ਥਾਈਂ ਪਰਵਾਸ ਕੀਤਾ ਹੈ ਅਤੇ ਇਸੇ ਤਰ੍ਹਾਂ ਹੋਰ ਥਾਵਾਂ ਤੋਂ ਲੋਕ ਆਣ ਕੇ ਪੰਜਾਬ ਵਿਚ ਵੱਸਦੇ-ਰਸਦੇ ਰਹੇ ਹਨ। ਉਂਝ ਵੀ ਸੰਸਾਰ ਪੱਧਰ 'ਤੇ ਪਰਵਾਸ ਦਾ ਇਹ ਵਰਤਾਰਾ ਘੱਟ ਜਾਂ ਵੱਧ ਲਗਾਤਾਰ ਚੱਲਦਾ ਰਹਿੰਦਾ ਹੈ ਪਰ ਪੰਜਾਬ ਵਿਚੋਂ ਪਿਛਲੇ ਕੁਝ ਸਾਲਾਂ ਤੋਂ ਬਾਹਰਲੇ ਮੁਲਕਾਂ ਵਿਚ ਜਾਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਸ ਵਿਚ ਵੱਡੀ ਗਿਣਤੀ ਵਿਦਿਆਰਥੀਆਂ ਦੀ ਹੈ ਜੋ ਚੰਗੇਰੇ ਭਵਿੱਖ ਲਈ ਪੱਛਮੀ ਮੁਲਕਾਂ ਦਾ ਰੁਖ ਕਰ ਰਹੇ ਹਨ।

ਰਿਸ਼ੀ ਸੂਨਕ ਦੀ ਕਹਾਣੀ ਰਤਾ ਵੱਖਰੀ ਹੈ। ਉਸ ਦਾ ਪੜਦਾਦਾ ਰਾਮਦਾਸ ਸੂਨਕ ਲਹਿੰਦੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ ਵਿਚ ਜੰਮਿਆ ਸੀ ਅਤੇ 1935 ਵਿਚ ਕੀਨੀਆ ਦੇ ਨੈਰੋਬੀ ਸ਼ਹਿਰ ਵਿਚ ਨੌਕਰੀ ਕਰਨ ਗਿਆ। ਉਸ ਦਾ ਪੜਨਾਨਾ ਰਘੁਬੀਰ ਬੈਰੀ ਤਨਜ਼ਾਨੀਆ ਦੇ ਇਕ ਹਿੱਸੇ ਤੰਗਨਈਕਾ ਜੋ 1916 ਤੋਂ 1961 ਤਕ ਅੰਗਰੇਜ਼ ਸਾਮਰਾਜ ਦੀ ਬਸਤੀ ਸੀ, ਵਿਚ ਸਰਕਾਰੀ ਅਧਿਕਾਰੀ ਸੀ। ਇਹ ਪਰਿਵਾਰ 1960ਵਿਆਂ ਵਿਚ ਇੰਗਲੈਂਡ ਪੁੱਜੇ। ਸੂਨਕ ਦਾ ਪਿਤਾ ਯਸ਼ਵੀਰ ਸੂਨਕ ਡਾਕਟਰ ਸੀ ਅਤੇ ਮਾਂ ਊਸ਼ਾ ਸੂਨਕ ਫਾਰਮਾਸਿਸਟ। ਸੂਨਕ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿਚ ਪੜ੍ਹਿਆ। ਉਸ ਦਾ ਵਿਆਹ ਭਾਰਤੀ ਕੰਪਨੀ ਇੰਫੋਸਿਸ ਦੇ ਬਾਨੀ ਐੱਚ.ਆਰ. ਨਰਾਇਣ ਮੂਰਤੀ ਦੀ ਧੀ ਅਕਸ਼ਤਾ ਮੂਰਤੀ ਨਾਲ ਹੋਇਆ। 2015 ਵਿਚ ਉਹ ਪਹਿਲੀ ਵਾਰ ਕੰਜ਼ਰਵੇਟਿਵ ਪਾਰਟੀ ਦੀ ਟਿਕਟ 'ਤੇ ਰਿਚਮੰਡ ਹਲਕੇ ਤੋਂ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਦਾ ਮੈਂਬਰ ਚੁਣਿਆ ਗਿਆ। ਉਸ ਨੇ 2017 ਅਤੇ 2019 ਦੀਆਂ ਚੋਣਾਂ ਵਿਚ ਵੀ ਇਸੇ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ। 2017 ਵਿਚ ਉਸ ਨੂੰ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਵਿਚ ਥਾਂ ਮਿਲੀ। 2020 ਵਿਚ ਉਹ ਵਿੱਤ ਮੰਤਰੀ ਬਣਿਆ ਅਤੇ 5 ਜੁਲਾਈ 2022 ਤਕ ਇਸ ਅਹੁਦੇ 'ਤੇ ਰਿਹਾ। ਕਰੋਨਾ ਮਹਾਮਾਰੀ ਦੌਰਾਨ ਉਸ ਨੇ ਇੰਗਲੈਂਡ ਦੇ ਅਰਥਚਾਰੇ ਨੂੰ ਸਥਿਰ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ। 2021 ਦੇ ਬਜਟ ਵਿਚ ਉਸ ਨੇ ਕਾਰਪੋਰੇਟ ਅਦਾਰਿਆਂ 'ਤੇ ਟੈਕਸ 19 ਫ਼ੀਸਦੀ ਤੋਂ ਵਧਾ ਕੇ 25 ਫ਼ੀਸਦੀ ਕਰ ਦਿੱਤਾ। 1974 ਤੋਂ ਬਾਅਦ ਉਹ ਇਸ ਟੈਕਸ ਵਿਚ ਵਾਧਾ ਕਰਨ ਵਾਲਾ ਪਹਿਲਾ ਵਿੱਤ ਮੰਤਰੀ ਸੀ। ਜੂਨ-ਜੁਲਾਈ 2022 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੁਆਰਾ ਕਰੋਨਾ ਮਹਾਮਾਰੀਆਂ ਦੌਰਾਨ ਦਿੱਤੀਆਂ ਪਾਰਟੀਆਂ ਅਤੇ ਕਰਿਸ਼ ਪਿੰਚਰ ਜਿਸ 'ਤੇ ਕਈ ਤਰ੍ਹਾਂ ਦੇ ਦੋਸ਼ ਲੱਗੇ ਹੋਏ ਸਨ, ਦੀ ਨਿਯੁਕਤੀ ਕਰਨ ਬਾਰੇ ਵਿਵਾਦ ਭਖਿਆ ਅਤੇ ਜੌਹਨਸਨ ਨੂੰ ਵੀ ਅਸਤੀਫ਼ਾ ਦੇਣਾ ਪਿਆ। ਸੂਨਕ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਿਆ ਪਰ ਕੰਜ਼ਰਵੇਟਿਵ ਪਾਰਟੀ ਦੀਆਂ ਅੰਦਰੂਨੀ ਚੋਣਾਂ ਵਿਚ ਉਹ ਲਿਜ਼ ਟਰੱਸ ਤੋਂ ਹਾਰ ਗਿਆ। ਲਿਜ਼ ਟਰੱਸ ਸਰਕਾਰ ਚਲਾਉਣ ਵਿਚ ਅਸਫ਼ਲ ਰਹੀ ਅਤੇ ਸੂਨਕ ਬਿਨਾ ਮੁਕਾਬਲਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣ ਲਿਆ ਗਿਆ ਹੈ।

ਨਸਲਵਾਦ ਵਿਰੋਧੀ ਕੋਣ ਤੋਂ ਸੂਨਕ ਦਾ ਪ੍ਰਧਾਨ ਮੰਤਰੀ ਬਣਨਾ ਬਹੁਤ ਅਹਿਮ ਹੈ। ਉਹ ਪਹਿਲਾ ਪ੍ਰਧਾਨ ਮੰਤਰੀ ਹੈ ਜੋ ਗੋਰੀ ਨਸਲ ਵਿਚੋਂ ਨਹੀਂ। ਉਂਝ, ਉਸ ਨੂੰ ਵਧ ਰਹੀ ਮਹਿੰਗਾਈ, ਤੇਲ ਅਤੇ ਗੈਸ ਦੀਆਂ ਵਧਦੀਆਂ ਕੀਮਤਾਂ ਵਰਗੀਆਂ ਚੁਣੌਤੀਆਂ ਉਸ ਦੇ ਸਾਹਮਣੇ ਹਨ। ਇਸ ਦੇ ਨਾਲ ਹੀ ਇਹ ਵੀ ਸਚਾਈ ਹੈ ਕਿ ਉਹ ਇੰਗਲੈਂਡ ਦੀ ਸੱਜੇ-ਪੱਖੀ ਹਾਕਮ ਜਮਾਤ ਦਾ ਨੁਮਾਇੰਦਾ ਹੈ। ਪਰਵਾਸੀ ਮਸਲਿਆਂ ਬਾਰੇ ਉਸ ਦੀ ਕੀ ਪਹੁੰਚ ਹੋਵੇਗੀ, ਇਹ ਤਾਂ ਆਉਣ ਵਾਲੇ ਸਮੇਂ ਦੌਰਾਨ ਹੀ ਸਾਹਮਣੇ ਆਉਣੀ ਹੈ ਪਰ ਉਹ ਕਿਵੇਂ ਵੀ ਆਪਣੀ ਪਾਰਟੀ ਦੀਆਂ ਨੀਤੀਆਂ ਤੋਂ ਲਾਂਭੇ ਜਾ ਨਹੀਂ ਸਕੇਗਾ। ਇਸੇ ਕਰਕੇ ਇਸ ਮਸਲੇ ਉਤੇ ਉਹ ਸ਼ਾਇਦ ਉਹ ਕੁਝ ਕਦੀ ਵੀ ਨਾ ਕਰ ਸਕੇ ਜਿਸ ਦੀ ਤਵੱਕੋ ਉਸ ਦੇ ਭਾਰਤੀ ਮੂਲ ਹੋਣ ਕਰਕੇ ਲੋਕ ਇਸ ਵਕਤ ਕਰ ਰਹੇ ਹਨ। ਅਸਲ ਵਿਚ ਸੱਤਾ ਦੀ ਸਿਆਸਤ ਦੀਆਂ ਆਪਣੀ ਵੱਖਰੀਆਂ ਗੁੰਝਲਾਂ ਹਨ। ਇਹ ਗੁੰਝਲਾਂ ਸਬੰਧਤ ਪਾਰਟੀ ਦੀਆਂ ਨੀਤੀਆਂ ਨਾਲ ਹੀ ਖੁੱਲ੍ਹਣੀਆਂ ਜਾਂ ਪਹਿਲਾਂ ਨਾਲੋਂ ਵੀ ਪੀਡੀਆਂ ਹੋਣੀਆਂ ਹੁੰਦੀਆਂ ਹਨ। ਸਮੁੱਚੇ ਸੰਸਾਰ ਦੀ ਸਿਆਸਤ ਦਾ ਮਿਜ਼ਾਜ ਇਸ ਵਕਤ ਦੱਸਦਾ ਹੈ ਕਿ ਬਹੁਤ ਸਾਰੇ ਮੁਲਕਾਂ ਵਿਚ ਸੱਜੇ-ਪੱਖੀ ਸਿਆਸਤ ਦੀ ਚੜ੍ਹਤ ਹੈ। ਪੰਜਾਬੀਆਂ ਅਤੇ ਭਾਰਤੀਆਂ ਨੇ ਰਿਸ਼ੀ ਸੂਨਕ ਦੇ ਪ੍ਰਧਾਨ ਮੰਤਰੀ ਬਣਨ 'ਤੇ ਜਸ਼ਨ ਮਨਾਏ ਹਨ ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਕਿ ਉਹ ਇੰਗਲੈਂਡ ਦਾ ਨਾਗਰਿਕ ਹੈ ਅਤੇ ਉਸ ਨੇ ਇੰਗਲੈਂਡ ਤੇ ਆਪਣੀ ਪਾਰਟੀ ਨਾਲ ਹੀ ਤੁਰਨਾ ਹੈ। ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਪੱਖਾਂ ਤੋਂ ਉਸ ਦਾ ਪ੍ਰਧਾਨ ਮੰਤਰੀ ਬਣਨਾ ਇੰਗਲੈਂਡ ਵਿਚ ਨਵਾਂ ਇਤਿਹਾਸ ਸਿਰਜ ਗਿਆ ਹੈ। ਉਸ ਦੇ ਪੁਰਖੇ ਜਦੋਂ ਪੰਜਾਬ ਤੋਂ ਗਏ ਸਨ ਤਾਂ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ ਅਤੇ ਹੁਣ ਉਹ ਅੰਗਰੇਜ਼ਾਂ ਦੇ ਮੁਲਕ ਦਾ ਮੁਖੀ ਬਣ ਗਿਆ ਹੈ। ਇਹ ਸਭ ਲੋਕਤੰਤਰ ਕਰ ਕੇ ਸੰਭਵ ਹੋ ਸਕਿਆ ਹੈ। ਅਜਿਹੀਆਂ ਘਟਨਾਵਾਂ ਨੇ ਇਤਿਹਾਸ ਵਿਚ ਆਪਣਾ ਯੋਗਦਾਨ ਪਾਇਆ ਹੈ ਅਤੇ ਬਹੁਤ ਵਾਰ ਸੱਤਾ ਤੇ ਸਿਆਸਤ ਦੇ ਮੁਹਾਣ ਮੋੜੇ ਹਨ। ਦੇਖਦੇ ਹਾਂ ਕਿ ਰਿਸ਼ੀ ਸੂਨਕ ਦੀ ਇਹ ਪ੍ਰਾਪਤੀ ਪੰਜਾਬੀਆਂ ਜਾਂ ਭਾਰਤੀਆਂ ਲਈ ਕਿੰਨਾ ਕੁ ਹੁਲਾਰਾ ਲੈ ਕੇ ਆਉਂਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਪੈਰੋਲ ਕਾਤਲਾਂ ਨੂੰ?

ਤਾਨਾਸ਼ਾਹੀ ਵੱਲ ਵਧ ਰਿਹਾ ਦੇਸ਼ ਦੇਖੋ, ਲੋਕਰਾਜ ਦਾ ਰਹਿ ਗਿਆ ਖੋਲ ਮੀਆਂ।  
ਸਭਕਾ ਸਾਥ ਵਿਕਾਸ ਤਾਂ ਕਹਿਣ ਨੂੰ ਐ, ਫਿਰਕਾਪ੍ਰਸਤੀ ਦਾ ਵੱਜਦਾ ਢੋਲ ਮੀਆਂ।  
ਲਿਖੇ ਰਹਿਣ ਕਾਨੂੰਨ ਸੰਵਿਧਾਨ ਅੰਦਰ, 'ਚੋਰ ਮੋਰੀਆਂ' ਲੈਂਦੇ ਹਨ ਟੋਲ੍ਹ ਮੀਆਂ।  
ਲੁਕੀ-ਛਿਪੀ ਹੁਣ ਰਹੀ ਨਾ ਗੱਲ ਕੋਈ, ਆਏ ਦਿਨ ਹੀ ਖੁੱਲ੍ਹਦੀ ਐ ਪੋਲ ਮੀਆਂ।  
ਹੋਵੇ ਕਾਤਲ ਤੇ ਭਾਵੇਂ ਕੋਈ ਬਲਾਤਕਾਰੀ, 'ਬਾਬੇ' ਬੰਦਿਆਂ ਉਚਾਰਦੇ ਬੋਲ ਮੀਆਂ।  
ਸਜ਼ਾ ਮੁੱਕੀ ਤੋਂ ਸੜਨ ਕਈ ਜੇਲ੍ਹ ਅੰਦਰ, ਮਿਲਦੀ ਕਾਤਲਾਂ ਤਾਈਂ ਪੈਰੋਲ ਮੀਆਂ!

# ਰਾਜਪਾਲ ਤੇ ਪੰਜਾਬ ਸਰਕਾਰ ਵਿਵਾਦ ਦੀਆਂ ਜੜ੍ਹਾਂ



ਨਵਕਿਰਨ ਸਿੰਘ ਪੱਤੀ

ਈਮੇਲ: n4navkiran@gmail.com

ਇਨ੍ਹੀਂ ਦਿਨੀਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਪੰਜਾਬ ਸਰਕਾਰ ਖਿਲਾਫ ਚੱਲ ਰਹੀ ਬਿਆਨਬਾਜ਼ੀ ਨੇ ਮੀਡੀਆ ਸਮੇਤ ਪੂਰੇ ਪੰਜਾਬ ਦਾ ਧਿਆਨ ਖਿੱਚਿਆ ਹੋਇਆ ਹੈ। ਬਹੁਤ ਸਾਰੇ ਲੋਕ ਇਸ ਮਾਮਲੇ ਨੂੰ ਵਿਅਕਤੀਗਤ ਲੜਾਈ ਸਮਝ ਰਹੇ ਹਨ ਜਦਕਿ ਹਕੀਕਤ ਇਹ ਹੈ ਕਿ ਇਹ ਮਸਲਾ ਵਿਅਕਤੀਗਤ ਨਹੀਂ, ਸਿਧਾਂਤਕ ਹੈ। ਇਸ ਦੀਆਂ ਜੜ੍ਹਾਂ ਰਾਜਾਂ ਦੇ ਅਧਿਕਾਰਾਂ, ਫੈਡਰਲ ਢਾਂਚੇ, ਰਾਜਪਾਲ ਦੀਆਂ ਸ਼ਕਤੀਆਂ ਆਦਿ ਵਿਚ ਪਈਆਂ ਹਨ।

ਪੰਜਾਬ ਦੀ 'ਆਪ' ਸਰਕਾਰ ਅਤੇ ਰਾਜਪਾਲ ਵਿਚ ਤਾਜ਼ਾ ਬਿਆਨਬਾਜ਼ੀ ਭਰੋਸਗੀ ਮਤਾ ਹਾਸਲ ਕਰਨ ਲਈ ਸੱਦੇ 22 ਸਤੰਬਰ ਦੇ ਬੋਲੋਤੇ ਸੈਸ਼ਨ ਸਮੇਂ ਸ਼ੁਰੂ ਹੋ ਗਈ ਸੀ ਜਦ ਪ੍ਰਵਾਨਗੀ ਦਿੱਤੀ ਹੋਣ ਦੇ ਬਾਵਜੂਦ ਇਜਲਾਸ ਤੋਂ ਦੋ ਦਿਨ ਪਹਿਲਾਂ ਰਾਜਪਾਲ ਨੇ ਇਸ ਇਜਲਾਸ ਦੀ ਪ੍ਰਵਾਨਗੀ ਰੱਦ ਕਰ ਦਿੱਤੀ ਸੀ। ਫਿਰ ਕੁਝ ਦਿਨ ਬਾਅਦ ਪੰਜਾਬ ਸਰਕਾਰ ਨੇ ਰਾਜਪਾਲ ਤੋਂ ਕੁਝ ਹੋਰ ਮੁੱਦਿਆਂ ਦੇ ਨਾਂ ਉੱਤੇ ਸੈਸ਼ਨ ਦੀ ਪ੍ਰਵਾਨਗੀ ਲੈ ਲਈ ਅਤੇ ਆਪਣੇ ਸਿਆਸੀ ਮੰਤਵ ਦੀ ਪੂਰਤੀ ਲਈ ਭਰੋਸਗੀ ਮਤਾ ਹਾਸਲ ਕਰ ਲਿਆ। ਉਸ ਤੋਂ ਬਾਅਦ ਚੰਡੀਗੜ੍ਹ 'ਚ 8 ਅਕਤੂਬਰ ਨੂੰ ਭਾਰਤੀ ਹਵਾਈ ਫੌਜ ਦੇ 90ਵੇਂ ਸਥਾਪਨਾ ਦਿਵਸ ਮੌਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਆਮਦ ਵਾਲੇ ਪ੍ਰੋਗਰਾਮ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਮੌਜੂਦਗੀ 'ਤੇ ਰਾਜਪਾਲ ਵੱਲੋਂ ਮੀਡੀਆ 'ਚ ਸਵਾਲ ਚੁੱਕੇ ਗਏ ਸਨ।

ਪੰਜਾਬ ਸਰਹੱਦੀ ਸੂਬਾ ਹੈ ਤੇ 'ਅਮਨ ਕਾਨੂੰਨ' ਦੀ ਜਿੰਮੇਵਾਰੀ ਸੂਬਾ ਸਰਕਾਰ ਦੀ ਹੁੰਦੀ ਹੈ ਜਿਸ ਵਿਚ 'ਵਿਸ਼ੇਸ਼ ਹਾਲਤ' ਤੋਂ ਬਗੈਰ ਰਾਜਪਾਲ ਦਖਲਅੰਦਾਜ਼ੀ ਨਹੀਂ ਕਰਦਾ ਹੁੰਦਾ ਪਰ ਪੰਜਾਬ ਦਾ ਰਾਜਪਾਲ ਪਿਛਲੇ 6-7 ਮਹੀਨਿਆਂ ਦੌਰਾਨ ਸਰਹੱਦੀ ਖੇਤਰਾਂ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ ਆਦਿ ਵਿਚ ਸਰਗਰਮੀ ਨਾਲ ਵਿਚਰਦਾ ਰਿਹਾ ਹੈ ਜਿੱਥੇ ਉਹਨਾਂ ਬੀ.ਐਸ.ਐਫ. ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਨਸ਼ਿਆਂ ਦੇ ਮਾਮਲੇ 'ਚ ਪੰਜਾਬ ਪੁਲਿਸ ਤੇ ਨਸ਼ਾ ਤਸਕਰਾਂ ਦੇ ਆਪਸੀ ਗਠਜੋੜ ਹੋਣ ਦਾ ਬਿਆਨ ਵੀ ਦਿੱਤਾ।


ਰਾਜਪਾਲ ਨੇ ਪਹਿਲਾਂ ਪੰਜਾਬ ਸਰਕਾਰ ਵੱਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਨਵ-ਨਿਯੁਕਤ ਵਾਈਸ ਚਾਂਸਲਰ ਗੁਰਪ੍ਰੀਤ ਸਿੰਘ ਵਾਂਡਰ ਦੀ ਨਿਯੁਕਤੀ ਰੱਦ ਕੀਤੀ ਅਤੇ ਹੁਣ ਤਾਜ਼ਾ ਮਾਮਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਦੀ ਅੱਧ ਅਗਸਤ 'ਚ ਕੀਤੀ ਨਿਯੁਕਤੀ ਰੱਦ ਕਰਨਾ ਬਣਿਆ ਹੈ।

ਇਨ੍ਹਾਂ ਵਿਚੋਂ ਬਹੁਤੇ ਮਾਮਲਿਆਂ 'ਚ ਭਾਵੇਂ ਸੂਬਾ ਸਰਕਾਰ ਦੀਆਂ ਤਕਨੀਕੀ ਗਲਤੀਆਂ ਅਤੇ ਹਲਕੇ ਪੱਧਰ ਦੀ ਸਿਆਸਤ ਨਜ਼ਰ ਆਉਂਦੀ ਹੈ ਪਰ ਇਹ ਮਾਮਲਾ ਤਕਨੀਕੀ ਨਹੀਂ ਬਲਕਿ ਸਿਧਾਂਤਕ ਹੈ ਜਿਸ ਨੂੰ 'ਆਪ' ਸਰਕਾਰ ਹਲਕੇ ਵਿਚ ਲੈ ਰਹੀ ਹੈ। ਜੇ ਕੋਈ ਸੂਬਾ ਸਰਕਾਰ ਆਪਣੇ ਸੂਬੇ ਦੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਆਪਣੀ ਮਰਜ਼ੀ ਨਾਲ ਨਿਯੁਕਤ ਨਹੀਂ ਕਰ ਸਕਦੀ, ਫਿਰ ਉਸ ਸਰਕਾਰ ਨੇ ਹੋਰ ਕਰਨਾ ਕੀ ਹੈ?

ਚਾਹੀਦਾ ਤਾਂ ਇਹ ਹੈ ਕਿ ਸੂਬਾ ਸਰਕਾਰਾਂ ਨੂੰ ਵੱਧ ਤੋਂ ਵੱਧ ਅਧਿਕਾਰ ਦਿੱਤੇ ਜਾਣ ਅਤੇ ਅਜਿਹਾ ਫੈਡਰਲ ਢਾਂਚਾ ਸਥਾਪਤ ਕੀਤਾ ਜਾਵੇ ਜਿੱਥੇ ਜ਼ਿਆਦਾਤਰ ਫੈਸਲੇ ਸੂਬਾ ਸਰਕਾਰਾਂ ਆਪਣੇ ਪੱਧਰ 'ਤੇ ਕਰ ਸਕਣ ਪਰ ਕੇਂਦਰ ਸਰਕਾਰ ਪਿਛਲੇ ਸਮੇਂ ਤੋਂ ਸੀਮਤ ਫੈਡਰਲ ਢਾਂਚੇ ਨੂੰ ਵੀ ਤਹਿਸ ਨਹਿਸ ਕਰ ਕੇ ਤਾਕਤਾਂ ਦਾ ਕੇਂਦਰੀਕਰਨ ਕਰਨ ਲੱਗੀ ਹੋਈ ਹੈ ਜਿਸ ਤਹਿਤ ਮੁੱਖ ਮੰਤਰੀ ਦੀ ਹੈਸੀਅਤ ਕਿਸੇ ਵੱਡੇ ਸ਼ਹਿਰ ਦੇ ਮੇਅਰ ਵਰਗੀ ਬਣਾਈ ਜਾ ਰਹੀ ਹੈ। ਜੀ.ਐਸ.ਟੀ. ਤਹਿਤ ਕੇਂਦਰ ਸਰਕਾਰ ਟੈਕਸਾਂ ਦਾ ਸਾਰੇ ਦਾ ਸਾਰਾ ਪੈਸਾ ਇਕੱਠਾ ਕਰ ਕੇ ਲੈ ਜਾਂਦੀ ਹੈ ਅਤੇ ਸੂਬਾ ਸਰਕਾਰਾਂ ਬਾਅਦ ਵਿਚ ਕੇਂਦਰ ਦੀਆਂ ਮੁਥਾਜ ਬਣ ਕੇ ਰਹਿ ਜਾਂਦੀਆਂ ਹਨ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਇਸ ਖੇਤਰ ਦੀ ਅਹਿਮ ਸੰਸਥਾ ਹੈ। ਇਸ ਯੂਨੀਵਰਸਿਟੀ ਦੇ ਵੀ.ਸੀ. ਦੀ ਨਿਯੁਕਤੀ ਹਰਿਆਣਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀਜ਼ ਐਕਟ-1970 ਤਹਿਤ ਕੀਤੀ ਜਾਂਦੀ ਰਹੀ ਹੈ। ਡਾ. ਸਤਬੀਰ ਸਿੰਘ ਗੋਸਲ ਦੀ ਨਿਯੁਕਤੀ ਵੀ ਇਸੇ ਐਕਟ ਅਨੁਸਾਰ ਕੀਤੀ ਗਈ ਹੈ।

ਭਾਰਤ ਦੀ ਸੱਤਾ 'ਤੇ ਬਿਰਾਜਮਾਨ ਰਹੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੀ ਰਾਜਾਂ ਦੇ ਅਧਿਕਾਰਾਂ ਸਬੰਧੀ ਪਹੁੰਚ ਠੀਕ ਨਹੀਂ ਰਹੀ ਹੈ। 1960ਵਿਆਂ ਤੋਂ ਬਾਅਦ ਜਦ ਭਾਰਤ ਦੇ ਕੁਝ ਸੂਬਿਆਂ ਵਿਚ ਗੈਰ-ਕਾਂਗਰਸ ਸਰਕਾਰਾਂ ਬਣਨ ਲੱਗੀਆਂ ਤਾਂ ਕਾਂਗਰਸ ਨੇ ਰਾਜਪਾਲਾਂ ਰਾਹੀਂ ਸਰਕਾਰਾਂ ਸੁੱਟਣ ਦੇ ਅਨੇਕਾਂ ਵਾਰ ਯਤਨ ਕੀਤੇ। ਦੇਸ਼ ਦੀਆਂ ਅਨੇਕਾਂ ਪਾਰਟੀਆਂ ਰਾਜਾਂ ਨੂੰ ਵੱਧ ਅਧਿਕਾਰਾਂ ਜਾਂ ਖੁਦ-ਮੁਖਤਾਰੀ ਦੀ ਗੱਲ ਤਾਂ ਕਰਦੀਆਂ ਹਨ ਪਰ ਉਹ ਸਿਰਫ ਤੇ ਸਿਰਫ ਕਹਿਣ ਲਈ ਹੀ ਹਨ।



ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ।

ਦਿਲਚਸਪ ਪਹਿਲੂ ਇਹ ਵੀ ਹੈ ਕਿ ਪੰਜਾਬ ਵਿਚ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਸੱਤਾ ਹਾਸਲ ਕਰਨ ਸਮੇਂ ਦਿੱਲੀ ਨੂੰ ਵੱਧ ਅਧਿਕਾਰ ਦੇਣ ਦਾ ਰਾਗ ਅਲਾਪਿਆ ਸੀ ਜੋ ਦਿੱਲੀ ਵਿਚ ਸਰਕਾਰ ਬਣਨ ਤੋਂ ਬਾਅਦ ਇਹਨਾਂ ਦੀ ਤਰਜੀਹ ਨਹੀਂ ਰਿਹਾ ਹੈ। ਜਦ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖਤਮ ਕਰ ਕੇ ਉਸ ਨੂੰ ਦਿੱਲੀ ਵਾਂਗ ਯੂ.ਟੀ. ਬਣਾਇਆ ਜਾ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਭਾਜਪਾ ਹਕੂਮਤ ਦੇ ਪੱਖ ਵਿਚ ਖੜ੍ਹੀ ਸੀ।

ਹੁਣ ਪੰਜਾਬ ਵਿਚ ਵੀ ਵਾਈਸ ਚਾਂਸਲਰ ਦੀ ਨਿਯੁਕਤੀ 'ਤੇ ਸਪੱਸ਼ਟਤਾ ਨਾਲ ਸਟੈਂਡ ਲੈਣ ਦੀ ਬਜਾਏ ਇਹ ਹਾਸੋਹੀਣੀ ਕਾਮੇਡੀ ਕਰ ਰਹੇ ਹਨ ਕਿ ਅੰਗਰੇਜ਼ੀ ਵਿਚ ਰਾਜਪਾਲ ਨੂੰ ਭੇਜੀ ਚਿੱਠੀ ਦੀ ਸ਼ਬਦਾਵਲੀ ਹੋਰ ਹੈ ਤੇ ਪੰਜਾਬੀ ਵਿਚ ਮੀਡੀਆ ਅਤੇ ਆਮ ਲੋਕਾਂ ਨੂੰ ਦਿਖਾਈ ਚਿੱਠੀ ਦੀ ਸ਼ਬਦਾਵਲੀ ਹੋਰ ਹੈ।

ਸਰਹੱਦੀ ਖੇਤਰ ਵਿਚ ਰਾਜਪਾਲ ਦੇ ਦੌਰੇ ਤੋਂ ਬਾਅਦ ਸੂਬੇ ਦੀ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਤਾਂ ਇਨ੍ਹਾਂ ਦੌਰਿਆਂ ਨੂੰ ਪੰਜਾਬ ਦੀ ਖ਼ੁਦਮੁਖਤਾਰੀ ਲਈ ਖਤਰਾ ਕਰਾਰ ਦਿੰਦਿਆਂ ਇਸ ਨੂੰ ਕੇਂਦਰ ਦੀ ਦਖਲਅੰਦਾਜ਼ੀ ਕਿਹਾ ਸੀ ਪਰ 'ਆਪ' ਆਗੂਆਂ ਨੇ ਚੁੱਪ ਵੱਟੀ ਰੱਖੀ ਸੀ। ਰਾਜਪਾਲ ਦੀ ਦਖਲਅੰਦਾਜ਼ੀ ਦੇ ਨਾਲ-ਨਾਲ ਬੀ.ਬੀ.ਐਮ.ਬੀ. ਵਿਚ ਪੰਜਾਬ ਦੀਆਂ ਤਾਕਤਾਂ ਸੀਮਤ ਕਰਨ, ਚੰਡੀਗੜ੍ਹ ਵਿਚ ਹਰਿਆਣਾ ਦੀ ਨਵੀਂ ਵਿਧਾਨ ਸਭਾ ਸਥਾਪਤ ਕਰਨ ਲਈ ਜ਼ਮੀਨ ਦੇਣ, ਬੀ.ਐਸ.ਐਫ. ਦਾ ਦਾਇਰਾ ਵਧਾਉਣ, ਪੰਜਾਬ ਦਾ ਦਰਿਆਈ ਪਾਣੀਆਂ 'ਤੇ ਹੱਕ ਆਦਿ ਅਜਿਹੇ ਚਲੰਤ ਮਾਮਲੇ ਹਨ ਜਿਨ੍ਹਾਂ ਬਾਰੇ ਕੇਂਦਰ ਸਰਕਾਰ ਨਾਲ ਗੱਲ ਕਰਨੀ ਸੂਬਾ ਸਰਕਾਰ ਦੀ ਪਹਿਲ ਪ੍ਰਥਮ ਜ਼ਿੰਮੇਵਾਰੀ ਬਣਦੀ ਹੈ।

ਇਨ੍ਹਾਂ ਸਾਰੇ ਮਾਮਲਿਆਂ ਬਾਰੇ ਸੂਬਾ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਕਰਨੀ ਚਾਹੀਦੀ ਹੈ ਜਿਸ ਵਿਚ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਕਰਨੇ ਚਾਹੀਦੇ ਹਨ ਤੇ ਪੰਜਾਬ ਵੱਲੋਂ ਸਾਂਝਾ ਪ੍ਰਤੀਕਰਮ ਕੇਂਦਰ ਸਰਕਾਰ ਕੋਲ ਜਾਣਾ ਚਾਹੀਦਾ ਹੈ।

ਵੈਸੇ ਰਾਜਪਾਲ ਅਤੇ ਸੂਬਾ ਸਰਕਾਰਾਂ ਵਿਚ ਵਿਵਾਦ ਦਾ ਇਹ ਮਸਲਾ ਪੰਜਾਬ ਤੱਕ ਸੀਮਤ ਨਹੀਂ ਹੈ ਬਲਕਿ ਦਿੱਲੀ, ਪੱਛਮੀ ਬੰਗਾਲ, ਜੰਮੂ ਕਸ਼ਮੀਰ, ਪੁੱਡੂਚੇਰੀ, ਮਹਾਰਾਸ਼ਟਰ ਆਦਿ ਵਿਚ ਇਸ ਦੀ ਝਲਕ ਦੇਖ ਚੁੱਕੇ ਹਾਂ। ਪਿਛਲੇ ਸਮੇਂ ਦੌਰਾਨ ਪੱਛਮੀ ਬੰਗਾਲ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤਤਕਾਲੀ ਰਾਜਪਾਲ ਜਗਦੀਪ ਧਨਖੜ ਵਿਚਾਲੇ ਖਿੱਚੋਤਾਣ ਚਰਚਾ ਦਾ ਵਿਸ਼ਾ ਰਹੀ ਹੈ। ਪੱਛਮੀ ਬੰਗਾਲ ਦੇ ਤਤਕਾਲੀ ਰਾਜਪਾਲ ਨੇ ਮਮਤਾ ਬੈਨਰਜੀ ਦੇ ਜ਼ਿਆਦਾਤਰ ਫੈਸਲਿਆਂ ਦੀ ਆਲੋਚਨਾ ਕੀਤੀ ਅਤੇ ਸਰਕਾਰ ਨਾਲ ਹਰ ਮਸਲੇ 'ਤੇ ਆਢਾ ਲਾਈ ਰੱਖਿਆ। ਸ਼ਾਇਦ ਇਸੇ ਕਰ ਕੇ ਕਈ ਰਾਜਸੀ ਮਾਹਿਰ ਕਹਿੰਦੇ ਹਨ ਕਿ ਭਾਜਪਾ ਨੇ ਰਾਜਪਾਲ ਨੂੰ ਉਪ ਰਾਸ਼ਟਰਪਤੀ ਬਣਾ ਕੇ 'ਇਨਾਮ' ਦਿੱਤਾ ਹੈ।

ਦਿੱਲੀ ਵਿਚ 'ਆਪ' ਮੁਖੀ ਅਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਪ ਰਾਜਪਾਲ ਖ਼ਿਲਾਫ਼ ਧਰਨੇ ਤੱਕ ਦਿੰਦੇ ਰਹੇ ਹਨ। ਪਿਛਲੇ ਵਰ੍ਹੇ ਕੇਂਦਰ ਸਰਕਾਰ ਨੇ ਦਿੱਲੀ ਸਰਕਾਰ ਦੇ ਮੁਕਾਬਲੇ ਉਪ ਰਾਜਪਾਲ ਨੂੰ ਵਧੇਰੇ ਸ਼ਕਤੀਆਂ ਦੇਣ ਵਾਲਾ ਬਿਲ ਲੋਕ ਸਭਾ ਵਿਚ ਪਾਸ ਕੀਤਾ ਜਿਸ ਅਨੁਸਾਰ ਮੰਤਰੀ ਮੰਡਲ ਵੱਲੋਂ ਕੋਈ ਵੀ ਕਾਨੂੰਨ ਲਾਗੂ ਕਰਨ ਤੋਂ ਪਹਿਲਾਂ ਉਪ ਰਾਜਪਾਲ ਦੀ ਰਾਇ ਲੈਣੀ ਜ਼ਰੂਰੀ ਹੈ। ਇਸ ਅਨੁਸਾਰ ਤਾਂ ਹੁਣ ਦਿੱਲੀ ਵਿਚ ਸਿਰਫ ਨਾਮ ਦੀ ਸਰਕਾਰ ਹੋਵੇਗੀ।

ਕੇਂਦਰ ਸਰਕਾਰ ਨੇ 2016 'ਚ ਸਾਬਕਾ ਪੁਲਿਸ ਅਫਸਰ ਕਿਰਨ ਬੇਦੀ ਨੂੰ ਪੁੱਡੂਚੇਰੀ ਦੀ ਉਪ ਰਾਜਪਾਲ ਨਿਯੁਕਤ ਕੀਤਾ ਸੀ ਅਤੇ ਉਹ ਕਾਂਗਰਸ ਨਾਲ ਸਬੰਧਿਤ ਸੂਬਾ ਸਰਕਾਰ ਨੂੰ ਟਿੱਚ ਜਾਣਦਿਆਂ ਆਪਣੇ ਪੱਧਰ 'ਤੇ ਬਹੁਤੇ ਫੈਸਲੇ ਕਰ ਰਹੀ ਸੀ ਜਿਸ ਤੋਂ ਅੱਕੇ ਪੁੱਡੂਚੇਰੀ ਦੇ ਮੁੱਖ ਮੰਤਰੀ ਵੀ. ਨਰਾਇਣਸਵਾਮੀ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਪੱਤਰ ਲਿਖਿਆ ਸੀ। ਕੇਂਦਰ ਸਰਕਾਰ ਨੇ ਭਾਵੇਂ ਆਪਣੀ ਸਿਆਸੀ ਗਿਣਤੀ-ਮਿਣਤੀ ਵਿਚ ਕਿਰਨ ਬੇਦੀ ਨੂੰ ਵਾਪਸ ਬੁਲਾ ਲਿਆ ਪਰ ਉਸ ਵੱਲੋਂ ਸਰਕਾਰ ਨੂੰ ਅਣਗੌਲਿਆਂ ਕਰ ਕੇ ਕੀਤੇ ਫੈਸਲੇ ਭਾਜਪਾ ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਗੈਰ ਸੰਭਵ ਨਹੀਂ ਸਨ।

ਕੇਰਲ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਅਤੇ ਕੇਰਲ ਦੀ ਪਿਨਾਰਾਈ ਵਿਜੇਅਨ ਦੀ ਅਗਵਾਈ ਵਾਲੀ ਖੱਬੇ ਪੱਖੀ ਸਰਕਾਰ ਵਿਚ ਖੂਬ ਬਿਆਨਾਬਾਜ਼ੀ ਹੋ ਰਹੀ ਹੈ। ਕੇਰਲ ਦੇ ਰਾਜਪਾਲ ਦਾ ਕਾਨੂੰਨ ਵਿਵਸਥਾ ਅਤੇ ਸੂਬੇ ਵਿਚ ਨਸ਼ਿਆਂ ਬਾਰੇ ਦਿੱਤਾ ਬਿਆਨ ਸੂਬਾ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਸਿੱਧੇ ਸਵਾਲ ਖੜ੍ਹੇ ਕਰਨ ਵਾਲਾ ਹੈ। ਤਾਮਿਲਨਾਡੂ ਦੇ ਰਾਜਪਾਲ ਆਰ.ਐਨ. ਰਵੀ ਅਤੇ ਡੀ.ਐਮ.ਕੇ. ਸਰਕਾਰ ਵਿਚ ਵਾਈਸ ਚਾਂਸਲਰ ਦੀ ਨਿਯੁਕਤੀਆਂ ਸਮੇਤ ਵੱਖ ਵੱਖ ਮਸਲਿਆਂ 'ਤੇ ਲਗਾਤਾਰ ਟਕਰਾਅ ਚੱਲ ਰਿਹਾ ਹੈ। ਲੰਘੀ 30 ਜੁਲਾਈ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਦਿੱਤਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਭਾਜਪਾ ਸੂਬਿਆਂ ਵਿਚ ਗਵਰਨਰਾਂ ਜ਼ਰੀਏ ਸਮਾਨਾਂਤਰ ਸਰਕਾਰਾਂ ਚਲਾ ਰਹੀ ਹੈ। ਮਹਾਰਾਸ਼ਟਰ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਅਤੇ ਮਹਾਰਾਸ਼ਟਰ ਦੀ ਪਿਛਲੀ 'ਮਹਾਂ ਵਿਕਾਸ ਅਗਾੜੀ ਸਰਕਾਰ' ਵਿਚ ਵੀ ਕਾਫੀ ਮਸਲਿਆਂ 'ਤੇ ਅਜਿਹੀ ਚਰਚਾ ਹੁੰਦੀ ਰਹੀ ਸੀ। ਭਾਜਪਾ ਚੋਣਾਂ ਸਮੇਂ ਸੂਬਿਆਂ ਵਿਚ ਜਦ ਡਬਲ ਇੰਜਨ ਸਰਕਾਰ ਦਾ ਨਾਅਰਾ ਦਿੰਦੀ ਹੈ ਤਾਂ ਉਹ ਵੋਟਰਾਂ ਨੂੰ ਇਹੋ ਸੰਕੇਤ ਦੇਣਾ ਚਾਹੁੰਦੀ ਹੈ ਕਿ ਕੇਂਦਰ ਦਾ ਇੰਜਨ ਤਾਂ ਹੀ ਸੂਬੇ ਦੇ ਪੱਖ ਵਿਚ ਚੱਲੇਗਾ ਜੇ ਸੂਬੇ ਵਿਚ ਵੀ ਉਨ੍ਹਾਂ ਦੀ ਸਰਕਾਰ ਬਣੇਗੀ।

ਭਾਰਤ ਵੱਖ ਵੱਖ ਕੌਮੀਅਤਾਂ, ਧਰਮਾਂ, ਵਰਗਾਂ ਦਾ ਗੁਲਦਸਤਾ ਹੈ ਜਿਸ ਵਿਚ ਖੇਤਰੀ ਪਾਰਟੀਆਂ ਦੀ ਹੋਂਦ ਬਹੁਤ ਜ਼ਰੂਰੀ ਹੈ। ਭਾਜਪਾ ਹਕੂਮਤ ਦਾ ਰਵੱਈਆ ਤਾਕਤਾਂ ਦੇ ਕੇਂਦਰੀਕਰਨ ਵੱਲ ਵਧ ਰਿਹਾ ਹੈ ਤਾਂ ਅਜਿਹੇ ਹਾਲਾਤ ਵਿਚ ਖੇਤਰੀ ਪਾਰਟੀਆਂ ਅਤੇ ਜਮਹੂਰੀ ਸੰਸਥਾਵਾਂ ਨੂੰ ਦੇਸ਼ ਪੱਧਰੀ ਸਾਂਝਾ ਮੁਹਾਜ਼ ਉਸਾਰ ਕੇ ਇਸ ਮਸਲੇ 'ਤੇ ਸਿਆਸੀ ਜੱਦੋ-ਜਹਿਦ ਕਰਨੀ ਚਾਹੀਦੀ ਹੈ।

# ਅੱਜ ਦੀ ਸਿਆਸਤ ਅਤੇ ਰਾਹ ਦੀ ਪਛਾਣ

ਸਵਰਾਜਬੀਰ


ਰਾਹ ਸਮਾਜ ਨੂੰ ਹਮੇਸ਼ਾ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜਿਕ ਤੇ ਸਿਆਸੀ ਆਗੂ ਅਤੇ ਧਾਰਮਿਕ ਰਹਿਬਰ ਲੋਕਾਂ ਨੂੰ ਇਨ੍ਹਾਂ ਸੰਕਟਾਂ ਵਿਚੋਂ ਨਿਕਲਣ ਦੀ ਰਾਹ ਦੱਸਦੇ ਹਨ। ਪੰਜਾਬ ਦੀ ਧਰਤੀ 'ਤੇ ਸਹੀ ਰਾਹ ਦੱਸਣ ਦੀ ਸਿਖ਼ਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦੀ ਹੈ। ਬਾਬਾ ਨਾਨਕ ਜੀ ਦੇ ਸ਼ਬਦਾਂ ਤੋਂ ਸੇਧ ਲੈ ਕੇ ਪੰਜਾਬੀਆਂ ਤੇ ਸਿੱਖਾਂ ਨੇ ਆਪਣੀ ਜੀਵਨ-ਜਾਚ ਵਿਚ ਸੁਧਾਰ ਲਿਆਉਂਦਿਆਂ ਸਮਾਜਿਕ ਬਰਾਬਰੀ ਤੇ ਏਕਤਾ ਦੀ ਲੋੜ ਨੂੰ ਸਮਝਿਆ ਅਤੇ ਜਬਰ ਤੇ ਸਮਾਜਿਕ ਅਨਿਆਂ ਵਿਰੁੱਧ ਸੰਘਰਸ਼ ਕੀਤਾ। ਉਨ੍ਹਾਂ ਦਾ ਸੰਦੇਸ਼ ਸਿਰਫ਼ ਪੰਜਾਬੀਆਂ ਤੇ ਸਿੱਖਾਂ ਲਈ ਨਹੀਂ ਸਗੋਂ ਸਾਰੀ ਮਨੁੱਖਤਾ ਲਈ ਹੈ।

ਨਾਨਕ-ਬਾਣੀ ਪੜ੍ਹਦਿਆਂ ਸਾਨੂੰ ਉਸ ਸਮੇਂ ਦੇ ਸਮਾਜ ਵਿਚਲੀਆਂ ਦੁਫੇੜਾਂ, ਮਜਬੂਰੀਆਂ, ਪੱਛੜੇਪਣ, ਆਗੂਆਂ ਦੇ ਦੋਗਲੇਪਣ ਅਤੇ ਕੂੜ ਤੇ ਹਉਮੈ ਦੇ ਪਸਾਰ ਦਾ ਪਤਾ ਲੱਗਦਾ ਹੈ। ਗੁਰੂ ਸਾਹਿਬ ਨੇ ਪੰਜਾਬੀਆਂ ਨੂੰ ਸਹੀ ਸੇਧ ਦੇ ਕੇ ਸਮਾਜਿਕ ਬਰਾਬਰੀ, ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਰਾਹ 'ਤੇ ਪਾਇਆ। ਉਨ੍ਹਾਂ ਨੇ ਪਾਖੰਡ, ਕਰਮਕਾਂਡ ਤੇ ਹੋਰ ਕੁਰੀਤੀਆਂ ਦੀ ਕੜੀ ਆਲੋਚਨਾ ਕੀਤੀ। ਉਦਾਹਰਨ ਦੇ ਤੌਰ 'ਤੇ 'ਰਾਗ ਸਾਰੰਗ' ਵਿਚ ਉਹ ਧਰਮ ਦੇ ਨਾਂ 'ਤੇ ਵਣਜ ਕਰਦੇ ਲੋਕਾਂ ਬਾਰੇ ਲਿਖਦੇ ਹਨ, "ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥ ਮਖਟੂ ਹੋਇ ਕੈ ਕੰਨ ਪੜਾਏ॥" ਭਾਵ, ਗਿਆਨ ਤੋਂ ਸੱਖਣਾ ਆਦਮੀ ਭਜਨ ਗਾਉਂਦਾ ਹੈ; ਭੁੱਖਾ ਮੁੱਲਾਂ ਆਪਣੇ ਘਰ ਨੂੰ ਹੀ ਮਸਜਿਦ ਬਣਾ ਲੈਂਦਾ ਹੈ; ਮਖੱਟੂ ਬਣ ਕੇ ਉਹ ਕੰਨ ਪੜਵਾ ਲੈਂਦਾ ਹੈ। ਇਸ ਸ਼ਬਦ ਦੇ ਅੰਤ ਵਿਚ ਗੁਰੂ ਸਾਹਿਬ ਜੀਵਨ-ਜਾਚ ਦਾ ਉਹ ਮੰਤਰ ਦੱਸਦੇ ਹਨ ਜਿਸ ਨੇ ਪੰਜਾਬੀਆਂ ਦੇ ਜੀਵਨ ਨੂੰ ਸੱਚੀ ਰਾਹ 'ਤੇ ਪਾਇਆ, "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਭਾਵ ਜਿਹੜਾ ਮਨੁੱਖ ਮਿਹਨਤ-ਮੁਸ਼ੱਕਤ ਕਰ ਕੇ ਰੋਜ਼ੀ ਕਮਾਉਂਦਾ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡਦਾ ਹੈ, ਕੇਵਲ ਉਹੀ ਸੱਚੀ ਜੀਵਨ-ਰਾਹ ਨੂੰ ਜਾਣਦਾ ਹੈ।

ਬਾਬਾ ਜੀ ਨੇ ਧਰਮ ਦੇ ਨਾਂ 'ਤੇ ਵਣਜ ਕਰਨ ਵਾਲਿਆਂ ਨੂੰ ਵੱਡੀ ਫਿਟਕਾਰ ਪਾਈ, "ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥" ਭਾਵ, ਉਨ੍ਹਾਂ ਵਿਅਕਤੀਆਂ ਦਾ ਜੀਵਨ ਧ੍ਰਿਗ (ਲਾਹਨਤ ਮਾਰਿਆ) ਹੈ ਜੋ ਪ੍ਰਭੂ ਦੇ ਨਾਮ ਨੂੰ ਵੇਚਣ ਲਈ ਲਿਖਦੇ ਤੇ ਪੜ੍ਹਦੇ ਹਨ। ਅਜਿਹੇ ਵਿਅਕਤੀਆਂ ਦੇ ਮੁਕਾਬਲੇ ਗੁਰੂ ਨਾਨਕ ਦੇਵ ਜੀ ਨੇ ਪਰਮ ਸ੍ਰੇਸ਼ਟ ਸ਼ਖ਼ਸ ਦੀ ਪਰਿਭਾਸ਼ਾ ਇਉਂ ਕੀਤੀ ਹੈ, "ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥" ਭਾਵ ਉਹ ਮਨੁੱਖ ਸ੍ਰੇਸ਼ਟ (ਪਰਧਾਨ) ਹਨ ਜਿਹੜੇ ਸੱਚ ਨੂੰ ਆਪਣਾ ਵਰਤ, ਸੰਤੋਖ ਨੂੰ ਤੀਰਥ (ਯਾਤ੍ਰਾ-ਅਸਥਾਨ), ਪ੍ਰਭੂ ਵੱਲ ਧਿਆਨ ਦੇਣ ਨੂੰ ਇਸ਼ਨਾਨ, ਦਇਆ ਨੂੰ ਆਪਣਾ ਦੇਵਤਾ ਅਤੇ ਮੁਆਫ਼ੀ ਦੇਣ ਨੂੰ ਆਪਣੀ ਮਾਲਾ ਬਣਾਉਂਦੇ ਹਨ।

ਗੁਰੂ ਸਾਹਿਬ ਨੇ ਧਾਰਮਿਕ ਭੇਖ ਕਰਨ ਵਾਲਿਆਂ ਦੇ ਕਪਟ ਨੂੰ ਨੰਗਿਆਂ ਕੀਤਾ, "ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ। ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥" ਭਾਵ, ਜੋ ਚਿੱਟੇ ਕੱਪੜੇ ਪਾਉਂਦੇ ਪਰ ਜਿਨ੍ਹਾਂ ਦਾ ਚਿੱਤ (ਮਨ) ਨਿਰਦਈ ਹੈ, ਉਨ੍ਹਾਂ ਦੇ ਮੂੰਹ ਤੋਂ ਨਾਮ ਦਾ ਉਚਾਰਨ ਨਹੀਂ ਹੋ ਸਕਦਾ; ਉਹ ਦਵੈਤ (ਦੂਈ) ਭਾਵ ਵਿਚ ਗ੍ਰਸੇ ਹੋਏ ਚੋਰ ਹਨ। ਇਸੇ ਤਰ੍ਹਾਂ ਉਨ੍ਹਾਂ ਕਿਹਾ, "ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥" ਭਾਵ ਇਸ ਬੰਦੇ ਨੇ ਮੱਥੇ 'ਤੇ ਤਿਲਕ ਲਗਾਇਆ ਹੋਇਆ ਹੈ ਅਤੇ ਲੱਕ ਧੋਤੀ ਬੰਨ੍ਹੀ ਹੋਈ ਹੈ (ਭਾਵ ਧਾਰਮਿਕ ਲਿਬਾਸ ਪਾਇਆ ਹੈ) ਪਰ ਉਹਦੇ ਹੱਥ ਵਿਚ ਛੁਰੀ ਹੈ ਅਤੇ ਉਹ ਸੰਸਾਰ ਦਾ ਕਸਾਈ ਹੈ (ਭਾਵ ਉਹ ਮਨੁੱਖਤਾ ਦਾ ਖ਼ੂਨ ਕਰਦਾ ਹੈ)। ਭੇਖਧਾਰੀਆਂ ਬਾਰੇ ਬਾਬਾ ਜੀ ਨੇ ਇਹ ਵੀ ਕਿਹਾ, "ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ॥" ਭਾਵ ਉਨ੍ਹਾਂ ਦਾ ਜਿਊਣਾ ਤੇ ਧਾਰਮਿਕ ਪੁਸ਼ਾਕ ਧ੍ਰਿਗ (ਲਾਹਨਤ ਮਾਰਿਆ) ਹੈ ਜਿਨ੍ਹਾਂ ਦੇ ਦਿਲ ਦੀ ਪਲੀਤੀ (ਕੂੜ/ਝੂਠ) ਦੂਰ ਨਹੀਂ ਹੋਈ। 'ਸਿਰੀਰਾਗੁ' ਵਿਚ ਗੁਰੂ ਜੀ ਨੇ ਦੱਸਿਆ, "ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥" ਭਾਵ ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲੇ ਲੋਕ ਧਾਰਮਿਕ ਕਿਤਾਬਾਂ (ਅਖਰ) ਨੂੰ ਦੁਬਾਰਾ ਦੁਬਾਰਾ ਪੜ੍ਹ ਕੇ ਅਸਲੀਅਤ ਤੋਂ ਦੂਰ ਜਾਂਦੇ (ਭੁੱਲਦੇ) ਹਨ ਅਤੇ ਆਪਣੇ ਭੇਖ (ਧਾਰਮਿਕ ਲਿਬਾਸ) ਦਾ ਬਹੁਤ ਅਭਿਮਾਨ ਕਰਦੇ ਹਨ।

ਅਜਿਹੇ ਵਿਅਕਤੀਆਂ ਦਾ ਜੀਵਨ ਭੇਖ ਧਾਰਨ ਜਾਂ ਅਖੌਤੀ ਧਾਰਮਿਕਤਾ ਤਕ ਹੀ ਸੀਮਤ ਨਹੀਂ ਹੁੰਦਾ ਸਗੋਂ ਇਹ ਸਮਾਜ ਵਿਚ ਆਗੂਆਂ ਦੀ ਭੂਮਿਕਾ ਵੀ ਨਿਭਾਉਂਦੇ ਹਨ। ਉਨ੍ਹਾਂ ਬਾਰੇ ਗੁਰੂ ਸਾਹਿਬ ਨੇ ਸਾਵਧਾਨ ਕੀਤਾ, "ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥" ਭਾਵ ਬੰਦਾ ਖ਼ੁਦ ਨੂੰ ਨਹੀਂ ਸਮਝਦਾ ਪਰ ਲੋਕਾਂ ਨੂੰ ਸਮਝਾਉਂਦਾ ਅਤੇ ਉਨ੍ਹਾਂ ਦਾ ਆਗੂ ਬਣਦਾ ਹੈ; ਆਪ ਅੰਨ੍ਹਾ ਹੋਣ ਦੇ ਬਾਵਜੂਦ ਲੋਕਾਂ ਨੂੰ ਰਸਤਾ ਦਿਖਾਉਂਦਾ ਅਤੇ ਸਮੂਹ ਸਾਥੀਆਂ ਨੂੰ ਕੁਰਾਹੇ ਪਾ ਦਿੰਦਾ ਹੈ। ਅਗਵਾਈ ਦਾ ਸੰਕਟ ਸਮਾਜ ਦਾ ਪ੍ਰਮੁੱਖ ਸੰਕਟ ਹੈ; ਆਗੂ ਲੋਕਾਂ ਨੂੰ ਭਰਮਾਉਂਦੇ ਤੇ ਆਪਣੀ ਤਾਕਤ ਮਜ਼ਬੂਤ ਕਰਦੇ ਰਹੇ ਹਨ। ਗੁਰੂ ਸਾਹਿਬ ਨੇ ਕਿਹਾ, "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥" ਭਾਵ ਜੇ ਅੰਨ੍ਹਾ ਮਨੁੱਖ ਆਗੂ ਹੋਵੇ ਤਾਂ ਉਹ ਠੀਕ ਰਸਤੇ ਨੂੰ ਕਿਵੇਂ ਪਛਾਣੇਗਾ। ਉਸ ਦੀ ਸਮਝ ਤੁੱਛ/ਘੱਟ ਹੁੰਦੀ ਹੈ, ਉਹ ਖ਼ੁਦ ਠੱਗਿਆ (ਮੁੱਸਿਆ) ਗਿਆ ਹੁੰਦਾ ਹੈ, ਉਹ ਠੀਕ ਰਸਤੇ ਨੂੰ ਕਿਵੇਂ ਪਛਾਣ ਸਕਦਾ ਹੈ। ਅਜਿਹੇ ਧਾਰਮਿਕ ਆਗੂ ਹੀ ਲੋਕਾਂ ਨੂੰ ਗੁਰੂ-ਸੰਦੇਸ਼ ਤਕ ਪਹੁੰਚਣ ਨਹੀਂ ਦਿੰਦੇ; ਉਹ ਨਵੇਂ ਕਰਮਕਾਂਡ ਸਿਰਜਦੇ, ਨਵੇਂ ਭੇਖ ਕਰਦੇ ਅਤੇ ਲੋਕਾਂ ਨੂੰ ਭਰਮਾਉਂਦੇ ਹਨ। ਦੁਖਾਂਤ ਇਹ ਹੈ ਕਿ ਇਹ ਸਭ ਕੁਝ ਧਰਮ ਦੇ ਨਾਂ 'ਤੇ ਕੀਤਾ ਜਾਂਦਾ ਹੈ। ਸਹੀ ਰਾਹ ਦੀ ਪਛਾਣ ਹੋਰ ਕਠਿਨ ਹੋ ਜਾਂਦੀ ਹੈ।



ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਬਣਾਇਆ ਚਿੱਤਰਕਾਰ ਜਸਵੰਤ ਸਿੰਘ ਦਾ ਚਿੱਤਰ।

ਦੁਨੀਆ ਦੇ ਵੱਖ ਵੱਖ ਦੇਸ਼ ਸੁਯੋਗ ਅਗਵਾਈ ਨਾ ਮਿਲਣ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ, ਯੂਰਪ, ਅਫ਼ਰੀਕਾ ਤੇ ਏਸ਼ੀਆ ਦੇ ਦੇਸ਼ਾਂ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਵਿਚ ਇਸ ਸੰਕਟ ਦੇ ਪਸਾਰ ਦਿਖਾਈ ਦਿੰਦੇ ਹਨ। ਮਨੁੱਖਤਾ ਵਿਚ ਵੰਡੀਆਂ ਪਾਉਣ ਵਾਲੇ ਧਾਰਮਿਕ ਕੱਟੜਤਾ, ਬੁਨਿਆਦਪ੍ਰਸਤੀ, ਨਸਲਵਾਦ ਅਤੇ ਅਜਿਹੀਆਂ ਹੋਰ ਕੱਟੜਪੰਥੀ ਵਿਚਾਰਧਾਰਾਵਾਂ ਵਰਤ ਕੇ ਸੱਤਾ 'ਤੇ ਕਬਜ਼ਾ ਜਮਾਈ ਬੈਠੇ ਹਨ। ਮਾਇਆਧਾਰੀ ਕਾਰਪੋਰੇਟੀ ਸੰਸਾਰ ਉਨ੍ਹਾਂ ਦਾ ਹਿੱਸੇਦਾਰ ਹੈ, ਉਨ੍ਹਾਂ ਦੀ ਹਮਾਇਤ ਕਰਦਾ ਤੇ ਉਨ੍ਹਾਂ ਨੂੰ ਵਰਤਦਾ ਹੈ।

ਰਵਾਇਤੀ ਸ਼ਬਦਾਂ ਵਿਚ ਕਿਹਾ ਜਾਂਦਾ ਹੈ ਕਿ ਸਮਾਜ ਵਿਚ ਨੇਕੀ ਤੇ ਬਦੀ ਦੀ ਜੰਗ ਹੁੰਦੀ ਆਈ ਹੈ। ਜੇ ਇਕ ਪਾਸੇ ਧਰਮ ਦੇ ਨਾਂ 'ਤੇ ਵਣਜ ਕਰ ਕੇ ਮਨੁੱਖਤਾ ਵਿਚ ਵੰਡੀਆਂ ਪਾ ਕੇ ਜਾਬਰ ਜ਼ੁਲਮ ਕਰਦੇ ਰਹੇ ਹਨ ਤਾਂ ਦੂਸਰੇ ਪਾਸੇ ਮਨੁੱਖ ਸਮਾਜਿਕ ਬਰਾਬਰੀ ਅਤੇ ਏਕਤਾ ਲਈ ਲੜਦੇ ਰਹੇ ਹਨ। ਅਮਰੀਕਾ, ਯੂਰਪ ਅਤੇ ਅਫ਼ਰੀਕਾ ਵਿਚ ਨਸਲਵਾਦ ਵਿਰੁੱਧ ਵੱਡੇ ਸੰਘਰਸ਼ ਹੋਏ, ਏਸ਼ੀਆ ਤੇ ਅਫ਼ਰੀਕਾ ਦੇ ਦੇਸ਼ਾਂ ਵਿਚ ਬਸਤੀਵਾਦ ਵਿਰੁੱਧ ਲੜਦਿਆਂ ਲੱਖਾਂ ਲੋਕਾਂ ਨੇ ਜਾਨਾਂ ਦਿੱਤੀਆਂ, ਫਰਾਂਸੀਸੀ ਇਨਕਲਾਬ ਵਿਚ ਜਾਗੀਰਦਾਰੀ ਸਮਾਜ ਤੇ ਧਾਰਮਿਕ ਕੱਟੜਤਾ ਨਾਲ ਟੱਕਰ ਲਈ ਗਈ, 20ਵੀਂ ਸਦੀ ਵਿਚ ਯੂਰਪ ਦੇ ਲੋਕ ਨਾਜ਼ੀਵਾਦ ਤੇ ਫਾਸ਼ੀਵਾਦ ਵਿਰੁੱਧ ਲੜੇ। ਪੰਜਾਬ ਦੀ ਧਰਤੀ 'ਤੇ ਵੀ ਅਜਿਹੇ ਸੰਗਰਾਮ ਹੋਏ। ਪੰਜਾਬੀ ਦੁੱਲੇ ਭੱਟੀ ਜਿਹੀ ਨਿੱਜੀ ਬਗ਼ਾਵਤ ਕਰਨ ਵਾਲੇ ਸੂਰਮਿਆਂ ਤੋਂ ਲੈ ਕੇ ਸਿੱਖ ਗੁਰੂਆਂ ਅਤੇ ਬੰਦਾ ਸਿੰਘ ਬਹਾਦਰ ਦੇ ਜੁੱਗ ਪਲਟਾਊ ਸੰਘਰਸ਼ਾਂ ਵਿਚ ਕੁਰਬਾਨੀਆਂ ਦੇਣ ਵਾਲਿਆਂ ਨੂੰ ਅਥਾਹ ਸ਼ਰਧਾ ਨਾਲ ਯਾਦ ਕਰਦੇ ਤੇ ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਹਨ।

ਪ੍ਰਮੁੱਖ ਪ੍ਰਸ਼ਨ ਇਹ ਹੈ ਕਿ ਮਨੁੱਖ ਦੇ ਲਗਾਤਾਰ ਸੰਘਰਸ਼ ਦੇ ਬਾਵਜੂਦ ਸਰਮਾਏ ਅਤੇ ਸੱਤਾ ਨੂੰ ਕੁਝ ਹੱਥਾਂ ਵਿਚ ਸੌਂਪਣ ਅਤੇ ਧਾਰਮਿਕ ਕੱਟੜਤਾ ਦੀ ਸਿਆਸਤ ਕਰਨ ਵਾਲੀਆਂ ਸ਼ਕਤੀਆਂ ਮੁੜ ਮੁੜ ਹਾਵੀ ਕਿਉਂ ਹੋ ਜਾਂਦੀਆਂ ਹਨ; ਉਹ ਮਨੁੱਖ ਨੂੰ ਵਿਵੇਕ ਤੇ ਤਰਕ ਦੀ ਰਾਹ ਤੋਂ ਭਟਕਾਉਣ ਵਿਚ ਕਾਮਯਾਬੀ ਕਿਵੇਂ ਹਾਸਲ ਕਰਦੀਆਂ ਹਨ? 1947 ਵਿਚ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਦੁਖਾਂਤ ਵਾਪਰਿਆ ਤੇ ਸਦੀਆਂ ਤੋਂ ਇਕੱਠਾ ਵੱਸਦਾ ਪੰਜਾਬ ਵੰਡਿਆ ਗਿਆ। ਇਸ ਤੋਂ ਵੱਡਾ ਦੁਖਾਂਤ ਇਹ ਹੈ ਕਿ ਪੰਜਾਬੀਆਂ ਨੇ ਇਸ ਵੰਡ ਨੂੰ ਇਵੇਂ ਸਵੀਕਾਰ ਕਰ ਲਿਆ ਜਿਵੇਂ ਇਹ ਕੋਈ ਕੁਦਰਤੀ ਵਰਤਾਰਾ ਹੋਵੇ। ਵਿਹਾਰਕ ਪੱਧਰ 'ਤੇ ਮਨੁੱਖ ਦੁੱਖਾਂ ਨੂੰ ਭੁੱਲ ਕੇ ਜਿਊਣ ਦੀ ਕੋਸ਼ਿਸ਼ ਕਰਦਾ ਹੈ ਪਰ ਵੱਡੇ ਇਤਿਹਾਸਕ ਦੁਖਾਂਤ ਕੌਮਾਂ ਤੇ ਸਮਾਜਾਂ ਦੀ ਜ਼ਿੰਦਗੀ ਵਿਚ ਕੱਟੜਤਾ ਦੀ ਅਜਿਹੀ ਫ਼ਸਲ ਬੀਜਦੇ ਹਨ ਜਿਹੜੀ ਸਦੀਆਂ ਪਣਪਦੀ ਰਹਿੰਦੀ ਹੈ; ਲੋਕਾਂ ਦੇ ਮਨਾਂ ਵਿਚ ਜ਼ਹਿਰ ਘੋਲਿਆ ਜਾਂਦਾ ਹੈ; ਸਦੀਆਂ, ਦਹਾਕੇ ਬੀਤ ਜਾਂਦੇ ਹਨ ਪਰ ਮਨਾਂ 'ਚੋਂ ਜ਼ਹਿਰ ਨਹੀਂ ਨਿਕਲਦਾ।

ਅੱਜ ਹਾਲਾਤ ਤੋਂ ਮਜਬੂਰ ਹੋਏ ਪੰਜਾਬੀ ਪਰਵਾਸ ਕਰ ਰਹੇ ਹਨ। ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਆਪਣੀ ਧਰਤੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਜਾ ਵੱਸਣ ਦੀ ਹੋੜ ਹੈ; ਦੋਹਾਂ ਪੰਜਾਬਾਂ ਵਿਚ ਇਹ ਗੱਲ ਵੀ ਸਾਂਝੀ ਹੈ ਕਿ ਇੱਥੋਂ ਦੇ ਵਾਸੀਆਂ ਨੇ ਧਾਰਮਿਕ ਕੱਟੜਤਾ ਨੂੰ ਹੀ ਧਰਮ ਸਮਝ ਲਿਆ ਹੈ; ਬਾਬਾ ਫ਼ਰੀਦ-ਗੁਰੂ ਨਾਨਕ-ਭਗਤੀ ਲਹਿਰ-ਸੂਫ਼ੀ ਪਰੰਪਰਾ ਵਿਚੋਂ ਮਿਲਦੇ ਸਮਾਜਿਕ ਬਰਾਬਰੀ ਅਤੇ ਸਮਤਾ ਦੇ ਸੰਦੇਸ਼ ਨੂੰ ਵਿਸਾਰ ਦਿੱਤਾ ਹੈ; ਜਾਤੀਵਾਦ ਦਾ ਪੱਲਾ ਨਹੀਂ ਛੱਡਿਆ ਅਤੇ ਮਰਦ-ਪ੍ਰਧਾਨ ਸੋਚ ਨੂੰ ਆਪਣੀ ਜ਼ਿੰਦਗੀ ਦਾ ਧੁਰਾ ਬਣਾ ਲਿਆ ਹੈ। ਆਰਥਿਕਤਾ ਤੇ ਜਾਤੀਵਾਦ ਦੇ ਵਲੂੰਧਰੇ ਮਰਦ ਧਾਰਮਿਕ ਕੱਟੜਤਾ 'ਚੋਂ ਸਕੂਨ ਭਾਲ ਰਹੇ ਹਨ। ਔਰਤਾਂ ਦੀ ਆਵਾਜ਼ ਉੱਭਰਦੀ ਤਾਂ ਹੈ ਪਰ ਬੁਲੰਦ ਨਹੀਂ ਹੁੰਦੀ। ਇਨ੍ਹਾਂ ਵਰਤਾਰਿਆਂ ਦੇ ਜਾਲ ਵਿਚ ਜਕੜੇ ਪੰਜਾਬੀ ਨੌਜਵਾਨ ਆਪਣੇ ਆਪ ਨਾਲ ਹਿੰਸਾ ਕਰ ਰਹੇ ਹਨ। ਸੱਤਾਧਾਰੀ, ਕਾਰਪੋਰੇਟੀ ਅਦਾਰੇ ਅਤੇ ਅਮੀਰ ਘਰਾਣੇ ਸੱਤਾ ਅਤੇ ਧਨ ਦੇ ਜ਼ੋਰ 'ਤੇ ਤਾਕਤ ਦਾ ਕੇਂਦਰੀਕਰਨ ਕਰ ਰਹੇ ਹਨ। ਪੰਜਾਬੀਆਂ ਨੂੰ ਇਨ੍ਹਾਂ ਵਰਤਾਰਿਆਂ ਨੂੰ ਸਹੀ ਤਰ੍ਹਾਂ ਨਾਲ ਸਮਝਣ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਸਹੀ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ ਤਾਂ ਕਿ ਅਸੀਂ 1940ਵਿਆਂ ਅਤੇ 1980ਵਿਆਂ ਵਿਚ ਹੰਢਾਏ ਸੰਤਾਪ ਤੇ ਦੁਖਾਂਤ ਨੂੰ ਮੁੜ ਨਾ ਦੁਹਰਾਈਏ। ਸਾਂਝੀਵਾਲਤਾ ਇਕ-ਦੂਸਰੇ ਦੇ ਦੁੱਖ ਵੰਡਾਉਣ, ਹਮਦਰਦੀ ਤੇ ਦਇਆ 'ਚੋਂ ਉਪਜਦੀ ਹੈ।

# ਇਹ ਹੈ ਬਾਜ਼ਾਰ ਦੀ ਲੀਲ੍ਹਾ...

ਕਮਲੇਸ਼ ਉੱਪਲ

ਸਾਡੇ ਸਮਿਆਂ ਵਿਚ ਪੱਲ੍ਹਰ ਰਹੇ ਵਪਾਰ ਅਤੇ ਬਾਜ਼ਾਰ ਦੀ ਮਹਿਮਾ ਦਾ ਕੋਈ ਅੰਤ ਨਹੀਂ। ਸਮਾਜਿਕ ਪ੍ਰਾਣੀ ਦੀਆਂ ਤਿੰਨ ਬੁਨਿਆਦੀ ਲੋੜਾਂ ਹਨ- ਸਿਹਤ, ਸਿੱਖਿਆ ਅਤੇ ਰੁਜ਼ਗਾਰ। ਲੋਕ-ਸਿਆਣਪ 'ਤੇ ਅਧਾਰਤ ਕੁੱਲੀ-ਗੁੱਲੀ-ਜੁੱਲੀ ਅਤੇ ਰੋਟੀ-ਕੱਪੜਾ-ਮਕਾਨ ਵਰਗੇ ਸ਼ਬਦ-ਸਮੂਹ ਵੀ ਇਸ ਪ੍ਰਸੰਗ ਵਿਚ ਆਪਣੀ ਖ਼ਾਸ ਪਛਾਣ ਰੱਖਦੇ ਹਨ। ਅਜੋਕੀ ਜੀਵਨ ਜਾਚ ਵਿਚ ਇਨ੍ਹਾਂ ਬੁਨਿਆਦੀ ਲੋੜਾਂ ਵਿਚੋਂ ਮਨੁੱਖ ਦੀ ਸਿਹਤ ਹੱਦੋਂ ਵੱਧ ਤਰਜੀਹ ਹਾਸਲ ਕਰ ਚੁੱਕੀ ਹੈ ਕਿਉਂਕਿ ਸਿਹਤ ਨਾਲ ਖਾਣ-ਪੀਣ ਵੀ ਜੁੜਿਆ ਹੈ। ਨਾਲ ਹੀ ਪ੍ਰਾਈਵੇਟ ਖੇਤਰ ਵਿਚ ਹਸਪਤਾਲਾਂ, ਡਾਕਟਰੀ ਸਹੂਲਤਾਂ ਅਤੇ ਦਵਾਈਆਂ ਬਣਾਉਣ ਵਾਲੀਆਂ ਫਾਰਮੇਸੀ ਕੰਪਨੀਆਂ ਦੀ ਭਰਮਾਰ ਹੋ ਗਈ ਹੈ। ਟੀ.ਵੀ. ਚੈਨਲਾਂ 'ਤੇ ਦਵਾਈਆਂ ਨਾਲ ਮਸਾਲਿਆਂ ਦੀ ਵਰਤੋਂ ਲਈ ਪ੍ਰੇਰਦੇ ਇਸ਼ਤਿਹਾਰਾਂ ਦਾ ਮੇਲਾ ਲੱਗਿਆ ਰਹਿੰਦਾ ਹੈ। ਦਵਾਈਆਂ ਤੇ ਮਸਾਲਿਆਂ ਦਾ ਹੁਣ ਬਾਜ਼ਾਰ ਵਿਚ ਚਲਦੇ ਇਕੋ ਸਿੱਕੇ ਦੇ ਦੋ ਪਾਸਿਆਂ ਵਰਗਾ ਸਾਥ ਹੈ। ਹੁਣ 'ਜੱਗ ਭਾਉਂਦਾ ਹੰਢਾਈਏ ਤੇ ਮਨ ਭਾਉਂਦਾ ਖਾਈਏ' ਵਾਲੀਆਂ ਗੱਲਾਂ ਨਹੀਂ ਰਹੀਆਂ।

ਤੁਸੀਂ ਕੀ ਖਾਣਾ ਹੈ, ਇਹ ਫ਼ੈਸਲਾ ਇਸ਼ਤਿਹਾਰਬਾਜ਼ੀ ਕਰਦੀ ਹੈ। ਇਹ ਕਹਿੰਦੀ ਜਾਪਦੀ ਹੈ ਕਿ ਪਹਿਲਾਂ ਬਹੁਤਾ ਖਾਓ, ਫਿਰ ਬਹੁਤੇ ਨੂੰ ਪਚਾਉਣ ਲਈ ਪਚਮੀਨੇ ਖਾਓ (ਮੁਲਤਾਨੀ ਪਚਮੀਨਾ) ਤੇ 'ਈਨੋ ਲੋ' (ਲਓ) ਦੀ ਦੁਹਾਈ ਪੈਂਦੀ ਹੈ। ਖਾਣ ਜਾਂ ਪੀਣ ਵਾਲੇ ਹਰ ਉਤਪਾਦ ਦੀ ਪੈਕਿੰਗ ਉਤੇ ਖ਼ੂਬਸੂਰਤ ਅੰਦਾਜ਼ ਵਿਚ ਵੇਰਵਿਆਂ ਸਹਿਤ ਜਾਣਕਾਰੀ ਛਾਪੀ ਜਾਂਦੀ ਹੈ। ਹਰ ਉਤਪਾਦ ਬੰਡਲਾਂ ਦੇ ਹਿਸਾਬ ਇਹ ਕਹਿ ਕੇ ਵੇਚਿਆ ਜਾਂਦਾ ਹੈ- 'ਬਾਇ ਥ੍ਰੀ ਗੈਟ ਵਨ ਫ੍ਰੀ' ਜਾਂ 'ਬਾਇ ਵਨ ਗੈਟ ਵਨ ਫ੍ਰੀ'। ਇਹ ਬਾਜ਼ਾਰ ਦੀਆਂ ਰਿਉੜੀਆਂ ਹਨ। ਅਜੋਕੇ ਹਕੂਮਤੀ ਢਾਂਚੇ ਵਿਚ ਉਂਗਲੀਆਂ ਚੁੱਕ ਚੁੱਕ ਭਾਸ਼ਣ ਦੇਣ ਵਾਲਿਆਂ ਦਾ ਧਿਆਨ ਇਹਨਾਂ ਰਿਉੜੀਆਂ ਵੱਲ ਨਹੀਂ ਜਾਂਦਾ ਕਿਉਂਕਿ ਇਸ ਰਿਉੜੀ-ਵੰਡ ਦੀ ਰਵਾਇਤ ਜਾਂ ਵਿਉਂਤ ਦਾ ਸਬੰਧ ਵੋਟਾਂ ਜਾਂ ਵਿਰੋਧੀ ਧਿਰ ਨਾਲ ਨਹੀਂ ਹੈ। ਇਹ ਨਿਰੋਲ ਵਪਾਰਕ ਜਾਂ ਬਾਜ਼ਾਰੀ ਮਾਮਲਾ ਹੈ ਜਿਸ ਅਧੀਨ ਤੁਹਾਨੂੰ ਉਹ ਸਾਰਾ ਕੁਝ ਖੁਆਉਣਾ ਅਤੇ ਪਹਿਨਾਉਣਾ ਹੈ ਜਿਸ ਦਾ ਕਿਆਸ ਵੀ ਤੁਸੀਂ ਕਦੇ ਨਹੀਂ ਕੀਤਾ ਹੋਣਾ। ਹੁਣ ਹਰ ਚੀਜ਼ ਡਿਜ਼ਾਈਨਰ ਹੈ। ਵਿਆਹ ਮੰਗਣੇ ਦੇ ਸੂਟਾਂ, ਲਹਿੰਗਿਆਂ, ਸਾੜ੍ਹੀਆਂ, ਸ਼ੇਰਵਾਨੀਆਂ, ਜੈਕਟਾਂ, ਕੁੜਤਿਆਂ ਤੋਂ ਲੈ ਕੇ ਸਰਕਾਰੀ ਮੀਟਿੰਗਾਂ, ਸਮਾਗਮਾਂ ਲਈ ਕੀਤੀ ਫੁੱਲਾਂ ਦੀ ਸਜਾਵਟ ਵਿਚ ਵੀ ਡਿਜ਼ਾਈਨਿੰਗ ਆਪਣਾ ਰੰਗ ਦਿਖਾਉਂਦੀ ਹੈ।

ਬਾਜ਼ਾਰ ਦੀ ਵੱਡੀ ਖ਼ਾਸੀਅਤ ਹੈ ਕਿ ਇਹ ਝੂਠ ਉਤੇ ਸੱਚ ਦਾ ਮੁਲੰਮਾ ਚਾੜ੍ਹ ਦਿੰਦਾ ਹੈ। ਬਾਜ਼ਾਰ ਦੀ ਇਸ ਭਾਸ਼ਾ ਦਾ ਗ਼ਲਬਾ ਸਾਡੀ ਜ਼ਿੰਦਗੀ 'ਤੇ 60-70 ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ। ਇਹ ਉਦੋਂ ਦੀਆਂ ਗੱਲਾਂ ਹਨ ਜਦੋਂ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਦੇ ਅਖ਼ੀਰ ਵਿਚ 90 ਪੈਸੇ, 95 ਪੈਸੇ ਜਾਂ 99 ਪੈਸੇ ਲਿਖੇ ਜਾਣ ਲੱਗੇ; ਭਾਵ ਇਹ ਸੀ ਕਿ ਖਰੀਦਣ ਵਾਲਾ 49 ਰੁਪਏ 95 ਪੈਸੇ ਪੜ੍ਹ ਕੇ ਇਹ ਸੋਚਗਾ ਕਿ ਕੀਮਤ 50 ਰੁਪਏ ਤੋਂ ਥੱਲੇ ਹੈ। ਅਖ਼ੀਰਲੇ ਰੁਪਏ ਨੂੰ ਪੈਸਿਆਂ ਵਿਚ ਦਰਸਾਉਣਾ ਖਰੀਦਾਰ ਦੀ ਚੇਤਨਾ ਨੂੰ ਭਰਮਾਉਣ ਵਾਲੀ ਗੱਲ ਹੈ। ਇਹ ਰਵਾਇਤ ਜਾਰੀ ਰਹੇਗੀ। 'ਬਾਇ ਥ੍ਰੀ ਗੈਟ ਵਨ ਫ੍ਰੀ' ਆਦਿ ਇਸੇ ਸੱਚੇ ਝੂਠ ਦੀਆਂ ਲਗਰਾਂ ਹਨ।

ਫੇਰੀ, ਫੜ੍ਹੀ, ਹਾਟ ਤੋਂ ਲੈ ਕੇ ਮੌਲ ਤਕ ਦੇ ਸਫ਼ਰ ਨੂੰ ਬਾਜ਼ਾਰ ਨੇ ਪਿਛਲੇ ਡੇਢ ਕੁ ਦਹਾਕੇ ਵਿਚ ਬੇਹੱਦ ਤੇਜ਼ੀ ਨਾਲ ਤੈਅ ਕੀਤਾ ਹੈ। ਹੁਣ 'ਘਰ ਬੈਠੇ ਹੀ ਪਾਓ' ਵਾਲੇ 'ਆਨਲਾਈਨ' ਬਾਜ਼ਾਰ ਨੇ ਪੈਸੇ ਵਾਲਿਆਂ ਦੀਆਂ ਪੌਂ-ਬਾਰਾਂ ਕਰ ਦਿੱਤੀਆਂ ਹਨ।

ਹੁਣ ਬਾਜ਼ਾਰ ਘਰ ਬੈਠਿਆਂ ਨੂੰ ਹੀ ਆ ਮਿਲਦਾ ਹੈ। ਕਦੇ ਸਮਾਂ ਸੀ, ਘਰ ਦਾ ਮਾਲਕ ਨੌਕਰੀ ਜਾਂ ਚਾਕਰੀ ਦੇ ਚੱਕਰ ਵਿਚ ਘਰੋਂ ਬਾਹਰ ਕਮਾਉਣ ਜਾਣ ਲਗਦਾ ਤਾਂ ਘਰੋਂ ਸਿਫ਼ਾਰਿਸ਼ਾਂ ਹੁੰਦੀਆਂ- "ਸਾਡੇ ਲਈ ਕੀ ਲਿਆਉਂਗੇ ਸੁਗਾਤ/ ਮੇਰੇ ਲਈ ਚੁੰਨੀ ਲਿਆਓ ਚੁੰਨੀ ਝੱਗਾ ਲਿਆਓ, ਮੇਰੀ ਨਣਦ ਲਈ ਸੂਟ ਲਾਲ, ਓ ਬੀਬਾ"। ਕਦੇ ਜ਼ਮਾਨੇ ਇੰਨੇ ਸਸਤੇ ਵੀ ਸਨ ਕਿ ਇਕ ਪੈਸੇ ਨਾਲ ਵਣਜ (ਵਪਾਰ) ਕਰਨ ਗਿਆ ਬੰਦਾ ਧੇਲਾ ਬਚਾ ਵੀ ਲੈਂਦਾ ਸੀ। ਇਕ ਲੋਕ ਗੀਤ ਦੀਆਂ ਤੁਕਾਂ ਇੰਝ ਹਨ- "ਲੈ ਜਾਇਓ ਇਕ ਪੈਸਾ/ ਆਪਣੀ ਬੰਸਰੀ ਮੇਰੀਆਂ ਚੂੜੀਆਂ, ਕਾਕੇ ਦਾ ਛਣਕਣਾ ਰੱਖ ਕੇ ਗੱਡੀ ਵਿਚ/ਆਪ ਗੱਡੀ ਚੜ੍ਹ ਆਇਓ ਜੀ/ਇਕ ਪੈਸਾ... ਧੇਲਾ ਮੋੜ ਲਿਆਓ ਜੀ ਇਕ ਪੈਸਾ...।"

ਨਵੇਂ ਅਰਥਚਾਰੇ ਵਿਚ ਸਭ ਕੁਝ ਸੌਖਾ ਹੋ ਗਿਆ ਹੈ। ਕ੍ਰੈਡਿਟ ਕਾਰਡ ਨੇ ਖਪਤਕਾਰਾਂ ਦੀਆਂ ਮੌਜਾਂ ਕਰ ਦਿੱਤੀਆਂ ਹਨ। ਸਿਰਫ਼ ਉਹ ਸੱਤਰ ਫ਼ੀਸਦ (ਜਾਂ ਇਸ ਤੋਂ ਵੀ ਵੱਧ) ਗ਼ਰੀਬ ਰਹਿ ਗਏ ਹਨ ਜਿਹੜੇ ਐਸ਼ਪ੍ਰਸਤ ਜ਼ਿੰਦਗੀ ਦੀ ਰੀਸ ਕਰਨ ਲਈ ਤਰਸਦੇ ਖ਼ੁਦਕੁਸ਼ੀਆਂ ਕਰਨ ਲੱਗ ਪੈਂਦੇ ਹਨ। ਬਾਜ਼ਾਰ ਦੀਆਂ ਮੌਜਾਂ ਮਾਣਦੇ 20-30 ਫ਼ੀਸਦ ਬੰਦਿਆਂ ਦਾ ਇਹਨਾਂ ਗਰੀਬਾਂ ਵੱਲ ਕਦੇ ਧਿਆਨ ਨਹੀਂ ਜਾਂਦਾ।

ਤਿਉਹਾਰਾਂ ਦੇ ਮੌਸਮ ਵਿਚ ਖਪਤਵਾਦੀ ਮੰਡੀ ਦੀ ਚੜ੍ਹਤ ਹੁੰਦੀ ਹੈ। ਅਖ਼ਬਾਰਾਂ 'ਚ ਇਸ਼ਤਿਹਾਰਾਂ ਦੀ ਸੁਖ਼ਨਬਾਜ਼ੀ ਮੱਲੋਮੱਲੀ ਖਪਤਕਾਰਾਂ ਦਾ ਧਿਆਨ ਖਿੱਚਦੀ ਹੈ। ਜਿਹਨਾਂ ਕੋਲ ਪੈਸਾ ਹੈ, ਉਹਨਾਂ ਨੂੰ ਬਾਜ਼ਾਰ 'ਵਾਜਾਂ ਮਾਰ ਕੇ ਕਹਿੰਦਾ ਹੈ- "ਰਾਜਿਆਂ ਵਾਂਗ ਸੌਂਵੋਂ (ਸਲੀਪ ਲਾਈਕ ਅ ਕਿੰਗ) ਤੇ ਰਾਣੀਆਂ ਵਾਂਗ ਖ਼ਰੀਦਾਰੀ ਕਰੋ (ਸ਼ੌਪ ਲਾਈਕ ਅ ਕੁਈਨ) ਲੱਖ ਦੇ ਕਰੀਬ ਦੀ ਵਸਤ ਖ਼ਰੀਦੋਗੇ ਤਾਂ ਕਈ ਹਜ਼ਾਰਾਂ ਦੇ ਤੋਹਫੇ ਮਿਲਣਗੇ।" ਇਸ਼ਤਿਹਾਰ ਮੋਟੇ ਮੋਟੇ ਰੰਗਦਾਰ ਰਿਬਨਾਂ ਵਿਚ ਬੰਨ੍ਹੀਆਂ ਗਿਫਟ ਪੈਕਿੰਗਾਂ ਤੁਹਾਡਾ ਮਨ ਮੋਹਣ ਲਈ ਦਿਖਾ ਰਿਹਾ ਹੈ। ਇੰਝ ਹੀ ਫੁੱਲ ਬੌਡੀ ਚੈੱਕਅਪ ਦੇ ਇਸ਼ਤਿਹਾਰ 5000 ਦੀ ਐੱਮਆਰਪੀ ਉਤੇ ਕਾਟਾ ਮਾਰਦੇ ਹੋਏ ਸਿਰਫ਼ 1195 ਰੁਪਏ ਵਿਚ ਕੰਮ ਸਾਰਨ ਦੀ ਪੇਸ਼ਕਸ਼ ਕਰਦੇ ਹਨ। ਕਮਲਾ ਹੋਇਆ ਮਨੁੱਖੀ ਮਨ ਇਹਨਾਂ ਸਿਹਤ-ਸੌਦਿਆਂ ਵਿਚ ਉਲਝ ਕੇ ਇਕ ਜਾਂ ਇਕ ਤੋਂ ਵੱਧ ਬਿਮਾਰੀਆਂ ਦੇ ਵਹਿਮ ਦਾ ਸ਼ਿਕਾਰ ਹੋਣ ਦੀ ਰਾਹੇ ਪੈ ਹੀ ਜਾਂਦਾ ਹੈ। ਹੁਣ ਸਾਡਾ ਸਰੀਰ ਹੀ ਸਮਝੋ ਬਾਜ਼ਾਰ ਨੇ ਖਰੀਦ ਲਿਆ ਹੈ। ਐਨੇ ਖਰਚੋ, ਐਨੇ ਪਾਓ, ਐਨੇ ਬਚਾਓ। ਸਾਡੇ ਚਾਰੇ ਪਾਸੇ ਅੰਕੜੇ ਹਨ। ਹਰ ਕੋਈ ਅੰਕੜਾ ਬਣ ਕੇ ਰਹਿ ਗਿਆ ਹੈ। ਮੁਨਾਫ਼ਾਖੋਰੀ ਦਾ ਦੂਜਾ ਨਾਂ ਬਾਜ਼ਾਰ ਹੈ। ਵੱਧ ਮੁਨਾਫ਼ੇ ਲਈ ਚੀਜ਼ਾਂ ਵਿਚ ਮਿਲਾਵਟ ਹੁੰਦੀ ਹੈ। ਖਪਤਕਾਰ ਦੀ ਜਾਨ ਦੀ ਪਰਵਾਹ ਕੀਤੇ ਬਿਨਾ ਘਟੀਆ ਤੇ ਨੁਕਸਾਨਦਾਇਕ ਸਮੱਗਰੀ ਜਾਂ ਰਸਾਇਣਿ ਵਰਤ ਕੇ ਦਵਾਈਆਂ ਗ਼ਰੀਬ ਮੁਲਕਾਂ ਨੂੰ ਸਪਲਾਈ ਕਰਨ ਵਾਲਾ ਇਹ ਬਾਜ਼ਾਰ ਹੀ ਤਾਂ ਹੈ। ਮੁਨਾਫ਼ਾਖੋਰ ਬਾਜ਼ਾਰ ਦੀ ਮਾਰ ਗ਼ਰੀਬਾਂ ਨੂੰ ਹੀ ਝੱਲਣੀ ਪੈਂਦੀ ਹੈ। ਕੁਦਰਤੀ ਸੋਮਿਆਂ ਨੂੰ ਹਰ ਹੀਲੇ ਤੇਜ਼ੀ ਨਾਲ ਨਿਗਲ ਰਿਹਾ ਵਿਕਾਸ ਵਿਨਾਸ਼ ਦੀ ਰਾਹ 'ਤੇ ਪਈ ਝੂਠੀ ਚਕਾਚੌਂਧ ਦਾ ਨਾਂ ਹੈ। ਜਮਹੂਰੀਅਤ ਵਿਚ ਜੀ ਰਹੇ ਹਰ ਸ਼ਖ਼ਸ ਲਈ ਬਾਜ਼ਾਰ ਦੀ ਤਾਕਤ ਦੀ ਅਸਲੀਅਤ ਨੂੰ ਸਮਝਣਾ ਜ਼ਰੂਰੀ ਹੈ।

ਮੰਡੀ ਦੀ ਤਹਿਜ਼ੀਬ ਗੁੱਝੀ ਅਤੇ ਖਚਰੀ ਹੈ। ਹੱਥੀਂ ਫੜੇ ਸਵਾਗਤਮ ਦੇ ਗੁਲਦਸਤੇ ਅੰਦਰ ਛੁਪੀ ਇਸ ਤਹਿਜ਼ੀਬ ਦੀ ਛੁਰੀ ਜੇਬਾਂ ਕਤਰਨ ਲਈ ਹੈ। ਮੰਡੀ ਦੀ ਨੈਤਿਕਤਾ ਕੋਈ ਨਹੀਂ। ਇਸ ਨੇ ਮਨੁੱਖੀ ਸਭਿਅਤਾ ਦੇ ਮਿਆਰ ਹੀ ਬਦਲ ਕੇ ਰੱਖ ਦਿੱਤੇ ਹਨ। ਜਦੋਂ ਤਕ ਮੰਡੀ ਦੇ ਵਿਹਾਰ ਵਤੀਰੇ ਨਾਲ ਨੈਤਿਕ ਮੁੱਲ ਨਹੀਂ ਜੋੜੇ ਜਾਣਗੇ, ਇਸ ਬੇਕਿਰਕ ਵਪਾਰਕ ਵਰਤਾਰੇ ਦੀ ਚੜ੍ਹਤ ਮਿਥਿਹਾਸਕ ਪਾਤਰ ਭਸਮਾਸੁਰ ਦੇ ਫੈਲਾਏ ਹੱਥ ਵਾਂਗ ਹਰ ਸਭਿਅਕ ਮੁੱਲ ਨੂੰ ਭਸਮ ਕਰ ਦੇਣ ਲਈ ਉਤਾਰੂ ਰਹੇਗੀ। ਇਸ ਤੋਂ ਪਹਿਲਾਂ ਕਿ ਬਾਜ਼ਾਰ ਦੀ ਬਸਤੀ ਇਨਸਾਨ ਦੀ ਹਸਤੀ ਉਤੇ ਆਪਣੀਆਂ ਜੜ੍ਹਾਂ ਜਮਾ ਲਵੇ, ਸਮਾਜ ਵਿਚ ਸਾਰੀਆਂ ਸ਼ਕਤੀਆਂ ਜੁਟ ਕੇ ਇਸ ਨੂੰ ਨੱਥ ਪਾਉਣ ਲਈ ਕੋਈ ਹੀਲਾ ਕਰਨ। ਇਸ ਵਿਚ ਹੀ ਮਨੁੱਖਤਾ ਦੀ ਖ਼ੈਰ ਹੈ।

# ਜਲੂਪੁਰ ਖੇੜਾ ਪਿੰਡ ਬਣਿਆ ਸਿੱਖ ਸੰਘਰਸ਼ ਦਾ ਕੇਂਦਰ

## ਅੰਮ੍ਰਿਤਪਾਲ ਸਿੰਘ ਵਰਤਾਰੇ ਦੀ 'ਧੁਰ ਅੰਦਰਲੀ' ਰੌਸ਼ਨੀ 'ਤੇ ਝਾਤ

*ਪਿਛਲੇ ਕੁਝ ਦਿਨਾਂ ਤੋਂ ਅੰਮ੍ਰਿਤਪਾਲ ਸਿੰਘ ਨਾਂ ਦੇ ਨੌਜਵਾਨ ਦਾ ਵਰਤਾਰਾ ਪੰਜਾਬ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਫੈਲੇ ਹੋਏ ਸਿੱਖ ਭਾਈਚਾਰੇ ਅੰਦਰ ਤਕੜੀ ਬਹਿਸ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੁਝ ਧਿਰਾਂ ਉਸ ਨੂੰ ਬਹੁ-ਗਿਣਤੀ ਹਿੰਦੂ ਭਾਈਚਾਰੇ ਅੰਦਰ ਪਿਛਲੇ ਕਾਲੇ ਦੌਰ ਦਾ ਖੌਫ ਪੈਦਾ ਕਰ ਕੇ ਵੋਟਾਂ ਬਟੋਰਨ ਦੀ ਸਿਆਸਤ ਦੇ ਤਹਿਤ ਪੰਜਾਬ ਦੋਖੀ ਤਾਕਤਾਂ ਅਤੇ ਸਰਕਾਰੀ ਏਜੰਸੀਆਂ ਦੀ ਸਾਜ਼ਿਸ਼ 'ਤੇ ਮੋਹਰੇ ਵਜੋਂ ਵੇਖ ਰਹੀਆਂ ਹਨ। ਦੂਸਰੀਆਂ ਧਿਰਾਂ ਅਤੇ ਸਿੱਖ ਚਿੰਤਕਾਂ ਵਲੋਂ ਉਸ ਨੂੰ ਸਿੱਖਾਂ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਭੇਜੇ ਮੁਕਤੀ ਦੂਤ ਵਜੋਂ ਵੇਖਿਆ ਜਾ ਰਿਹਾ ਹੈ। ਇਸ ਪ੍ਰਥਾਏ ਪੰਜਾਬ ਟਾਈਮਜ਼ ਦੇ 15 ਅਕਤੂਬਰ ਵਾਲੇ ਅੰਕ ਵਿਚ ਅਸੀਂ ਰਣਜੀਤ ਸਿੰਘ ਕੁੱਕੀ ਅਤੇ ਅਜਮੇਰ ਸਿੰਘ ਦੇ ਵਿਚਾਰਾਂ ਉਪਰ ਟਿੱਪਣੀ ਵਜੋਂ ਹਜ਼ਾਰਾ ਸਿੰਘ ਮਿਸੀਸਾਗਾ ਦਾ ਲੇਖ ਛਾਪਿਆ ਸੀ। ਉਸੇ ਪ੍ਰਸੰਗ ਵਿਚ ਦੂਸਰੀ ਧਿਰ ਵਲੋਂ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਦਾ ਲੇਖ ਵੀ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। ਅਗਲੇ ਦਿਨੀਂ ਵੱਖਰੇ ਵਿਚਾਰਾਂ ਅਤੇ ਆਉਣ ਵਾਲੇ ਪ੍ਰਤੀਕਰਮਾਂ ਨੂੰ ਵੀ ਅਖਬਾਰ ਵਿਚ ਢੁਕਵੀਂ ਜਗ੍ਹਾ ਦਿੱਤੀ ਜਾਵੇਗੀ। (-ਸੰਪਾਦਕੀ)*

21 ਅਕਤੂਬਰ ਦੀ ਸ਼ਾਮ ਨੂੰ ਭਾਈ ਅੰਮ੍ਰਿਤਪਾਲ ਸਿੰਘ ਨਾਲ ਹੋਈ ਮੁਲਾਕਾਤ ਨੇ ਕਿੰਨੀਆਂ ਯਾਦਾਂ ਨੂੰ ਸੱਜਰੀ ਹਵਾ ਦੇ ਦਿੱਤੀ, ਇਤਿਹਾਸ ਦੇ ਕਈ ਦੌਰ ਸਾਕਾਰ ਹੋ ਗਏ। ਇਹ ਅਹਿਸਾਸ ਵੀ ਹੋਇਆ ਕਿ ਰੂਹ ਦੇ ਜ਼ੋਰ ਨਾਲ ਜਿਉਣ ਵਾਲੀ ਸਿੱਖ ਕੌਮ ਦੇ ਇਤਿਹਾਸ ਨੂੰ "ਅੰਤਰਮੁਖੀ ਨਜ਼ਰੀਏ ਤੋਂ ਵੇਖਣ ਦੀ ਵੀ ਲੋੜ ਹੈ। ਪਿੰਡ ਦਾ ਗੁਰਦੁਆਰਾ ਸਾਹਿਬ ਖਾਲਸਾਈ ਸਰਗਰਮੀਆਂ ਦਾ ਕੇਂਦਰ ਬਣ ਗਿਆ ਹੈ। ਅੰਮ੍ਰਿਤਪਾਲ ਸਿੰਘ ਸਾਰਾ ਦਿਨ ਉਥੇ ਹੀ ਰਹਿੰਦੇ ਹਨ ਜਿਥੇ ਦੂਰ ਦੂਰ ਤੋਂ ਆਉਣ ਵਾਲੇ ਨੌਜਵਾਨ, ਬਜ਼ੁਰਗ ਅਤੇ ਹਰ ਖੇਤਰ ਦੇ ਲੋਕ ਉਨ੍ਹਾਂ ਨੂੰ ਮਿਲਦੇ ਹਨ ਅਤੇ ਪੰਥਕ ਵਿਚਾਰਾਂ ਕਰਦੇ ਹਨ। ਲੰਗਰ ਹਰ ਸਮੇਂ ਚੱਲਦਾ ਹੈ। ਵਿਦਿਆਰਥੀਆਂ ਅੰਦਰ ਉਨ੍ਹਾਂ ਨੂੰ ਮਿਲਣ ਦੀ ਵਿਸ਼ੇਸ਼ ਖਿੱਚ ਰਹਿੰਦੀ ਹੈ। ਜ਼ਿੰਦਗੀ ਦੇ ਅੱਠੇ ਪਹਿਰ ਉਨ੍ਹਾਂ ਨੇ ਪੰਥ



**ਕਰਮਜੀਤ ਸਿੰਘ**
**ਫੋਨ: 99150-91063**

ਨੂੰ ਸਮਰਪਿਤ ਕਰ ਦਿੱਤੇ ਹਨ।

ਸਾਡੇ ਨਾਲ ਮੁਲਾਕਾਤ ਦੌਰਾਨ ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ, ਭਾਈ ਜਸਵੰਤ ਸਿੰਘ ਦਿੱਲੀ ਵੀ ਬੈਠੇ ਹੋਏ ਸਨ, ਜਦਕਿ ਭਾਈ ਅਮਰੀਕ ਸਿੰਘ ਮੁਕੇਰੀਆਂ, ਭਾਈ ਸਿਮਰਜੀਤ ਸਿੰਘ ਰਿਸਰਚ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਿੱਖ ਚਿੰਤਕ ਭਾਈ ਪ੍ਰਭਜੋਤ ਸਿੰਘ ਨਵਾਂਸ਼ਹਿਰ ਕੁਝ ਕਾਰਨਾਂ ਕਰਕੇ ਪਹੁੰਚ ਨਹੀਂ ਸਨ ਸਕੇ। ਤਿੰਨ ਘੰਟੇ ਲੰਮੀ ਮੁਲਾਕਾਤ ਉਦੋਂ ਖ਼ਤਮ ਹੋਈ ਜਦੋਂ ਜਲੂਪੁਰ ਖੇੜਾ ਪਿੰਡ ਦੀ ਢਲਦੀ ਸ਼ਾਮ ਰਾਤ ਵੱਲ ਸਫ਼ਰ ਕਰ ਰਹੀ ਸੀ। ਮੈਨੂੰ ਪਤੈ, ਤੁਸੀਂ ਇਹ ਸਵਾਲ ਕਰਨ ਲਈ ਉਤਾਵਲੇ ਹੋ ਕਿ ਇਹ ਮੁਲਾਕਾਤ ਕਿਸ ਤਰ੍ਹਾਂ ਦੀ ਸੀ? ਮਾਹੌਲ ਕਿਹੋ ਜਿਹਾ ਸੀ? ਸਵਾਲਾਂ ਦੀ ਬੁਛਾੜ ਹੋਈ ਕਿ ਨਹੀਂ? ਜਵਾਬਾਂ ਦਾ ਪੱਧਰ ਕਿਹੋ ਜਿਹਾ ਸੀ? ਉਨ੍ਹਾਂ ਜਵਾਬਾਂ ਵਿਚ ਸੂਝ, ਸਿਆਣਪ, ਧੀਰਜ ਅਤੇ ਠਰ੍ਹੰਮੇ ਦਾ ਗ੍ਰਾਫ ਕਿਸ ਤਰ੍ਹਾਂ ਦਾ ਸੀ? ਉਸ ਦੀਆਂ ਗੱਲਾਂ ਤੇ ਅਮਲਾਂ ਵਿਚ ਕਿੰਨੀ ਕੁ ਗੂੜ੍ਹੀ ਸਾਂਝ ਮਹਿਸੂਸ ਹੋਈ? ਕਿੰਨਾ ਪਾੜਾ ਸੀ?

ਇਕ ਵੱਡਾ ਸੁਆਲ ਇਹ ਵੀ ਸੀ ਜੋ ਬਹੁਤ ਘੱਟ ਲੋਕ ਪੁੱਛਦੇ ਹਨ ਕਿ ਕੀ ਤੁਸੀਂ ਆਖਿਰਕਾਰ ਅੰਮ੍ਰਿਤਪਾਲ ਸਿੰਘ ਦੀ "ਅੰਦਰਲੀ ਰੌਸ਼ਨੀ" ਤਕ ਪਹੁੰਚ ਸਕੇ, ਜਿਸ ਰੌਸ਼ਨੀ ਨੂੰ ਮੀਡੀਆ ਤੇ ਵਿਦਵਾਨਾਂ ਦਾ ਇਕ ਪਾਸੜ ਉਲਾਰ ਸੁਭਾਅ ਸਦਾ ਵਾਂਗ ਵੇਖ ਹੀ ਨਹੀਂ ਸਕਿਆ ਜਾਂ ਵੇਖਣਾ ਹੀ ਨਹੀਂ ਚਾਹੁੰਦਾ ਜਾਂ ਵੇਖਣ ਤੋਂ ਡਰ ਲੱਗਦਾ ਹੈ। ਅੰਦਰਲੀ ਰੌਸ਼ਨੀ ਤਕ ਪਹੁੰਚਣਾ ਏਨਾ ਆਸਾਨ ਨਹੀਂ ਹੁੰਦਾ ਅਤੇ ਵੱਡੇ ਬੰਦਿਆਂ ਦੇ ਕਾਲਜੇ ਦੀ ਪੀੜ (ਕਰਕ ਕਲੇਜੇ ਮਾਹਿ) ਨੂੰ ਆਪਣੀ ਪੀੜ ਬਣਾਉਣਾ ਵੀ ਮੁਸ਼ਕਲ ਹੁੰਦਾ ਹੈ, ਕਿਉਂਕਿ ਬੱਦਲਾਂ ਨਾਲ ਗੱਲਾਂ ਕਰਨ ਲਈ ਤੁਹਾਨੂੰ ਬਾਜ਼ ਨਾਲ ਦੋਸਤੀ ਪਾਉਣੀ ਪੈਂਦੀ ਹੈ।

40 ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਮੈਂ ਦਰਬਾਰ ਸਾਹਿਬ ਕੰਪਲੈਕਸ ਵਿਚ ਗੁਰੂ ਨਾਨਕ ਨਿਵਾਸ ਦੀ ਉਪਰਲੀ ਛੱਤ ਤੋਂ ਸੰਤ ਜਰਨੈਲ ਸਿੰਘ ਨਾਲ ਇਕ ਲੰਮੀ ਮੁਲਾਕਾਤ ਕਰਨ ਤੋਂ ਪਿੱਛੋਂ ਪੌੜੀਆਂ ਤੋਂ ਹੇਠਾਂ ਉਤਰ ਰਿਹਾ ਸੀ ਤਾਂ ਮੈਨੂੰ ਗੰਨਾ ਪਿੰਡ ਵਾਲੇ ਸਰਦਾਰ ਦਲਬੀਰ ਸਿੰਘ ਯਾਦ ਆ ਗਏ ਜਿਨ੍ਹਾਂ ਨੇ 1978 ਦੀ ਖ਼ੂਨੀ ਵਿਸਾਖੀ ਪਿੱਛੋਂ ਸੰਤ ਜਰਨੈਲ ਸਿੰਘ ਨਾਲ ਕਈ ਘੰਟੇ ਮੁਲਾਕਾਤ ਕਰਨ ਪਿੱਛੋਂ ਆਪਣਾ ਤਜਰਬਾ ਮੇਰੇ ਨਾਲ ਸਾਂਝਾ ਕਰਦਿਆਂ ਇਹ ਭਵਿੱਖਬਾਣੀ ਕੀਤੀ ਕਿ ਇਹ "ਬੰਦਾ ਇਤਿਹਾਸ ਵਿਚ ਕੋਈ ਵੱਡਾ ਰੋਲ ਅਦਾ ਕਰੇਗਾ" ਅਤੇ ਸੱਚਮੁੱਚ ਦੁਨੀਆਂ ਨੇ ਇਸੇ ਤਰ੍ਹਾਂ ਹੀ ਵੇਖਿਆ। ਸ਼ਾਇਦ ਤੁਸੀਂ ਅਜੇ ਸਹਿਮਤ ਨਾ ਹੋਵੋ ਪਰ ਜਲੂਪੁਰ ਖੇੜਾ ਗੁਰਦੁਆਰਾ ਸਾਹਿਬ ਦੀ ਉੱਪਰਲੀ ਛੱਤ ਤੋਂ ਹੇਠਾਂ ਉਤਰਦਿਆਂ ਮੈਨੂੰ ਵੀ ਇਹੋ ਮਹਿਸੂਸ ਹੋਇਆ ਕਿ 'ਇਹ ਬੰਦਾ ਵੀ ਕੋਈ ਵੱਡਾ ਚਮਤਕਾਰ ਕਰ ਕੇ ਇਸ ਸੰਸਾਰ ਤੋਂ ਵਿਦਾ ਹੋਵੇਗਾ ਜਿਸ ਨੂੰ ਅੱਜ ਅਨਾੜੀ ਲੋਕਾਂ ਦਾ ਕਾਫ਼ਲਾ 'ਕੱਲ੍ਹ ਦਾ ਜੁਆਕ' ਕਹਿ ਰਿਹਾ ਹੈ।'

ਅਸੀਂ ਸਾਰੇ ਬੜੇ ਔਖੇ ਸਮਿਆਂ ਵਿਚੋਂ ਲੰਘ ਰਹੇ ਹਾਂ, ਜਦੋਂ ਸਾਡੀ 'ਨਜ਼ਰ' ਦਾ ਰਿਸ਼ਤਾ 'ਅਸਮਾਨ' ਨਾਲ ਨਹੀਂ ਬਣ ਸਕਿਆ। ਅਸੀਂ ਦੀਪ ਸਿੱਧੂ ਨੂੰ ਵੀ ਨਹੀਂ ਸੀ ਪਛਾਣ ਸਕੇ ਜਿਸ ਨੇ ਸਾਡੀ ਖੁਰ ਰਹੀ 'ਹੋਂਦ' ਦਾ ਵੱਡਾ ਦਾਰਸ਼ਨਿਕ ਸਵਾਲ ਖੜ੍ਹਾ ਕਰ ਕੇ ਵਿਰੋਧੀਆਂ ਦੇ ਕਾਫ਼ਲੇ ਵਿਚ ਕੰਬਣੀ ਛੇੜ ਦਿੱਤੀ ਸੀ। ਇਹ ਉਹੀ ਸੀ ਜਿਸ ਨੇ ਕਿਸਾਨੀ ਨੂੰ ਫਿਲਾਸਫੀ, ਧਰਮ ਤੇ ਸੱਭਿਆਚਾਰ ਨਾਲ ਜੋੜ ਕੇ ਉਹ ਚਮਤਕਾਰ ਕੀਤਾ ਜਿਸ ਨੂੰ ਯਾਦ ਕਰਨ ਲਈ ਹੰਝੂ ਕਾਫ਼ੀ ਨਹੀਂ ਹਨ।

ਭਾਈ ਅੰਮ੍ਰਿਤਪਾਲ ਸਿੰਘ ਵੀ ਉਨ੍ਹਾਂ ਰਾਹਾਂ 'ਤੇ ਚੱਲ ਪਿਆ ਹੈ ਜਿੱਥੇ ਕਿਸ਼ਤੀ ਕਿਨਾਰੇ 'ਤੇ ਬੈਠ ਕੇ ਨਹੀਂ ਚਲਾਈ ਜਾ ਸਕਦੀ। ਦਰਿਆ ਦੀਆਂ ਲਹਿਰਾਂ ਵਿਚ ਠੇਲਣੀ ਪੈਂਦੀ ਹੈ। ਇਹ ਖ਼ਾਲਸਾ ਯੁੱਗ ਦੇ ਪੈਂਡੇ ਹਨ ਜਿਸ ਉੱਤੇ ਪਹਿਲਾਂ ਸੰਤ ਜਰਨੈਲ ਸਿੰਘ, ਫਿਰ ਜੁਝਾਰੂ ਲਹਿਰ, ਫਿਰ ਦੀਪ ਸਿੱਧੂ ਅਤੇ ਹੁਣ ਇਨ੍ਹਾਂ ਪੈਂਡਿਆਂ ਦਾ ਗੁਰਜ ਬਿਨਾਂ ਸ਼ੱਕ ਵੀਰ ਅੰਮ੍ਰਿਤਪਾਲ ਸਿੰਘ ਕੋਲ ਹੈ।

ਅਸਲ ਵਿਚ ਇਨ੍ਹਾਂ ਪੈਂਡਿਆਂ ਦਾ ਸਫ਼ਰ ਵੱਖਰਾ ਹੈ, ਦਿਸ ਰਹੀਆਂ ਰਾਜਨੀਤਕ ਪਾਰਟੀਆਂ ਦੇ ਸੰਘਰਸ਼ਾਂ, ਉਨ੍ਹਾਂ ਦੇ ਲਾਈਫ ਸਟਾਈਲ ਤੇ ਉਨ੍ਹਾਂ ਦੀ ਮੰਜ਼ਲ ਤੋਂ ਉੱਕਾ ਹੀ ਵੱਖਰਾ ਹੈ, ਉਨ੍ਹਾਂ ਤਮਾਮ ਬਿਰਤਾਂਤਾਂ ਤੋਂ ਵੱਖਰਾ ਹੈ, ਜਿਨ੍ਹਾਂ ਵਿਚ ਅਸਲ ਵਿਚ (ਮੈਂ ਕੌਣ ਹਾਂ) ਦੀ ਪਹਿਚਾਣ ਹੀ ਨਹੀਂ ਹੋ ਸਕਦੀ।

ਇਸ ਅੰਮ੍ਰਿਤਪਾਲ ਸਿੰਘ ਨੂੰ ਸਮਝਣ ਲਈ ਵੀ ਇਕ ਵੱਖਰੇ ਨਜ਼ਰੀਏ ਦੀ ਲੋੜ ਹੈ ਕਿਉਂਕਿ ਉਹ ਇਸ ਸਮੇਂ ਉਸ ਪੜਾਅ 'ਤੇ ਖੜ੍ਹਾ ਹੈ ਜਿੱਥੇ ਕੇਵਲ 'ਅਹਿਸਾਸ' ਦਾ ਰੰਗ ਹੁੰਦਾ ਹੈ ਜੋ ਇਲਮਾਂ ਦੇ ਝੱਖੜਾਂ ਨਾਲ ਨਹੀਂ ਸਮਝਿਆ ਜਾਂ ਮਾਪਿਆ ਜਾ ਸਕਦਾ, ਜਿੱਥੇ ਸੋਚ ਦੇ ਖੰਭ ਝੜ ਜਾਂਦੇ ਹਨ। ਉਹ ਸੱਚਮੁੱਚ ਕਿਸੇ ਹੋਰ ਸਾਜ਼ ਦੀ ਤਾਰ ਹੈ।

ਜਲੂਪੁਰ ਖੇੜਾ ਦੀ ਲੰਮੀ ਮੁਲਾਕਾਤ ਵਿਚ ਇਹ ਹਕੀਕਤ ਨਿਖਰ ਕੇ ਸਾਹਮਣੇ ਆਈ ਕਿ ਅਸੀਂ ਗੁਰੂ-ਪਿਆਰ ਤੋਂ ਵਿੱਛੜ ਗਏ ਹਾਂ। ਉਸ ਨੂੰ ਰੋਸ ਹੈ ਕਿ ਗੁਰੂ ਦੀ ਬੇਅਦਬੀ ਵੇਖ ਕੇ, ਸੁਣ ਕੇ ਸਾਡੇ ਅੰਦਰ ਸਿੱਖੀ ਸਿਧਾਂਤਾਂ ਅਤੇ ਜਜ਼ਬਿਆਂ ਦਾ ਤੂਫ਼ਾਨ ਕਿਉਂ ਨਹੀਂ ਝੂਲਦਾ। ਗੁਰੂ ਗ੍ਰੰਥ ਸਾਹਿਬ ਸਾਡੇ ਲਈ ਇਕ ਸਾਧਾਰਨ ਕਿਤਾਬ ਬਣਾ ਦਿੱਤੀ ਗਈ ਹੈ। ਬੇਅਦਬੀ ਦੀਆਂ ਘਟਨਾਵਾਂ ਨੂੰ ਅਸੀਂ ਆਮ ਜਿਹੀ ਗੱਲ ਸਮਝ ਲਿਆ ਹੈ ਜਿਵੇਂ ਕਿ ਸਾਡਾ ਦੁਸ਼ਮਣ ਚਾਹੁੰਦਾ ਸੀ। ਧਰਮੀ ਅਖਵਾਉਂਦੇ ਲੋਕ ਵੀ ਸਰਕਾਰ ਵੱਲੋਂ ਵਰਤਾਏ ਇਸ ਕੰਮ ਨੂੰ ਮਿੱਠਾ ਕਰਕੇ ਮੰਨ ਰਹੇ ਹਨ। ਖਾਲਿਸਤਾਨ ਵੀ ਤਾਂ ਇਕ ਨਾਅਰਾ ਹੀ ਬਣ ਗਿਆ ਹੈ। ਉਹ ਕਹਿੰਦਾ ਹੈ ਕਿ ਖਾਲਿਸਤਾਨ ਦੀ 'ਰੂਹ' ਤੋਂ ਅਸੀਂ ਕਿਨਾਰਾ ਕਰ ਲਿਆ ਹੈ ਅਤੇ ਜਿਸਮ ਹੀ ਚੁੱਕੀ ਫਿਰਦੇ ਹਾਂ। ਇਥੋਂ ਤਕ ਕਿ ਖਾਲਿਸਤਾਨ ਲਈ ਸੰਘਰਸ਼ ਕਰਨ ਵਾਲੇ ਵੀ ਕਈ ਖਾਲਿਸਤਾਨ ਤੋਂ ਦੂਰ ਜਾ ਰਹੇ ਹਨ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਉਹ ਗੇੜਾ ਮਾਰਨਾ ਚਾਹੁੰਦੇ ਹਨ ਜਿੱਥੇ ਉਹ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਸਵਾਲਾਂ ਦਾ ਸਾਹਮਣਾ ਕਰਨਗੇ ਜਦਕਿ ਸਰਬੱਤ ਖਾਲਸਾ ਬੁਲਾਉਣ ਤੋਂ ਪਹਿਲਾਂ ਉਹ ਤਮਾਮ ਜਥੇਬੰਦੀਆਂ ਅਤੇ ਸੰਸਥਾਵਾਂ ਨਾਲ ਸੰਪਰਕ ਕਰ ਕੇ ਹੀ ਕਿਸੇ ਅੰਤਮ ਫੈਸਲੇ 'ਤੇ ਪਹੁੰਚਣਗੇ। ਮਾਲਵਾ ਖੇਤਰ ਦੀ ਜਨਤਾ ਤਕ ਵੱਡੀ ਪੱਧਰ 'ਤੇ ਪਹੁੰਚ ਕਰਨ ਦਾ ਵੀ ਉਨ੍ਹਾਂ ਨੇ ਮਨ ਬਣਾਇਆ ਹੋਇਆ ਹੈ।

ਅਸਲ ਵਿਚ ਲੰਮੀ ਮੁਲਾਕਾਤ ਵਿਚ ਬਹੁਤ ਸਾਰੇ ਮਸਲੇ ਸਾਹਮਣੇ ਆਏ, ਬਹੁਤ ਸਾਰੇ ਮਸਲਿਆਂ ਬਾਰੇ ਅਜੇ ਹੋਰ ਸਪੱਸ਼ਟੀਕਰਨ ਚਾਹੀਦੇ ਹਨ, ਬਹੁਤ ਸਾਰੇ ਮਸਲਿਆਂ ਦਾ ਜਵਾਬ ਸਮੇਂ ਉੱਤੇ ਛੱਡਿਆ ਗਿਆ ਹੈ। ਇਸਾਈਆਂ ਦੇ ਪ੍ਰਚਾਰ



*ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦੀ ਭਾਈ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਮੌਕੇ ਦੀ ਤਸਵੀਰ*

ਅਤੇ ਉਨ੍ਹਾਂ ਵਲੋਂ ਸਿੱਖ ਧਰਮ ਬਾਰੇ ਅਪਣਾਈ ਗਈ ਪਹੁੰਚ ਅਤੇ ਅੰਮ੍ਰਿਤਪਾਲ ਸਿੰਘ ਵੱਲੋਂ ਲਏ ਸਪੱਸ਼ਟ ਸਟੈਂਡ ਨੂੰ ਹੋਰ ਕਈ ਦ੍ਰਿਸ਼ਟੀਕੋਣਾਂ ਤੋਂ ਵੀ ਵਿਚਾਰਨ ਅਤੇ ਬਾਹਰਲੇ ਸਿੱਖਾਂ ਉੱਤੇ ਪੈਣ ਵਾਲੇ ਸੰਭਾਵੀ ਅਸਰਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਪੰਜਾਬ ਨੂੰ ਜਗਾਉਣ ਲਈ ਅੰਮ੍ਰਿਤਪਾਲ ਸਿੰਘ "ਚਲਦਾ ਵਹੀਰ" ਦੀ ਪੁਰਾਤਨ ਰਾਜਨੀਤੀ ਤੇ ਖ਼ਾਲਸਈ ਰਣਨੀਤੀ ਨੂੰ ਬਹਾਲ ਕਰ ਰਿਹਾ ਹੈ ਜਿਸ ਵਿਚ ਹੰਨੇ ਹੰਨੇ ਪੀਰੀ ਤੇ ਹੰਨੇ ਹੰਨੇ ਮੀਰੀ ਦਾ ਅਹਿਸਾਸ ਜਗਾਉਣ ਵਾਲੇ ਕਾਫ਼ਲੇ ਅਗਲੇ ਕੁਝ ਦਿਨਾਂ ਵਿਚ ਪੰਜਾਬ ਦੀ ਧਰਤੀ 'ਤੇ ਮਾਰਚ ਕਰਨਗੇ। ਇਹ ਮਾਰਚ ਪੈਦਲ ਵੀ ਹੋਵੇਗਾ, ਘੋੜਿਆਂ 'ਤੇ ਵੀ ਹੋਵੇਗਾ, ਪਿੰਡ ਪਿੰਡ ਪੜਾਅ ਹੋਵੇਗਾ ਅਤੇ ਉਨ੍ਹਾਂ ਦਾ ਦਾਅਵਾ ਹੈ ਕਿ ਕੀਰਤਨ, ਕਥਾ ਤੇ ਲੈਕਚਰ ਸੰਗਤਾਂ ਨੂੰ ਜਥੇਬੰਦ ਵੀ ਕਰਨਗੇ, ਜਗਾਉਣਗੇ ਵੀ ਅਤੇ ਤੋਰਨਗੇ ਵੀ। ਅੰਮ੍ਰਿਤਪਾਲ ਸਿੰਘ ਇਨ੍ਹਾਂ ਯਤਨਾਂ ਨੂੰ ਹੀ ਢਾਂਚੇ ਦਾ ਰੂਪ ਦਰਸਾ ਰਿਹਾ ਹੈ ਹਾਲਾਂਕਿ "ਵਾਰਸ ਪੰਜਾਬ ਦੇ" ਜਥੇਬੰਦੀ ਕਿਸ ਤਰ੍ਹਾਂ ਦੇ ਢਾਂਚੇ ਦੀ ਸਿਰਜਣਾ ਕਰੇਗੀ, ਉਸ ਦੀ ਰੂਪ-ਰੇਖਾ ਬਾਰੇ ਗੱਲਾਂ ਅਜੇ ਸਪੱਸ਼ਟ ਨਹੀਂ ਹੋਈਆਂ।

ਇਕ ਹੋਰ ਅਹਿਮ ਤੇ ਦਿਲਚਸਪ ਗੱਲ ਜਿਹੜੀ ਚੈਨਲਾਂ ਵਾਲਿਆਂ ਦੀ ਪਕੜ ਵਿਚ ਨਹੀਂ ਆ ਰਹੀ ਅਤੇ ਨਾ ਹੀ ਉਹ ਇਸ ਦੀ ਮਹੱਤਤਾ ਨੂੰ ਸਮਝ ਰਹੇ ਹਨ, ਉਹ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਮਨ, ਪਦਾਰਥ, ਵਿਕਾਰ, ਸਰੀਰ, ਡਰ, ਸੰਕਟ, ਪੈਗੰਬਰ, ਗੁਰੂ, ਸੁਰਤ, ਪਾਪ, ਪੁੰਨ ਬਾਰੇ ਵੀ ਖ਼ਾਲਸਈ ਨਜ਼ਰੀਏ ਤੋਂ ਗੱਲਾਂ ਕਰਦਾ ਹੈ ਜੋ ਸਤਈ ਜਾਂ ਓਪਰੀਆਂ ਨਹੀਂ ਸਗੋਂ ਤੁਹਾਡਾ ਗਹਿਰਾਈ ਦੇ ਆਲਮ ਨਾਲ ਰਿਸ਼ਤਾ ਵੀ ਜੋੜਦੀਆਂ ਹਨ, ਹਾਲਾਂਕਿ ਇਨ੍ਹਾਂ ਅਤਿ ਸੂਖਮ ਵਰਤਾਰਿਆਂ ਸਬੰਧੀ ਉਸ ਦੀ ਸੁਤੰਤਰ ਸਮਝ ਬਾਰੇ ਹੋਰ ਵਿਆਖਿਆਵਾਂ ਨੂੰ ਵੀ ਉਹ ਖੁੱਲ੍ਹਾ ਛੱਡਦਾ ਹੈ। ਪਰ ਇਸ ਤੋਂ ਇਹ ਤਾਂ ਪਤਾ ਲੱਗਦਾ ਹੀ ਹੈ ਕਿ ਉਹ ਸਿੱਧ ਪੱਧਰਾ ਜਾਂ ਘਟਨਾਵਾਂ ਤੋਂ ਅਣਜਾਣ ਵਿਅਕਤੀ ਨਹੀਂ ਅਤੇ ਨਾ ਹੀ ਕੰਨਾਂ ਦਾ ਕੱਚਾ ਹੈ, ਨਾ ਹੀ ਉਸਨੂੰ ਕੋਈ ਹਾਈਜੈਕ ਕਰ ਸਕਦਾ ਹੈ। ਉਸ ਨੂੰ ਪਤਾ ਹੈ ਕਿ ਉਸ ਦੇ ਵਿਰੁੱਧ ਕਿੱਥੇ ਘੁਸਰ-ਮੁਸਰ ਹੋ ਰਹੀ ਹੈ, ਪਰ ਕੌੜੇ ਮਿੱਠੇ ਤਜਰਬਿਆਂ ਨਾਲ ਉਸ ਅੰਦਰ ਧੀਰਜ, ਠਰੰਮਾ ਤੇ ਸਹਿਜ ਆ ਰਿਹਾ ਹੈ। ਇਸ ਤਬਦੀਲੀ ਨੂੰ ਉਹ ਸਵੀਕਾਰ ਵੀ ਕਰਦਾ ਹੈ।

ਅਜੇ ਇਹ ਸਵਾਲ ਜਿਉਂ ਦੇ ਤਿਉਂ ਖੜ੍ਹੇ ਹਨ ਕਿ ਢਾਂਚੇ ਨੂੰ ਉਸਾਰਨ, ਬੁਨਿਆਦ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਘੇਰਾ ਵਧਾਉਣ ਵਿਚ ਕਿਹੜੀ ਯੋਜਨਾ ਹੈ? ਕੀ ਬਹੁਤੇ ਫਰੰਟ ਖੋਲ੍ਹਣ ਨਾਲ ਸਾਡੀ ਕੀਮਤੀ ਊਰਜਾ ਵਿਚ ਖਿੰਡਾਅ ਤਾਂ ਨਹੀਂ ਆਏਗਾ? ਜੇ ਅੰਮ੍ਰਿਤਪਾਲ ਸਿੰਘ ਉੱਤੇ ਸਰਕਾਰ ਕਿਸੇ ਵੀ ਬਹਾਨੇ ਵਾਰ ਕਰਦੀ ਹੈ ਤਾਂ ਉਸ ਤੋਂ ਪਿੱਛੋਂ ਸੰਘਰਸ਼ ਦੀ ਵਾਗਡੋਰ ਕੌਣ ਸੰਭਾਲੇਗਾ? ਜਿਵੇਂ ਦੁਸ਼ਮਣਾਂ, ਵਿਰੋਧੀਆਂ ਤੇ ਸ਼ਰੀਕਾਂ ਨੇ ਮੌਕਾ ਮਿਲਦਿਆਂ ਹੀ ਥਾਂ ਥਾਂ "ਆਪਣੀਆਂ ਵਾਰੀਆਂ" ਸੰਭਾਲ ਲਈਆਂ ਹਨ, ਉਨ੍ਹਾਂ ਦਾ ਸਾਹਮਣਾ ਕਰਨ ਲਈ ਕੀ ਕੋਈ ਟੀਮ ਤਿਆਰ ਕੀਤੀ ਗਈ ਹੈ? ਪੰਜਾਬ ਅੰਦਰ ਸਿੱਖ ਕੌਮ ਦੀ ਆਬਾਦੀ ਘਟਾਉਣ ਲਈ ਹੋ ਰਹੇ ਵਿਉਂਤਬੱਧ ਯਤਨਾਂ ਨੂੰ ਠੱਲ੍ਹ ਪਾਉਣ ਲਈ ਕੀ ਹਿਮਾਚਲ ਜਾਂ ਹੋਰਨਾਂ ਰਾਜਾਂ ਵਿਚ ਬਣੇ ਕਾਨੂੰਨਾਂ ਦੀ ਤਰਜ਼ 'ਤੇ ਪੰਜਾਬ ਸਰਕਾਰ ਨੂੰ ਵੀ ਕਾਨੂੰਨ ਬਣਾਉਣ ਲਈ ਕੋਈ ਮੁਹਿੰਮ ਚਲਾਉਣ ਦੀ ਗੱਲ ਅੰਮ੍ਰਿਤਪਾਲ ਸਿੰਘ ਦੇ ਏਜੰਡੇ ਵਿਚ ਸ਼ਾਮਲ ਹੈ? ਬੁੱਧੀਜੀਵੀਆਂ ਅਤੇ ਇਤਿਹਾਸਕਾਰਾਂ ਦੇ ਹਲਕਿਆਂ ਵਿਚ ਹੋ ਰਹੇ ਸਵਾਲਾਂ ਦਾ ਜਵਾਬ ਵੀ ਉਨ੍ਹਾਂ ਨੇ ਦੇਣਾ ਹੈ ਕਿ ਉਹ ਇਨ੍ਹਾਂ ਦੇ ਰੋਲ ਨੂੰ ਘਟਾ ਕੇ ਕਿਉਂ ਵੇਖ ਰਹੇ ਹਨ?

ਇਹ ਪੁੱਛੇ ਜਾਣ ਉੱਤੇ ਕਿ ਉਹ ਆਉਣ ਸਾਰ ਤੱਤੀਆਂ ਗੱਲਾਂ ਕਿਉਂ ਕਰਨ ਲੱਗ ਪਏ? ਉਸ ਦਾ ਜੁਆਬ ਸੀ ਕਿ ਚੜ੍ਹ ਕੇ ਬੋਲਣਾ (offensive) ਸਮੇਂ ਦੀ ਲੋੜ ਸੀ। ਕੌਮ ਨੂੰ ਡਰ ਤੋਂ ਮੁਕਤ ਵੀ ਤਾਂ ਕਰਨਾ ਸੀ। ਜੇ ਮੈਂ ਡਿਫੈਂਸਿਵ ਹੋ ਕੇ ਚੱਲਦਾ ਤਾਂ ਸਰਕਾਰ ਨੇ ਆਪਣੇ ਬੇਅੰਤ ਸਾਧਨਾਂ ਤੇ ਸੋਮਿਆਂ ਨਾਲ ਸਾਨੂੰ ਕੁਚਲਣ ਦੀ ਕੋਸ਼ਿਸ਼ ਕਰਨੀ ਸੀ। ਵਿਰੋਧੀਆਂ ਨੂੰ ਤਾਂ ਬਹਾਨਾ ਹੀ ਚਾਹੀਦਾ ਹੈ, ਤਾਕਤ ਨੂੰ ਨੀਤੀ ਨਾਲ ਵੀ ਹਰਾਉਣਾ ਪੈਣਾ ਹੈ ਅਤੇ ਲੋੜ ਪੈਣ ਉਤੇ ਤਾਕਤ ਦਾ ਤਾਕਤ ਨਾਲ ਮੁਕਾਬਲਾ ਵੀ ਕਰਨਾ ਹੈ। ਉਹ ਸਵਾਲ ਕਰਦਾ ਹੈ ਤੇ ਪੁੱਛਦਾ ਵੀ ਹੈ ਕਿ "ਆਖਿਰਕਾਰ ਇਹ ਕਿਰਪਾਨ ਗੰਢੇ ਚੀਰਨ ਲਈ ਹੀ ਤਾਂ ਨਹੀਂ ਰੱਖੀ ਗਈ? ਉਸ ਨੂੰ ਗੁੱਸਾ ਵੀ ਇਸੇ ਗੱਲ ਦਾ ਹੈ ਕਿ ਸੰਘਰਸ਼ ਦੇ ਇਸ ਤਾਕਤਵਰ ਪੱਖ ਨੂੰ ਅਸੀਂ ਅਣਗੌਲਿਆ ਕੀਤਾ ਹੋਇਆ ਹੈ ਜਿਸ ਦਾ ਨਤੀਜਾ ਉਨ੍ਹਾਂ ਦੇ ਆਪਣੇ ਲਫ਼ਜ਼ਾਂ ਮੁਤਾਬਿਕ ਅਸੀਂ ਆਪਣੀ ਹੀ ਧਰਤੀ 'ਤੇ ਹਰ ਰੋਜ਼ ਛਿੱਤਰ ਖਾ ਰਹੇ ਹਾਂ। ਅੰਮ੍ਰਿਤਪਾਲ ਰੋਸ ਤੇ ਰੋਹ ਨੂੰ ਖ਼ਾਲਸਈ ਚੇਤਨਾ ਦਾ ਹਿੱਸਾ ਬਣਾ ਰਿਹਾ ਜਾਪਦਾ ਹੈ। ਉਸ ਨੇ ਪੰਜਾਬੀਆਂ ਅੰਦਰ ਪੰਜਾਬ ਲਈ ਇਕ ਸਾਂਝੀ ਪਿਆਸ ਤਾਂ ਪੈਦਾ ਕਰ ਹੀ ਦਿੱਤੀ ਹੈ। ਇਉਂ ਲੱਗਦਾ ਹੈ ਹੁਣ ਜਾਗਣ ਦਾ ਜਜ਼ਬਾ ਜਥੇਬੰਦ ਹੋਣ ਲਈ ਤਰਸ ਰਿਹਾ ਹੈ। ਉਹ ਆਪਣੇ ਸ਼ਬਦਾਂ ਨਾਲ ਹਰ ਕਿਸਮ ਦੀ ਖੜੋਤ ਨੂੰ ਤੋੜਦਾ ਹੈ, ਹਾਜ਼ਰ ਜਵਾਬੀ ਨਾਲ ਸਥਾਪਤ ਬਿਰਤਾਂਤਾਂ ਨੂੰ ਲੋੜ ਪੈਣ 'ਤੇ ਬੇਰਹਿਮੀ ਨਾਲ ਭੰਨ ਦੇਣ ਵਿਚ ਕਾਮਯਾਬ ਹੋਇਆ ਹੈ। ਦੀਪ ਸਿੱਧੂ ਦੇ ਵੰਨ-ਸੁਵੰਨੇ ਸੰਘਰਸ਼ ਅਤੇ ਚੇਤਨਾ ਦੇ ਪ੍ਰਕਾਸ਼ ਨੇ ਅੰਮ੍ਰਿਤਪਾਲ ਸਿੰਘ ਦੇ ਰਾਹ ਨੂੰ ਕਾਫ਼ੀ ਪੱਧਰਾ ਅਤੇ ਆਸਾਨ ਵੀ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਜਿਵੇਂ ਨੱਕ ਦੀ ਸੇਧ 'ਤੇ ਲਗਾਤਾਰ ਖ਼ਾਲਿਸਤਾਨ ਦੇ ਸੰਘਰਸ਼ ਅਤੇ ਨਿਸ਼ਾਨੇ ਉੱਤੇ ਕਰੜਾ ਪਹਿਰਾ ਦੇ ਰਿਹਾ ਹੈ, ਉਸ ਦੇ ਇਸ ਦ੍ਰਿੜ੍ਹ ਇਰਾਦੇ ਨੇ ਵੀ ਉਸ ਨੂੰ ਅੱਗੇ ਵਧਣ ਦਾ ਹੌਸਲਾ ਦਿੱਤਾ ਹੈ।

ਕਰਾਮਾਤ ਜਾਂ ਚਮਤਕਾਰ ਕੀ ਹੁੰਦੇ ਹਨ? ਇਹ ਕਦੋਂ ਵਾਪਰਦੇ ਹਨ? ਕਿਵੇਂ ਵਾਪਰਦੇ ਹਨ? ਇਨ੍ਹਾਂ ਸਵਾਲਾਂ ਦੇ ਢੁਕਵੇਂ ਤੇ ਫ਼ੈਸਲਾਕੁਨ ਜਵਾਬ ਕਿਸੇ ਵੀ ਸਮਾਜ ਵਿਗਿਆਨ ਕੋਲ ਨਹੀਂ ਹੁੰਦੇ। ਇਤਿਹਾਸ ਦੀ ਪਕੜ ਵਿਚ ਵੀ ਨਹੀਂ ਆਉਂਦੇ ਅਤੇ ਨਾ ਹੀ ਸਟੇਟ ਨੂੰ ਪਤਾ ਲੱਗਦਾ ਹੈ ਕਿ ਸਿੱਖ ਕੌਮ ਦੇ ਅੰਦਰ ਕੀ ਰਿੱਝ ਪੱਕ ਰਿਹਾ ਹੈ। ਇਹ ਹਾਲਤ ਸੱਚਮੁੱਚ **ਬੇਸ਼ਬਦ, ਭੇਤਭਰੀ ਅਤੇ ਰਹੱਸਮਈ ਹੁੰਦੀ ਹੈ ਅਤੇ ਇਕ ਉੱਘੇ ਮਨੋਵਿਗਿਆਨੀ ਮੁਤਾਬਕ ਖ਼ਤਰਨਾਕ ਵੀ।**

ਕਿਸ ਨੂੰ ਪਤਾ ਸੀ ਕਿ ਅੰਮ੍ਰਿਤਪਾਲ ਸਿੰਘ ਅਚਾਨਕ ਆਵੇਗਾ ਅਤੇ ਯਕਲਖਤ ਹੇਠਾਂ ਤੋਂ ਉਪਰ ਤਕ ਹਾਲਾਤ ਬਦਲ ਜਾਣਗੇ। ਜਿਹੜੇ ਘੇਸਲ ਮਾਰ ਕੇ ਚਿਰਾਂ ਤੋਂ ਸੁੱਤੇ ਹੋਏ ਸਨ ਉਹ ਜਾਗ ਉੱਠਣਗੇ ਅਤੇ ਝੰਜੋੜੇ ਜਾਣਗੇ। ਕਿਸ ਨੂੰ ਪਤਾ ਸੀ ਕਿ ਉਸ ਦੀ ਇਕ ਆਵਾਜ਼ ਨਾਲ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਇਕੋ ਦਿਨ ਇਕ ਹਜ਼ਾਰ ਤੋਂ ਵੱਧ ਨੌਜਵਾਨਾਂ ਵਿਚ ਅੰਮ੍ਰਿਤ ਛਕਣ ਦੀ ਚਾਹਤ ਪੈਦਾ ਹੋ ਜਾਏਗੀ। ਕਿਸ ਨੂੰ ਪਤਾ ਸੀ ਕਿ ਉਹ ਅਚਾਨਕ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਜਾਏਗਾ। ਕਿਸ ਨੂੰ ਪਤਾ ਸੀ ਕਿ ਜਦੋਂ ਉਹ ਬੋਲੇਗਾ ਤਾਂ ਉਨ੍ਹਾਂ ਬੋਲਾਂ ਨਾਲ ਆਜ਼ਾਦੀ ਦੀ ਰੀਝ ਨੂੰ ਨਵਾਂ ਬਲ, ਨਵੀਂ ਸ਼ਕਤੀ, ਨਵਾਂ ਜਜ਼ਬਾ ਅਤੇ ਨਵੀਂ ਸੇਧ ਮਿਲੇਗੀ। ਕਿਉਂ ਹਜ਼ਾਰਾਂ ਲੋਕ ਉਸ ਦੀ ਲੰਮੀ ਉਮਰ ਅਤੇ ਚੜ੍ਹਦੀ ਕਲਾ ਲਈ ਅਰਦਾਸਾਂ ਕਰ ਰਹੇ ਹਨ? ਕੀ ਤੁਸਾਂ ਦੇਖਿਆ ਨਹੀਂ ਕਿ ਕਿਵੇਂ ਚੈਨਲ, ਅਖ਼ਬਾਰਾਂ ਤੇ ਸਰਕਾਰਾਂ ਨੂੰ ਵੀ ਚਿੰਤਾ ਲੱਗੀ ਰਹਿੰਦੀ ਹੈ ਕਿ ਇਹ ਕੌਣ ਆ ਗਿਆ ਹੈ ਜਿਸ ਨੇ ਅਚਾਨਕ ਸਾਡੀ ਸ਼ਾਂਤੀ ਨੂੰ ਭੰਗ ਕਰ ਦਿੱਤਾ ਹੈ। ਕੀ ਇਉਂ ਨਹੀਂ ਲੱਗਦਾ ਕਿ ਵੰਨ-ਸੁਵੰਨੇ ਵਿਦਵਾਨ ਅਤੇ ਚੈਨਲਾਂ 'ਤੇ ਵਿਸ਼ੇਸ਼ ਤੌਰ 'ਤੇ ਲਿਆਂਦੇ ਜਾ ਰਹੇ ਪੱਤਰਕਾਰ ਜਦੋਂ ਅਚਾਨਕ ਉਠੇ ਇਸ ਵਰਤਾਰੇ ਬਾਰੇ ਕੰਨ ਪਾੜਦੇ ਹੋਏ ਬੋਲਦੇ ਹਨ ਤਾਂ ਧੁਰ ਅੰਦਰ ਤੋਂ ਕਿੰਨੇ ਖ਼ਾਲੀ ਲੱਗਦੇ ਹਨ। ਇਨ੍ਹਾਂ ਵਿਦਵਾਨਾਂ ਨੂੰ ਇਹ ਖ਼ਬਰ ਹੀ ਨਹੀਂ ਕਿ ਜਿਹੜੇ ਰਾਜਨੀਤਕ ਪਾਣੀਆਂ ਨਾਲ ਇਹ ਆਪਣੇ ਬੌਧਿਕ ਜਹਾਜ਼ ਨੂੰ ਸੰਭਾਲਦੇ ਹਨ, ਉਹੀ ਪਾਣੀ ਇਨ੍ਹਾਂ ਨੂੰ ਇਕ ਦਿਨ ਡੋਬ ਵੀ ਦੇਣਗੇ। ਉੱਚੀ ਸੁਰ ਵਿਚ ਬੋਲਣ ਵਾਲੇ ਇਨ੍ਹਾਂ ਵਿਦਵਾਨਾਂ ਨੂੰ ਕੋਈ ਜਣਾ ਸਮਝਾਏਗਾ ਕਿ ਮੱਖੀਆਂ ਦੇ ਖੰਘਣ ਨਾਲ ਧਰਤੀ ਨਹੀਂ ਕੰਬਦੀ। ਜਲੂਪੁਰ ਖੇੜਾ ਪਿੰਡ ਵਿਚ ਦਿਨ-ਬ-ਦਿਨ ਵਧ ਰਹੀਆਂ ਰੌਣਕਾਂ ਵੀ ਇਹੋ ਸੰਦੇਸ਼ ਦੇ ਰਹੀਆਂ ਹਨ।

# ਵਿਦਿਆਰਥੀ ਚੋਣਾਂ ਨੂੰ ਤਰਸਦੀਆਂ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ

ਚੰਡੀਗੜ੍ਹ ਦੇ ਕਾਲਜਾਂ ਸਮੇਤ ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀ ਚੋਣਾਂ ਦਾ ਅਮਲ ਨੇਪਰੇ ਚੜ੍ਹ ਚੁੱਕਿਆ ਹੈ। ਕਰੋਨਾ ਕਾਲ ਕਾਰਨ 2 ਸਾਲ ਬਾਅਦ ਇਹ ਚੋਣਾਂ ਹੋਈਆਂ ਹਨ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਦੀ ਪ੍ਰਧਾਨਗੀ ਲਈ ਪੰਜਾਬ ਦੀ ਸੱਤਾਧਾਰੀ ਪਾਰਟੀ 'ਆਪ' ਦੇ ਵਿਦਿਆਰਥੀ ਵਿੰਗ ਸੀ.ਵਾਈ.ਐਸ.ਐਸ. ਨੂੰ ਜਿਤਾਇਆ ਹੈ। ਤਕਰੀਬਨ ਇਕ ਮਹੀਨਾ ਪਹਿਲਾਂ ਹੀ 'ਆਪ' ਵੱਲੋਂ ਆਪਣੇ ਵਿਦਿਆਰਥੀ ਵਿੰਗ ਨੂੰ ਯੂਨੀਵਰਸਿਟੀ ਵਿਖੇ ਖੜ੍ਹਾ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ 'ਚ ਕਈ ਦੂਸਰੀਆਂ



**ਰਸ਼ਪਿੰਦਰ ਜਿੰਮੀ**
**ਫੋਨ: 90230-85007**

ਜਥੇਬੰਦੀਆਂ ਜਿਵੇਂ ਏ ਬੀ ਵੀ ਪੀ, ਐੱਸ ਓ ਆਈ, ਐਨ ਐਸ ਯੂ ਆਈ' ਆਦਿ 'ਚੋਂ ਆਏ ਪੁਰਾਣੇ ਵਿਦਿਆਰਥੀ ਆਗੂ ਇਸ ਵਿਦਿਆਰਥੀ ਵਿੰਗ ਨਾਲ ਜੋੜੇ ਗਏ। ਆਮ ਆਦਮੀ ਪਾਰਟੀ ਦੇ ਵਿਧਾਇਕਾਂ, ਮੰਤਰੀਆਂ ਅਤੇ ਖਾਸ ਤੌਰ 'ਤੇ ਉਚੇਰੀ ਸਿੱਖਿਆ ਮੰਤਰੀ ਮੀਤ ਹੇਅਰ ਵੱਲੋਂ ਇਸ ਚੋਣ ਨੂੰ ਜਿੱਤਣ ਲਈ ਜ਼ੋਰ ਲਗਾਇਆ ਗਿਆ। ਸੱਤਾਧਾਰੀ ਪਾਰਟੀਆਂ ਵੱਲੋਂ ਅਜਿਹਾ ਕਰਨਾ ਕੋਈ ਨਵਾਂ ਵਰਤਾਰਾ ਨਹੀਂ ਹੈ, ਸਗੋਂ ਅਕਾਲੀ-ਕਾਂਗਰਸ ਦੀਆਂ ਸਰਕਾਰਾਂ ਵੇਲੇ ਵੀ ਅਜਿਹਾ ਹੀ ਹੁੰਦਾ ਰਿਹਾ ਹੈ। ਖੈਰ ਇਸ ਲੇਖ ਦਾ ਮਕਸਦ ਪੰਜਾਬ ਯੂਨੀਵਰਸਿਟੀ 'ਚ ਹੋਈਆਂ ਚੋਣਾਂ ਦੀ ਸਮੀਖਿਆ ਕਰਨਾ ਨਹੀਂ ਸਗੋਂ ਇਸ ਗੱਲ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਨਾ ਹੈ ਕਿ ਚੰਡੀਗੜ੍ਹ 'ਚ ਵਿਦਿਆਰਥੀ ਚੋਣਾਂ ਲਈ ਸੱਤਾਧਾਰੀ ਪਾਰਟੀਆਂ ਦੀ ਐਨੀ ਦਿਲਚਸਪੀ ਹੈ ਪਰ ਪੰਜਾਬ 'ਚ ਵਿਦਿਆਰਥੀ ਚੋਣਾਂ ਕਰਵਾਉਣ ਬਾਰੇ ਚੁੱਪ ਕਿਉਂ ਹਨ ਕਿ ਪੰਜਾਬ ਦੀ ਰਾਜਧਾਨੀ 'ਚ ਤਾਂ ਵਿਦਿਆਰਥੀ ਚੋਣਾਂ ਹੁੰਦੀਆਂ ਹਨ ਪਰ ਪੰਜਾਬ ਦੀਆਂ ਯੂਨੀਵਰਸਿਟੀਆਂ/ਕਾਲਜ ਇਸ ਅਮਲ ਤੋਂ ਸੱਖਣੇ ਕਿਉਂ ਹਨ?

ਵਿੱਦਿਅਕ ਸੰਸਥਾਵਾਂ ਅੰਦਰ ਇਕ ਮਾਹੌਲ ਪੈਦਾ ਕਰਨ 'ਚ ਵਿਦਿਆਰਥੀ ਚੋਣਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਕ ਸਾਜ਼ਿਸ਼ ਤਹਿਤ ਪੰਜਾਬ 'ਚ 1984 'ਚ ਵਿਦਿਆਰਥੀ ਚੋਣਾਂ 'ਤੇ ਪਾਬੰਦੀ ਲਗਾਈ ਗਈ। ਦਲੀਲ ਇਹ ਕਿ ਪੰਜਾਬ ਦਾ ਮਾਹੌਲ ਖਰਾਬ ਹੈ ਤੇ ਜਦੋਂ ਮਾਹੌਲ ਠੀਕ ਹੋ ਗਿਆ ਤਾਂ ਪਾਬੰਧੀ ਹਟਾ ਦਿੱਤੀ ਜਾਵੇਗੀ। ਪਰੰਤੂ 38 ਸਾਲ ਬੀਤ ਜਾਣ ਦੇ ਬਾਵਜੂਦ ਪਾਬੰਧੀ ਨਹੀਂ ਹਟਾਈ ਗਈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅੰਦਰ ਵੀ ਪਾਬੰਧੀ ਹਟਾਉਣ ਲਈ ਵਿਦਿਆਰਥੀਆਂ ਨੂੰ ਸੰਘਰਸ਼ ਦਾ ਰਾਹ ਅਪਨਾਉਣਾ ਪਿਆ ਸੀ। ਲੰਮੀ ਜੱਦੋ-ਜਹਿਦ ਤੋਂ ਬਾਅਦ ਪਾਬੰਧੀ ਹਟਾਈ ਗਈ, ਜਿਸ ਤੋਂ ਬਾਅਦ ਹੁਣ ਤਕ ਵਿਦਿਆਰਥੀ ਚੋਣਾਂ ਲਗਾਤਾਰ ਹੁੰਦੀਆਂ ਆ ਰਹੀਆਂ ਹਨ। ਪੰਜਾਬ ਅੰਦਰ ਵੀ ਵਿਦਿਆਰਥੀ ਜਥੇਬੰਦੀਆਂ ਲੰਮੇ ਸਮੇਂ ਤੋਂ ਵਿਦਿਆਰਥੀ ਚੋਣਾਂ ਕਰਵਾਏ ਜਾਣ ਦੀ ਮੰਗ ਕਰਦੀਆਂ ਰਹੀਆਂ ਹਨ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਸੁਪਰੀਮ ਕੋਰਟ ਦੇ 2 ਦਸੰਬਰ, 2005 ਦੇ ਹੁਕਮ 'ਤੇ ਅਮਲ ਕਰਦਿਆਂ ਸਾਬਕਾ ਚੋਣ ਕਮਿਸ਼ਨਰ ਜੇ.ਐਮ. ਲਿੰਗਦੋਹ ਦੀ ਅਗਵਾਈ ਹੇਠ ਵਿਦਿਆਰਥੀ ਚੋਣਾਂ ਬਾਰੇ ਸਿਫਾਰਸ਼ ਕਰਨ ਲਈ ਇਕ ਕਮੇਟੀ ਬਣਾਈ ਸੀ। ਲਿੰਗਦੋਹ ਕਮੇਟੀ ਵੱਲੋਂ ਸਿਫਾਰਸ਼ਾਂ ਦੀ ਰਿਪੋਰਟ ਨੂੰ ਲਾਗੂ ਕਰਨ ਲਈ 22 ਦਸੰਬਰ, 2006 ਨੂੰ ਸੁਪਰੀਮ ਕੋਰਟ ਨੇ ਹੁਕਮ ਦਿੱਤੇ ਸਨ। ਉਦੋਂ ਤੋਂ ਯੂਜੀਸੀ ਹਰ ਸਾਲ ਵੱਖ-ਵੱਖ ਯੂਨੀਵਰਸਿਟੀਆਂ ਤੇ ਉਨ੍ਹਾਂ ਨਾਲ ਸਬੰਧਤ ਕਾਲਜਾਂ ਨੂੰ ਚੋਣਾਂ ਕਰਵਾਉਣ ਲਈ ਲਿਖਦੀ ਆ ਰਹੀ ਹੈ। ਹਾਲਾਂਕਿ ਲਿੰਗਦੋਹ ਕਮੇਟੀ ਦੀਆਂ ਸਿਫਾਰਸ਼ਾਂ ਬਾਰੇ ਚਰਚਾ ਦੀ ਲੋੜ ਹੈ ਲੇਕਿਨ ਪੰਜਾਬ ਅੰਦਰ ਫਿਰ ਵੀ ਚੋਣਾਂ 'ਤੇ ਪਾਬੰਧੀ ਬਰਕਰਾਰ ਹੀ ਰਹੀ।

2017 'ਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਪੰਜਾਬ 'ਚ ਕਾਂਗਰਸ ਦੀ ਸਰਕਾਰ ਸੱਤਾ 'ਚ ਆਈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣਾਂ ਜਿੱਤਣ ਤੋਂ ਪਹਿਲਾਂ ਵੀ ਵਾਅਦਾ ਕੀਤਾ ਗਿਆ ਸੀ ਕਿ ਵਿਦਿਆਰਥੀ ਚੋਣਾਂ ਸ਼ੁਰੂ ਕੀਤੀਆਂ ਜਾਣਗੀਆਂ। ਬਾਕਾਇਦਾ 27 ਮਾਰਚ 2018 ਨੂੰ ਅਸੈਂਬਲੀ 'ਚ ਖੜ੍ਹ ਕੇ ਬਿਆਨ ਵੀ ਦਿੱਤਾ ਕਿ ਵਿਦਿਆਰਥੀ ਚੋਣਾਂ 'ਤੇ ਪਾਬੰਧੀ ਹਟਾਈ ਜਾਂਦੀ ਹੈ। ਜੋ ਕਿ ਸਿਰਫ਼ ਬਿਆਨ ਹੀ ਸਾਬਤ ਹੋਇਆ ਅਮਲ 'ਚ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਜਿਸ ਤੋਂ ਬਾਅਦ ਵਿਦਿਆਰਥੀ ਜਥੇਬੰਦੀਆਂ 'ਚ ਵੀ ਹਲਚਲ ਪੈਦਾ ਹੁੰਦੀ ਹੈ। ਵਿਦਿਆਰਥੀ ਜਥੇਬੰਦੀ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਵੱਲੋਂ ਬਾਕਾਇਦਾ ਇਸ ਮੰਗ 'ਤੇ ਵਿਦਿਆਰਥੀਆਂ 'ਚ ਪ੍ਰਚਾਰ ਕੀਤਾ ਗਿਆ ਸੀ ਤੇ ਹਜ਼ਾਰਾਂ ਵਿਦਿਆਰਥੀਆਂ ਨੇ ਹਸਤਾਖਰ ਮੁਹਿੰਮ ਚਲਾ ਕੇ ਪੰਜਾਬ 'ਚ ਵਿਦਿਆਰਥੀ ਚੋਣਾਂ ਦਾ ਅਮਲ ਸ਼ੁਰੂ ਕਰਵਾਉਣ ਲਈ ਸਰਕਾਰ ਅੱਗੇ ਮੰਗ ਰੱਖੀ ਸੀ ਫੇਰ ਵੀ 2019 ਤਕ ਵੀ ਚੋਣਾਂ ਦਾ ਅਮਲ ਸ਼ੁਰੂ ਨਾ ਕੀਤਾ ਗਿਆ। ਦੋ ਸਾਲ ਦੀ ਤਾਲਾਬੰਦੀ ਤੇ ਵਿੱਦਿਅਕ ਸੰਸਥਾਵਾਂ ਬੰਦ ਰਹਿਣ ਕਾਰਨ ਚੋਣਾਂ ਸ਼ੁਰੂ ਕਰਵਾਉਣ ਲਈ ਵਿਦਿਆਰਥੀਆਂ ਦੀ ਮੁਹਿੰਮ ਬੰਦ ਰਹੀ। ਹੁਣ ਪੰਜਾਬ ਯੂਨੀਵਰਸਿਟੀ 'ਚ ਦੁਬਾਰਾ ਚੋਣਾਂ ਸ਼ੁਰੂ ਹੋਣ ਨਾਲ ਪੰਜਾਬ 'ਚ ਵਿਦਿਆਰਥੀ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਦੁਬਾਰਾ ਹਲਚਲ ਹੋਣ ਦੇ ਆਸਾਰ ਬਣੇ ਹਨ।

ਖਾਸ ਤੌਰ 'ਤੇ ਨਵੀਂ-ਨਵੀਂ ਸੱਤਾ 'ਚ ਆਈ 'ਆਪ' ਸਰਕਾਰ ਜੋ ਨੌਜਵਾਨ ਰਾਜਨੀਤੀ ਦੀ ਗੱਲ ਕਰਦੀ ਹੈ। ਮੁੱਖ ਮੰਤਰੀ ਨੇ ਖਾਸ ਤੌਰ 'ਤੇ ਜੇਤੂ ਧਿਰ ਨਾਲ ਮੁਲਾਕਾਤ ਕੀਤੀ ਹੈ। "ਪੀਯੂ ਉੱਤਰੀ ਭਾਰਤ ਦੇ ਵਿਦਿਆਰਥੀਆਂ ਦੀ ਧੁਰੀ ਤੇ ਇਹ ਚੋਣਾਂ ਸਿਆਸਤ ਦੀ ਪਾਠਸ਼ਾਲਾ" ਪਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ 'ਚ ਵਿਦਿਆਰਥੀ ਚੋਣਾਂ ਕਦੋਂ ਸ਼ੁਰੂ ਕਰਵਾਉਣਗੇ ਇਸ ਬਾਰੇ ਕੋਈ ਸ਼ਬਦ ਨਹੀਂ ਬੋਲੇ ਗਏ। ਸਿਆਸਤ ਦੀ ਪਾਠਸ਼ਾਲਾ 'ਕੱਲੀ ਪੰਜਾਬ ਯੂਨੀਵਰਸਿਟੀ ਕਿਉਂ ਪੂਰੇ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਕਿਉਂ ਨਹੀਂ ਬਣ ਸਕਦੀਆਂ।

ਦਰਅਸਲ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਪੂਰੇ ਉੱਤਰ ਭਾਰਤ 'ਚ ਸਥਾਪਤ ਹਨ। ਚੰਡੀਗੜ੍ਹ ਵਰਗੇ ਸ਼ਹਿਰ 'ਚ ਆਮ ਗ਼ਰੀਬ ਮਿਹਨਤਕਸ਼ ਮਜ਼ਦੂਰ-ਕਿਸਾਨਾਂ ਦੇ ਮੁੰਡੇ-ਕੁੜੀਆਂ ਦਾ ਪੜ੍ਹਨਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਯੂਨੀਵਰਸਿਟੀ 'ਚ ਜ਼ਿਆਦਾਤਰ ਕੁਲੀਨ ਵਰਗ 'ਚੋਂ ਆਏ ਵਿਦਿਆਰਥੀ ਪੜ੍ਹਦੇ ਹਨ। ਧਨ, ਬਾਹੂਬਲ ਤੇ ਸਿਆਸੀ ਥਾਪੜੇ ਨਾਲ ਇਨ੍ਹਾਂ ਚੋਣਾਂ ਨੂੰ ਜ਼ਿਆਦਾਤਰ ਪਾਰਟੀਆਂ ਆਪਣੇ ਵੋਟ ਬੈਂਕ ਬਣਾਉਣ ਲਈ ਵਰਤਦੀਆਂ ਹਨ। ਹਾਲਾਂਕਿ ਕੁਝ ਅਗਾਂਹਵਧੂ ਵਿਦਿਆਰਥੀ ਜਥੇਬੰਦੀਆਂ ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀ ਪੱਖੀ ਅਤੇ ਮੁੱਦਾ ਆਧਾਰਤ ਸਿਆਸਤ ਦਾ ਪ੍ਰਚਾਰ ਕਰਨ ਵਿਚ ਕਾਮਯਾਬ ਹੋ ਰਹੀਆਂ ਹਨ। ਜਦਕਿ ਆਮ ਆਦਮੀ ਪਾਰਟੀ ਤੇ ਇਸ ਦੇ ਵਿਦਿਆਰਥੀ ਵਿੰਗ ਸੀਵਾਈਐੱਸਐੱਸ ਦੀ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦੇ ਮਸਲੇ ਉੱਪਰ ਚੱਲੇ ਸੰਘਰਸ਼ 'ਚ ਕਦੇ ਕੋਈ ਭੂਮਿਕਾ ਨਹੀਂ ਰਹੀ। ਸਿਆਸੀ ਲਾਹਾ ਲੈਣ ਅਤੇ ਹਿਮਾਚਲ ਤੇ ਹਰਿਆਣਾ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ 'ਆਪ' ਨੇ ਇਨ੍ਹਾਂ ਵਿਦਿਆਰਥੀ ਚੋਣਾਂ ਦੀ ਮਹੱਤਤਾ ਨੂੰ ਬਾਖ਼ੂਬੀ ਸਮਝਿਆ ਹੈ। ਕਿਉਂਕਿ ਇਨ੍ਹਾਂ ਸੂਬਿਆਂ ਤੋਂ ਵੱਡੀ ਗਿਣਤੀ ਵਿਦਿਆਰਥੀ ਇੱਥੇ ਪੜ੍ਹਦੇ ਹਨ।

ਪੰਜਾਬ ਯੂਨੀਵਰਸਿਟੀ ਤੋਂ 65 ਕਿਲੋਮੀਟਰ ਦੀ ਦੂਰੀ 'ਤੇ ਪੰਜਾਬੀ ਯੂਨੀਵਰਸਿਟੀ ਹੈ, ਜਿੱਥੇ 15000 ਤੋਂ ਵੀ ਵੱਧ ਵਿਦਿਆਰਥੀ ਪੜ੍ਹਦੇ ਹਨ। ਪੰਜਾਬ ਦੇ ਵੱਡੇ ਖੇਤਰ ਮਾਲਵੇ ਅਤੇ ਪੁਆਧ ਦੇ ਲਗਪਗ 277 ਤੋਂ ਵਧੇਰੇ ਕਾਲਜ ਇਸ ਦੇ ਅਧੀਨ ਆਉਂਦੇ ਹਨ। ਜਿਨ੍ਹਾਂ 'ਚ 2 ਲੱਖ ਤੋਂ ਵਧੇਰੇ ਵਿਦਿਆਰਥੀ ਪੜ੍ਹਦੇ ਹਨ। ਮਜ਼ਦੂਰ ਕਿਸਾਨ ਖੁਦਕੁਸ਼ੀਆਂ ਇਸ ਖਿੱਤੇ ਵਿਚ ਵਧੇਰੇ ਹਨ। ਜਿਨ੍ਹਾਂ ਨਾਲ ਸਬੰਧਤ ਵਿਦਿਆਰਥੀ ਇਨ੍ਹਾਂ ਕਾਲਜਾਂ ਅਤੇ ਇਸ ਯੂਨੀਵਰਸਿਟੀ ਵਿਚ ਪੜ੍ਹਦੇ ਹਨ। ਵਿਦਿਆਰਥੀ ਚੋਣਾਂ ਵਰਗੇ ਜਮਹੂਰੀ ਅਮਲ ਨਾਲ ਜੁੜ ਕੇ ਇਨ੍ਹਾਂ ਵਿਦਿਆਰਥੀਆਂ ਦਾ ਰਾਜਨੀਤਕ ਪੱਧਰ ਉੱਚਾ ਉੱਠ ਸਕਦਾ ਹੈ। ਇਹ ਵਿਦਿਆਰਥੀ ਸਵਾਲ ਕਰ ਸਕਦੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕੋਈ ਲਹਿਰਾਂ ਉੱਠਦੀਆਂ ਹਨ, ਵਿਦਿਆਰਥੀ-ਨੌਜਵਾਨ ਉੱਘੀ ਭੂਮਿਕਾ ਨਿਭਾਉਂਦੇ ਹਨ। ਕਿਸਾਨ ਅੰਦੋਲਨ ਇਸ ਦੀ ਆਹਲਾ ਉਦਾਹਰਨ ਹੈ ਤੇ ਹੁਣੇ-ਹੁਣੇ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦੇ ਮੁੱਦੇ ਨੂੰ ਲੈ ਕੇ ਪੰਜਾਬ ਦੇ ਵਿਦਿਆਰਥੀਆਂ ਨੇ ਦਿਖਾਇਆ ਹੈ ਕਿ ਪੰਜਾਬ ਦੀ ਜਵਾਨੀ ਵਿਚ ਬਦਲ ਦੀ ਤਾਂਘ ਹੈ। ਭਗਵੰਤ ਮਾਨ ਦੇ ਸ਼ਬਦਾਂ ਵਿਚ ਕਹੀਏ ਕਿ ਜੇ ਪੰਜਾਬ 'ਚ ਵਿਦਿਆਰਥੀ ਚੋਣਾਂ ਹੁੰਦੀਆਂ ਹਨ ਤਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜ ਪੰਜਾਬ ਦੀ ਜਵਾਨੀ ਲਈ ਸਿਆਸੀ ਪਾਠਸ਼ਾਲਾ ਸਾਬਤ ਹੋ ਸਕਦੇ ਹਨ (ਜੋ ਕਿ ਹੋਣਗੇ ਵੀ)। ਪਰ ਇਹ ਸਾਰੀਆਂ ਰਵਾਇਤੀ ਪਾਰਟੀਆਂ ਸਮੇਤ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਗਲੇ ਦੀ ਹੱਡੀ ਬਣ ਸਕਦੀਆਂ ਹਨ। ਇਸੇ ਲਈ ਸਾਰੀਆਂ ਹਾਕਮ ਜਮਾਤੀ ਸਿਆਸੀ ਪਾਰਟੀਆਂ ਦਾ ਵਿਦਿਆਰਥੀ ਚੋਣਾਂ ਨਾ ਕਰਵਾਉਣ 'ਚ ਫਾਇਦਾ ਹੈ।

ਵਿਦਿਆਰਥੀਆਂ ਲਈ ਵਿੱਦਿਅਕ ਸੰਸਥਾਵਾਂ ਅੰਦਰ ਬੋਲਣ ਦੀ ਸਪੇਸ ਲਗਾਤਾਰ ਘਟਦੀ ਜਾ ਰਹੀ ਹੈ। ਵਿਦਿਆਰਥੀ ਵਿੱਦਿਅਕ ਸੰਸਥਾਵਾਂ ਅੰਦਰ ਮੁੱਖ ਹਿੱਸੇਦਾਰ ਹੁੰਦੇ ਹਨ ਪ੍ਰੰਤੂ ਫੀਸਾਂ ਫੰਡਾਂ ਦੀ ਨਿਯਮਿਤਤਾ, ਸਿਲੇਬਸ ਬਣਾਉਣ ਤੇ ਹੋਰਨਾਂ ਕਈ ਤਰ੍ਹਾਂ ਦੇ ਮਸਲਿਆਂ 'ਚ ਵਿਦਿਆਰਥੀਆਂ ਦੀ ਕੋਈ ਭਾਗੀਦਾਰੀ ਕਰਵਾਉਣ ਦੀ ਲੋੜ ਨਹੀਂ ਸਮਝੀ ਜਾਂਦੀ। ਦੂਜੇ ਪਾਸੇ ਜਦੋਂ ਕਾਰਪੋਰੇਟ ਪੱਖੀ ਨੀਤੀਆਂ ਤਹਿਤ ਸਿੱਖਿਆ ਦਾ ਨਿੱਜੀਕਰਨ ਤੇ ਭਗਵੇਂਕਰਨ ਨੂੰ (ਹੁਣ ਨਵੀਂ ਸਿੱਖਿਆ ਨੀਤੀ ਰਾਹੀਂ) ਲਾਗੂ ਕੀਤਾ ਜਾ ਰਿਹਾ ਹੈ ਤਾਂ ਵਿਦਿਆਰਥੀ ਚੋਣਾਂ ਇਸ ਅਮਲ ਲਈ ਚੁਣੌਤੀ ਸਾਬਤ ਹੋਣਗੀਆਂ। ਵਿਦਿਆਰਥੀਆਂ ਦੇ ਪ੍ਰਤੀਨਿਧ ਚੁਣੇ ਜਾਣ ਨਾਲ ਵਿਦਿਆਰਥੀਆਂ ਲਈ ਲਏ ਜਾਂਦੇ ਫੈਸਲਿਆਂ ਵਾਲੀਆਂ ਥਾਂਵਾਂ 'ਤੇ ਆਪਣੀ ਜਗ੍ਹਾ ਮੱਲ ਸਕਦੇ ਹਨ। ਇਸ ਲਈ ਸਰਕਾਰ ਲਈ ਇਹ ਗੱਲ ਸੂਤ ਬੈਠਦੀ ਹੈ ਕਿ ਵਿਦਿਆਰਥੀ ਜਿੰਨਾ ਹੋ ਸਕਣ ਰਾਜਨੀਤੀ ਤੋਂ ਦੂਰ ਰਹਿਣ।

ਸ਼ਹੀਦ ਭਗਤ ਸਿੰਘ ਵੀ ਆਪਣੇ ਲੇਖ 'ਵਿਦਿਆਰਥੀ ਅਤੇ ਰਾਜਨੀਤੀ' 'ਚ ਇਸ ਗੱਲ ਦਾ ਪ੍ਰਗਟਾਵਾ ਕੁਝ ਇਸ ਤਰ੍ਹਾਂ ਕਰਦੇ ਹਨ... "ਜਿਨ੍ਹਾਂ ਨੌਜਵਾਨਾਂ ਨੇ ਕੱਲ੍ਹ ਨੂੰ ਮੁਲਕ ਦੀ ਵਾਗਡੋਰ ਹੱਥ ਵਿਚ ਲੈਣੀ ਹੈ ਉਹਨਾਂ ਨੂੰ ਹੀ ਅੱਜ ਅਕਲ ਦੇ ਅੰਨ੍ਹੇ ਬਣਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਜੋ ਨਤੀਜਾ ਨਿਕਲੇਗਾ, ਉਹ ਸਾਨੂੰ ਆਪ ਹੀ ਸਮਝ ਲੈਣਾ ਚਾਹੀਦਾ ਹੈ। ਇਹ ਅਸੀਂ ਮੰਨਦੇ ਹਾਂ ਕਿ ਵਿਦਿਆਰਥੀ ਦਾ ਮੁੱਖ ਕੰਮ ਵਿੱਦਿਆ ਪੜ੍ਹਨਾ ਹੈ। ਉਸ ਨੂੰ ਆਪਣੀ ਸਾਰੀ ਤਵੱਜੋ ਉਸੇ ਪਾਸੇ ਲਾ ਦੇਣੀ ਚਾਹੀਦੀ ਹੈ ਪਰ ਕੀ ਦੇਸ਼ ਦੇ ਹਾਲਾਤ ਦਾ ਗਿਆਨ ਅਤੇ ਉਨ੍ਹਾਂ ਦੇ ਸੁਧਾਰ ਦੇ ਉਪਾਅ ਸੋਚਣ ਦੀ ਯੋਗਤਾ ਪੈਦਾ ਕਰਨਾ ਉਸੇ ਵਿੱਦਿਆ ਵਿਚ ਸ਼ਾਮਿਲ ਨਹੀਂ? ਜੇ ਨਹੀਂ ਤਾਂ ਅਸੀਂ ਉਸ ਵਿੱਦਿਆ ਨੂੰ ਨਿਕੰਮਾ ਸਮਝਦੇ ਹਾਂ ਜੋ ਕਿ ਕੇਵਲ ਕਲਰਕੀ ਕਰਨ ਵਾਸਤੇ ਹੀ ਹਾਸਿਲ ਕੀਤੀ ਜਾਵੇ। ਐਸੀ ਵਿੱਦਿਆ ਦੀ ਲੋੜ ਹੀ ਕੀ ਹੈ?...ਉਹ ਪੜ੍ਹਨ ਜ਼ਰੂਰ ਪੜ੍ਹਨ! ਨਾਲ ਹੀ ਰਾਜਨੀਤੀ ਦਾ ਵੀ ਗਿਆਨ ਹਾਸਿਲ ਕਰਨ ਅਤੇ ਜਦੋਂ ਜ਼ਰੂਰਤ ਆ ਪਵੇ ਉਦੋਂ ਮੈਦਾਨ ਵਿਚ ਆ ਕੁੱਦਣ ਅਤੇ ਆਪਣੀਆਂ ਜ਼ਿੰਦਗੀਆਂ ਇਸੇ ਕੰਮ ਵਿਚ ਲਾ ਦੇਣ। ਆਪਣੀਆਂ ਜਾਨਾਂ ਇਸੇ ਕੰਮ ਵਿਚ ਦੇ ਦੇਣ! ਵਰਨਾ ਕੋਈ ਬਚਣ ਦਾ ਉਪਾਅ ਨਜ਼ਰ ਨਹੀਂ ਆਉਂਦਾ।"

ਸੋ ਮਿਆਰੀ ਅਤੇ ਮੁਫ਼ਤ ਸਿੱਖਿਆ ਦੇ ਨਾਲ ਨਾਲ ਪੰਜਾਬ ਦੀ ਜਵਾਨੀ ਲਈ ਇਸ ਸਮੇਂ ਰੁਜ਼ਗਾਰ ਦੀ ਵੱਡੇ ਪੱਧਰ 'ਤੇ ਲੋੜ ਹੈ। ਨਾਲ ਹੀ ਹੋਰ ਵੀ ਕਈ ਤਰ੍ਹਾਂ ਦੇ ਵੱਡੇ ਮਸਲੇ ਹਨ ਜਿਨ੍ਹਾਂ 'ਚ ਵਿਦਿਆਰਥੀ ਰਾਜਨੀਤਕ ਤੌਰ 'ਤੇ ਚੇਤੰਨ ਹੋ ਕੇ ਸਹੀ ਦਿਸ਼ਾ ਲੈ ਕੇ ਲਹਿਰ ਖੜ੍ਹੀ ਕਰ ਸਕਦੇ ਹਨ, ਜਿਸ ਵਾਸਤੇ ਵਿਦਿਆਰਥੀ ਚੋਣਾਂ ਦਾ ਅਮਲ ਇਸ ਲੋੜ ਨੂੰ ਪੂਰਾ ਕਰਨ ਦਾ ਕਾਰਕ ਬਣ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਪੰਜਾਬ 'ਚ ਵਿਦਿਆਰਥੀ ਚੋਣਾਂ ਕਰਵਾਏ ਜਾਣ ਦੀ ਮੰਗ ਨੂੰ ਵੱਡੇ ਪੱਧਰ 'ਤੇ ਉਭਾਰਿਆ ਜਾਵੇ।

*-ਸਬਾ ਪ੍ਰਧਾਨ,*
*ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ*

# ਫਿਰਕੂਪ੍ਰਸਤੀ ਦੇ ਜਾਨੂੰਨ ਦਾ ਪ੍ਰਤੀਉੱਤਰ ਸਿਰਜਦੀ ਵਾਰਤਕ ਪੁਸਤਕ - ਛੋਟੇ ਆਦਮੀ ਦੀ ਵੱਡੀ ਕਹਾਣੀ

***ਲੇਖਕ ਰਾਹੀ ਮਾਸੂਮ ਰਜ਼ਾ***
***ਪੰਜਾਬੀ ਅਨੁਵਾਦ ਡਾ. ਕੁਲਵਿੰਦਰ ਸਿੰਘ ਸਰਾਂ***

ਕਿਸੇ ਛੋਟੇ ਆਦਮੀ ਦੀ ਕਹਾਣੀ ਉਸ ਵੇਲੇ ਹੀ ਵੱਡੀ ਬਣਦੀ ਹੈ ਜਦੋਂ ਉਸ ਨੇ ਮਾਨਵਤਾ ਲਈ ਅਜਿਹੀ ਵੱਡੀ ਕੁਰਬਾਨੀ ਕੀਤੀ ਹੋਵੇ ਜਿਸ ਦੀਆਂ ਕਹਾਣੀਆਂ ਜ਼ੁਬਾਨ ਦਰ ਜ਼ੁਬਾਨ ਕਈ ਮਨੁੱਖੀ

## ਪੁਸਤਕ ਚਰਚਾ

**ਨਿਰੰਜਣ ਬੋਹਾ**
**ਫੋਨ: 91-89682-82700**

ਪੀੜ੍ਹੀਆਂ ਤਕ ਅੱਗੇ ਤੋਂ ਅੱਗੇ ਤੁਰਦੀਆਂ ਰਹਿਣ। ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਖੇਤਰ ਦੇ ਇਕ ਬਹੁਤ ਛੋਟੇ ਪਿੰਡ ਧਾਮੂੰਪੁਰ ਵਿਚ ਬਹੁਤ ਛੋਟੀ ਜਿਹੀ ਹੈਸੀਅਤ ਰੱਖਣ ਵਾਲੇ ਕਿਸਾਨ ਉਸਮਾਨ ਦੇ ਬੇਟੇ ਅਬਦੁਲ ਹਮੀਦ ਨੇ ਵੀ ਸੰਨ 1965 ਦੀ ਭਾਰਤ-ਪਾਕਿ ਜੰਗ ਸਮੇਂ ਆਪਣੇ ਖ਼ੂਨ ਨਾਲ ਦੇਸ਼ ਤੋਂ ਕੁਰਬਾਨ ਹੋਣ ਦੀ ਇਕ ਅਜਿਹੀ ਹੀ ਵੱਡੇ ਅਰਥਾਂ ਵਾਲੀ ਕਹਾਣੀ ਲਿਖੀ ਜਿਸਨੇ ਉਸਦਾ ਨਾਂ ਹਮੇਸ਼ਾ ਲਈ ਅਮਰ ਸ਼ਹੀਦਾਂ ਵਿਚ ਲਿਖ ਦਿੱਤਾ। ਉਸ ਵਲੋਂ ਆਪਣੇ ਖ਼ੂਨ ਨਾਲ ਲਿਖੀ ਇਹ ਕਹਾਣੀ ਉਨ੍ਹਾਂ ਫਿਰਕੂ ਲੋਕਾਂ ਨੂੰ ਵੀ ਮੂੰਹ ਤੋੜਵਾਂ ਜੁਆਬ ਦਿੰਦੀ ਹੈ ਜੋ ਦੇਸ਼ ਦੇ ਘੱਟ ਗਿਣਤੀ ਫਿਰਕਿਆਂ ਤੋਂ ਉਨ੍ਹਾਂ ਦੇ ਦੇਸ਼ ਭਗਤ ਹੋਣ ਦਾ ਸਬੂਤ ਮੰਗਦੇ ਹਨ। ਮਰਨ ਉਪਰੰਤ ਪਰਮਵੀਰ ਚੱਕਰ ਪ੍ਰਾਪਤ ਕਰਨ ਵਾਲੇ ਕਵਾਟਰ ਮਾਸਟਰ ਅਬਦੁਲ ਹਮੀਦ ਦੀ ਇਸ ਮਿਸਾਲੀ ਕਹਾਣੀ ਨੂੰ ਲੱਖਾਂ ਕਰੋੜਾਂ ਭਾਰਤੀਆਂ ਤਕ ਪਹੁੰਚਾਉਣ ਲਈ ਰਾਹੀ ਮਾਸੂਮ ਰਜ਼ਾ ਵਰਗਾ ਨਾਮਵਰ ਲੇਖਕ ਮਿਲ ਗਿਆ ਤਾਂ ਵੇਖਦਿਆਂ ਹੀ ਵੇਖਦਿਆਂ ਇਹ ਕਹਾਣੀ ਦੇਸ਼ ਭਗਤੀ ਦਾ ਸੁਨਿਹਰੀ ਇਤਿਹਾਸ ਬਣ ਗਈ। ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਇਸ ਅਮਰ ਕਹਾਣੀ ਦਾ ਪੰਜਾਬੀ ਅਨੁਵਾਦ ਹੁਣ ਉੱਘੇ ਵਾਰਤਕ ਲੇਖਕ ਤੇ ਅਨੁਵਾਦਕ ਕੁਲਵਿੰਦਰ ਸਿੰਘ ਸਰਾਂ ਵਲੋਂ ਕੀਤਾ ਗਿਆ ਹੈ। ਇਸ ਦੇ ਮੂਲ ਲੇਖਕ ਤੇ ਅਨੁਵਾਦਕ ਦੀ ਵਿਚਾਰਧਾਰਕ ਇਕਸੁਰਤਾ ਨੇ ਇਸ ਅਨੁਵਾਦ ਨੂੰ ਵੀ ਬੇਹੱਦ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ।

ਛੋਟੇ ਆਦਮੀ ਦੀ ਇਸ ਵੱਡੀ ਕਹਾਣੀ ਦਾ ਪਾਠ ਆਪਣੇ ਪਾਠਕਾਂ ਅੰਦਰ ਇਸ ਕਦਰ ਆਪਣੇਪਣ ਦਾ ਅਹਿਸਾਸ ਜਗਾਉਂਦਾ ਹੈ ਜਿਵੇਂ ਅਬਦੁਲ ਹਮੀਦ ਉਨ੍ਹਾਂ ਦਾ ਆਪਣਾ ਹੀ ਪੁੱਤ ਜਾਂ ਭਰਾ ਹੋਵੇ। ਪਿੰਡ ਧਾਮੂੰਪੁਰ ਵਿਚ ਕਿਸਾਨ ਤੋਂ ਦਰਜੀ ਬਣੇ ਉਸਮਾਨ ਦੇ ਘਰ ਮਾਂ ਬਕਰੀਦਨ ਦੀ ਕੁੱਖੋਂ ਜਨਮ ਲੈਣ ਵਾਲੇ ਬੱਚੇ ਅਬਦੁਲ ਹਮੀਦ ਦਾ ਬਚਪਨ ਤਾਂ ਲਗਭਗ ਉਸੇ ਤਰ੍ਹਾਂ ਹੀ ਬੀਤਿਆ ਜਿਵੇਂ ਉਸ ਵਰਗੇ ਪਿੰਡ ਦੇ ਹੋਰ ਬੱਚਿਆਂ ਦਾ ਬੀਤਿਆ ਸੀ ਪਰ ਆਪਣੇ ਬਚਪਨ ਦੇ ਹਾਣੀ ਮੁੰਡਿਆਂ ਨਾਲੋਂ ਉਸ ਨੂੰ ਖਾਸ ਬਣਾਉਣ ਵਾਲਾ ਇਹ ਸੁਪਨਾ ਸਿਰਫ਼ ਉਸ ਅੰਦਰ ਹੀ ਪੈਦਾ ਹੋਇਆ ਸੀ ਕਿ ਉਹ ਇਕ ਫੌਜੀ ਸੈਨਿਕ ਬਣ ਕੇ ਗਾਜ਼ੀਪੁਰ ਦਾ ਨਾਂ ਸਾਰੇ ਦੇਸ਼ ਵਿਚ ਉੱਚਾ ਕਰੇ। ਆਮ ਮਾਪਿਆਂ ਵਾਂਗ ਉਸਦੇ ਮਾਪਿਆਂ ਨੇ ਵੀ ਉਸਨੂੰ ਪੜ੍ਹਾਉਣ ਲਿਖਾਉਣ ਤੇ ਪਿਤਾ ਪੁਰਖੀ ਕਿੱਤੇ ਵਿਚ ਪਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਤੇ ਉਸਦਾ ਧਿਆਨ ਆਪਣੇ ਕਿੱਤੇ ਵੱਲ ਲਾਉਣ ਲਈ ਉਸ ਦਾ ਵਿਆਹ ਕਰਨ ਦਾ ਰਵਾਇਤੀ ਤੌਰ ਤਰੀਕਾ




ਵੀ ਅਜ਼ਮਾਇਆ ਪਰ ਇਹ ਸਾਰੀਆਂ ਕੋਸ਼ਿਸ਼ਾਂ ਮਿਲ ਕੇ ਵੀ ਉਸਦੇ ਸੈਨਿਕ ਬਣਨ ਦੇ ਸੁਪਨੇ ਦੀ ਪਰਵਾਜ਼ ਨੂੰ ਨਾ ਰੋਕ ਸਕੀਆਂ। ਅੱਲ੍ਹੜ ਉਮਰ ਵਿਚ ਆਪਣੇ ਇਸ ਸੁਪਨੇ ਦੀ ਪੂਰਤੀ ਲਈ ਉਹ ਘਰ ਛੱਡ ਕੇ ਕਲਕੱਤੇ ਵੱਲ ਗਿਆ ਪਰ ਮੁਲਕ ਦੀ ਵੰਡ ਦੇ ਦੰਗਿਆਂ ਨੇ ਉਸਨੂੰ ਧਾਮੂੰਪੁਰ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ। ਉਸਦਾ ਇਹ ਸੁਪਨਾ ਜਦੋਂ ਹਕੀਕਤ ਵਿਚ ਬਦਲਿਆ ਤਾਂ ਉਹ ਆਪਣੇ ਚਾਰ ਬੇਟਿਆਂ ਜ਼ੈਨੁਲ, ਅਲੀ ਹੁਸੈਨ, ਇਖ਼ਲਾਕ ਮੁਹੰਮਦ ਤੇ ਮੁਹੰਮਦ ਜੁਨੈਦ ਦਾ ਬਾਪ ਵੀ ਬਣ ਚੁੱਕਾ ਸੀ।

ਪੁਸਤਕ ਇਸ ਮਾਨਵਤਾਵਾਦੀ ਧਾਰਨਾ ਦੀ ਸਥਾਪਨਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ ਕਿ ਇਨਸਾਨੀਅਤ ਤੇ ਦੇਸ਼ ਭਗਤੀ ਦਾ ਕੋਈ ਧਰਮ ਨਹੀਂ ਹੁੰਦਾ ਤੇ ਇਨ੍ਹਾਂ ਨਾਲ ਜੁੜੀ ਭਾਵਨਾ ਕੌਮਾਂ ਤੇ ਮਜ਼੍ਹਬਾਂ ਤੋਂ ਉੱਪਰ ਹੁੰਦੀ ਹੈ। ਜੇ ਇਨਸਾਨੀਅਤ ਦਾ ਕੋਈ ਧਰਮ ਹੁੰਦਾ ਤਾਂ ਕਲਕੱਤੇ ਦਾ ਕੋਈ ਹਿੰਦੂ ਸੇਠ ਸੰਨ ਸੰਤਾਲੀ ਦੀ ਬਲਦੀ ਅੱਗ ਦੇ ਮੌਕੇ 'ਤੇ ਉਸ (ਅਬਦੁਲ ਹਮੀਦ) ਨੂੰ ਕਦੇ ਵੀ ਆਪਣੇ ਘਰ ਵਿਚ ਪਨਾਹ ਨਾ ਦਿੰਦਾ, ਜਿਸਦਾ ਉਹ ਨਾਂ ਤੱਕ ਨਹੀ ਸੀਂ ਜਾਣਦਾ। ਜੇ ਦੇਸ਼ ਭਗਤੀ ਕਿਸੇ ਧਾਰਮਿਕ ਅਕੀਦੇ ਨਾਲ ਬੱਝੀ ਹੁੰਦੀ ਤਾਂ ਉਹ ਦੇਸ਼ ਲਈ ਕੁਰਬਾਨ ਹੋਣ ਦੀ ਥਾਂ ਆਪਣੇ ਧਰਮ ਤੇ ਕੌਮ ਨਾਲ ਖੜ੍ਹਨ ਨੂੰ ਹੀ ਤਰਜੀਹ ਦਿੰਦਾ। ਪੁਸਤਕ ਅਨੁਸਾਰ ਅਵਾਮ ਦਾ ਧਰਮ ਹਮੇਸ਼ਾ ਇਨਸਾਨੀਅਤ ਹੀ ਰਿਹਾ ਹੈ ਪਰ ਕੁਝ ਰਾਜਸੀ ਲੋਕਾਂ ਅੰਦਰ ਪੈਦਾ ਹੋਇਆ ਸੱਤਾ ਦਾ ਹਾਬੜਾ ਲੋਕਾਂ ਨੂੰ ਧਰਮ ਅਧਾਰਿਤ ਧਿਰਾਂ ਵਿਚ ਵੰਡ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦਾ ਹੈ। ਅਜਿਹੀਆਂ ਵੰਡੀਆਂ ਪਾਉਣ ਵਾਲਾ ਕੋਈ ਵੀ ਸਿਆਸੀ ਆਗੂ ਲੇਖਕ ਵਲੋਂ ਕੀਤੇ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦਾ ਕਿ ਅਸਲ ਦੇਸ਼ ਭਗਤ ਦੇਸ਼ ਦੀਆਂ ਸਰਹੱਦਾਂ ਤੇ ਪਾਕਿਸਤਾਨੀ ਟੈਂਕਾਂ ਦਾ ਮੂੰਹ ਮੋੜਨ ਵਾਲਾ ਅਬਦੁਲ ਹਮੀਦ ਹੈ ਜਾਂ ਫਿਰ ਕੇਵਲ ਫਿਰਕੂ ਭਾਸ਼ਣ ਦੇਣ ਵਾਲਾ ਗੁਰੂ ਗਵਾਲਕਰ ਵਰਗਾ ਕੋਈ ਜਨੂੰਨੀ ਆਗੂ। ਭਾਵੇਂ ਦੇਸ਼ ਦੀ ਫਿਰਕੂ ਅਧਾਰ 'ਤੇ ਵੰਡ ਲਈ ਮੁਹੰਮਦ ਅਲੀ ਜਿਨਾਹ ਦੇ ਨਾਲ ਜਵਾਹਰ ਲਾਲ ਨਹਿਰੂ ਵਰਗੇ ਕਾਂਗਰਸ ਦੇ ਆਗੂਆਂ ਦੀ ਸੱਤਾ ਭੁੱਖ ਵੀ ਬਰਾਬਰ ਰੂਪ ਵਿਚ ਜ਼ਿੰਮੇਵਾਰ ਰਹੀ ਹੈ ਪਰ ਰਾਹੀ ਸਾਹਿਬ ਦੀ ਖੱਬੇ ਪੱਖੀ ਸੋਚ ਸ਼ਾਇਦ ਇਸ ਅਧਾਰ 'ਤੇ ਉਨ੍ਹਾਂ ਲਈ ਰਿਆਇਤ ਵਰਤੀ ਗਈ ਕਿ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਨਸ ਨੇ ਰੂਸ ਦੇ ਸਮਾਜਵਾਦੀ ਮਾਡਲ ਵਿਚ ਆਪਣਾ ਵਿਸ਼ਵਾਸ ਪ੍ਰਗਟਾਇਆ ਸੀ।

ਪੁਸਤਕ ਦਾ ਅਨੁਵਾਦ ਬਹੁਤ ਕਮਾਲ ਦਾ ਹੈ। ਇਸ ਦਾ ਪਾਠ ਕਰਦਿਆਂ ਲੱਗਦਾ ਹੈ ਜਿਵੇਂ ਇਹ ਪੁਸਤਕ ਮੂਲ ਰੂਪ ਵਿਚ ਵੀ ਪੰਜਾਬੀ ਭਾਸ਼ਾ ਵਿਚ ਹੀ ਲਿਖੀ ਗਈ ਹੋਵੇ। ਅਨੁਵਾਦਕ ਨੇ ਲੱਗਦੀ ਵਾਹ ਉਰਦੂ ਤੇ ਹਿੰਦੀ ਭਾਸ਼ਾ ਦੇ ਬਦਲ ਵਿਚ ਢੁੱਕਵੇਂ ਪੰਜਾਬੀ ਸ਼ਬਦ ਤਲਾਸ਼ ਕਰਨ ਵਿਚ ਬੇਹੱਦ ਮਿਹਨਤ ਕਰ ਕੇ ਆਪਣੇ ਪਰਪੱਕ ਅਨੁਵਾਦਕ ਹੋਣ ਦਾ ਸਬੂਤ ਦਿੱਤਾ ਹੈ। ਦੇਸ਼ ਦੇ ਚੱਲ ਰਹੇ ਮੌਜੂਦਾ ਮਾਹੌਲ ਵਿਚ ਫਿਰਕੂ ਤਾਕਤਾਂ ਫਿਰ ਸਿਰ ਚੁੱਕ ਰਹੀਆਂ ਹਨ ਤਾਂ ਫਿਰਕੂ ਸਦਭਾਵਨਾ ਦਾ ਵਾਹਕ ਬਣ ਸਕਦੀਆਂ ਅਜਿਹੀਆਂ ਪੁਸਤਕਾਂ ਹਰ ਸ਼ਹਿਰ ਪਿੰਡ ਦੀ ਲਾਇਬਰੇਰੀ ਵਿਚ ਪਹੁੰਚਣੀਆਂ ਚਾਹੀਦੀਆਂ ਹਨ। ਇਸ ਪੁਸਤਕ ਦਾ ਪੁਨਰ ਪ੍ਰਕਾਸ਼ਨ ਅੱਜ ਵੀ ਉਨਾ ਹੀ ਪ੍ਰਸੰਗਿਕ ਹੈ ਜਿੰਨੀ ਇਹ ਇਸ ਪੁਸਤਕ ਦੇ ਪਹਿਲੇ ਐਡੀਸ਼ਨ ਦੇ ਛਪਣ ਵੇਲੇ ਸੀ। ਅਨੁਵਾਦ ਲਈ ਇਸ ਪ੍ਰੇਰਕ ਪੁਸਤਕ ਦੀ ਚੋਣ ਲਈ ਮੈਂ ਡਾਕਟਰ ਕੁਲਵਿੰਦਰ ਸਿੰਘ ਸਰਾਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ।

# ਇਤਿਹਾਸ ਦੇ ਅਣਗੌਲੇ ਪੰਨੇ ਫਰੋਲਦੀ ਕਿਤਾਬ 'ਭਾਰਤ ਵੰਡ ਵਿਰੋਧੀ ਮੁਸਲਮਾਨ'

***ਆਰ.ਐੱਸ.ਐੱਸ.-ਭਾਜਪਾ ਆਪਣੇ 'ਗੁਰੂ' ਗੋਲਵਲਕਰ ਦੀ ਸਿੱਖਿਆ ਅਨੁਸਾਰ ਮੁਸਲਮਾਨਾਂ ਵਿਰੁੱਧ ਫਿਰਕੂ ਪਾਲਾਬੰਦੀ ਕਰ ਰਹੀ ਹੈ। ਮੁਸਲਮਾਨ ਮੁਹੱਲਿਆਂ ਨੂੰ ਭਾਰਤ ਅੰਦਰਲੇ 'ਮਿੰਨੀ ਪਾਕਿਸਤਾਨ' ਕਹਿ ਕੇ ਨਫਰਤ ਫੈਲਾਈ ਜਾਂਦੀ ਹੈ। ਮੁਸਲਮਾਨਾਂ ਨੂੰ ਅਕਸਰ ਹੀ 'ਪਾਕਿਸਤਾਨ ਚਲੇ ਜਾਓ' ਦੇ ਮਿਹਣੇ ਦਿੱਤੇ ਜਾਂਦੇ ਹਨ। ਇਸ ਝੂਠੇ ਬਿਰਤਾਂਤ ਦੀ ਪੋਲ ਖੋਲ੍ਹਣ ਲਈ ਉਨ੍ਹਾਂ ਦੇਸ਼ਪ੍ਰੇਮੀ ਮੁਸਲਮਾਨਾਂ ਦੀ ਇਤਿਹਾਸਕ ਭੂਮਿਕਾ ਨੂੰ ਚੇਤਿਆਂ ਵਿਚ ਤਾਜ਼ਾ ਕਰਨਾ ਜ਼ਰੂਰੀ ਹੈ ਜਿਨ੍ਹਾਂ ਨੇ ਪਾਕਿਸਤਾਨ ਬਣਾਏ ਜਾਣ ਦਾ ਡਟ ਕੇ ਵਿਰੋਧ ਕੀਤਾ। ਡਾ. ਸ਼ਮਸੁਲ ਇਸਲਾਮ ਦੀ ਕਿਤਾਬ ਇਤਿਹਾਸ ਦੇ ਇਸ ਅਣਗੌਲੇ ਪੱਖ ਨੂੰ ਬਾਖੂਬੀ ਪੇਸ਼ ਕਰਦੀ ਹੈ।***

1857 ਦਾ ਗ਼ਦਰ ਭਾਰਤੀਆਂ ਦਾ ਫਿਰਕੂ ਵੰਡੀਆਂ ਤੋਂ ਉੱਪਰ ਉੱਠ ਕੇ ਬਦੇਸ਼ੀ ਰਾਜ ਤੋਂ ਮੁਕਤੀ ਹਾਸਲ ਕਰਨ ਲਈ ਸਾਂਝਾ ਸੰਗਰਾਮ ਸੀ। ਪਰ ਅੰਗਰੇਜ਼ ਹਕੂਮਤ ਦੀ ਨਜ਼ਰੇ-ਇਨਾਇਤ ਹਾਸਲ ਕਰਨ ਅਤੇ ਫਿਰਕੇਦਾਰਾਨਾ ਲਾਹੇ ਲੈਣ ਲਈ ਵੱਖ-ਵੱਖ ਫਿਰਕਿਆਂ ਦੇ ਕੁਲੀਨ ਵਰਗਾਂ ਦੀ ਪਛਾਣਾਂ ਦੀ ਸੌੜੀ ਸਿਆਸਤ ਨੇ ਆਖਿਰਕਾਰ 'ਦੋ ਕੌਮਾਂ ਦਾ ਸਿਧਾਂਤ' ਦਾ ਰੂਪ ਅਖਤਿਆਰ ਕਰ ਲਿਆ। ਇਸ ਨੇ ਭਾਰਤੀ ਲੋਕਾਂ ਦੀ ਬਰਤਾਨਵੀ ਸਾਮਰਾਜਵਾਦ ਵਿਰੁੱਧ ਇਕਜੁੱਟ ਜੱਦੋਜਹਿਦ ਨੂੰ ਵੱਡੀ ਸੱਟ ਮਾਰੀ ਅਤੇ ਅੰਗਰੇਜ਼ ਹਕੂਮਤ ਨਾਲ ਮਿਲ ਕੇ ਫਿਰਕੂ ਤਾਕਤਾਂ ਨੇ ਮੁਲਕ ਦੇ ਦੋ ਟੋਟੇ ਕਰ ਦਿੱਤੇ। 1947 ਦੀ ਭਾਰਤ-ਪਾਕਿਸਤਾਨ ਵੰਡ ਮਨੁੱਖੀ ਇਤਿਹਾਸ ਦੀਆਂ ਘੋਰ ਤ੍ਰਾਸਦੀਆਂ ਵਿਚੋਂ ਇਕ ਹੈ।

ਮੁਸਲਿਗ ਲੀਗ ਦੇ 'ਪਾਕਿਸਤਾਨ' ਪ੍ਰੋਜੈਕਟ ਵਿਚ ਦੇਸ਼ਪ੍ਰੇਮੀ ਮੁਸਲਮਾਨਾਂ ਲਈ ਕੋਈ ਜਗ੍ਹਾ ਨਹੀਂ ਸੀ। ਦੂਜੇ ਪਾਸੇ, ਮੁਸਲਮਾਨ ਫਿਰਕੇ ਦੇ ਜਿਸ ਹਿੱਸੇ ਨੇ ਪਾਕਿਸਤਾਨ ਜਾਣ ਦੀ ਬਜਾਏ ਭਾਰਤ ਵਿਚ ਰਹਿਣ ਨੂੰ ਤਰਜੀਹ ਦਿੱਤੀ, ਉਨ੍ਹਾਂ ਨੂੰ ਭਾਰਤ ਦੀਆਂ ਹਾਕਮ ਜਮਾਤਾਂ ਨੇ ਆਪਣੇ ਹੀ ਮੁਲਕ 'ਚ ਬੇਗਾਨੇ ਬਣਾ ਦਿੱਤਾ। ਮੁਸਲਮਾਨ ਫਿਰਕੇ ਦੇ ਆਜ਼ਾਦੀ ਸੰਗਰਾਮ ਵਿਚ ਸ਼ਾਨਾਂਮੱਤੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਕੇ ਉਨ੍ਹਾਂ ਦੀ ਮੁਲਕ ਪ੍ਰਤੀ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਵਫਾਦਾਰੀ ਉੱਪਰ ਸਵਾਲੀਆ ਚਿੰਨ੍ਹ ਲਗਾਉਣਾ ਸ਼ੁਰੂ ਕਰ ਦਿੱਤਾ ਗਿਆ। ਹਿੰਦੂਤਵ ਦਾ ਮੁੱਖ ਏਜੰਡਾ ਹੀ ਮੁਸਲਮਾਨਾਂ ਅਤੇ ਹੋਰ 'ਬੇਗਾਨਿਆਂ' ਨੂੰ ਭਾਰਤ 'ਚੋਂ ਬਾਹਰ ਕੱਢ ਕੇ ਆਪਣੇ ਸੁਪਨਿਆਂ ਦਾ ਹਿੰਦੂ ਰਾਸ਼ਟਰ ਬਣਾਉਣ ਜਾਂ ਉਨ੍ਹਾਂ ਨੂੰ ਦਬਾ ਕੇ ਭਾਰਤ ਦੇ ਅੰਦਰ ਦੋਇਮ ਦਰਜੇ ਦੇ ਅਧਿਕਾਰਹੀਣ ਨਾਗਰਿਕਾਂ 'ਚ ਬਦਲਣ 'ਤੇ ਟਿਕਿਆ ਹੋਇਆ ਹੈ। ਆਰ.ਐੱਸ.ਐੱਸ. ਦੇ 'ਗੁਰੂ' ਗੋਲਵਲਕਰ ਨੇ ਆਪਣੀ ਕਿਤਾਬ 'ਬੰਚ ਆਫ ਥਾਟਸ' ਵਿਚ ਸਮੁੱਚੇ ਮੁਸਲਮਾਨ ਫਿਰਕੇ ਨੂੰ ਮੁਲਕ ਦੀ ਏਕਤਾ-ਅਖੰਡਤਾ ਲਈ ਅੰਦਰੂਨੀ ਖਤਰਾ ਦੱਸਿਆ ਸੀ। ਆਜ਼ਾਦੀ ਸੰਗਰਾਮ ਵਿਰੋਧੀ ਭੂਮਿਕਾ ਨਿਭਾਉਣ ਵਾਲਿਆਂ ਦਾ ਸੰਘ ਪਰਿਵਾਰ ਇਸ ਮੁਸਲਿਮ ਵਿਰੋਧੀ ਝੂਠੇ ਬਿਰਤਾਂਤ ਨੂੰ ਸਿਰਫ ਪ੍ਰਚਾਰ ਹੀ ਨਹੀਂ ਰਿਹਾ ਸਗੋਂ ਆਰ.ਐੱਸ.ਐੱਸ.-ਭਾਜਪਾ ਦੀ ਮੌਜੂਦਾ ਹਕੂਮਤ ਹੇਠ ਇਹ ਉਨ੍ਹਾਂ ਦੀ ਨਾਗਰਿਕਤਾ ਖਤਮ ਕਰਨ ਦੀ ਮੁਹਿੰਮ ਦਾ ਰੂਪ ਅਖਤਿਆਰ ਕਰ ਚੁੱਕਾ ਹੈ।


ਡਾ. ਸ਼ਮਸੁਲ ਇਸਲਾਮ ਨੇ 'ਭਾਰਤ ਵੰਡ ਵਿਰੁੱਧ ਮੁਸਲਮਾਨ' ਕਿਤਾਬ ਲਿਖ ਕੇ ਉਹ ਖੱਪਾ ਪੂਰਨ ਦਾ ਵੱਡਮੁੱਲਾ ਬੌਧਿਕ ਕਾਰਜ ਕੀਤਾ ਹੈ ਜਿਸ ਦਾ ਸਭ ਤੋਂ ਵਧੇਰੇ ਲਾਹਾ ਹਿੰਦੂਤਵਵਾਦੀ ਤਾਕਤਾਂ ਮੁਸਲਮਾਨਾਂ ਦੀ ਮੁਲਕ ਪ੍ਰਤੀ ਵਫਾਦਾਰੀ ਬਾਬਤ ਸ਼ੱਕ ਖੜ੍ਹੇ ਕਰਨ ਲਈ ਲੈਂਦੀਆਂ ਆ ਰਹੀਆਂ ਹਨ। ਇਸ ਕਿਤਾਬ ਨੇ ਵੰਡ ਦੇ ਇਤਿਹਾਸ ਦਾ ਉਹ ਪੱਖ ਸਾਹਮਣੇ ਲਿਆਂਦਾ ਹੈ ਜਿਸ ਨੂੰ ਹੁਣ ਤੱਕ ਇਤਿਹਾਸਕਾਰਾਂ ਨੇ ਲੱਗਭੱਗ ਨਜ਼ਰਅੰਦਾਜ਼ ਕੀਤਾ ਹੋਇਆ ਸੀ।


ਇਤਿਹਾਸਕ ਤੱਥਾਂ ਦੇ ਵਿਸਤਾਰਤ ਹਵਾਲੇ ਦੇ ਕੇ ਇਹ ਕਿਤਾਬ ਇਸ ਮਿੱਥ ਨੂੰ ਤੋੜਦੀ ਹੈ ਕਿ 'ਦੋ ਕੌਮਾਂ ਦਾ ਸਿਧਾਂਤ' ਮੁਸਲਿਮ ਲੀਗ ਦੀ ਘਾੜਤ ਸੀ। 'ਦੋ ਕੌਮਾਂ ਦਾ ਸਿਧਾਂਤ' ਅਧਿਆਇ ਵਿਚ ਸ਼ਮਸੁਲ ਇਸਲਾਮ ਇਤਿਹਾਸਕ ਤੱਥ ਪੇਸ਼ ਕਰਦੇ ਹਨ ਕਿ ਇਸ ਸਿਧਾਂਤ ਦੇ ਪਹਿਲੇ ਪੈਰੋਕਾਰ ਹਿੰਦੂ ਰਾਸ਼ਟਰਵਾਦੀ ਸਨ। ਅਰਬਿੰਦੋ ਘੋਸ਼ ਦੇ ਨਾਨਾ ਰਾਜ ਨਰੈਣ ਬਾਸੂ (1826-1899) ਅਤੇ ਉਸ ਦੇ ਸਾਥੀ ਨਬਾ ਗੋਪਾਲ ਮਿਤਰਾ (1840-1894) ਨੇ ਜਿਨਾਹ ਤੋਂ ਅੱਧੀ ਸਦੀ ਪਹਿਲਾਂ ਹੀ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਕਰਕੇ ਭਾਰਤ ਨੂੰ ਦੋ ਰਾਸ਼ਟਰਾਂ 'ਚ ਵੰਡਣ ਦੀ ਬੁਨਿਆਦ ਰੱਖ ਦਿੱਤੀ ਸੀ। ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੇ ਵਿਚਾਰ ਨੂੰ ਠੋਸ ਰੂਪ 1923 'ਚ ਵੀ.ਡੀ. ਸਾਵਰਕਰ ਦੀ ਵਿਵਾਦਪੂਰਨ ਕਿਤਾਬ ਹਿੰਦੂਤਵ 'ਚ ਦਿੱਤਾ ਗਿਆ। ਬਾਲ ਗੰਗਾਧਰ ਤਿਲਕ, ਮਦਨ ਮੋਹਨ ਮਾਲਵੀਆ, ਬੀ.ਐੱਸ. ਮੂੰਜੇ, ਲਾਲਾ ਲਾਜਪਤ ਰਾਏ, ਐੱਮ.ਆਰ. ਜੈਅਕਰ, ਐੱਨ.ਸੀ. ਕੇਲਕਰ, ਸਵਾਮੀ ਸ਼ਰਧਾਨੰਦ ਵਰਗੇ ਸਿਰਕੱਢ ਹਿੰਦੂ ਆਗੂ ਤਾਂ ਮੁਸਲਿਮ ਲੀਗ ਤੋਂ ਬਹੁਤ ਪਹਿਲਾਂ ਹੀ 'ਹਿੰਦੂ ਰਾਸ਼ਟਰ' ਬਣਾਉਣ ਲਈ ਵਚਨਬੱਧ ਸਨ। ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਵਰਗੇ ਸਾਬਕਾ ਗਦਰੀ ਆਗੂ ਵੀ 'ਹਿੰਦੂ ਰਾਸ਼ਟਰ' ਦੇ ਪੁਰਜੋਸ਼ ਵਕੀਲ ਸਨ। ਇਨ੍ਹਾਂ ਸਾਰਿਆਂ ਦਾ ਵਿਸ਼ਵਾਸ ਸੀ ਕਿ ਭਾਰਤ ਆਦਿ-ਕਾਲ ਤੋਂ ਹਿੰਦੂ ਰਾਸ਼ਟਰ ਰਿਹਾ ਹੈ ਅਤੇ ਇਸ ਨੂੰ ਉਸੇ ਦਿਸ਼ਾ 'ਚ ਅੱਗੇ ਵਧਣਾ ਚਾਹੀਦਾ ਹੈ। 'ਹਿੰਦੀ, ਹਿੰਦੂ, ਹਿੰਦੁਸਤਾਨ' ਵਰਗੇ ਪਾਟਕ-ਪਾਊ ਨਾਅਰੇ ਦੇ ਜਨਮਦਾਤਾ ਮਦਨ ਮੋਹਨ ਮਾਲਵੀਆ ਦੀ ਫਿਰਕੂ ਨਫਰਤ ਫੈਲਾਊ ਭੂਮਿਕਾ ਦੇ ਬਾਵਜੂਦ ਉਸ ਨੂੰ ਮਹਾਨ ਭਾਰਤੀ ਰਾਸ਼ਟਰਵਾਦੀ ਆਗੂ ਮੰਨਿਆ ਜਾਂਦਾ ਹੈ ਕਿਉਂਕਿ ਬਹੁਗਿਣਤੀ ਭਾਈਚਾਰੇ ਕੋਲ ਆਪਣੀ ਫਿਰਕਾਪ੍ਰਸਤੀ ਨੂੰ ਰਾਸ਼ਟਰਵਾਦ ਦੇ ਲਿਬਾਸ ਨਾਲ ਢਕ ਲੈਣ ਦੀ ਸਹੂਲਤ ਰਹੀ ਹੈ। ਸ਼ਮਸੁਲ ਇਸਲਾਮ ਦਾ ਇਹ ਕਹਿਣਾ ਦਰੁਸਤ ਹੈ ਕਿ ਸਾਂਝੇ ਭਾਰਤ ਨੂੰ ਸਵੀਕਾਰ ਨਾ ਕਰਨ ਦੇ ਸਵਾਲ ਬਾਬਤ ਬਹੁਗਿਣਤੀ ਅਤੇ ਘੱਟਗਿਣਤੀ ਲਈ ਇਕ ਪੈਮਾਨਾ ਨਹੀਂ ਅਪਣਾਇਆ ਗਿਆ। ਇਸੇ ਕਰਕੇ ਇਤਿਹਾਸ ਵਿਚ ਹਿੰਦੂ ਰਾਸ਼ਟਰ ਦੇ ਚੈਂਪੀਅਨ ਹਿੰਦੂ ਆਗੂਆਂ ਨੂੰ ਤਾਂ 'ਭਾਰਤੀ ਰਾਸ਼ਟਰਵਾਦੀ' ਕਿਹਾ ਜਾਂਦਾ ਹੈ ਪਰ ਮੁਸਲਿਮ ਹੋਮਲੈਂਡ ਦੀ ਮੰਗ ਕਰਨ ਵਾਲੇ ਮੁਸਲਮਾਨ ਆਗੂਆਂ ਨੂੰ ਰਾਸ਼ਟਰ ਵਿਰੋਧੀ ਕਿਹਾ ਜਾਂਦਾ ਹੈ।


ਕਿਤਾਬ ਦਾ ਅੱਠਵਾਂ ਅਧਿਆਇ ਦੇਸ਼ਪ੍ਰੇਮੀ ਮੁਸਲਮਾਨ ਸ਼ਖਸੀਅਤਾਂ ਅਤੇ ਜਥੇਬੰਦੀਆਂ ਬਾਰੇ ਬਹੁਤ ਹੀ ਵੱਡਮੁੱਲੀ ਜਾਣਕਾਰੀ ਦਿੰਦਾ ਹੈ। ਦਰਅਸਲ, ਦੇਸ਼ਪ੍ਰੇਮੀ ਮੁਸਲਮਾਨਾਂ ਨੇ ਬਹੁਤ ਪਹਿਲਾਂ ਹੀ ਸਮਾਜੀ-ਸਾਂਸਕ੍ਰਿਤਿਕ ਵੰਨ-ਸਵੰਨਤਾ ਨੂੰ ਸਮੋਣ ਵਾਲੇ ਸਮਾਵੇਸ਼ੀ ਰਾਸ਼ਟਰਵਾਦ ਦੇ ਵਿਚਾਰ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ ਸਨ ਜਦੋਂ ਕਾਂਗਰਸ ਅਜੇ ਹੋਂਦ 'ਚ ਵੀ ਨਹੀਂ ਆਈ ਸੀ। ਸ਼ਮਸੁਲ ਇਸਲਾਮ ਅਨੁਸਾਰ 'ਉਸ ਦੌਰ ਵਿਚ ਦੇਸ਼ਪ੍ਰੇਮੀ ਮੁਸਲਮਾਨਾਂ ਦੀ ਰਾਜਨੀਤੀ ਦੋ ਮੂਲ ਵਿਚਾਰਾਂ ਉੱਪਰ ਕੇਂਦਰਤ ਸੀ: ਇਕ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨਾ, ਦੂਸਰਾ ਪੂਰੇ ਭਾਰਤ ਵਾਸੀਆਂ ਦੀ ਏਕਤਾ, ਖਾਸਕਰ ਆਜ਼ਾਦੀ ਦੇ ਲਈ ਕੀਤੇ ਜਾਣ ਵਾਲੇ ਸੰਘਰਸ਼ ਦੇ ਮੱਦੇਨਜ਼ਰ ਹਿੰਦੂ-ਮੁਸਲਿਮ ਏਕਤਾ ਉੱਪਰ ਜ਼ੋਰ ਦੇਣਾ।' ਕਿਤਾਬ ਉੱਘੇ ਇਸਲਾਮੀ ਬੁੱਧੀਜੀਵੀ ਅਤੇ ਲੇਖਕ-ਸਾਹਿਤਕਾਰ ਸ਼ਿਬਲੀ ਨੋਮਾਨੀ ਦੀ ਕਹਾਣੀ ਬਿਆਨ ਕਰਦੀ ਹੈ ਜਿਸ ਨੇ 1883 'ਚ ਆਜ਼ਮਗੜ੍ਹ ਵਿਚ ਨੈਸ਼ਨਲ ਸਕੂਲ ਦੀ ਸਥਾਪਨਾ ਕੀਤੀ। ਨੋਮਾਨੀ 1913 'ਚ ਜਿਨਾਹ ਦੇ ਲੀਗ 'ਚ ਸ਼ਾਮਿਲ ਹੋਣ ਤੋਂ ਇਕ ਸਾਲ ਬਾਅਦ 1914 'ਚ ਚਲਾਣਾ ਕਰ ਗਏ। ਨੋਮਾਨੀ ਵਰਗੇ ਇਸਲਾਮੀ ਬੁੱਧੀਜੀਵੀ ਉਹ ਦੇਸ਼ਪ੍ਰੇਮੀ ਸਨ ਜਿਨ੍ਹਾਂ ਨੇ ਮੁਸਲਿਮ ਲੀਗ ਦੇ ਅੰਗਰੇਜ਼ੀ ਰਾਜ ਨਾਲ ਸਹਿਯੋਗ ਦੀ ਅਤੇ ਹਿੰਦੂਆਂ ਦੇ ਫਿਰਕਾਪ੍ਰਸਤ ਵਿਰੋਧ ਦੇ ਏਜੰਡੇ ਦੀ ਡੱਟ ਕੇ ਮੁਖਾਲਫਤ ਕੀਤੀ।

ਸ਼ਮਸੁਲ ਇਸਲਾਮ ਲਿਖਦੇ ਹਨ, "ਇਹ ਸੱਚ ਹੈ ਕਿ 1947 'ਚ ਮੁਸਲਿਮ ਲੀਗ ਵੱਲੋਂ ਮੁਸਲਮਾਨਾਂ ਦੇ ਲਈ ਵੱਖਰੇ ਹੋਮਲੈਂਡ ਦੀ ਮੰਗ ਦੇ ਕਾਰਨ ਭਾਰਤ ਦੀ ਵੰਡ ਹੋਈ ਸੀ। ਅਤੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੁਸਲਿਮ ਲੀਗ ਆਪਣੀ ਮੰਗ ਦੇ ਹੱਕ 'ਚ ਮੁਸਲਮਾਨਾਂ ਦੇ ਇਕ ਵੱਡੇ ਸਮੂਹ ਨੂੰ ਲਾਮਬੰਦ ਕਰਨ ਦੇ ਸਮਰੱਥ ਸੀ ਲੇਕਿਨ ਇਹ ਵੀ ਸੱਚ ਹੈ ਕਿ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦਾ ਵੱਡਾ ਹਿੱਸਾ ਪਾਕਿਸਤਾਨ ਦੀ ਮੰਗ ਦੇ ਵਿਰੁੱਧ ਡੱਟਿਆ ਸੀ। ਵੰਡ ਵਿਰੋਧੀ ਇਨ੍ਹਾਂ ਮੁਸਲਮਾਨਾਂ ਨੇ ਸਿਧਾਂਤਕ ਰੂਪ 'ਚ ਮੁਸਲਿਮ ਲੀਗ ਨੂੰ ਚੁਣੌਤੀ ਦਿੱਤੀ ਅਤੇ ਬਾਦ ਵਿਚ ਸੜਕਾਂ ਉੱਪਰ ਉਨ੍ਹਾਂ (ਲੀਗੀਆਂ) ਨਾਲ ਟੱਕਰ ਲਈ।"

ਦਰਅਸਲ, ਮੁਸਲਮਾਨਾਂ ਵੱਲੋਂ ਪਾਕਿਸਤਾਨ ਦੀ ਮੰਗ ਦਾ ਜਨਤਕ ਵਿਰੋਧ ਇਤਿਹਾਸਕਾਰ ਨੇ ਦਿਖਾਇਆ ਹੀ ਨਹੀਂ। ਨਾਇਕਪੂਜ ਇਤਿਹਾਸਕਾਰੀ ਨੇ ਸਿਰਫ ਮੌਲਾਨਾ ਅਬੁਲ ਕਲਾਮ ਆਜ਼ਾਦ, ਆਸਿਫ ਅਲੀ, ਅਬਦੁਲ ਗ਼ਫਾਰ ਖਾਂ, ਐੱਮ.ਏ. ਅੰਸਾਰੀ ਵਰਗੇ ਉੱਘੇ ਮੁਸਲਮਾਨਾਂ ਦੀ ਭੂਮਿਕਾ ਨੂੰ ਮਹੱਤਵ ਦਿੱਤਾ ਜੋ ਇੰਡੀਅਨ ਨੈਸ਼ਨਲ ਕਾਂਗਰਸ ਦਾ ਹਿੱਸਾ ਸਨ, ਜਦਕਿ ਹੋਰ ਅੰਦੋਲਨਾਂ ਅਤੇ ਮੁਸਲਿਮ ਅਵਾਮ ਦੀ ਭੂਮਿਕਾ ਨੂੰ ਇਤਿਹਾਸ ਦੇ ਖੋਜ ਕਾਰਜ ਵਿਚੋਂ ਲੱਗਭੱਗ ਮਨਫੀ ਕਰ ਦਿੱਤਾ ਗਿਆ। ਇਕ ਪਾਸੇ ਮੁਸਲਿਮ ਲੀਗ ਤੇ ਪਾਕਿਸਤਾਨ ਹਮਾਇਤੀਆਂ ਅਤੇ ਦੂਜੇ ਪਾਸੇ ਹਿੰਦੂ ਕੱਟੜਵਾਦੀਆਂ ਵੱਲੋਂ ਵੰਡ ਵਿਰੋਧੀ ਮੁਸਲਮਾਨਾਂ ਨੂੰ ਭੂਮਿਕਾ ਨੂੰ ਲੁਕੋਣਾ ਤਾਂ ਸਮਝ ਆਉਂਦਾ ਹੈ ਕਿਉਂਕਿ ਇਹ ਉਨ੍ਹਾਂ ਦੇ ਫਿਰਕੂ ਏਜੰਡਿਆਂ ਨੂੰ ਪੂਰੀ ਤਰ੍ਹਾਂ ਰਾਸ ਆਉਂਦਾ ਹੈ। ਦੇਸ਼ਪ੍ਰੇਮੀ ਮੁਸਲਮਾਨਾਂ ਨਾਲ ਕਾਂਗਰਸ ਦੀ ਲੀਡਰਸ਼ਿਪ ਦਾ ਵਿਸ਼ਵਾਸਘਾਤ ਕੌੜੀ ਹਕੀਕਤ ਹੈ। ਇਸ ਬਾਰੇ ਇਸ ਕਿਤਾਬ 'ਚ ਚੋਖੀ ਜਾਣਕਾਰੀ ਹੈ।



*ਡਾ. ਸ਼ਮਸੁਲ ਇਸਲਾਮ (ਐਨ ਸੱਜੇ) ਦੀ ਕਿਤਾਬ ਦੇ ਪੰਜਾਬੀ ਅਨੁਵਾਦ ਅਤੇ ਅੰਗਰੇਜ਼ੀ ਵਾਲੀ ਕਿਤਾਬ ਦੇ ਮੁਖੜੇ।*

ਇਹ ਵੀ ਸਪਸ਼ਟ ਹੈ ਕਿ ਕਾਂਗਰਸ ਤੋਂ ਸਿਵਾਇ ਹੋਰ ਅੰਦੋਲਨਾਂ ਜਾਂ ਸ਼ਖਸੀਅਤਾਂ ਦੀ ਭੂਮਿਕਾ ਨੂੰ ਦਬਾਉਣ ਪਿੱਛੇ ਕਾਂਗਰਸ ਦੀ ਲੀਡਰਸ਼ਿਪ ਅਤੇ ਦਰਬਾਰੀ ਇਤਿਹਾਸਕਾਰ ਦੇ ਸੌੜੇ ਹਿਤ ਸਨ। ਸਿਤਮਜ਼ਰੀਫੀ ਤਾਂ ਇਹ ਹੈ ਕਿ ਕਥਿਤ ਨਿਰਪੱਖ ਇਤਿਹਾਸਕਾਰਾਂ ਨੇ ਵੀ ਪਾਕਿਸਤਾਨ ਬਣਾਏ ਜਾਣ ਨਾਲ ਮੁਸਲਮਾਨ ਅਵਾਮ ਦੀ ਅਸਹਿਮਤੀ ਨੂੰ ਉਭਾਰ ਕੇ ਪੇਸ਼ ਕਰਨਾ ਜ਼ਰੂਰੀ ਨਹੀਂ ਸਮਝਿਆ। ਸ਼ਮਸੁਲ ਇਸਲਾਮ ਇਤਿਹਾਸਕ ਤੱਥਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਸਾਬਤ ਕਰਦੇ ਹਨ ਕਿ ਪਾਕਿਸਤਾਨ ਦੀ ਮੰਗ ਨੂੰ ਬਹੁਗਿਣਤੀ ਮੁਸਲਮਾਨਾਂ ਦੀ ਹਮਾਇਤ ਨਹੀਂ ਸੀ ਕਿਉਂਕਿ ਗੌਰਮਿੰਟ ਆਫ ਇੰਡੀਆ ਐਕਟ-1935 ਦੀ ਛੇਵੀਂ ਸੂਚੀ ਦੀ ਵਿਵਸਥਾ ਅਨੁਸਾਰ ਸੂਬਿਆਂ ਦੀ ਸਿਰਫ 28.5% ਬਾਲਗ ਵਸੋਂ ਹੀ 1946 ਦੀਆਂ ਵਿਧਾਨ-ਸਭਾ ਚੋਣਾਂ ਵਿਚ ਵੋਟ ਪਾਉਣ ਦੇ ਯੋਗ ਸੀ। ਵੋਟ ਦਾ ਹੱਕ ਟੈਕਸ, ਜਾਇਦਾਦ ਅਤੇ ਵਿਦਿਅਕ ਯੋਗਤਾ ਦੇ ਆਧਾਰ 'ਤੇ ਹੋਣ ਕਾਰਨ ਪਿਛੜੇ ਹੋਏ ਮੁਸਲਮਾਨ ਫਿਰਕੇ ਦੀ ਵੋਟ ਪਾਉਣ ਯੋਗ ਗਿਣਤੀ ਤਾਂ ਹੋਰ ਵੀ ਘੱਟ ਸੀ। ਲਿਹਾਜ਼ਾ ਇਹ ਕਹਿਣਾ ਦਰੁਸਤ ਨਹੀਂ ਹੈ ਕਿ ਪਾਕਿਸਤਾਨ ਦੀ ਮੰਗ ਨੂੰ ਮੁਸਲਮਾਨ ਬਹੁਗਿਣਤੀ ਦੀ ਹਮਾਇਤ ਸੀ। ਇਤਿਹਾਸਕਾਰ ਇਸ ਬੇਹੱਦ ਮਹੱਤਵਪੂਰਨ ਸਵਾਲ ਬਾਰੇ ਚੁੱਪ ਹਨ ਕਿ ਜਿਨਾਹ ਸਮੁੱਚੇ ਮੁਸਲਮਾਨਾਂ ਦਾ ਆਗੂ ਨਹੀਂ ਸੀ ਅਤੇ ਮੁਸਲਿਮ ਲੀਗ ਸਮੁੱਚੇ ਮੁਸਲਮਾਨ ਫਿਰਕੇ ਦੀ ਨੁਮਾਇੰਦਗੀ ਨਹੀਂ ਕਰਦੀ ਸੀ।

ਮੁੱਖਧਾਰਾ ਇਤਿਹਾਸਕਾਰੀ ਨੇ ਵੰਡ ਲਈ ਜ਼ਿੰਮੇਵਾਰ ਤਾਕਤਾਂ ਦੀ ਨਿਸ਼ਾਨਦੇਹੀ ਕਰਦਿਆਂ ਮੁੱਖ ਤੌਰ 'ਤੇ ਇਹ ਪੱਖ ਹੀ ਦਿਖਾਇਆ ਹੈ ਕਿ ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਦੀ ਕੱਟੜਪੰਥੀ ਫਿਰਕਾਪ੍ਰਸਤ ਸਿਆਸਤ ਕਾਰਨ ਮੁਲਕ ਵੰਡਿਆ ਗਿਆ। ਕਿ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਅਤੇ ਹੋਰ ਸਮਾਵੇਸ਼ੀ ਦੇਸ਼ਭਗਤ ਤਾਕਤਾਂ ਨੇ ਧਰਮ ਦੇ ਆਧਾਰ 'ਤੇ ਵੰਡ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਮੁਸਲਿਮ ਲੀਗ ਦੀ ਮਜ਼੍ਹਬੀ ਲਹਿਰ ਦੇ ਵੇਗ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ ਅਤੇ ਧਰਮ ਦੇ ਆਧਾਰ 'ਤੇ ਪਾਕਿਸਤਾਨ ਦੀ ਮੰਗ ਅਟੱਲ ਹਕੀਕਤ ਬਣ ਗਈ। ਇਤਿਹਾਸਕਾਰ ਫਿਰਕਾਪ੍ਰਸਤ ਹਿੰਦੂ ਤਾਕਤਾਂ ਦੀ ਇਸ ਵਿਚ ਭੂਮਿਕਾ ਦਾ ਕਦੇ ਜ਼ਿਕਰ ਨਹੀਂ ਕਰਦੇ। ਇਹ ਇਕਪਾਸੜ ਪੇਸ਼ਕਾਰੀ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਸਮੂਹ ਮੁਸਲਮਾਨ ਫਿਰਕਾ ਪਾਕਿਸਤਾਨ ਬਣਾਏ ਜਾਣ ਦੇ ਹੱਕ 'ਚ ਸੀ। ਸ਼ਮਸੁਲ ਇਸਲਾਮ ਨੇ ਇਤਿਹਾਸਕ ਸਰੋਤਾਂ ਦੀ ਗਹਿਰਾਈ 'ਚ ਜਾ ਕੇ ਇਸ ਮਿੱਥ ਨੂੰ ਚਕਨਾਚੂਰ ਕਰ ਕੇ ਇਹ ਹਕੀਕਤ ਉਭਾਰੀ ਹੈ ਕਿ ਮੁਸਲਮਾਨ ਫਿਰਕੇ ਦਾ ਜੋ ਹਿੱਸਾ ਪਾਕਿਸਤਾਨ ਬਣਾਏ ਜਾਣ ਦੀ ਮੰਗ ਦੇ ਵਿਰੁੱਧ ਸੀ, ਉਹ ਮਜ਼੍ਹਬੀ ਕਾਂਗ ਦਾ ਵਿਰੋਧ ਕਰਨ ਕਰ ਕੇ ਹੀ ਮਹੱਤਵਪੂਰਨ ਨਹੀਂ ਸੀ, ਉਹ ਮੁਸਲਮਾਨ ਅਵਾਮ ਦੀ ਲਾਮਬੰਦੀ ਅਤੇ ਗਿਣਤੀ ਦੇ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਸੀ। 1940ਵਿਆਂ ਦਾ ਇਕ ਵਕਤ ਅਜਿਹਾ ਵੀ ਸੀ ਜਦੋਂ ਮੁਸਲਮਾਨਾਂ ਦਰਮਿਆਨ ਪਾਕਿਸਤਾਨ ਦੀ ਬਜਾਇ ਅਣਵੰਡੇ ਭਾਰਤ 'ਚ ਰਹਿਣ ਦੇ ਹੱਕ 'ਚ ਹਮਾਇਤ ਵਧੇਰੇ ਸੀ। ਇਤਿਹਾਸਕਾਰਾਂ ਨੇ ਇਤਿਹਾਸ ਨਾਲੋਂ ਵੀ ਵਧੇਰੇ ਅਨਿਆਂ ਇਨ੍ਹਾਂ ਦੇਸ਼ਪ੍ਰੇਮੀ ਮੁਸਲਮਾਨਾਂ ਨਾਲ ਕੀਤਾ।

ਮੁਸਲਿਮ ਲੀਗ ਦੀ ਫਿਰਕੂ ਸਿਆਸਤ ਵਿਰੁੱਧ ਮੁਸਲਿਮ ਅਵਾਮ ਦੇ ਸੰਘਰਸ਼ ਦਾ ਸ਼ਾਨਾਂਮੱਤਾ ਕਾਂਡ 'ਆਜ਼ਾਦ ਮੁਸਲਿਮ ਕਾਨਫਰੰਸ' ਦੇ ਝੰਡੇ ਹੇਠ ਸੰਘਰਸ਼ ਹੈ। ਸਿੰਧ ਸੂਬੇ ਦੇ ਸਾਬਕਾ ਪ੍ਰਧਾਨ ਮੰਤਰੀ (ਉਦੋਂ ਰਾਜ ਦੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ) ਅੱਲ੍ਹਾ ਬਖਸ਼ ਸੁਮਰੋ ਨੇ ਮੁਹੰਮਦ ਇਬਰਾਹੀਮ, ਹਿਫਜ਼ੁਰ ਰਹਿਮਾਨ ਅਤੇ ਇਸ਼ਾਕ ਸਾਂਭਲੀ ਨਾਲ ਮਿਲ ਕੇ ਦੱਬੀਆਂ-ਕੁਚਲੀਆਂ ਜਾਤੀਆਂ ਦੇ ਮੁਸਲਮਾਨਾਂ ਦੀਆਂ ਜਥੇਬੰਦੀਆਂ ਨੂੰ ਇਕ ਮੰਚ 'ਤੇ ਜਥੇਬੰਦ ਕੀਤਾ। 27 ਤੋਂ 30 ਅਪਰੈਲ 1940 ਨੂੰ ਦਿੱਲੀ ਵਿਚ 'ਆਜ਼ਾਦ ਮੁਸਲਿਮ ਕਾਨਫਰੰਸ' ਕੀਤੀ ਜਿਸ ਵਿਚ ਮੁਲਕ ਦੇ ਲੱਗਭੱਗ ਸਾਰੇ ਹੀ ਹਿੱਸਿਆਂ ਤੋਂ 1400 ਡੈਲੀਗੇਟ ਸ਼ਾਮਿਲ ਹੋਏ। ਕਾਨਫਰੰਸ ਨੇ ਮੁਸਲਿਮ ਲੀਗ ਦੇ ਫਿਰਕੂ ਏਜੰਡੇ ਨੂੰ ਭਾਰਤ ਅਤੇ ਮੁਸਲਮਾਨ ਫਿਰਕੇ ਦੋਵਾਂ ਦੇ ਹਿਤਾਂ ਦੇ ਖਿਲਾਫ ਕਰਾਰ ਦਿੰਦਿਆਂ ਮਿੱਸੀ ਸੰਸਕ੍ਰਿਤੀ 'ਤੇ ਆਧਾਰਿਤ ਇਕਜੁੱਟ ਭਾਰਤ ਦਾ ਨਾਅਰਾ ਬੁਲੰਦ ਕੀਤਾ। ਵਿਸ਼ਾਲ ਜਲੂਸ ਵਿਚ ਮੁਸਲਿਮ ਅਵਾਮ ਦੀ ਸ਼ਮੂਲੀਅਤ ਨੇ ਮੁਸਲਿਮ ਲੀਗ ਦੀ ਨੀਂਦ ਹਰਾਮ ਕਰ ਦਿੱਤੀ। ਉਦੋਂ ਬਰਤਾਨਵੀ ਪ੍ਰੈੱਸ ਨੇ ਵੀ ਸਵੀਕਾਰ ਕੀਤਾ ਕਿ ਇਹ ਭਾਰਤੀ ਮੁਸਲਮਾਨਾਂ ਦੀ ਸਭ ਤੋਂ ਵਧੇਰੇ ਨੁਮਾਇੰਦਗੀ ਕਰਦਾ ਇਕੱਠ ਸੀ। ਇਸ ਕਿਤਾਬ ਦੇ ਤਿੰਨ ਅਧਿਆਇ ਅੱਲ੍ਹਾ ਬਖਸ਼ ਦੇ ਮੁਸਲਿਮ ਲੀਗ ਦੀ ਫਿਰਕੂ ਸਿਆਸਤ ਵਿਰੁੱਧ ਜ਼ਬਰਦਸਤ ਸੰਘਰਸ਼, ਅੱਲ੍ਹਾ ਬਖਸ਼ ਦੀ ਬਰਤਾਨਵੀ ਹਕੂਮਤ ਨਾਲ ਸਿੱਧੀ ਟੱਕਰ ਅਤੇ ਮੁਸਲਿਮ ਲੀਗ ਵੱਲੋਂ 1943 'ਚ ਉਸ ਦੀ ਹੱਤਿਆ ਦੀ ਵਿਸਤਾਰਤ ਜਾਣਕਾਰੀ ਦਿੰਦੇ ਹਨ। ਮੁਸਲਿਮ ਲੀਗ ਲਈ ਅੱਲ੍ਹਾ ਬਖਸ਼ ਦੀ ਹੱਤਿਆ ਕਰਵਾ ਕੇ

***(ਬਾਕੀ ਅਗਲੇ ਸਫੇ 'ਤੇ)***

***ਇਤਿਹਾਸਕ ਤੱਥਾਂ ਦੇ ਵਿਸਤਾਰਤ ਹਵਾਲੇ ਦੇ ਕੇ ਇਹ ਕਿਤਾਬ ਇਸ ਮਿੱਥ ਨੂੰ ਤੋੜਦੀ ਹੈ ਕਿ 'ਦੋ ਕੌਮਾਂ ਦਾ ਸਿਧਾਂਤ' ਮੁਸਲਿਮ ਲੀਗ ਦੀ ਘਾੜਤ ਸੀ। 'ਦੋ ਕੌਮਾਂ ਦਾ ਸਿਧਾਂਤ' ਅਧਿਆਇ ਵਿਚ ਸ਼ਮਸੁਲ ਇਸਲਾਮ ਇਤਿਹਾਸਕ ਤੱਥ ਪੇਸ਼ ਕਰਦੇ ਹਨ ਕਿ ਇਸ ਸਿਧਾਂਤ ਦੇ ਪਹਿਲੇ ਪੈਰੋਕਾਰ ਹਿੰਦੂ ਰਾਸ਼ਟਰਵਾਦੀ ਸਨ। ਅਰਬਿੰਦੋ ਘੋਸ਼ ਦੇ ਨਾਨਾ ਰਾਜ ਨਰੈਣ ਬਾਸੂ (1826-1899) ਅਤੇ ਉਸ ਦੇ ਸਾਥੀ ਨਬਾ ਗੋਪਾਲ ਮਿਤਰਾ (1840-1894) ਨੇ ਜਿਨਾਹ ਤੋਂ ਅੱਧੀ ਸਦੀ ਪਹਿਲਾਂ ਹੀ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਕਰਕੇ ਭਾਰਤ ਨੂੰ ਦੋ ਰਾਸ਼ਟਰਾਂ 'ਚ ਵੰਡਣ ਦੀ ਬੁਨਿਆਦ ਰੱਖ ਦਿੱਤੀ ਸੀ। ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੇ ਵਿਚਾਰ ਨੂੰ ਠੋਸ ਰੂਪ 1923 'ਚ ਵੀ.ਡੀ. ਸਾਵਰਕਰ ਦੀ ਵਿਵਾਦਪੂਰਨ ਕਿਤਾਬ ਹਿੰਦੂਤਵ 'ਚ ਦਿੱਤਾ ਗਿਆ। ਬਾਲ ਗੰਗਾਧਰ ਤਿਲਕ, ਮਦਨ ਮੋਹਨ ਮਾਲਵੀਆ, ਬੀ.ਐੱਸ. ਮੂੰਜੇ, ਲਾਲਾ ਲਾਜਪਤ ਰਾਏ, ਐੱਮ.ਆਰ. ਜੈਅਕਰ, ਐੱਨ.ਸੀ. ਕੇਲਕਰ, ਸਵਾਮੀ ਸ਼ਰਧਾਨੰਦ ਵਰਗੇ ਸਿਰਕੱਢ ਹਿੰਦੂ ਆਗੂ ਤਾਂ ਮੁਸਲਿਮ ਲੀਗ ਤੋਂ ਬਹੁਤ ਪਹਿਲਾਂ ਹੀ 'ਹਿੰਦੂ ਰਾਸ਼ਟਰ' ਬਣਾਉਣ ਲਈ ਵਚਨਬੱਧ ਸਨ।***

# ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

***ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਆਜ਼ਾਦ ਹੋਣ ਤੱਕ ਇਸ ਖਿੱਤੇ, ਖਾਸ ਤੌਰ 'ਤੇ ਕੇਂਦਰ ਵਿਚ ਪੈਂਦੇ ਦੁਆਬਿਆਂ ਦੇ ਵਾਸੀ ਪੰਜਾਬੀ ਹੋਣ 'ਤੇ ਭਰਪੂਰ ਫਖਰ ਮਹਿਸੂਸ ਕਰਦੇ ਰਹੇ। ਇਸ ਦਾ ਸਭ ਤੋਂ ਪ੍ਰਤੱਖ ਪ੍ਰਮਾਣ ਇਹ ਸੀ ਕਿ ਵਿਦੇਸ਼ੀ ਰਾਜ ਵਿਰੁੱਧ ਜੂਝਣ ਅਤੇ ਸਮੁੱਚੇ ਹਿੰਦੁਸਤਾਨ ਨੂੰ ਵਿਦੇਸ਼ੀ ਰਾਜ ਤੋਂ ਆਜ਼ਾਦ ਕਰਵਾਉਣ ਦਾ ਬੀੜਾ ਉਨ੍ਹਾਂ ਨੇ ਹੀ ਚੁੱਕਿਆ। ਗਦਰੀ ਬਾਬਿਆਂ ਦੀ ਨਿਡਰਤਾ ਅਤੇ ਕੁਰਬਾਨੀ ਤੋਂ ਭਲੀਭਾਂਤ ਪ੍ਰਤੱਖ ਹੈ ਕਿ ਪਰਦੇਸ ਜਾਣਾ ਉਨ੍ਹਾਂ ਲਈ ਸੁਖੀ ਜੀਵਨ ਬਿਤਾਉਣ ਦਾ ਸਾਧਨ ਨਹੀਂ ਸੀ। ਇਹ ਤਾਂ ਆਜ਼ਾਦੀ ਲਈ ਲੜਨ ਤੇ ਜੂਝਣ ਦੇ ਸਮਰੱਥ ਹੋਣ ਦਾ ਸਾਧਨ ਸੀ। ਪੰਜਾਬ ਦੇ 'ਸੁਹਣਾ ਦੇਸਾਂ 'ਚੋਂ ਦੇਸ ਪੰਜਾਬ' ਦੀ ਹੂਕ ਹਰੇਕ ਦੇ ਤਨ ਮਨ ਨੂੰ ਝੰਜੋੜਦੀ ਸੀ, ਭਾਵੇਂ ਉਹ ਮੰਦਹਾਲੀ ਵਿਚ ਹੀ ਕਿਉਂ ਨਾ ਦਿਨ ਕਟੀ ਕਰ ਰਿਹਾ ਹੋਵੇ।***

ਪੰਜ ਦੁਆਬਾਂ ਦੇ ਦੇਸ਼ ਦਾ ਜੰਮਪਲ ਹੋਣਾ ਉਪਰੋਕਤ ਭਾਵ ਦਾ ਆਧਾਰ ਹੈ। ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਪੰਜ ਦਰਿਆ ਹਨ ਜਿਨ੍ਹਾਂ ਦਾ ਸੁਤੇ-ਸਿੱਧ ਹੀ ਮਨ ਵਿਚ ਖਿਆਲ ਆਉਂਦਾ ਹੈ। ਇਹ ਤਾਂ ਚਾਰ ਦੁਆਬਾਂ ਨੂੰ ਹੀ ਜਨਮ ਦਿੰਦੇ ਹਨ। ਚਾਰ ਦੁਆਬ ਪੰਜ ਤਾਂ ਨਾ ਹੋਏ, ਫਿਰ ਪੰਜਾਬ ਦੇ ਪੰਜ ਦੁਆਬਾਂ ਦਾ ਦੇਸ਼ ਹੋਣ ਦਾ ਭੇਤ ਕਿਵੇਂ ਸੁਲਝੇ। ਇਹ ਭੇਤ ਤਦ ਹੀ ਸੁਲਝਦਾ ਹੈ ਜੇ ਦਰਿਆ ਸਿੰਧ ਨੂੰ ਵੀ ਆਪਣਾ ਮੰਨਿਆ ਜਾਵੇ। ਮਿਥਿਹਾਸ ਤੇ ਪੁਰਾਤਨ ਕਾਲ ਤਾਂ ਇਹ ਮੰਨਦਾ ਆਇਆ ਹੈ। ਇਤਿਹਾਸ ਨੇ ਹੀ ਇਸ ਤੱਥ ਸੱਚ ਤੋਂ ਮੁਨਕਰ ਹੋਣਾ ਚਾਹਿਆ ਸੀ। ਪੰਜਾਬ ਦੀ ਸਭ ਤੋਂ ਮੁੱਢਲੀ ਮਿੱਥਕ ਕਥਾ ਵਿਚ ਤਾਂ ਆਉਂਦਾ ਹੈ ਕਿ ਜੋਗੀ ਬਣ ਕੇ ਪੂਰਨ ਇਧਰਲੇ ਬੰਨੇ ਦੇ ਥਾਵਾਂ 'ਤੇ ਭਟਕਦਾ ਰਿਹਾ। ਉਸ ਦਾ ਭਰਾ ਰਸਾਲੂ ਦੈਂਤਾਂ ਵਿਰੁੱਧ ਇਸੇ ਦੇ ਕੰਢੇ 'ਤੇ ਲੜਦਾ ਹੋਇਆ ਮਾਰਿਆ ਗਿਆ। ਬੇਪਛਾਣ ਵਾਸੀ ਪਾਰ ਤੋਂ ਆ ਰਹੇ ਧਾੜਵੀਆਂ ਵਿਰੁੱਧ ਇਥੇ ਹੀ ਜੂਝੇ।



**ਤੇਜਵੰਤ ਸਿੰਘ ਗਿੱਲ**
ਫੋਨ: +91-98150-86016

ਸ਼ਾਇਦ ਇਸੇ ਕਾਰਨ ਇਸ ਦਾ ਨਾਂ ਅਟਕ ਪੈ ਗਿਆ। ਜਿਵੇਂ ਭਾਈ ਵੀਰ ਸਿੰਘ ਦੇ ਇਕ ਗੀਤ ਵਿਚ ਆਉਂਦਾ ਹੈ ਇਸ ਦਾ ਨਾਂ ਹੀ ਆਤਮ-ਵਿਸ਼ਵਾਸ ਦਾ ਸ੍ਰੋਤ ਸੀ।

ਦੱਖਣ, ਪੂਰਬ ਅਤੇ ਉੱਤਰ ਵੱਲ ਇਸ ਦੀਆਂ ਹੱਦਾਂ ਇਉਂ ਨਿਸ਼ਚਿਤ ਨਹੀਂ। ਇਹ ਵੀ ਨਹੀਂ ਕਿ ਇਨ੍ਹਾਂ ਪਾਸਿਆਂ ਵੱਲ ਪੰਜਾਬੀਅਤ ਦੇ ਵਿਗਾਸ ਦੀ ਭਾਵਨਾ ਨੇ ਵਧਣਾ ਤੇ ਫੁੱਲਣਾ ਨਹੀਂ ਚਾਹਿਆ। ਆਨੰਦਪੁਰ ਖਾਲੀ ਕਰ ਜਾਣ ਅਤੇ ਚਮਕੌਰ ਦੀ ਗੜ੍ਹੀ ਛੱਡ ਜਾਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਲਵਾ ਚਲੇ ਗਏ ਜਿਸ ਨੇ ਪੰਜਾਬ, ਪੰਜ ਦੁਆਬਾਂ ਦੇ ਦੇਸ਼ ਦੀ ਪਰਿਭਾਸ਼ਾ ਨੂੰ ਹੋਰ ਵੀ ਮੋਕਲਾ ਕਰ ਦਿੱਤਾ। ਨੌਬਤ ਇਹ ਆ ਬਣੀ ਹੈ ਕਿ ਅਜੋਕੇ ਸਮੇਂ ਕਿਰਸਾਨੀ ਦੇ ਜਿਸ ਮੋਰਚੇ ਨੇ (ਅਮਰੀਕੀ ਚਿੰਤਕ) ਨੌਮ ਚੌਮਸਕੀ ਵਰਗੇ ਦੁਨੀਆ ਭਰ ਵਿਚ ਸਭ ਤੋਂ ਵੱਧ ਜਾਣੇ ਤੇ ਪਛਾਣੇ ਜਾਂਦੇ ਚਿੰਤਕ ਨੂੰ ਲੋਕਾਂ ਦੇ ਗੌਰਵਮਈ ਹੋਣ ਦਾ ਅਹਿਸਾਸ ਕਰਵਾਇਆ, ਉਹ ਮੁੱਖ ਤੌਰ 'ਤੇ ਪੰਜਾਬ ਦੀ ਕਿਰਸਾਨੀ ਸੀ। ਇਸ ਦਾ ਵਡੇਰਾ ਭਾਗ ਬਜ਼ੁਰਗਾਂ, ਜਵਾਨਾਂ, ਯੁਵਤੀਆਂ, ਮਾਵਾਂ, ਭੈਣਾਂ ਅਤੇ ਧੀਆਂ ਦਾ ਸਾਜਿਆ ਵਧੇਰੇ ਕਰ ਕੇ ਮਾਲਵੇ ਨੇ ਹੀ ਸਿਰਜਿਆ ਸੀ। ਘੱਗਰ ਤੋਂ ਪਾਰ ਦਾ ਪੂਰਬੀ ਅਤੇ ਜੰਮੂ ਦੀਆਂ ਪਹਾੜੀਆਂ ਵੱਲ ਝਾਕਦਾ ਪਹਾੜੀ ਇਲਾਕਾ ਵੀ ਪੰਜਾਬੀਅਤ ਦੀ ਭਾਵਨਾ ਤੋਂ ਓਪਰਾ ਨਹੀਂ। ਇਹ ਵੱਖਰੀ ਗੱਲ ਹੈ ਕਿ ਪੰਜਾਬੀ ਹੋਣ ਦਾ ਉਹ ਅਹਿਸਾਸ ਜੋ ਸੰਜੋਗ ਦੌਰਾਨ ਖੇੜਾ ਅਤੇ ਵਿਯੋਗ ਦੌਰਾਨ ਪੀੜਾ ਉਪਜਾਉਂਦਾ ਰਿਹਾ ਹੈ, ਉਹ ਇਨ੍ਹਾਂ ਖੇਤਰਾਂ ਦੇ ਹਿੱਸੇ ਨਹੀਂ ਆਇਆ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮੁਲਕ ਦੇ ਆਜ਼ਾਦ ਹੋਣ ਤੱਕ ਇਸ ਖਿੱਤੇ, ਖ਼ਾਸ ਤੌਰ 'ਤੇ ਕੇਂਦਰ ਵਿਚ ਪੈਂਦੇ ਦੁਆਬਿਆਂ ਦੇ ਵਾਸੀ ਪੰਜਾਬੀ ਹੋਣ 'ਤੇ ਭਰਪੂਰ ਫ਼ਖ਼ਰ ਮਹਿਸੂਸ ਕਰਦੇ ਰਹੇ। ਇਸ ਦਾ ਸਭ ਤੋਂ ਪ੍ਰਤੱਖ ਪ੍ਰਮਾਣ ਇਹ ਸੀ ਕਿ ਵਿਦੇਸ਼ੀ ਰਾਜ ਵਿਰੁੱਧ ਜੂਝਣ ਅਤੇ ਸਮੁੱਚੇ ਹਿੰਦੁਸਤਾਨ ਨੂੰ ਵਿਦੇਸ਼ੀ ਰਾਜ ਤੋਂ ਆਜ਼ਾਦ ਕਰਵਾਉਣ ਦਾ ਬੀੜਾ ਉਨ੍ਹਾਂ ਨੇ ਹੀ ਚੁੱਕਿਆ। ਗ਼ਦਰੀ ਬਾਬਿਆਂ ਦੀ ਨਿਡਰਤਾ ਅਤੇ ਕੁਰਬਾਨੀ ਤੋਂ ਭਲੀਭਾਂਤ ਪ੍ਰਤੱਖ ਹੈ ਕਿ ਪਰਦੇਸ ਜਾਣਾ ਉਨ੍ਹਾਂ ਲਈ ਸੁਖੀ ਜੀਵਨ ਬਿਤਾਉਣ ਦਾ ਸਾਧਨ ਨਹੀਂ ਸੀ। ਇਹ ਤਾਂ ਆਜ਼ਾਦੀ ਲਈ ਲੜਨ ਤੇ ਜੂਝਣ ਦੇ ਸਮਰੱਥ ਹੋਣ ਦਾ ਸਾਧਨ ਸੀ। ਪੰਜਾਬ ਦੇ 'ਸੁਹਣਾ ਦੇਸਾਂ 'ਚੋਂ ਦੇਸ ਪੰਜਾਬ' ਦੀ ਹੂਕ ਹਰੇਕ ਦੇ ਤਨ ਮਨ ਨੂੰ ਝੰਜੋੜਦੀ ਸੀ, ਭਾਵੇਂ ਉਹ ਮੰਦਹਾਲੀ ਵਿਚ ਹੀ ਕਿਉਂ ਨਾ ਦਿਨ ਕਟੀ ਕਰ ਰਿਹਾ ਹੋਵੇ।

ਨਿਸ਼ਚੇ ਹੀ ਇਸ ਨੂੰ ਕੱਲ੍ਹ ਦੀ ਗੱਲ ਮੰਨਿਆ ਜਾ ਸਕਦਾ ਹੈ। ਵੀਹਵੀਂ ਸਦੀ ਦੇ ਅੱਧ ਤੱਕ ਇਸ ਦੀ ਹੂਕ ਪੰਜਾਬੀਆਂ ਦੇ ਹਿਰਦਿਆਂ ਵਿਚੋਂ ਉੱਠਦੀ ਰਹੀ। ਇਸ ਨੂੰ ਨੇੜੇ ਦਾ ਕੱਲ੍ਹ ਕਿਹਾ ਜਾ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਦੂਰ ਦੇ ਕੱਲ੍ਹ, ਭਾਵ ਪੰਜ ਕੁ ਸਦੀਆਂ ਪਹਿਲਾਂ ਖ਼ਾਸ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਕਿਸ ਪ੍ਰਕਾਰ ਦੀ ਭਾਵੀ ਵਰਤਦੀ ਹੋਵੇਗੀ। ਇੱਥੇ ਦਿੱਤੇ ਸ਼ਬਦ ਦੇਸ ਅਤੇ ਪਰਦੇਸ ਨੂੰ ਅਨੇਕ ਅਰਥਾਂ ਵਿਚ ਚਿਤਵਿਆ ਗਿਆ ਹੈ। ਭੂਗੋਲਿਕ ਤੋਂ ਚੱਲ ਕੇ ਮਾਇਕ, ਜਾਤੀ, ਭਾਵੁਕ ਅਤੇ ਆਤਮਿਕ, ਕਿਹੜੀ ਪਰਤ ਹੈ ਜਿਸ ਨਾਲ ਇਸ ਵਿਚਲੇ ਉਚਾਰ ਦਾ ਨਾਤਾ ਨਹੀਂ ਜੁੜਦਾ। ਦੇਸ ਦੀ ਪਰਦੇਸ ਨਾਲ ਦੂਰੀ ਨੂੰ ਧਿਆਨ ਵਿਚ ਰੱਖ ਕੇ ਬੰਦੇ ਦੇ ਕੁਰਾਹੇ ਪੈ ਜਾਣ ਦੀ ਲਾਲਸਾ, ਭਟਕਣ ਦੀ ਮਜਬੂਰੀ, ਬਿਪਤਾ ਵੱਸ ਹੋ ਜਾਣ ਦੀ ਬੇਬਸੀ ਉਸ ਨੂੰ ਨਿਢਾਲ ਕਰ ਦਿੰਦੀ ਹੈ। ਮਨੁੱਖੀ ਮਨ ਦੀ ਦੇਸ ਤੋਂ ਪਰਦੇਸ ਜਾਣ ਦੀ ਇਹ ਭਾਵੀ ਜਿਵੇਂ ਉਨ੍ਹਾਂ ਦੇ ਇਸ ਪ੍ਰਵਚਨ ਵਿਚ ਆਈ ਹੈ, ਉਸ ਨੂੰ ਤਾਂ ਅਲੌਕਿਕ ਕਹਿਣਾ ਹੀ ਬਣਦਾ ਹੈ:

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭ ਦੇਸੁ ਪਰਾਇਆ॥



*ਚਿੱਤਰਕਾਰ ਜਸਪ੍ਰੀਤ ਸਿੰਘ ਦਾ ਚਿੱਤਰ ਜਿਸ ਵਿਚ ਪਰਦੇਸ ਜਾ ਰਿਹਾ ਪੁੱਤ ਅਤੇ ਮਾਪੇ ਦਿਸ ਰਹੇ ਹਨ।*

ਗੁਰੂ ਨਾਨਕ ਦੇਵ ਜੀ ਦੀ ਇਸ ਦੁਰਲੱਭ ਦ੍ਰਿਸ਼ਟੀ ਵਿਚੋਂ ਗੁਰੂ ਅਰਜਨ ਸਾਹਿਬ ਨੂੰ ਸੁਲੱਭ ਪ੍ਰਾਪਤੀ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ। ਲੰਮੀ ਰਚਨਾ ਵਿਚੋਂ ਇਹ ਕੁਝ ਤੁਕਾਂ ਉਨ੍ਹਾਂ ਦੀ ਸੋਚ ਨੂੰ ਪ੍ਰਤੱਖ ਕਰ ਦਿੰਦੀਆਂ ਹਨ। ਉਹ ਇਸ ਤਰ੍ਹਾਂ ਚਲਦੀਆਂ ਹਨ:

ਪਰਦੇਸੁ ਝਾਗਿ ਸਉਦੇ ਕਉ ਆਇਆ॥
ਵਸਤੁ ਅਨੂਪ ਸੁਣੀ ਲਾਭਾਇਆ॥
ਗੁਣ ਰਾਸਿ ਬੰਨਿ੍ ਪਲੈ ਆਨੀ॥
ਦੇਖਿ ਰਤਨੁ ਇਹੁ ਮਨੁ ਲਪਟਾਨੀ॥
ਸਾਹ ਵਾਪਾਰੀ ਦੁਆਰੈ ਆਏ॥
ਵਖਰੁ ਕਾਢਹੁ ਸਉਦਾ ਕਰਾਏ॥
---
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ॥
ਸਹਲੀ ਖੇਪ ਨਾਨਕੁ ਲੈ ਆਇਆ॥

ਮੁਲਕ ਦੇ ਵਿਦੇਸ਼ੀ ਰਾਜ ਤੋਂ ਆਜ਼ਾਦ ਹੋ ਜਾਣ ਮਗਰੋਂ ਲਗਪਗ ਪੰਜ ਦਹਾਕਿਆਂ ਤੱਕ ਇਹ ਦੁਵੱਲੀ ਭਾਵਨਾ ਸਾਰਥਿਕ ਕਰਤੱਵ ਨਿਭਾਉਂਦੀ ਰਹੀ। ਇਹ ਵੱਖਰੀ ਗੱਲ ਸੀ ਕਿ ਜੋ ਉਚੇਰੇ ਅਤੇ ਆਤਮਿਕ ਆਕਾਰ ਗੁਰੂ ਸਾਹਿਬਾਨ ਨੇ ਪਰਦੇਸ ਜਾਣ ਅਤੇ ਦੇਸ ਪਲਟਣ ਨਾਲ ਅਭੇਦ ਕੀਤੇ ਸਨ, ਉਹ ਆਪਣੇ ਉਚੇਰੇ ਆਕਾਰਾਂ ਤੋਂ ਵਿਹੂਣੇ ਹੁੰਦੇ ਗਏ। ਭਵਨ ਉਸਾਰਨ, ਛੱਤਾਂ 'ਤੇ ਹਵਾਈ ਜਹਾਜ਼ਾਂ ਦੇ ਨਮੂਨੇ ਦਿਖਾਉਣ ਨੂੰ ਅੱਜ ਦਾ ਮੁੱਖ ਕਰਤੱਵ ਮੰਨ ਲਿਆ ਗਿਆ। ਜਿਨ੍ਹਾਂ ਨੂੰ ਪਰਦੇਸ ਵਿਚ ਦਿਨੇਂ ਵੀ ਸੁਪਨੇ ਆਉਂਦੇ ਰਹਿੰਦੇ ਸਨ, ਉਨ੍ਹਾਂ ਨੇ ਸਕੂਲ ਖੋਲ੍ਹਣ ਦਾ ਹੀਆ ਕੀਤਾ, ਪੁਸਤਕਾਲੇ ਉਸਾਰੇ ਅਤੇ ਹਸਪਤਾਲਾਂ ਨੂੰ ਉਸਾਰਨ ਵਿਚ ਖ਼ੂਬ ਉਤਸ਼ਾਹ ਦਿਖਾਇਆ। ਇਹ ਪਰਦੇਸ ਜਾਣ, ਕਮਾਈ ਕਰਨ, ਆਪਣੇ ਅਤੇ ਆਪਣੇ ਪਿੰਡ ਵਾਸੀਆਂ ਦੇ ਵਰਤਮਾਨ ਅਤੇ ਭਵਿੱਖ ਨੂੰ ਉਜਲਾ ਬਣਾਉਣ ਦਾ ਉੱਦਮ ਸੀ।

ਨਾਲ ਹੀ ਇਸ ਦਾ ਗੌਰਵਮਈ ਪੱਖ ਵੀ ਹੈ। ਉਹ ਇਹ ਕਿ ਪਰਦੇਸਾਂ, ਖ਼ਾਸਕਰ ਇੰਗਲੈਂਡ ਅਤੇ ਕੈਨੇਡਾ ਵਿਚ ਪੰਜਾਬ ਤੋਂ ਗਏ ਪਰਵਾਸੀਆਂ ਨੇ ਜੋ ਭੱਲ ਬਣਾਈ, ਸਮਾਜਿਕ ਅਤੇ ਰਾਜਸੀ ਖੇਤਰਾਂ ਵਿਚ ਜੋ ਵਡਿਆਈ ਖੱਟੀ, ਉਹ ਏਧਰਲੇ ਪੰਜਾਬ ਲਈ ਵੀ ਗੌਰਵ ਦਾ ਕਾਰਨ ਬਣ ਗਈ। ਕਿਸਾਨ ਮੋਰਚੇ ਦੇ ਡਟੇ ਰਹਿਣ ਅਤੇ ਸੰਸਾਰ ਭਰ ਵਿਚ ਮਹਿਮਾ ਦਾ ਸ੍ਰੋਤ ਹੋ ਨਿਬੜਨ ਵਿਚ ਜੋ ਮਦਦ ਪਹੁੰਚੀ, ਉਹ ਦੁਰਲੱਭ ਨਹੀਂ ਤਾਂ ਅੰਤ ਦੀ ਸੁਲੱਭ ਸਿੱਧ ਹੋਈ। ਨਿਰਾਸ਼ਾ ਵਾਲੀ ਗੱਲ ਪਰ ਇਹ ਹੈ ਕਿ ਇਹ ਅੱਜ ਜਿਵੇਂ ਭਲਕ ਵਿਚ ਨਿਘਰਨ ਲੱਗਿਆ ਹੈ, ਉਹ ਉਜਾਲੇ 'ਤੇ ਕਾਲਖ ਥੋਪਣ ਦਾ ਕੰਮ ਕਰ ਰਿਹਾ ਹੈ। ਗ਼ਰੀਬੀ ਗਦਾ ਹਮਾਰੀ ਦੇ ਹੁੰਦਿਆਂ ਕੱਲ੍ਹ ਨੇ ਜਿਵੇਂ ਪੰਜਾਬੀ ਹੋਣ ਦੀ ਭਾਵਨਾ ਨੂੰ ਗੌਰਵ ਨਾਲ ਭਰ ਰੱਖਿਆ ਸੀ, ਉਹ ਭਲਕ ਵਿਚ ਲੋਪ ਹੁੰਦੀ ਜਾ ਰਹੀ ਹੈ। ਭਲਕ ਦਾ ਜੋ ਦ੍ਰਿਸ਼ ਤਸੱਵੁਰ ਵਿਚ ਉੱਭਰਦਾ ਹੈ, ਉਸ ਅਨੁਸਾਰ ਖੇਤੀਬਾੜੀ ਕੁਝ ਦਹਾਕਿਆਂ ਦੀ ਖੇਡ ਹੈ। ਲੋੜ ਤੋਂ ਕਿਤੇ ਵੱਧ ਚੌੜੀਆਂ ਸੜਕਾਂ, ਦਰਿਆਵਾਂ ਵਿਚ ਪਾਣੀ ਦਾ ਸੋਕਾ, ਫ਼ਸਲਾਂ ਦੀ ਥਾਂ ਬੇਲੋੜੀਆਂ ਉਸਾਰੀਆਂ, ਨਸ਼ਿਆਂ ਦਾ ਖੁੱਲ੍ਹਮ ਖੁੱਲ੍ਹਾ ਫੈਲਾਉ, ਵਿਦਿਅਕ ਢਾਂਚੇ ਦਾ ਸੁਧਾਰ ਦੇ ਨਾਂ 'ਤੇ ਵਿਨਾਸ਼, ਪੰਜਾਬ ਵਿਚ ਕੁਝ ਵੀ ਸਾਰਥਕ ਨਾ ਹੋ ਸਕਣ ਦਾ ਵਿਆਪਕ ਅਹਿਸਾਸ, ਇਹ ਵਿਆਪਕ ਅਹਿਸਾਸ ਹੈ ਜਿਸ ਤੋਂ ਛੁਟਕਾਰਾ ਪਾਉਣਾ ਅਸੰਭਵ ਨਹੀਂ ਤਾਂ ਮੁਹਾਲ ਜ਼ਰੂਰ ਹੈ।

ਕੱਲ੍ਹ, ਅੱਜ ਤੇ ਭਲਕ ਅਨੁਸਾਰ ਪੰਜਾਬ ਦਾ, ਇਸ ਦੇ ਵਾਸੀਆਂ ਦੇ ਜੀਵਨ ਦਾ ਤਸੱਵੁਰ ਬਣਦਾ ਹੈ, ਉਹ ਮਾਇਕ ਤੌਰ 'ਤੇ ਭਾਵੇਂ ਬਦਲ ਜਾਵੇ। ਬਦਲਾਵ ਕਿੰਨਾ ਕੁ ਧਰਵਾਸ ਦਾ ਸ੍ਰੋਤ ਬਣੇਗਾ, ਭੂਗੋਲਿਕ ਤੌਰ 'ਤੇ ਪੰਜਾਬ ਦਾ ਪੰਜ ਦੁਆਬਾਂ ਦੇ ਦੇਸ ਵਜੋਂ ਹੋਂਦ ਵਿਚ ਆ ਕੇ ਇਤਿਹਾਸ ਵਿਚ ਵਾਪਰੇ ਕੁੱਲ ਵਿਗਠਨ ਦੇ ਬਾਵਜੂਦ ਚੁੰਧਿਆ ਦੇਣ ਵਾਲਾ ਦ੍ਰਿਸ਼ ਬਣ ਕੇ ਕਦੇ ਕਦਾਈਂ ਹੀ ਭਾਵੇਂ ਭਵਿੱਖ ਵਿਚ ਉੱਭਰਦਾ ਰਹੇਗਾ, ਇਸ ਨੂੰ ਤਸੱਵੁਰ ਵਿਚ ਵਸਾ ਲੈਣ ਨੂੰ ਦਿਲ ਕਰਦੇ ਰਹਿਣਾ ਚਾਹੀਦਾ ਹੈ। ਇਤਿਹਾਸ ਵਿਚ ਜੋ ਵਾਪਰਿਆ, ਉਸ ਦਾ ਖਿਆਲ ਬਹੁਤ ਕੁਝ ਘਟਾਉਂਦਾ ਅਤੇ ਵਧਾਉਂਦਾ ਰਹੇਗਾ। ਇਸ ਦੇ ਬਾਵਜੂਦ ਕੱਲ੍ਹ, ਅੱਜ ਤੇ ਭਲਕ ਦੀ ਤ੍ਰਿਕੜੀ ਬਣੀ ਰਹੇ ਤਾਂ ਪੰਜਾਬ ਦਾ ਮੁੱਢਲਾ ਤਸੱਵੁਰ ਲੋਪ ਨਹੀਂ ਹੋਵੇਗਾ, ਉਸ ਸਭ ਕੁਝ ਦੇ ਬਾਵਜੂਦ ਜੋ ਇਤਿਹਾਸ ਵਿਚ ਵਾਪਰਿਆ। ਸਾਡੀ ਹੋਂਦ ਲਈ ਇਹ ਤਸੱਵਰ ਭਾਵੀ ਵਾਂਗ ਹੈ।

---

# ਇਤਿਹਾਸ ਦੇ ਪੰਨੇ ਫਰੋਲਦੀ ਕਿਤਾਬ 'ਭਾਰਤ ਵੰਡ ਵਿਰੋਧੀ ਮੁਸਲਮਾਨ'

*(ਪਿਛਲੇ ਸਫੇ ਦੀ ਬਾਕੀ)*

ਉਸ ਨੂੰ ਰਸਤੇ 'ਚੋਂ ਹਟਾਉਣਾ ਜ਼ਰੂਰੀ ਹੋ ਗਿਆ ਸੀ ਕਿਉਂਕਿ ਉਹ ਲੀਗ ਦੇ ਪਾਕਿਸਤਾਨ ਦੇ ਨਾਅਰੇ ਵਿਰੁੱਧ ਪੂਰੇ ਭਾਰਤ ਵਿਚ ਆਮ ਮੁਸਲਮਾਨਾਂ ਦੀ ਵਿਆਪਕ ਹਮਾਇਤ ਲੈਣ ਦੇ ਸਮਰੱਥ ਸੀ। ਸਿੰਧ ਵਿਚ ਅੱਲ੍ਹਾ ਬਖਸ਼ ਨੂੰ ਹਮਾਇਤ ਪਾਕਿਸਤਾਨ ਦੇ ਹੋਂਦ 'ਚ ਆਉਣ 'ਚ ਵੱਡਾ ਅੜਿੱਕਾ ਬਣ ਸਕਦੀ ਸੀ, ਕਿਉਂਕਿ ਸਿੰਧ ਤੋਂ ਬਿਨਾ ਮੁਲਕ ਦੇ ਪੱਛਮੀ ਹਿੱਸੇ 'ਚ 'ਇਸਲਾਮਿਕ ਰਾਜ' ਬਣਾਏ ਜਾਣ 'ਚ ਮੁਸਲਿਮ ਲੀਗ ਨੂੰ ਮੁਸ਼ਕਿਲ ਆਉਣੀ ਸੀ।

ਆਖਰੀ ਅਧਿਆਇ 'ਚ ਸ਼ਮਸੁਲ ਇਹ ਵਿਸ਼ਲੇਸ਼ਣ ਕਰਦੇ ਹਨ ਕਿ ਵਤਨ ਨੂੰ ਮੁਹੱਬਤ ਕਰਨ ਵਾਲੇ ਮੁਸਲਮਾਨ ਆਪਣੇ ਮਜ਼ਬੂਤ ਦੇਸ਼ਪ੍ਰੇਮੀ ਜਜ਼ਬੇ ਦੇ ਬਾਵਜੂਦ ਮੁਲਕ ਦੀ ਵੰਡ ਨੂੰ ਰੋਕਣ 'ਚ ਨਾਕਾਮ ਕਿਉਂ ਰਹੇ। ਸ਼ਮਸੁਲ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਪੰਜ ਮੁੱਖ ਕਾਰਨਾਂ ਦੀ ਨਿਸ਼ਾਨਦੇਹੀ ਕਰਦੇ ਹਨ। ਲੇਖਕ ਅਨੁਸਾਰ ਇਸ ਦਾ ਪਹਿਲਾ ਕਾਰਨ, ਬਰਤਾਨਵੀ ਹਾਕਮਾਂ ਨੇ ਭਾਰਤ-ਵੰਡ ਦਾ ਫੈਸਲਾ ਕਰ ਲਿਆ ਸੀ। ਦੂਸਰਾ, ਮੁਸਲਿਮ ਲੀਗ ਦਾ ਰਵੱਈਆ (ਅਕਸਰ ਅੰਗਰੇਜ਼ ਰਾਜ ਦੀ ਮਿਲੀਭਗਤ ਨਾਲ ਅਤੇ ਸਰਗਰਮ ਸਹਿਯੋਗ ਨਾਲ) ਆਪਣੇ ਵਿਰੋਧੀਆਂ ਪ੍ਰਤੀ ਬੇਹੱਦ ਕਰੂਰ ਸੀ; ਖਾਸਕਰ ਉਨ੍ਹਾਂ ਨੇ ਵੰਡ ਵਿਰੋਧੀ ਮੁਸਲਮਾਨਾਂ ਨੂੰ ਆਪਣਾ ਸਭ ਤੋਂ ਘੋਰ ਦੁਸ਼ਮਣ ਮੰਨਿਆ ਅਤੇ ਐਸੇ ਦੇਸ਼ਪ੍ਰੇਮੀ ਮੁਸਲਮਾਨਾਂ ਦੀ ਆਵਾਜ਼ ਨੂੰ ਦਬਾਉਣ ਵਿਚ ਲੀਗ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਤੀਜਾ, ਹਿੰਦੂ ਰਾਸ਼ਟਰਵਾਦੀ ਅਨਸਰਾਂ ਨੇ (ਸਮੇਤ ਉਨ੍ਹਾਂ ਦੇ ਜੋ ਕਾਂਗਰਸ ਵਿਚ ਸ਼ਾਮਲ ਸਨ) ਘੱਟਗਿਣਤੀਆਂ ਦੇ ਜਾਇਜ਼ ਹੱਕਾਂ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਰਗੇ ਕਿਸੇ ਵੀ ਸਮਝੌਤੇ ਵਿਚ ਅਣਇੱਛਾ ਦਿਖਾਈ। ਉਹ ਭਾਰਤ ਵਿਚ ਉੱਚ ਜਾਤੀ ਹਿੰਦੂਆਂ ਦਾ ਗ਼ਲਬਾ ਸਥਾਪਤ ਕਰਨਾ ਚਾਹੁੰਦੇ ਸਨ।

ਸ਼ਮਸੁਲ ਚੌਥਾ ਕਾਰਨ ਇਹ ਦੱਸਦੇ ਹਨ ਕਿ ਪਾਕਿਸਤਾਨ ਦੀ ਸਥਾਪਨਾ ਨੂੰ ਲੈ ਕੇ ਕਾਂਗਰਸ ਖੁਦ ਕਈ ਮਾਇਨਿਆਂ 'ਚ ਭਰਮ ਵਿਚ ਸੀ। ਲੇਖਕ ਅਨੁਸਾਰ ਸ਼ਾਇਦ ਕਾਂਗਰਸ ਦਾ ਸਭ ਤੋਂ ਵੱਡਾ ਜੁਰਮ ਮੁਸਲਿਮ ਲੀਗ ਨਾਲ ਇਹ ਮੰਨ ਕੇ ਗੱਲਬਾਤ ਕਰਨਾ ਸੀ ਜਿਵੇਂ ਮੁਸਲਿਮ ਲੀਗ ਹੀ ਮੁਲਕ ਵਿਚ ਭਾਰਤੀ ਮੁਸਲਮਾਨਾਂ ਦੀ ਇੱਕੋਇਕ ਨੁਮਾਇੰਦਾ ਸੰਸਥਾ ਹੋਵੇ। ਪੰਜਵਾਂ ਅਤੇ ਆਖਰੀ ਕਾਰਨ ਲੇਖਕ ਇਹ ਮੰਨਦਾ ਹੈ ਕਿ ਪਾਕਿਸਤਾਨ ਵਿਰੋਧੀ ਮੁਸਲਮਾਨ ਬਰਾਬਰੀ ਅਤੇ ਨਿਆਂ ਪ੍ਰੇਮੀ ਮੁੱਲਾਂ ਵਿਚ ਯਕੀਨ ਰੱਖਦੇ ਸਨ। ਇਨ੍ਹਾਂ ਮੁੱਲਾਂ ਨਾਲ ਅੰਗਰੇਜ਼ ਹਾਕਮਾਂ, ਮੁਸਲਿਮ ਲੀਗ ਅਤੇ ਕਾਫੀ ਹੱਦ ਤਕ ਕਾਂਗਰਸ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਸਥਿਤੀ ਨੇ ਵੀ ਵੰਡ ਵਿਰੋਧੀ ਮੁਸਲਮਾਨਾਂ ਨੂੰ ਅਛੂਤ ਬਣਾ ਦਿੱਤਾ।

1947 ਦੀ ਸੱਤਾ ਬਦਲੀ ਤੋਂ ਬਾਅਦ ਦੇਸ਼ਪ੍ਰੇਮੀ ਮੁਸਲਮਾਨਾਂ ਦੇ ਨਾਲ ਹੋਰ ਵੀ ਜ਼ਿਆਦਾ ਅਨਿਆਂਪੂਰਨ ਵਰਤਾਓ ਕੀਤਾ ਗਿਆ। ਜਦੋਂ ਧਰਮਨਿਰਪੇਖਤਾ ਅਤੇ ਬਹੁਲਤਾਵਾਦ ਦਾ ਗੁਣਗਾਣ ਕੀਤਾ ਜਾ ਰਿਹਾ ਸੀ, ਉਦੋਂ ਦੇਸ਼ਪ੍ਰੇਮੀ ਮੁਸਲਮਾਨਾਂ ਦੇ ਯੋਗਦਾਨ ਨੂੰ, ਉਨ੍ਹਾਂ ਦੀ ਧਰਮਨਿਰਪੇਖ ਵਿਰਾਸਤ ਅਤੇ ਕੁਰਬਾਨੀਆਂ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਗਿਆ। ਇਤਿਹਾਸ ਦੀਆਂ ਕਿਤਾਬਾਂ ਵਿਚ ਮੁਸ਼ਕਿਲ ਨਾਲ ਹੀ ਕਿਸੇ ਦੇਸ਼ਪ੍ਰੇਮੀ ਮੁਸਲਮਾਨ ਦਾ ਬਤੌਰ ਸੁਤੰਤਰਤਾ ਸੈਨਾਨੀ ਜ਼ਿਕਰ ਮਿਲਦਾ ਹੈ ਪਰ ਜੋ ਮੁਸਲਮਾਨ ਆਗੂ ਕਾਂਗਰਸ ਦੇ ਨੇੜੇ ਸਨ ਉਨ੍ਹਾਂ ਦਾ ਕਿਤੇ-ਕਿਤੇ ਜ਼ਿਕਰ ਜ਼ਰੂਰ ਕਰ ਦਿੱਤਾ ਗਿਆ। ਵਤਨਪ੍ਰੇਮ ਨਾਲ ਗੜੁੱਚ ਆਜ਼ਾਦ ਮੁਸਲਮਾਨਾਂ, ਕਮਿਊਨਿਸਟ ਮੁਸਲਮਾਨਾਂ/ਜਥੇਬੰਦੀਆਂ ਤੋਂ ਲੈ ਕੇ ਵਹਾਬੀ ਮੁਸਲਮਾਨਾਂ ਤੱਕ ਦੀ ਬਹੁਤ ਵੱਡੀ ਤਾਦਾਦ ਐਸੀ ਸੀ ਜਿਨ੍ਹਾਂ ਦੀਆਂ ਕੁਰਬਾਨੀਆਂ ਮਹਾਨ ਸਨ ਲੇਕਿਨ 'ਆਜ਼ਾਦ' ਭਾਰਤ ਵਿਚ ਉਨ੍ਹਾਂ ਸਾਰਿਆਂ ਨੂੰ ਭੁਲਾ ਕੇ ਸਿਰਫ ਉਂਗਲੀਆਂ ਉੱਪਰ ਗਿਣੇ ਜਾਣ ਵਾਲੇ ਮੁਸਲਿਮ ਦੇਸ਼ਪ੍ਰੇਮੀ ਸੁਤੰਤਰਤਾ ਸੈਨਾਨੀਆਂ ਨੂੰ ਕਾਂਗਰਸ ਪਾਰਟੀ ਦੇ ਪਿਛਲੱਗਾਂ ਦੇ ਰੂਪ ਵਿਚ ਪੇਸ਼ ਕਰ ਦਿੱਤਾ ਗਿਆ। ਇਸ ਤੋਂ ਵੱਡਾ ਅਨਿਆਂ ਇਹ ਹੋਇਆ ਕਿ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਬਣੀ ਭਾਜਪਾ ਸਰਕਾਰ ਵੱਲੋਂ 2003 'ਚ ਹਿੰਦੂਤਵਵਾਦ ਦੇ ਚਿੰਨ੍ਹ ਵੀ.ਡੀ. ਸਾਵਰਕਰ ਦੀ ਤਸਵੀਰ ਭਾਰਤੀ ਸੰਸਦ ਦੇ ਕੇਂਦਰੀ ਹਾਲ ਵਿਚ ਲਗਾ ਕੇ ਉਸ ਨੂੰ ਦੇਸ਼ਭਗਤੀ ਦਾ ਪ੍ਰਤੀਕ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਸਾਵਰਕਰ ਖ਼ੁਦ ਦੋ ਕੌਮ ਸਿਧਾਂਤ ਦੇ ਜਨਮਦਾਤਿਆਂ ਵਿਚੋਂ ਇਕ ਸੀ ਅਤੇ ਤਾਉਮਰ ਇਸ ਦਾ ਚੈਂਪੀਅਨ ਰਿਹਾ। ਉਸ ਨੇ ਬਸਤੀਵਾਦੀ ਵਿਰੋਧੀ ਭਾਰਤੀ ਸੁਤੰਤਰਤਾ ਸੰਗਰਾਮ ਦਾ ਪੁਰਜ਼ੋਰ ਵਿਰੋਧ ਕੀਤਾ ਅਤੇ 1942 'ਚ ਮੁਸਲਿਮ ਲੀਗ ਨਾਲ ਮਿਲ ਕੇ ਉਸ ਦੀ ਰਾਹਨੁਮਾਈ ਹੇਠ ਹਿੰਦੂ ਮਹਾ ਸਭਾ ਨੇ ਸਾਂਝੀਆਂ ਸਰਕਾਰਾਂ ਚਲਾਈਆਂ। ਹਿੰਦੂਤਵਵਾਦੀ ਖੇਮੇ ਲਈ ਸਾਵਰਕਰ ਦੇਸ਼ਪ੍ਰੇਮ ਦਾ ਪ੍ਰਤੀਕ ਹੈ ਅਤੇ ਸਮੁੱਚੇ ਮੁਸਲਮਾਨ ਭਾਈਚਾਰੇ ਦੀ ਭਾਰਤ ਪ੍ਰਤੀ ਵਫਾਦਾਰੀ ਸ਼ੱਕੀ ਹੈ।

ਇਸ ਕਿਤਾਬ ਦਾ ਵੱਡਾ ਹਾਸਲ ਦੇਸ਼ਪ੍ਰੇਮੀ ਮੁਸਲਮਾਨਾਂ ਦੀ ਪਾਕਿਸਤਾਨ ਬਣਾਏ ਜਾਣ ਵਿਰੁੱਧ ਰਚੀ ਉਰਦੂ ਸ਼ਾਇਰੀ ਨੂੰ ਪਾਠਕਾਂ ਦੇ ਰੂ-ਬ-ਰੂ ਕਰਨਾ ਹੈ। ਇਹ ਬੀਤੇ ਦੀ ਧੂੜ ਹੇਠ ਦੱਬੇ ਹੋਏ ਇਤਿਹਾਸ ਨੂੰ ਸਾਂਭਣ ਅਤੇ ਸੱਚ ਨੂੰ ਸਾਹਮਣੇ ਲਿਆਉਣ ਦਾ ਬਹੁਤ ਹੀ ਮਹੱਤਵਪੂਰਨ ਉੱਦਮ ਹੈ। ਹਿੰਦੂਤਵੀ ਖੇਮੇ ਵੱਲੋਂ ਪੇਸ਼ ਕੀਤੇ ਜਾ ਰਹੇ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਟੱਕਰ ਦੇਣ ਲਈ ਐਸੀਆਂ ਖੋਜ ਭਰਪੂਰ ਕਿਤਾਬਾਂ ਅੱਜ ਹੋਰ ਵੀ ਜ਼ਰੂਰੀ ਹੋ ਗਈਆਂ ਹਨ ਕਿਉਂਕਿ ਉਹ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

# ਕਥਾ ਕਰਦਾ ਸ਼ੇਹਾਨ

**ਕਲਾ ਪਰਿਕਰਮਾ**

ਕ੍ਰਿਸ਼ਨ ਕੁਮਾਰ ਰੱਤੂ

ਸ੍ਰੀਲੰਕਾ ਦੇ ਲੇਖਕ ਸ਼ੇਹਾਨ ਕਰੁਨਾਤਿਲਕ ਨੂੰ ਉਸ ਦੇ ਚਰਚਿਤ ਅੰਗਰੇਜ਼ੀ ਨਾਵਲ 'ਦਿ ਸੈਵਨ ਮੂਨਜ਼ ਆਫ ਮਾਲੀ ਅਲਮੇਡਾ' ਲਈ ਇਸ ਵਰ੍ਹੇ (2022) ਦਾ ਬੁੱਕਰ ਪੁਰਸਕਾਰ ਦਿੱਤਾ ਗਿਆ ਹੈ। ਇਹ ਨਾਵਲ ਸ੍ਰੀਲੰਕਾ ਵਿਚ ਖਾਨਾਜੰਗੀ ਦੀਆਂ ਅਨੇਕਾਂ ਪਰਤਾਂ ਨੂੰ ਆਪਣੇ ਰੋਮਾਨੀ ਅੰਦਾਜ਼ ਨਾਲ ਪੇਸ਼ ਕਰਦਾ ਹੈ। ਇਸ ਇਨਾਮ ਬਾਰੇ ਸ੍ਰੀਲੰਕਾ ਦੇ ਇਸ ਨਿਰਾਲੇ ਨਾਵਲਕਾਰ ਨੇ ਕਿਹਾ, "ਇਹ ਪੁਰਸਕਾਰ ਸਾਰੇ ਸ੍ਰੀਲੰਕਾ ਦੇ ਲੋਕਾਂ ਲਈ ਪਛਾਣ ਹੈ- ਮੈਂ ਉਨ੍ਹਾਂ ਦੀ ਆਵਾਜ਼ ਨੂੰ ਆਪਣੇ ਇਸ ਨਾਵਲ ਵਿਚ ਚਿਤਰਿਆ ਹੈ। ਇਹ ਅਸਲ ਵਿਚ ਉਸ ਪ੍ਰਗਟਾਵੇ ਦਾ ਨਾਂ ਹੈ ਜੋ ਉਨ੍ਹਾਂ ਮਰਹੱਲਿਆਂ ਵਿਚ ਵੀ ਜਿਊਂਦਾ ਰਿਹਾ ਹੈ, ਜਦੋਂ ਜਿਊਣ ਦਾ ਕੋਈ ਹੱਜ ਨਹੀਂ ਸੀ। ਇਸ ਵਿਚ ਰੋਮਾਂਸ, ਜੱਦੋਜਹਿਦ ਤੇ ਮਨੁੱਖ ਦੇ ਜ਼ਿੰਦਾ ਰਹਿਣ ਦਾ ਦਰਦ ਹੈ ਜੋ ਮੈਂ ਆਪਣੇ ਸਮਾਜ ਦੇ ਲੰਮੇ ਸਮੇਂ ਦੀ ਖਾਨਾਜੰਗੀ ਦੀ ਕਰੁਨਾਮਈ ਕਹਾਣੀ ਦੇ ਰੂਪ ਵਿਚ ਆਪਣੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ।"

ਸ਼ੇਹਾਨ ਸ੍ਰੀਲੰਕਾ ਦਾ ਦੂਜਾ ਲੇਖਕ ਹੈ ਜਿਸ ਨੇ ਇਹ ਵੱਕਾਰੀ ਸਾਹਿਤਕ ਪੁਰਸਕਾਰ ਜਿੱਤਿਆ ਹੈ। ਇਸ ਤੋਂ ਪਹਿਲਾਂ 1992 ਵਿਚ ਇਹ ਪੁਰਸਕਾਰ ਸ੍ਰੀਲੰਕਾ ਦੇ ਲੇਖਕ ਮਾਈਕਲ ਓਨਦਾਚੀ ਉਸ ਦੀ ਪੁਸਤਕ 'ਦਿ ਇੰਗਲਿਸ਼ ਪੇਸ਼ੈਂਟ' ਲਈ ਮਿਲਿਆ ਸੀ।

ਸ਼ੇਹਾਨ ਕਰੁਨਾਤਿਲਕ ਦਾ ਇਹ ਨਾਵਲ ਜ਼ਿੰਦਗੀ ਦੀ ਸੱਚਾਈ ਨੂੰ ਬਿਆਨ ਕਰਦਾ ਹੈ ਜਿਸ ਵਿਚ ਉਹ ਸਭ ਕੁਝ ਹੈ ਜੋ ਮਨੁੱਖ ਨੂੰ ਹਾਰ ਤੋਂ ਜਿੱਤ ਵੱਲ ਲੈ ਜਾਂਦਾ ਹੈ। ਇਸ ਪੁਸਤਕ ਦੀ ਸਮੀਖਿਆ ਕਰਨ ਵਾਲੇ ਨੀਲ ਮੈਕਗਰੇਓਰ ਨੇ ਇਸ ਨੂੰ ਅਧਿਆਤਮਿਕ ਰੁਮਾਂਚਕ ਨਾਵਲ ਕਹਿ ਕੇ ਵੀ ਵਡਿਆਇਆ ਹੈ। ਉਸ ਅਨੁਸਾਰ ਸ਼ੇਹਾਨ ਦਾ ਇਹ ਨਾਵਲ ਦੁੱਖ, ਸੁੱਖ, ਜ਼ਿੰਦਗੀ ਤੇ ਮੌਤ, ਸਰੀਰ ਤੇ ਆਤਮਾ ਦੇ ਨਾਲ ਪੂਰਬ ਤੇ ਪੱਛਮ ਦੀਆਂ ਸਾਰੀਆਂ ਸੀਮਾਵਾਂ ਨੂੰ ਤੋੜਦਾ ਹੈ।

ਇਸ ਵਾਰੀ ਇਸ ਵੱਕਾਰੀ ਸਾਹਿਤਕ ਪੁਰਸਕਾਰ ਲਈ ਬ੍ਰਿਟਿਸ਼ ਲੇਖਕ ਐਲਨ ਗਾਰਨਰ ਦੀ ਪੁਸਤਕ 'ਟ੍ਰੇਕਲ ਵਾਕਰਵੀ', ਜ਼ਿੰਬਾਬਵੇ ਦੇ ਲੇਖਕ ਨੋਵਿਊਲੇਟ ਬੁਲਾਵਾਓ ਦੀ ਪੁਸਤਕ 'ਗਲੋਰੀ' ਅਤੇ ਆਇਰਸ਼ ਲੇਖਕ ਕਲੇਅਰ ਕੀਗਨ ਦੀ 'ਸਮਾਲ ਥਿੰਗਜ਼ ਲਾਈਕ ਦਿਸ' ਵਰਗੀਆਂ ਕਿਤਾਬਾਂ ਵੀ ਮੁਕਾਬਲੇ ਵਿਚ ਸਨ। ਦਰਅਸਲ, ਸ਼ੇਹਾਨ ਕਰੁਨਾਤਿਲਕ ਨੇ ਖਾਨਾਜੰਗੀ ਦੇ ਪਰਛਾਵਿਆਂ ਦਾ ਮਾਨਵੀ ਚਿਤਰਨ ਅਦਭੁੱਤ ਢੰਗ ਨਾਲ ਹੈ।

ਸ਼ੇਹਾਨ ਦੀ ਸਾਹਿਤਕ ਯਾਤਰਾ ਕੋਈ ਵੱਡੀ ਨਹੀਂ ਹੈ। ਇਹ ਉਸ ਦਾ ਦੂਸਰਾ ਨਾਵਲ ਹੈ। ਉਹ ਫਿਲਮਸਾਜ਼, ਬਲੌਗਰ ਤੇ ਸੋਸ਼ਲ ਮੀਡੀਆ ਕਾਰਕੁਨ ਵੀ ਹੈ। 2020 ਵਿਚ 'ਦਿ ਸੈਵਨ ਮੂਨਜ਼ ਆਫ ਮਾਲੀ ਅਲਮੇਡਾ' ਦਾ ਮੁੱਢਲਾ ਰੂਪ 'ਚੈਟਸ ਵਿਦ ਦਿ ਡੈੱਡ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ ਜੋ ਸ੍ਰੀਲੰਕਾ ਤੇ ਭਾਰਤ ਵਿਚ ਪੜ੍ਹਿਆ ਗਿਆ ਸੀ। ਬਾਅਦ ਵਿਚ ਇਸ ਵਰ੍ਹੇ ਅਗਸਤ ਵਿਚ ਹੀ ਇਸ ਨੂੰ ਲੰਡਨ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਪੁਸਤਕ ਨੂੰ ਪੜ੍ਹਦਿਆਂ



ਸ਼ੇਹਾਨ ਕਰੁਨਾਤਿਲਕ

ਅਹਿਸਾਸ ਹੁੰਦਾ ਹੈ ਕਿ ਸਾਹਿਤ ਦੀ ਦੁਨੀਆ ਵਿਚ ਸ਼ਬਦਾਂ ਦੇ ਅਰਥ ਕਿਵੇਂ ਬਦਲ ਜਾਂਦੇ ਹਨ, ਇਹ ਅਦਭੁੱਤ ਸੰਰਚਨਾ ਲੇਖਕ ਦੀ ਆਪਣੀ ਸ਼ੈਲੀ 'ਤੇ ਨਿਰਭਰ ਕਰਦੀ ਹੈ।

ਮੂਲ ਰੂਪ ਵਿਚ ਸ਼ੇਹਾਨ ਦਾ ਇਹ ਨਾਵਲ ਰੁਮਾਨੀ ਅਤੇ ਜਾਦੂਈ ਰਚਨਾ ਹੈ। ਉਹ ਹੋਰ ਅੰਗਰੇਜ਼ੀ ਲੇਖਕਾਂ ਵਾਂਗ ਵਿਸ਼ੇ ਨੂੰ ਸ਼ਬਦ ਜਾਲ ਵਿਚ ਨਹੀਂ ਉਲਝਾਉਂਦਾ ਸਗੋਂ ਪਾਤਰ ਉਸਾਰੀ ਇਸ ਤਰ੍ਹਾਂ ਕਰਦਾ ਹੈ ਕਿ ਪਾਠਕ ਆਪਣੇ ਆਪ ਨੂੰ ਨਾਵਲ ਦਾ ਹਿੱਸਾ ਮੰਨਦੇ ਹਨ। ਇਸ ਦਾ ਕੇਂਦਰੀ ਪਾਤਰ ਮਾਲੀ ਅਲਮੇਡਾ ਮਰ ਚੁੱਕਾ ਫੋਟੋਗ੍ਰਾਫਰ ਹੈ। ਉਸ ਨੂੰ ਸੈਵਨ ਮੂਨ ਅਰਥਾਤ ਇੱਕ ਹਫ਼ਤਾ ਦਿੱਤਾ ਜਾਂਦਾ ਹੈ ਜਿਸ ਵਿਚ ਉਹ ਜ਼ਿੰਦਗੀ ਤੇ ਦੁਨੀਆ ਦੀ ਯਾਤਰਾ ਕਰ ਸਕਦਾ ਹੈ। ਇਸ ਸਮੇਂ ਉਹ ਕੁਝ ਤਸਵੀਰਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇੱਥੇ ਹੀ ਖਾਨਾਜੰਗੀ ਦੇ ਦਰਸ਼ਨ ਹੁੰਦੇ ਹਨ। ਜੇ ਮੈਂ ਇਸ ਨੂੰ ਦੋਸਤੀ, ਦੁੱਖ ਅਤੇ ਮਰਨ ਤੋਂ ਬਾਅਦ ਦੇ ਪਹਿਲੂਆਂ 'ਤੇ ਆਧਾਰਿਤ ਅਦਭੁੱਤ ਪੁਸਤਕ ਕਹਾਂ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਪੁਸਤਕ ਦਾ ਜ਼ਿਕਰਯੋਗ ਪਹਿਲੂ ਇਹ ਹੈ ਕਿ ਮਨੁੱਖ ਦਾ ਸੰਘਰਸ਼ ਤੇ ਭੋਗਿਆ ਹੋਇਆ ਯਥਾਰਥ ਹੀ ਉਸ ਦੀ ਵਿਰਾਸਤ ਹੈ, ਹਿੰਮਤ ਹੈ ਤੇ ਇਹ ਹੀ ਜ਼ਿੰਦਗੀ ਦਾ ਸੱਚ ਹੈ ਜਿਸ ਨੂੰ ਬੜੀ ਬੇਬਾਕੀ ਨਾਲ ਸ਼ੇਹਾਨ ਨੇ ਬਿਆਨ ਕੀਤਾ ਹੈ।

ਸ਼ੇਹਾਨ ਕਰੁਨਾਤਿਲਕੇ ਦਾ ਇਹ ਨਾਵਲ ਪੜ੍ਹਦਿਆਂ ਵਾਰ-ਵਾਰ ਮਹਿਸੂਸ ਹੁੰਦਾ ਹੈ ਕਿ ਸ੍ਰੀਲੰਕਾ ਦੀ 10 ਵਰ੍ਹਿਆਂ ਲੰਮੀ ਖਾਨਾਜੰਗੀ ਅਤੇ ਉਸ ਦੀ ਤ੍ਰਾਸਦੀ ਦਾ ਦੁੱਖ ਤੇ ਸੰਤਾਪ ਤੁਹਾਡੇ ਨਾਲ-ਨਾਲ ਹੀ ਚਲਦਾ ਹੈ ਤੇ ਇਹੀ ਉੱਥੋਂ ਦਾ ਵਿਅੰਗ ਤੇ ਰਾਜਨੀਤੀ ਹੈ। ਇਹ 1980 ਦੀਆਂ ਘਟਨਾਵਾਂ ਦਾ ਚਿਤਰਨ ਹੈ। ਇਹ ਲੇਖਕ ਦੀ ਲਿਖਣ ਕਲਾ ਦਾ ਬਿਹਤਰੀਨ ਨਮੂਨਾ ਹੈ।

ਇਸ ਨੂੰ ਪੜ੍ਹਦਿਆਂ ਲੱਗਦਾ ਹੈ ਕਿ ਤੁਸੀਂ ਜਾਫਨਾ ਤੇ ਸਮੁੰਦਰੀ ਟਾਪੂਆਂ ਦੇ ਉਸ ਜੰਗਲ ਵਿਚੋਂ ਗੁੰਮ ਹੋਏ ਰਾਹਵਾਂ ਦੀ ਤਲਾਸ਼ ਵਿਚ ਹੋ। ਇਹ ਕਰੁਨਾਤਿਲਕ ਦੀ ਸ਼ੈਲੀ ਤੇ ਭਾਸ਼ਾਈ ਸੰਸਾਰ ਦਾ ਅਦਭੁੱਤ ਅਹਿਸਾਸ ਹੈ।


ਸ਼ੇਹਾਨ ਕਰੁਨਾਤਿਲਕ ਸ੍ਰੀਲੰਕਾ ਦਾ ਸਭ ਤੋਂ ਜ਼ਿਆਦਾ ਜਾਦੂਈ ਅੰਦਾਜ਼ ਦੇ ਲੇਖਕ ਦੇ ਤੌਰ 'ਤੇ ਪ੍ਰਸਿੱਧ ਹੈ। ਇਹ ਪੁਰਸਕਾਰ ਜਿੱਤਣ 'ਤੇ ਜਦੋਂ ਮੈਂ ਲੇਖਕ ਨੂੰ ਫੋਨ 'ਤੇ ਪੁੱਛਿਆ ਕਿ ਹੁਣ ਵੀ ਉਹ ਉਸ ਤ੍ਰਾਸਦੀ ਨੂੰ ਨਵੇਂ ਰਾਜਨੀਤਕ ਰੂਪ ਵਿਚ ਕਿਵੇਂ ਦੇਖਦਾ ਹੈ ਤਾਂ ਉਹ ਉੱਚੀ ਆਵਾਜ਼ ਵਿਚ ਬੋਲਿਆ, "ਇਹ ਤੁਹਾਡੇ ਹਾਸੇ ਨੂੰ ਰੋਣ ਵਿਚ ਬਦਲ ਸਕਦਾ ਹੈ, ਇਹ ਮੰਜ਼ਰ ਹੀ ਅਲੱਗ ਹੈ। ਵਰ੍ਹਦੇ ਬੰਬਾਂ ਵਿਚ ਜਿਉਣ ਵਾਸਤੇ ਜੁਗਾੜ ਦੀ ਛੱਤ ਜਾਂ ਰੇਤੀਲਾ ਬੰਕਰ ਤੇ ਅੱਧਾ ਭਰਿਆ ਹੋਇਆ ਪੇਟ ਤੁਹਾਡੀ ਤ੍ਰਾਸਦੀ ਹੈ। ਤੁਸੀਂ ਇਸ ਨੂੰ ਕਿਵੇਂ ਭੁੱਲ ਸਕਦੇ ਹੋ!"

ਸ਼ੇਹਾਨ ਕਰੁਨਾਤਿਲਕ ਨੇ ਕਈ ਲੜੀਵਾਰਾਂ ਦੀਆਂ ਪਟਕਥਾਵਾਂ, ਸੰਵਾਦ, ਯਾਤਰਾ ਬਿਰਤਾਂਤ ਵੀ ਲਿਖੇ ਹਨ। ਉਸ ਦਾ ਕਹਿਣਾ ਹੈ ਕਿ ਜਦੋਂ 2009 ਤੇ 2010 ਵਿਚ ਖਾਨਾਜੰਗੀ ਖ਼ਤਮ ਹੋ ਗਈ ਤਾਂ ਉਸ ਨੇ ਇਸ ਪੁਸਤਕ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਉਸ ਦਾ ਮੂਲ ਪ੍ਰਸ਼ਨ ਇਹ ਵੀ ਸੀ ਕਿ ਏਨੀਆਂ ਮੌਤਾਂ ਪਿੱਛੇ ਅਕਸਰ ਗ਼ਲਤੀ ਕਿਸ ਦੀ ਸੀ। ਇਹ ਭੂਤ ਦੀ ਕਹਾਣੀ ਹੈ ਜੋ ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਾ ਹੈ।

ਸ਼ੇਹਾਨ ਆਖਦਾ ਹੈ, "ਹੁਣ ਜਦੋਂ 26 ਵਰ੍ਹਿਆਂ ਬਾਅਦ ਸਥਿਤੀ ਠੀਕ ਹੋ ਰਹੀ ਸੀ ਤਾਂ ਭੋਜਨ, ਦਵਾਈਆਂ ਤੇ ਆਰਥਿਕ ਮੰਦੀ ਦੀ ਉਲਟ-ਪੁਲਟ ਵਿਚ ਉਲਝਿਆ ਮੇਰਾ ਦੇਸ਼ ਰਾਜਨੀਤੀ ਦੀ ਸ਼ਤਰੰਜ ਦੀ ਕਈ ਚਾਲਾਂ ਵੇਖ ਰਿਹਾ ਹੈ। 'ਦਿ ਸੈਵਨ ਮੂਨਜ਼ ਆਫ ਮਾਲੀ ਅਲਮੇਡਾ' ਇਸ ਦੀ ਹੀ ਕਹਾਣੀ ਹੈ।"

ਇਸ ਪੁਸਤਕ ਵਿਚ ਦੱਸੀਆਂ ਘਟਨਾਵਾਂ ਪੜ੍ਹ ਕੇ ਸ੍ਰੀਲੰਕਾ ਨੂੰ ਸਮਝਿਆ ਜਾ ਸਕਦਾ ਹੈ। ਸ਼ੇਹਾਨ ਘੁਮੱਕੜ ਤੇ ਨਿਸਵਾਰਥ, ਨਿਸੰਗ ਲੇਖਕ ਦੇ ਤੌਰ 'ਤੇ ਜਿਊਣਾ ਚਾਹੁੰਦਾ ਹੈ ਤੇ ਇਹ ਹੀ ਉਸ ਦੀਆਂ ਕਹਾਣੀਆਂ ਦੀ ਰੂਹ ਤੇ ਸੰਦੇਸ਼ ਹੈ। ਸ੍ਰੀਲੰਕਾ ਦੇ ਇਸ ਬੇਬਾਕ ਲੇਖਕ ਦਾ ਜਨਮ 1975 ਵਿਚ ਦੱਖਣੀ-ਪੱਛਮੀ ਸ੍ਰੀਲੰਕਾ ਦੇ ਗਾਲੇ ਵਿਚ ਹੋਇਆ। ਉਹ ਰਾਜਧਾਨੀ ਕੋਲੰਬੋ ਵਿਚ ਪਲਿਆ। ਉਸ ਨੇ ਕਈ ਕੌਮਾਂਤਰੀ ਪ੍ਰਕਾਸ਼ਨਾਵਾਂ ਲਈ ਵੀ ਲਿਖਿਆ ਹੈ। ਉਹ ਲੰਡਨ, ਐਮਸਟਰਡਮ ਅਤੇ ਸਿੰਗਾਪੁਰ ਵਿਚ ਘੁੰਮਦਾ ਰਹਿੰਦਾ ਹੈ ਤੇ ਉੱਥੇ ਹੀ ਫਿਲਮਾਂ ਤੇ ਰੰਗਮੰਚ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਕੰਮ ਕਰਦਾ ਹੈ। ਪਹਿਲੀ ਵਾਰੀ ਸ਼ੇਹਾਨ ਨੇ ਆਪਣੇ 2011 ਵਿਚ ਪ੍ਰਕਾਸ਼ਿਤ ਨਾਵਲ 'ਚਾਈਨਾਮੈਨ' ਨਾਲ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਖਿੱਚਿਆ ਸੀ। 'ਦਿ ਸੈਵਨ ਮੂਨਜ਼ ਆਫ ਮਾਲੀ ਅਲਮੇਡਾ' ਅਜਿਹੀ ਕਹਾਣੀ 'ਤੇ ਆਧਾਰਿਤ ਸੱਚਾਈ ਤੇ ਫੈਂਟੇਸੀ ਦਾ ਅਦਭੁੱਤ ਨਮੂਨਾ ਹੈ ਕਿ ਸਾਹਿਤ ਵਿਚ ਵਿਅੰਗ ਤੇ ਸ਼ਾਨਦਾਰ ਤੇ ਧਾਰਦਾਰ ਸੱਚਾਈ ਨੂੰ ਕਿਵੇਂ ਬਿਆਨ ਕੀਤਾ ਜਾ ਸਕਦਾ ਹੈ। ਇਹ ਪੁਰਸਕਾਰ ਦੱਖਣ ਏਸ਼ਿਆਈ ਸਾਹਿਤ ਨੂੰ ਮਿਲੀ ਪ੍ਰਵਾਨਗੀ ਦੀ ਮਿਸਾਲ ਹੈ।







ਸ੍ਰੀਲੰਕਾ ਦੇ ਲਿਖਾਰੀ ਸ਼ੇਹਾਨ ਕਰੁਨਾਤਿਲਕ ਦੇ ਨਾਵਲਾਂ ਦੇ ਮੁਖੜੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਨਵੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-558



**ਉੱਲੂ ਆਖੇ ਉਏ ਉੱਲੂਓ, ਤੁਸੀਂ ਸਾਰੇ ਉੱਲੂ ਦੇ ਪੱਠੇ,
5 ਸਾਲ ਬਣਾਈਏ ਉੱਲੂ, ਤੁਹਾਨੂੰ ਨਿੱਤ ਪਾ ਪਾ ਪੱਠੇ।
ਲੋਕੀਂ ਨੇਤਾ ਸਭ ਆਖਦੇ, ਅਸੀਂ ਸਦਾ ਜੁਮਲੇ ਵੰਡਦੇ,
ਖੰਭਾਂ ਦੀ ਡਾਰ ਬਣਾਈਏ, ਜੱਗ ਵਾਲ਼ੇ ਐਵੇਂ ਭੰਡਦੇ।**

### ਕੈਪਸ਼ਨ ਮੁਕਾਬਲਾ-556



ਖੇਡਣ ਕੁੱਦਣ ਵਾਲਾ ਬਚਪਨ,
ਨਾਲ ਮੁਸੀਬਤਾਂ ਘਿਰ ਜਾਂਦਾ ਹੈ।
ਸੁਹਜ ਜ਼ਿੰਦਗੀ ਦਾ ਹਰ ਸੁਪਨਾ,
ਰੇਤੇ ਵਾਂਗ ਕਿਰ ਜਾਂਦਾ ਹੈ।
ਖਿੜਨ ਤੋਂ ਪਹਿਲਾਂ ਫੁੱਲ ਮੁਰਝਾਵਣ,
ਖੁਸ਼ਬੂ ਵੰਡਣ ਹਾਰੇ।
ਬਾਲ-ਮਜ਼ਦੂਰੀ ਬੰਦ ਕਦ ਹੋਣੀ?
ਕੁਝ ਤਾਂ ਬੋਲ ਸਰਕਾਰੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ।***
***ਫੋਨ: 94176-49275***

---

ਨਿੱਕੀ ਉਮਰੇ ਆਣ ਦਬੱਲਿਆ,
ਫਿਰ ਕੰਮ ਨੇ ਹੋਸ਼ ਭੁਲਾਈ,
ਲਿਖਣ ਪੜ੍ਹਨ ਦੇ ਦਿਨ ਗੁਆਚੇ,
ਪੱਲੇ ਗਰੀਬੀ ਸਾਡੇ ਪਾਈ।
ਨਾ ਕਦੇ ਰੱਜ ਕੇ ਪੇਟ ਹੀ ਭਰਿਆ,
ਨਾ ਤਾਬ ਸਾਡੇ 'ਤੇ ਆਈ,
ਰੱਬ ਚੰਦਰਾ ਵੀ ਰੁੱਸਿਆ ਜਾਪੇ,
ਤਾਂ ਹੀ ਸਾਡੀ ਯਾਦ ਭੁਲਾਈ।
***-ਸੇਵਾ ਸਿੰਘ ਨੂਰਪੁਰੀ***

---

'ਬਾਲ ਮਜ਼ਦੂਰੀ, ਗੈਰ-ਕਾਨੂੰਨੀ'
ਜੁਮਲਾ ਸਾਨੂੰ ਆਖ ਸੁਣਾਇਆ।
ਸੁੱਕਾ ਪਿੰਜਰ ਬਾਹਰ ਨੂੰ ਆਵੇ
ਭੁੱਖੇ ਢਿੱਡ ਜਦ ਜ਼ੋਰ ਲਗਾਇਆ।
'ਭਾਰਤ ਮਹਾਨ' ਦੇ ਠੇਕੇਦਾਰੋ
ਆਹ ਨਾ ਥੋਨੂੰ ਨਜ਼ਰੀਂ ਆਇਆ।
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---

ਲੱਕੜਾਂ ਢੋਂਦਾ ਹੋ ਗਿਆ ਲੱਕੜ,
ਕਬਾੜ ਦੇ ਵਿਚ ਬਣਿਆ ਕਬਾੜ।
ਬਾਲ ਉਮਰੇ ਪੂਰਾ ਤਾਣ ਲਾ ਰਿਹਾਂ,
ਮਾਲਕ ਫਿਰ ਵੀ ਰਿਹਾ ਤਾੜ।
ਮਾਪਿਆਂ ਦੀ ਮਜਬੂਰੀ ਐ
ਪੜ੍ਹਾਈ ਨੂੰ ਸਮਝਦੇ ਤੂ ਕੌੜੀ
ਸਰਕਾਰਾਂ ਦਿਨਾਂ ਪੋਚੀ ਕਰਨ,
ਦਿਖਾਵੇ ਦੀ ਕਰਨ ਬੂਹ ਬੌੜ੍ਹੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

*To Advertise with Punjab Times Call:*
**847-359-0746**
*E-mail:punjabtimes1@gmail.com*

# 'ਮਧੂਬਾਲਾ ਤਾਂ ਤੁਸੀਂ ਹੋ...ਕੋਈ ਸ਼ੱਕ ਨਹੀਂ'

ਪਰਵੇਜ਼ ਸੰਧੂ

ਔਰਤ ਵੀ ਬਹੁਤ ਅਜੀਬ ਪ੍ਰਾਣੀ ਹੈ। ਜਿਸ ਦਿਨ ਦੀ ਜੰਮੀ ਹੈ ਇਹਦੀ ਲੜਾਈ ਨਹੀਂ ਮੁੱਕੀ ਕਦੇ ਆਪਣੇ ਹੱਕਾਂ ਲਈ ਲੜਾਈ, ਕਦੇ ਆਪਣੀ ਵੱਖਰੀ ਪਛਾਣ ਲਈ ਲੜਾਈ, ਸਮਝੋ ਚੌਵੀ ਘੰਟੇ ਇਹਦੇ ਹੱਥ 'ਚ ਤਲਵਾਰ ਰਹਿੰਦੀ ਹੈ ਜੇ ਕਿਧਰੇ ਚੰਗੇ ਕਰਮਾਂ ਨੂੰ ਇਹਦੇ ਹੱਥ ਕਲਮ ਆ ਜਾਵੇ ਤਾਂ ਇਹਦਾ ਰੂਪ ਹੋਰ ਵੀ ਨਿਖਰ ਜਾਂਦਾ ਹੈ। ਲਿਖਦੀ ਲਿਖਦੀ ਇਹ ਅਸਮਾਨਾਂ ਦੀ ਹਿੱਕ ਚੀਰ ਦਿੰਦੀ ਹੈ ਪਤਾਲਾਂ ਵਿਚੋਂ ਹਜ਼ਾਰਾਂ ਸਾਲ ਪੁਰਾਣੇ ਬੌਣੇ ਲੋਕ ਲੱਭ ਲੈਂਦੀ ਹੈ। ਸਰੀਰ ਭਾਵੇਂ ਇਹਦਾ ਨਾਜ਼ੁਕ ਜਿਹਾ ਹੋਵੇ ਪਰ ਸ਼ਬਦਾਂ 'ਚ ਪਰਬਤ ਹਿਲਾ ਦਿੰਦੀ ਹੈ। ਹੋਰ ਤੇ ਹੋਰ ਚਿਹਰਾ ਭਾਵੇਂ ਇਹਦਾ ਸਾਡੇ ਪਿੰਡ ਵਾਲੀ ਸੁੰਦਰੀ ਵਰਗਾ ਹੋਵੇ ਪਰ ਅੱਖਰਾਂ 'ਚ ਆਪਣੇ ਆਪ ਨੂੰ ਹੁਸਨ ਦੀ ਪਰੀ ਵੀ ਸਮਝ ਲੈਂਦੀ ਹੈ।

ਅੱਜ ਔਰਤ ਹਰ ਅਹੁਦੇ 'ਤੇ ਪਹੁੰਚ ਗਈ ਹੈ ਤੇ ਹਰ ਖੇਤਰ ਵਿਚ ਮਰਦ ਦੇ ਬਰਾਬਰ ਹੈ, ਪਰ ਅੱਜ ਵੀ ਜਦੋਂ ਔਰਤ ਦੀ ਖ਼ੂਬਸੂਰਤੀ ਦੀ ਗੱਲ ਹੁੰਦੀ ਹੈ ਤਾਂ ਇਹ ਕਮਲੀ ਦੂਸਰਿਆਂ ਦੀ ਮਨਜ਼ੂਰੀ ਜ਼ਰੂਰੀ ਸਮਝਦੀ ਹੈ। ਭਾਵੇਂ ਕੁਦਰਤ ਨੇ ਹਰੇਕ ਔਰਤ ਨੂੰ ਕਿਸੇ ਨਾ ਕਿਸੇ ਢੰਗ ਦੀ ਖ਼ੂਬਸੂਰਤੀ ਦਿੱਤੀ ਹੋਵੇ ਪਰ ਅੱਜ ਵੀ ਇਹਨੂੰ ਜਦੋਂ ਕੋਈ ਦੂਸਰਾ ਖ਼ੂਬਸੂਰਤ ਕਹਿੰਦਾ ਹੈ ਤਾਂ ਇਹ ਛੂਈ-ਮੂਈ ਹੋ ਜਾਂਦੀ ਹੈ। ਖਾਸ ਕਰਕੇ ਜੇ ਇਹਦੀ ਕੋਈ ਫਿਲਮ ਦੀ ਐਕਟਰੈੱਸ ਨਾਲ ਤੁਲਨਾ ਕਰ ਦੇਵੇ ਤਾਂ ਇਹਦੇ ਪੈਰ ਜ਼ਮੀਨ 'ਤੇ ਨਹੀਂ ਟਿਕਦੇ।

ਮੈਂ ਆਪਣੇ ਸਹੁਰਿਆਂ ਦੇ ਟੱਬਰ ਵਿਚ ਸਭ ਤੋਂ ਘੱਟ ਸੋਹਣੀ ਨੂੰਹ ਹਾਂ। ਜਿਸ ਦਿਨ ਵਿਆਹੀ ਆਈ ਸੀ ਉਸੇ ਦਿਨ ਤੋਂ ਮੇਰੀ ਤੁਲਨਾ ਬਾਕੀ ਨੂੰਹਾਂ ਨਾਲ ਸ਼ੁਰੂ ਹੋ ਗਈ ਸੀ। ਉਸ ਤੋਂ ਪਹਿਲਾਂ ਮੈਨੂੰ ਨਹੀਂ ਸੀ ਪਤਾ ਕਿ ਮੈਂ ਐਨੀ ਬਦਸੂਰਤ ਹਾਂ। ਮੇਰੇ ਸਾਹਮਣੇ ਇਹ ਗੱਲ ਕੋਈ ਘੱਟ ਹੀ ਕਹਿੰਦਾ ਪਰ ਮੇਰੀ ਪਿੱਠ ਪਿੱਛੇ ਮੇਰੇ ਰੰਗ, ਮੇਰੀਆਂ ਅੱਖਾਂ, ਮੇਰੇ ਘੁੰਗਰਾਲੇ ਛੋਟੇ ਵਾਲ ਹਰ ਚੀਜ਼ ਦੀ ਗੱਲ ਹੁੰਦੀ। ਉਨ੍ਹਾਂ ਲੋਕਾਂ ਲਈ ਮੈਂ ਸ਼ਾਇਦ ਬਦਸੂਰਤ ਨਹੀਂ ਸੀ ਪਰ ਮੇਰੇ ਕੋਲ ਆਪਣੀਆਂ ਜਠਾਣੀਆਂ ਦੇ ਬਰਾਬਰ ਦਾ ਕੁਝ ਵੀ ਨਹੀਂ ਸੀ। ਨਾ ਹੀ ਮੇਰੇ ਕੋਲ ਉਨ੍ਹਾਂ ਦੇ ਉੱਚੇ-ਲੰਬੇ ਕੱਦ, ਗੋਰੇ-ਨਿਛੋਹ ਰੰਗ, ਲੰਬੇ ਵਾਲ ਤੇ ਹਰੀਆਂ-ਨੀਲੀਆਂ ਅੱਖਾਂ ਸਨ, ਤੇ ਨਾ ਹੀ ਮੈਂ ਘਰ ਦੇ ਕਿਸੇ ਕੰਮ ਵਿਚ ਨਿਪੁੰਨ ਸਾਂ। ਨਿਆਣੀ ਤੇ ਬੇਅਕਲ ਸਾਂ ਅਜਿਹੀਆਂ ਗੱਲਾਂ ਸੁਣ ਕੇ ਮੈਨੂੰ ਆਪਣਾ ਆਪ ਕੋਝਾ ਲਗਦਾ ਤੇ ਖ਼ਬਰੇ ਕਿਹੜੇ ਵੇਲੇ ਮੈਂ ਆਪਣੇ ਆਪ ਵਿਚ ਸੁੰਘੜ ਕੇ ਰਹਿ ਗਈ ਸਾਂ।

ਇਹ ਗੱਲ ਸ਼ਾਇਦ ਮੇਰੇ ਚਿਹਰੇ ਉੱਪਰ ਲਿਖੀ ਗਈ ਸੀ ਤੇ ਉਹਨੇ ਵੀ ਪੜ੍ਹ ਲਈ ਸੀ ਜੀਹਦੀ ਮੈਂ ਪਸੰਦ ਸਾਂ ਤੇ ਇੱਕ ਦਿਨ ਅਚਾਨਕ ਉਹਦੇ ਮੰਨ 'ਚ ਪਤਾ ਨਹੀਂ ਕੀ ਗੱਲ ਆਈ ਮੇਰੀ ਤੁਲਨਾ ਇੱਕ ਐਕਟਰੈੱਸ ਨਾਲ ਕਰ ਦਿੱਤੀ।

"ਤੈਨੂੰ ਪਤੈ ਤੂੰ ਉਸ ਐਕਟਰੈੱਸ ਵਰਗੀ ਲਗਦੀ ਏ"

"ਕਿਹੜੀ"

ਮੈਂ ਵੀ ਉਤਸੁਕਤਾ ਨਾਲ ਪੁੱਛਿਆ, ਸ਼ਾਇਦ ਮੇਰੇ ਅੰਦਰਲੀ ਔਰਤ ਨੂੰ ਆਪਣਾ ਸੁਹੱਪਣ ਸੁਣਨ ਦਾ ਚਾਅ ਚੜ੍ਹ ਗਿਆ ਸੀ।

"ਉਹੀ ਜੀਹਦਾ ਵਿੰਗਾ ਜਿਹਾ ਨੱਕ ਆ...ਮਧੂ ਬਾਲਾ"

ਇਸ ਤੋਂ ਪਹਿਲਾਂ ਮੈਨੂੰ ਨਹੀਂ ਸੀ ਪਤਾ ਕਿ ਮਧੂ ਬਾਲਾ ਕੌਣ ਸੀ, ਪਰ ਜਿਸਦਾ ਨੱਕ ਹੀ ਵਿੰਗਾ ਹੋਇਆ ਭਲਾ ਉਹ ਕਿਥੋਂ ਸੋਹਣੀ ਹੋਊ?



ਇਹ ਸਵਾਲ ਮੇਰੇ ਅੰਦਰ ਕਿੰਨਾ ਚਿਰ ਸੁਲਗਦਾ ਰਿਹਾ ਤੇ ਮੈਂ ਆਪਣੀ ਜ਼ਿੰਦਗੀ ਦੇ ਕੁਝ ਕੀਮਤੀ ਵਰ੍ਹੇ ਇਉਂ ਹੀ ਆਪਣੇ ਆਪ ਵਿਚ ਸੁੰਘੜ ਕੇ ਗੁਆ ਦਿੱਤੇ ਤੇ ਫੇਰ ਇਕ ਦਿਨ ਅਚਾਨਕ ਮੇਰਾ ਸਾਹਮਣਾ ਮੇਰੇ ਬਚਪਨ ਨਾਲ ਹੋ ਗਿਆ ਤੇ ਮੇਰੇ ਅੰਦਰਲੀ ਉਹ ਗੁਆਚੀ ਚੁਲਬੁਲੀ ਜਿਹੀ ਕੁੜੀ ਮੇਰੇ ਮੂਹਰੇ ਆ ਖੜ੍ਹੀ ਹੋਈ ਤੇ ਮੈਨੂੰ ਆਪਣੀ ਖ਼ੂਬਸੂਰਤੀ ਦਾ ਅਹਿਸਾਸ ਹੋਇਆ, ਉਹ ਖ਼ੂਬਸੂਰਤੀ ਜਿਹੜੀ ਮੇਰੇ ਅੰਦਰ ਸੀ। ਨਿੱਕੀਆਂ ਅੱਖਾਂ ਤੇ ਵਿੰਗੇ ਟੇਢੇ ਨਕਸ਼ਾਂ ਵਾਲੀ ਸੰਧੂਆਂ ਦੀ ਨੂੰਹ ਪਲਾਂ ਵਿਚ ਕਿਧਰੇ ਗੁਆਚ ਗਈ। ਦੁਬਾਰਾ ਕਲਮ ਨਾਲ ਸਾਬ-ਸਲਾਮ ਕੀਤੀ ਤੇ ਮੇਰੇ ਦੁਆਲੇ ਦੀ ਸੁੰਘੜੀ ਹੋਈ ਜ਼ਿੰਦਗੀ ਮੁਸਕਰਾਉਣ ਲੱਗ ਪਈ।

ਆਪਣੀ ਰਮਨ ਵਿਰਕ ਜਿਸ ਦਿਨ ਦੀ ਮੈਨੂੰ ਜਾਣਦੀ ਹੈ ਮੈਨੂੰ ਮਧੂ ਬਾਲਾ ਕਹਿੰਦੀ ਹੈ ਤੇ ਹੋਰ ਵੀ ਬਹੁਤ ਸਾਰੇ ਦੋਸਤ ਅਕਸਰ ਇਉਂ ਹੀ ਕਹਿੰਦੇ ਨੇ ਤੇ ਮੈਨੂੰ ਹਰ ਵਾਰ ਵਿੰਗੇ ਨੱਕ ਵਾਲੀ ਗੱਲ ਯਾਦ ਕਰਕੇ ਹਾਸਾ ਆ ਜਾਂਦਾ ਹੈ। ਮੇਰੇ ਆਲੇ-ਦੁਆਲੇ ਬਹੁਤ ਸਾਰੀਆਂ ਮਧੂ ਬਾਲਾ, ਨੀਤੂ ਸਿੰਘ, ਸਮਿਤਾ ਪਾਟਿਲ ਤੇ ਸ੍ਰੀ ਦੇਵੀਆਂ ਤੁਰੀਆਂ ਫਿਰਦੀਆਂ ਨੇ। ਜਿਨ੍ਹਾਂ ਨੂੰ ਲੋਕ ਨਹੀਂ ਕਹਿੰਦੇ, ਪਰ ਉਹ ਆਪਣੇ ਆਪ ਨੂੰ ਇਉਂ ਕਹਿ ਕੇ ਖੁਸ਼ ਹੁੰਦੀਆਂ ਨੇ। ਵੈਸੇ ਇਹ ਗੱਲ ਬੁਰੀ ਨਹੀਂ ਹੈ ਕਿ ਸਾਡੀ ਤੁਲਨਾ ਕੋਈ ਸੋਹਣੀ ਔਰਤ ਨਾਲ ਕਰਦਾ ਹੈ, ਪਰ ਜੇ ਦੇਖਿਆ ਜਾਵੇ ਤਾਂ ਫ਼ਿਲਮੀ ਲੋਕਾਂ ਨਾਲ ਸਾਡੀ ਤੁਲਨਾ ਬਾਹਲੀ ਵੱਡੇ ਮਾਅਰਕੇ ਵਾਲੀ ਗੱਲ ਨਹੀਂ ਹੈ ਕਿਉਂਕਿ ਉਹ ਲੋਕ ਹਮੇਸ਼ਾਂ ਕੈਮਰੇ ਦੇ ਮੂਹਰੇ ਰਹਿੰਦੇ ਨੇ। ਉਹ ਤਾਂ ਸ਼ਾਇਦ ਆਪਣੇ-ਆਪ ਨੂੰ ਵੀ ਪਛਾਣਦੇ ਨਹੀਂ ਹੋਣੇ। ਮੇਕ-ਅੱਪ ਦੀ ਮੋਟੀ ਤਹਿ ਹੇਠਾਂ ਲੁਕਿਆ ਚਿਹਰਾ ਉਨ੍ਹਾਂ ਖੁਦ ਨਹੀਂ ਦੇਖਿਆ ਹੋਣਾ।

ਸਿਫਤ ਉਹ ਨਹੀਂ ਹੁੰਦੀ ਜਿਹੜੀ ਅਸੀਂ ਆਪਣੀ ਆਪ ਕਰਦੇ ਹਾਂ, ਆਪਣੇ-ਆਪ ਨੂੰ ਭਾਵੇਂ ਅਰਸ਼ਾਂ ਦੀ ਪਰੀ ਕਹਿ ਲਉ ਜਾਂ ਹੂਰ ਕਹਿ ਲਉ ਕੋਈ ਫਰਕ ਨਹੀਂ ਪੈਂਦਾ ਸਗੋਂ ਤੁਸੀਂ ਆਪਣੇ ਆਪ ਨੂੰ ਹਲਕਾ ਬਣਾ ਲੈਂਦੇ ਹੋ। ਸਿਫਤ ਤਾਂ ਉਹ ਹੁੰਦੀ ਹੈ ਜਿਹੜੀ ਤੁਹਾਡੇ ਚਿਹਰੇ ਦੀ ਮੁਸਕਾਨ ਦੇਖ ਕੇ ਕੋਈ ਕਰਦਾ ਹੈ ਤੇ ਨਾਲੇ ਸਿਫਤ ਸੁਣ ਕੇ ਯਕੀਨ ਕਰਨ ਦੀ ਵੀ ਇੱਕ ਉਮਰ ਹੁੰਦੀ ਹੈ।

ਪਿਛਲੇ ਮਹੀਨੇ ਨਵਾਂ ਪਾਸਪੋਰਟ ਬਣਨਾ ਭੇਜਿਆ। ਆਂਟੀ ਇੰਦਰਜੀਤ ਹੋਰਾਂ ਦੀ ਕਿਤਾਬ ਰਿਲੀਜ਼ 'ਤੇ ਜਾਣ ਲਈ ਸਿਟੀਜ਼ਨਸ਼ਿਪ ਸਰਟੀਫਿਕੇਟ ਕੱਢਿਆ। ਆਪਣੀ ਪੁਰਾਣੀ ਫੋਟੋ ਦੇਖ ਕੇ ਦਿਲ ਇੱਕ ਵਾਰ ਤਾਂ ਘਾਊਂ-ਮਾਊਂ ਜਿਹਾ ਹੋਇਆ। ਬਾਰਡਰ ਟੱਪ ਕੇ ਘਰੇ ਫੋਨ ਕੀਤਾ ਕਿ ਮੈਂ ਇਧਰ ਆ ਗਈ ਦੇ ਨਾਲ ਨਾਲ ਸਾਲਾਂ ਪੁਰਾਣੀ ਫੋਟੋ ਤੇ ਅੱਜ ਦੇ ਚਿਹਰੇ ਦੀ ਗੱਲ ਵੀ ਕਰ ਦਿੱਤੀ,

"ਮੈਨੂੰ ਤਾਂ ਤੂੰ ਉਹੋ ਜਿਹੀ ਲਗਦੀ ਏਂ"

ਰੱਬ ਨੂੰ ਮੰਨਣ ਵਾਲਾ ਬੰਦਾ ਕੋਰਾ ਝੂਠ ਬੋਲ ਗਿਆ ਸੀ। ਗੱਲ ਸੁਣ ਕੇ ਮੈਨੂੰ ਹਾਸਾ ਆ ਗਿਆ। ਕੈਨੇਡਾ ਭੈਣ ਨੂੰ ਉਹੀ ਗੱਲ ਦੱਸੀ ਤਾਂ ਉਹਨੇ ਵੀ ਉਹੀ ਝੂਠ ਬੋਲ ਦਿੱਤਾ।

ਕਿਤਾਬ ਰਿਲੀਜ਼ ਤੋਂ ਬਾਅਦ ਗੁਰਪ੍ਰੀਤ ਧਾਲੀਵਾਲ ਦੀ ਜਾਣੂ ਨੂੰ ਮਿਲੀ। ਉਨ੍ਹਾਂ ਪਹਿਲੀ ਗੱਲ ਇਹ ਕਹੀ ਕਿ ਭਾਜੀ ਗੁਰਪ੍ਰੀਤ ਕਹਿੰਦੇ ਸੀ ਜਿਹੜੀ ਸਭ ਨਾਲੋਂ ਸੋਹਣੀ ਕੁੜੀ ਹੋਵੇਗੀ, ਉਹ ਮੇਰੀ ਦੋਸਤ ਹੈ। ਗੱਲ ਸੁਣ ਕੇ ਮੈਂ ਅੰਦਰੋਂ-ਅੰਦਰ ਹੱਸੀ ਸੋਚਿਆ ਕਿ ਅੱਜ ਸਾਰੇ ਜਣੇ ਐਨਾ ਕੁਫਰ ਕਿਉਂ ਤੋਲ ਰਹੇ ਨੇ। ਪਤਾ ਨਹੀਂ ਇਨ੍ਹਾਂ ਦੀ ਇਹ ਮੁਹਬੱਤ ਹੈ ਜਾਂ ਫੇਰ ਮੇਰੇ ਤੋਂ ਡਰਦੇ ਹੀ ਕਹਿ ਦਿੰਦੇ ਨੇ।

ਅੱਜ ਮੈਂ ਜ਼ਿੰਦਗੀ ਦੇ ਇਸ ਮੋੜ 'ਤੇ ਖੜ੍ਹ ਕੇ ਪਿਛਲੀ ਜ਼ਿੰਦਗੀ ਵੱਲ ਝਾਤ ਮਾਰਦੀ ਹਾਂ ਤਾਂ ਮੈਨੂੰ ਉਹ ਵਰ੍ਹੇ ਯਾਦ ਆਉਂਦੇ ਨੇ ਜਿਹੜੇ ਮੈਂ ਲੋਕਾਂ ਵਰਗੀ ਬਣਨ ਵਿਚ ਖਰਾਬ ਕਰ ਦਿੱਤੇ ਸਨ। ਕਦੇ ਕਿਸੇ ਜਠਾਣੀ ਵਰਗੀ ਸੁਘੜ-ਸਿਆਣੀ ਕਦੇ ਕਿਸੇ ਵਰਗੀ ਬੋਲ-ਚਾਲ ਪਰ ਮੈਂ ਕਦੇ ਕਿਸੇ ਵਰਗੀ ਬਣ ਨਹੀਂ ਸਕੀ। ਜਿਸ ਦਿਨ ਮੈਂ ਆਪਣੇ ਅੰਦਰਲੀ ਸ਼ਰਾਰਤੀ ਕੁੜੀ ਨੂੰ ਦੁਬਾਰਾ ਮਿਲੀ ਮੈਂ ਉਸੇ ਦਿਨ ਤੋਂ ਆਪਣੀ ਖ਼ੂਬਸੂਰਤੀ ਨੂੰ ਆਪਣੀਆਂ ਨਜ਼ਰਾਂ ਨਾਲ ਦੇਖਣ ਲੱਗ ਪਈ ਸਾਂ।

ਮੈਨੂੰ ਕਿਸੇ ਵਰਗਾ ਬਣਨ ਦੀ ਲੋੜ ਨਹੀਂ ਮਹਿਸੂਸ ਹੁੰਦੀ। ਸਹੁਰਿਆਂ ਦੇ ਘਰ ਅੱਜ ਵੀ ਮੈਂ ਸਭ ਤੋਂ ਘੱਟ ਸੋਹਣੀ ਨੂੰਹ ਹਾਂ, ਪਰ ਮੈਂ ਉਸ ਵੇਲੇ ਬਹੁਤ ਖ਼ੂਬਸੂਰਤ ਮਹਿਸੂਸ ਕਰਦੀ ਹਾਂ, ਜਦੋਂ ਮੇਰਾ ਬੇਟਾ ਕਹਿੰਦਾ ਹੈ ਮਾਂ ਹੁਣ ਭਾਵੇਂ ਤੂੰ ਆਂਟੀ ਬਣ ਗਈ ਏਂ ਪਰ ਹੈ ਅਜੇ ਵੀ ਸੋਹਣੀ।

ਮੈਂ ਉਸ ਵੇਲੇ ਸੋਹਣੀ ਹੁੰਦੀ ਹਾਂ ਜਦੋਂ ਮੇਰੇ ਵੱਡੇ ਭੈਣ-ਭਰਾ ਮੈਨੂੰ ਲਾਡ ਲਡਾਉਂਦੇ ਨੇ ਜਾਂ ਨਿਆਣਿਆਂ ਦਾ ਬਾਪੂ ਮੇਰੀਆਂ ਝੱਲ-ਵਲੱਲੀਆਂ ਸਹਿ ਜਾਂਦਾ ਹੈ ਜਾਂ ਮੇਰੀਆਂ ਸਹੇਲੀਆਂ ਮੈਨੂੰ ਮੋਹ ਨਾਲ ਕੁਝ ਕਹਿੰਦੀਆਂ ਨੇ ਜਾਂ ਫੇਰ ਜਦੋਂ ਮੈਂ ਆਪਣੇ ਡੈਡ ਦੀਆਂ ਅੱਖਾਂ 'ਚ ਲਿਸ਼ਕ ਦੇਖਦੀ ਹਾਂ ਜਦੋਂ ਉਹ ਕਹਿੰਦੇ ਨੇ, "ਸ਼ੇਰਾ ਜਦ ਤੂੰ ਜੰਮਿਆ ਸੀ...।'

ਤੇ ਉਦੋਂ ਮੈਂ ਰੱਜ ਕੇ ਖ਼ੂਬਸੂਰਤ ਹੁੰਦੀ ਹਾਂ ਜਦੋਂ ਆਪਣੇ ਆਪ ਨੂੰ ਸ਼ੀਸ਼ੇ ਵਿਚ ਦੇਖਦੀ ਹਾਂ ਤੇ ਸ਼ੀਸ਼ੇ ਵਿਚਲੇ ਅਕਸ ਵਿਚ ਮੈਨੂੰ ਉਹ ਔਰਤ ਦਿਸਦੀ ਹੈ, ਜਿਹੜੀ ਇੱਕ ਆਮ ਔਰਤ ਹੈ ਹਰ ਰੋਜ਼ ਹਜ਼ਾਰਾਂ ਗਲਤੀਆਂ ਕਰਦੀ ਹੈ। ਕਈ ਵਾਰ ਤਾਂ ਵਿਚਾਰੀ ਦੀਆਂ ਝਮੂਟੜੀਆਂ ਵੀ ਨਹੀਂ ਵਾਹੀਆਂ ਹੁੰਦੀਆਂ। ਸ਼ੀਸ਼ੇ ਦੇ ਵਿਚਲੀ ਉਹ ਔਰਤ ਅਰਸ਼ਾਂ ਦੀ ਹੂਰ-ਪਰੀ ਨਹੀਂ ਹੁੰਦੀ ਪਰ ਸੱਚ ਜਾਣਿਓ, ਉਹ ਬਹੁਤ ਖ਼ੂਬਸੂਰਤ ਹੁੰਦੀ ਹੈ। ਕਿਉਂਕਿ ਉਸ ਵੇਲੇ ਉਹ ਆਪਣੀਆਂ ਨਿੱਕੀਆਂ ਚੀਨੀ ਅੱਖਾਂ ਤੇ ਵਿੰਗੇ ਨੱਕ ਨੂੰ ਨਹੀਂ ਦੇਖ ਰਹੀ ਹੁੰਦੀ, ਸਗੋਂ ਉਹ ਆਪਣੇ ਅੰਦਰਲੀਆਂ ਖਾਮੀਆਂ ਨੂੰ ਵੀ ਦੇਖ ਰਹੀ ਹੁੰਦੀ ਹੈ ਤੇ ਜਿਹੜੀ ਹਰ ਤਕਲੀਫ਼ ਨੂੰ ਹੱਸ ਕੇ ਸਹਿਣਾ ਜਾਣਦੀ ਹੈ...।

ਕਵਿੱਤਰੀਓ/ ਲੇਖਕ ਭੈਣੋ ਗੁੱਸਾ ਨਾ ਕਰ ਜਾਇਓ...ਐਵੇਂ ਐਵੇਂ ਲਿਖ ਦਿੱਤਾ।

ਭਾਈ ਸਾਧ ਸੰਗਤੇ ਆਪਣੀਆਂ ਕਵਿਤਾਵਾਂ/ ਗ਼ਜ਼ਲਾਂ ਵਿੱਚ ਆਪਣੇ ਹੁਸਨ ਦੇ ਚਰਚੇ ਕਰਨ ਤੋਂ ਪਹਿਲਾਂ ਮੰਨ ਦਾ ਸ਼ੀਸ਼ਾ ਦੇਖ ਲਿਆ ਕਰੋ।

ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਔਰਤ ਵੀ ਇੱਕ ਅਜੀਬ ਪ੍ਰਾਣੀ ਹੈ ਤੇ ਮੈਂ ਵੀ ਉਨ੍ਹਾਂ ਪ੍ਰਾਣੀਆਂ ਵਿੱਚੋਂ ਹੀ ਇੱਕ ਹਾਂ...।

# ਸਪਤ-ਸਿੰਧੂ ਪੰਜਾਬ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਸੁਤੰਤਰਤਾ ਦੀ 75ਵੀਂ ਵਰ੍ਹੇਗੰਢ ਨੇ ਬੜੀਆਂ ਮੁੱਲਵਾਨ ਰਚਨਾਵਾਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਵਿਚ 1857 ਦੇ ਗਦਰ ਤੋਂ ਹੁਣ ਤਕ ਦਾ ਸੁਤੰਤਰਤਾ ਸੰਗਰਾਮ ਦਰਜ ਹੈ। ਕਿਰਤੀਆਂ, ਕਿਸਾਨਾਂ, ਸ਼ਿਲਪੀਆਂ ਅਤੇ ਮੁਸਲਿਮ ਦਾਨਿਸ਼ਵਰਾਂ ਦੀ ਬੇ-ਮਿਸਾਲ ਜੁਗਲਬੰਦੀ ਤੇ ਕੁਰਬਾਨੀ ਸਮੇਤ। ਸਾਕਾ ਜਲ੍ਹਿਆਂਵਾਲਾ ਬਾਗ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਤੇ ਬੱਬਰ ਅਕਾਲੀ, ਗੁਰੂ ਦੇ ਬਾਗ ਦਾ ਮੋਰਚਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਣ। ਸਭ ਕੁਝ।

ਪ੍ਰੋ. ਸੁਰਿੰਦਰ ਕੁਮਾਰ ਦਵੇਸ਼ਵਰ ਤੇ ਲੋਕਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਦੀ ਸੰਪਾਦਤ ਸਪਤ-ਸਿੰਧੂ ਪੰਜਾਬ (ਯੂਨੀਸਟਾਰ ਬੁੱਕਸ, ਮੋਹਾਲੀ), ਪੰਨੇ 796, ਮੁੱਲ 895 ਰੁ) ਹੁਣੇ ਹੁਣੇ ਛਪ ਕੇ ਆਈ ਲਾਸਾਨੀ ਰਚਨਾ ਹੈ। ਰਚਨਾ ਵਿਚ ਅਨੇਕਾਂ ਪੁਸਤਕਾਂ ਦਾ ਨਿਚੋੜ ਸ਼ਾਮਲ ਹੈ। ਐਮ ਐਸ ਰੰਧਾਵਾ ਦੀ 'ਪੰਜਾਬ' ਸਮੇਤ ਇਹ ਪੁਸਤਕ ਪੰਜਾਬ ਦੇ ਇਤਿਹਾਸਕ ਭੂਗੋਲ ਤੇ ਏਥੋਂ ਦੇ ਪਾਣੀਆਂ (ਸਿੰਧ ਨਦੀ ਸਮੇਤ) ਦੇ ਜੁਗੋ-ਜੁਗ ਵਹਿਣ ਦੀ ਬਾਤ ਪਾਉਂਦੀ ਪੰਜਾਬੀ ਸੂਬੇ ਦੇ ਸਥਾਪਨਾ ਦਿਵਸ ਤਕ ਦਾ ਇਤਿਹਾਸ, ਮਿਥਿਹਾਸ, ਕਿੱਸੇ, ਕਹਾਣੀਆਂ, ਚਿੱਤਰ ਕਲਾ ਤੇ ਸਭਿਆਚਾਰ ਦਾ ਲੋੜੀਂਦਾ ਵੇਰਵਾ ਪੇਸ਼ ਕਰਦੀ ਹੈ। ਮੇਲੇ, ਤਿਉਹਾਰ, ਨਾਚ ਗਾਣੇ, ਖੇਡਾਂ ਤੇ ਤ੍ਰਿੰਝਣਾਂ ਦੀ ਦੇਣ ਨੂੰ ਉਭਾਰਦੀ ਹੋਈ 'ਗ਼ਦਰ' ਅਖ਼ਬਾਰ ਦੇ ਵਰਕੇ ਫਰੋਲਦੀ ਹੈ।

ਹੋਕਾ ਫੇਰਿਆ ਗ਼ਦਰ ਅਖ਼ਬਾਰ ਸਾਰੇ
ਅੱਖਾਂ ਖੁਲ੍ਹੀਆਂ ਲੋਕ ਹੈਰਾਨ ਰਹਿ ਗਏ

ਏਸ ਅਖ਼ਬਾਰ ਦੇ ਮੁੱਖ ਪੰਨੇ ਉੱਤੇ ਸਾਥੀ ਗਦਰੀਆਂ ਨੂੰ ਦਿੱਤੀ ਵੰਗਾਰ ਦੇ ਸ਼ਬਦ ਹੋਣ ਕਰਨ ਵਾਲੇ ਹਨ:

ਲੋੜੀਂਦੇ-ਵਿਦਰੋਹ ਫੈਲਾਉਣ ਲਈ ਨਿਡਰ ਤੇ ਨਿਧੜਕ ਸਪਾਹੀ
ਤਨਖਾਹ-ਮੌਤ
ਐਵਾਰਡ-ਸ਼ਹੀਦੀ ਤੇ ਆਜ਼ਾਦੀ
ਸਥਾਨ-ਹਿੰਦੁਸਤਾਨ ਦਾ ਮੈਦਾਨ-ਏ-ਜੰਗ

ਭਾਵੇਂ ਇਸ ਪੋਥੀ ਵਿਚ ਐਮ ਐਸ ਰੰਧਾਵਾ, ਦੇਵਿੰਦਰ ਸਤਿਆਰਥੀ, ਗੁਰਦਿੱਤ ਸਿੰਘ ਗਿਆਨੀ ਤੇ ਡਾ. ਜੇ ਐਸ ਗਰੇਵਾਲ ਵਰਗੇ ਮਹਾਰਥੀਆਂ ਦੇ ਉੱਤਮ ਲੇਖ ਵੀ ਹਨ ਪਰ ਪੁਸਤਕਲਾ ਦਾ ਮੂਲ ਹਾਸਲ 'ਪਗੜੀ ਸੰਭਾਲ ਜੱਟਾ' ਤੇ 'ਗਦਰ ਲਹਿਰ ਦਾ ਨਿਰਮਾਣ' ਲੇਖਾਂ ਵਿਚ ਹੈ। ਇਹ ਦੋਵੇਂ ਲੇਖ ਕ੍ਰਮਵਾਰ ਹਰੀਸ਼ ਜੈਨ ਤੇ ਹਰੀਸ਼ ਪੁਰੀ ਦੀ ਕਲਮ ਤੋਂ ਹਨ। ਮੈਂ ਆਪਣੇ ਇਸ ਲੇਖ ਦਾ ਅੰਤ ਪੁਸਤਕ ਵਿਚ ਦਰਜ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਟੋਂ ਤੋਂ ਜਾਰੀ ਕੀਤੇ ਆਜ਼ਾਦੀ ਦੇ ਸੱਚੇ ਆਸ਼ਕਾਂ ਦੇ ਹੇਠ ਲਿਖੇ ਸੱਦੇ ਨਾਲ ਕਰਨਾ ਚਾਹਾਂਗਾ:

"ਹਿੰਦੁਸਤਾਨ ਜਾਓ ਤੇ ਦੇਸੀ ਫੌਜੀਆਂ ਨੂੰ ਤਿਆਰ ਉਨ੍ਹਾਂ ਤੋਂ ਹਥਿਆਰ ਲਓ ਅਤੇ ਜਿੱਥੇ ਵੀ ਗੋਰਾ ਦਿਸੇ, ਪਾਰ ਬੁਲਾ ਦਿਓ। ਜੇ ਤੁਸੀਂ ਛੇਤੀ ਤੇ ਸਮਝਦਾਰੀ ਨਾਲ ਕੰਮ ਕਰੋਗੇ ਤਾਂ ਜਰਮਨੀ ਵੀ ਤੁਹਾਡੀ ਮਦਦ ਕਰੇਗਾ। ਨੇਪਾਲ ਤੇ ਅਫਗਾਨਿਸਤਾਨ ਤੋਂ ਵੀ ਮਦਦ ਲੈ ਸਕਦੇ ਹੋ। ਛੇਤੀ ਜੰਗ ਛੇੜੋ। ਦੇਰ ਨਾ ਲਾਓ।"

ਇਸ ਵਿਦਰੋਹ ਦੀ ਨੀਂਹ ਬਾਂਕੇ ਦਿਆਲ ਦੇ ਉਸ ਗੀਤ ਨੇ ਰੱਖੀ ਸੀ ਜਿਸਦੀ ਮੁੱਢਲੀ ਤੁਕ ਇਹ ਸੀ:


ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ
ਲੁੱਟ ਲਿਆ ਤੇਰਾ ਮਾਲ ਜੱਟਾ,
ਲੁੱਟ ਲਿਆ ਮਾਲ ਓਏ।

ਸਮੇਂ ਨਾਲ ਇਸ ਗੀਤ ਦੇ ਸ਼ਬਦ ਤਾਂ ਅੱਗੇ ਪਿੱਛੇ ਹੁੰਦੇ ਰਹੇ ਪਰ ਇਸਦਾ ਸੰਦੇਸ਼ ਏਨਾ ਪ੍ਰਭਾਵਸ਼ਾਲੀ ਸੀ ਕਿ ਉਸ ਸਮੇਂ ਦੀਆਂ ਫ਼ਿਲਮਾਂ ਵਿਚ ਵੀ ਇਸਦੀ ਵਰਤੋਂ ਹੋਈ। 1965 ਵਿਚ ਬਣੀ ਮਨੋਜ ਕੁਮਾਰ ਦੀ ਫ਼ਿਲਮ 'ਸ਼ਹੀਦ' ਸਮੇਤ। ਏਥੋਂ ਤਕ ਇਕ ਫ਼ਿਲਮ ਦੀ ਟੇਕ ਹੀ 'ਪਗੜੀ ਸੰਭਾਲ ਜੱਟਾ' ਬਣੀ।

ਇਤਿਹਾਸ ਦੇ ਵਿਦਿਆਰਥੀਆਂ ਤੇ ਖੋਜੀਆਂ ਲਈ ਇਹ ਪੁਸਤਕ ਬੜੀ ਲਾਭਦਾਇਕ ਹੈ।

### ਹੂਕੜਾਂ ਭਰਾਵਾਂ ਦਾ ਜਾਗ੍ਰਤੀ ਮਿਸ਼ਨ

ਸਵਰਗਵਾਸੀ ਪੰਜਾਬੀ ਕਵੀ ਤਾਰਾ ਸਿੰਘ ਕਾਮਲ ਦੇ ਪਿੰਡ ਹੂਕੜਾਂ ਦੇ ਤਿੰਨ ਭਰਾਵਾਂ ਨੇ ਦੁਆਬਾ ਦੇ ਨੰਨੇ-ਮੁੰਨੇ ਵਿਦਿਆਰਥੀਆਂ ਲਈ ਜਾਗ੍ਰਤੀ ਮਿਸ਼ਨ ਵਿੱਢ ਰੱਖਿਆ ਹੈ। ਹੁਣ ਉਨ੍ਹਾਂ ਨੇ 7 ਜ਼ਿਲ੍ਹਿਆਂ ਦੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ




ਵਾਲੇ ਵਿਦਿਆਰਥੀਆਂ ਲਈ ਨਵੋਦਿਆ ਦਾਖਲੇ ਲਏ ਮੁਫਤ ਕੋਚਿੰਗ ਦਿਲਵਾਉਣ ਦਾ ਐਲਾਨ ਕੀਤਾ ਹੈ। ਦਾਖਲਾ ਦੀ ਪ੍ਰੀਖਿਆ ਮਿਤੀ 21 ਜਨਵਰੀ 2023 ਹੈ।

ਜਿਸ ਬੱਚੇ ਦੇ ਮਾਤਾ-ਪਿਤਾ ਆਪਣੇ ਬੱਚੇ ਨੂੰ ਨਵੋਦਿਆ ਸਕੂਲ ਵਿਚ ਪੜ੍ਹਾਉਣ ਲਈ ਤਿਆਰ ਹਨ ਅਤੇ ਉਨ੍ਹਾਂ ਦਾ ਬੱਚਾ ਘਰ ਛੱਡ ਕੇ ਨਵੋਦਿਆ ਸਕੂਲ ਵਿਚ ਪੜ੍ਹਨ, ਹੋਸਟਲ ਵਿਚ ਰਹਿਣ ਲਈ ਤਿਆਰ ਹੈ, ਸੰਪਰਕ ਕਰਨ। ਗਰੀਬ ਤੋਂ ਗਰੀਬ, ਅਪਾਹਜ, ਯਤੀਮ, ਬੇ-ਸਹਾਰਾ ਅਤੇ ਪੰਜਾਬੀ ਮੀਡੀਅਮ ਵਿਚ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਹੀ ਕੋਚਿੰਗ ਦਿੱਤੀ ਜਾਵੇਗੀ। ਕੇਵਲ ਸਰਕਾਰੀ ਸਕੂਲ ਦੇ ਪੰਜਵੀਂ ਵਿਚ ਪੜ੍ਹਦੇ ਬੱਚੇ ਆਪਣੇ ਮਾਤਾ-ਪਿਤਾ ਨਾਲ ਆਉਣ।

ਮਿਸ਼ਨ ਅਵੇਅਰਨੈੱਸ ਇਨ੍ਹਾਂ ਬੱਚਿਆਂ ਨੂੰ 21 ਜਨਵਰੀ 2023 ਤਕ ਮੁਫ਼ਤ ਕੋਚਿੰਗ ਦੇਵੇਗਾ। ਕੋਚਿੰਗ ਲਈ ਹਰ ਐਤਵਾਰ ਅਤੇ ਸਕੂਲੋਂ ਹਰ ਛੁੱਟੀ ਵਾਲੇ ਦਿਨ ਹੇਠਾਂ ਲਿਖੇ ਜ਼ਿਲ੍ਹੇਵਾਰ ਕੋਚਿੰਗ ਸੈਂਟਰਾਂ ਤੇ ਪ੍ਰਾਇਮਰੀ ਸਕੂਲ ਵਿਚ ਸਵੇਰੇ 9:00 ਤੋਂ 2:30 ਵਜੇ ਤਕ ਕੋਚਿੰਗ ਕਲਾਸ ਲੱਗੇਗੀ।

ਬੇਸਹਾਰਾ ਵਿਦਿਆਰਥੀਆਂ ਦੀ ਕੋਚਿੰਗ ਲਈ ਲੋੜੀਂਦਾ ਸਮਾਨ ਜਿਵੇਂ ਕਾਪੀਆਂ, ਪੈੱਨ ਪੈਨਸਿਲਾਂ, ਸ਼ਾਰਪਨਰ ਅਤੇ ਟੈਸਟ ਪੇਪਰਾਂ ਅਤੇ ਤਿਆਰੀ ਦਾ ਹੋਰ ਸਾਮਾਨ ਮਿਸ਼ਨ ਵਲੋਂ ਮੁਫਤ ਮੁਹੱਈਆ ਕਰਵਾਇਆ ਜਾਵੇਗਾ। ਕੋਚਿੰਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ/ ਵਾਰਸਾਂ ਨੂੰ ਕੋਚਿੰਗ ਵਾਲੇ ਦਿਨਾਂ ਵਿਚ ਨੇੜੇ ਵਾਲੇ ਕੋਚਿੰਗ ਸੈਂਟਰ/ਪ੍ਰਾਇਮਰੀ ਸਕੂਲ ਵਿਚ ਸਵੇਰੇ 9:00 ਵਜੇ ਪਹੁੰਚਣ ਅਤੇ ਬਾਅਦ ਦੁਪਹਿਰ 2:30 ਵਜੇ ਕਲਾਸ ਖ਼ਤਮ ਹੋਣ ਉਪਰੰਤ, ਘਰ ਆਉਣ/ ਜਾਣ ਦੀ ਜ਼ਿੰਮੇਵਾਰੀ ਖ਼ੁਦ ਨਿਭਾਉਣੀ ਹੋਵੇਗੀ।

ਕੋਚਿੰਗ ਸੈਂਟਰ ਹੇਠਾਂ ਦਿੱਤੇ ਹਨ। ਹੇਠ ਲਿਖੇ ਜ਼ਿਲ੍ਹਿਆਂ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ:

1. ਸ਼ੈਲੀ ਕੁਲੀਆਂ, ਸਿਓਂਟੀ ਤਰਫ ਨਰੋਟ, ਸਰਨਾ, ਕਥਲੌਰ, ਕਾਹਲਪੁਰ, ਬਰਾਂਚ ਮੱਟੀ, ਸੁਜਾਨਪੁਰ, ਕੌਂਤਰਪੁਰ, ਨਿਆਰੀ, ਭੋਆ, ਦੁਨੇਰਾ, ਵਧਾਣੀ, ਜ਼ਿਲ੍ਹਾ ਪਠਾਨਕੋਟ।
2. ਗੜ੍ਹਸ਼ੰਕਰ, ਸੈਲਾ, ਮਾਹਿਲਪੁਰ, ਬਘੇਲੀ, ਬਬੇਲੀ, ਚੱਬੇਵਾਲ, ਬਹਾਦੁਰਪੁਰ-ਗੰਜੇ ਸਕੂਲ, ਪੁਰਨੀਰਾਂ, ਅੱਤੋਵਾਲ ਨਸਰਾਲਾ, ਟਾਂਡਾ, ਬੁੱਲੋਵਾਲ, ਭੂੰਗਾ, ਗੜ੍ਹਦੀਵਾਲਾ, ਢੋਲਵਾਹਾ, ਕਮਾਹੀ ਦੇਵੀ, ਘੋਗਰਾ, ਮੁਕੇਰੀਆਂ, ਕਹਿਰਵਾਲੀ, ਹਾਜੀਪੁਰ, ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ।
3. ਕਾਠਗੜ੍ਹ, ਬਲਾਚੌਰ, ਮੈਂਹਦਪੁਰ, ਡਾ. ਅੰਬੇਦਕਰ ਮਾਡਲ ਸਕੂਲ ਮੂਸਾਪੁਰ ਰੋਡ ਨਵਾਂ ਸ਼ਹਿਰ, ਕਾਹਮਾ, ਰਾਹੋਂ, ਬੰਗਾ, ਮੁਕੰਦਪੁਰ, ਭੱਦੀ, ਸਾਧੜਾ, ਜ਼ਿਲ੍ਹਾ ਨਵਾਂ ਸ਼ਹਿਰ।
4. ਚਮਕੌਰ ਸਾਹਿਬ, ਭਰਤਗੜ੍ਹ, ਤਖਤਗੜ੍ਹ, ਕਲਵਾਂ, ਪੁਰਖਾਲੀ, ਕੋਟਲਾ ਨਿਹੰਗ, ਸੋਲਖੀਆਂ, ਚੱਕਲਾਂ, ਅਨੰਦਪੁਰ ਸਾਹਿਬ, ਨੰਗਲ (ਕੁੜੀਆਂ) ਜ਼ਿਲ੍ਹਾ ਰੂਪ ਨਗਰ।
5. ਲਾਲੜੂ ਮੰਡੀ, ਮਜਾਰਾ, ਡੇਰਾ ਬਸੀ, ਨਵਾਂ ਗਾਉਂ, ਸੋਹਾਣਾ, ਸਨੇਟਾ, ਮੁੰਡੀ ਖਰੜ, ਚਨਾਲੋਂ, ਖਿਜਰਾਬਾਦ, ਢਕੋਲਾ, ਜ਼ਿਲ੍ਹਾ ਮੋਹਾਲੀ।
6. ਫਗਵਾੜਾ, ਰਾਵਲਪਿੰਡੀ, ਜ਼ਿਲ੍ਹਾ ਕਪੂਰਥਲਾ।
7. ਖਜੂਰਲਾ, ਚੁਗਿੱਟੀ, ਜ਼ਿਲ੍ਹਾ ਜਲੰਧਰ।

ਵਧੇਰੇ ਜਾਣਕਾਰੀ ਲਈ ਮਿਸ਼ਨ ਅਵੇਅਰਨੈੱਸ-ਹੁੱਕੜਾਂ ਭਰਾਵਾਂ ਨਾਲ ਸੰਪਰਕ ਕਰ ਸਕਦੇ ਹੋ: 94173-17609, 94637-41362, 94130-26423।

**ਅੰਤਿਕਾ**

ਫੈਜ਼ ਅਹਿਮਦ ਫੈਜ਼
ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ
ਜੋ ਚਾਹੋ ਲਗਾ ਦੋ ਡਰ ਕੈਸਾ
ਗਰ ਜੀਤ ਗਏ ਤੋ ਕਿਆ ਕਹਿਨਾ
**ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।**

# ਸੁਪਨਿਆਂ ਦਾ ਸਿਰਜਕ: ਗੁਰਬਖ਼ਸ਼ ਸਿੰਘ ਭੰਡਾਲ

ਸੁਪਨਿਆਂ ਦਾ ਸਿਰਜਕ, ਨਿਰੰਤਰ ਸੁਪਨੇ ਲੈਂਦੀ ਸ਼ਖ਼ਸੀਅਤ, ਸੁਪਨਿਆਂ ਦੀ ਪੂਰਤੀ ਲਈ ਨਿਰੰਤਰ ਸੰਘਰਸ਼ ਕਰਨ ਵਾਲਾ ਲੇਖਕ, ਅਜੋਕੇ ਸਮੇਂ ਅਮਰੀਕਾ ਦੀ ਕਲੀਵਲੈਂਡ ਯੂਨੀਵਰਸਿਟੀ ਵਿਚ ਫਿਜ਼ਿਕਸ ਦਾ ਵਿਸ਼ਾ ਪੜ੍ਹਾਉਂਦਾ, ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿਚ ਸੇਵਾ ਨਿਭਾਉਣ ਵਾਲਾ ਪ੍ਰੋਫ਼ੈਸਰ, ਭਾਸ਼ਾ ਵਿਭਾਗ, ਪੰਜਾਬ ਦੁਆਰਾ ਸਨਮਾਨਿਤ ਸ਼੍ਰੋਮਣੀ ਸਾਹਿਤਕਾਰ (ਵਿਦੇਸ਼ੀ), ਕਿਸੇ ਸਮੇਂ ਬੇਟ ਦੇ ਮੰਡ ਖੇਤਰ ਵਿਚ ਪਸ਼ੂ ਚਾਰਨ ਵਾਲਾ ਮੁੰਡਾ, ਬਾਪ ਦੇ ਖੇਤੀ ਦੇ ਕੰਮ ਵਿਚ ਸਹਾਇਕ ਰਿਹਾ, ਪੰਜਾਬੀ ਕਵੀ, ਵਾਰਤਕ ਲੇਖਣ ਅਤੇ ਵਿਗਿਆਨੀ, ਹੱਥਲੀ ਪੁਸਤਕ 'ਦੀਵਿਆਂ ਦੀ ਡਾਰ' ਦਾ ਲੇਖਕ ਹੈ। ਗੁਰਬਖ਼ਸ਼ ਸਿੰਘ ਆਪਣੀ ਪੁਸਤਕ ਦੇ ਆਰੰਭ ਵਿਚ ਹੀ ਪਾਠਕਾਂ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ:

ਵਰਕਿਆਂ 'ਤੇ ਜਗ ਰਹੇ ਕੁਝ ਦੀਵੇ ਤੁਹਾਡੀ ਸਭ ਦੀ ਨਜ਼ਰ ਨੇ।

**ਡਾ. ਅਮਨਦੀਪ ਵਾਤਿਸ਼**
**ਫੋਨ: +9194565-400040**

ਇਹ ਦੀਵੇ ਮਨੁੱਖੀ ਕਿਰਿਆਵਾਂ ਦੇ ਹਨ ਜਿਨ੍ਹਾਂ ਨੇ ਮਨੁੱਖੀ ਸ਼ਖ਼ਸੀਅਤ ਨੂੰ ਤਾਮੀਰ ਕਰਨਾ ਹੈ। ਇਹ ਦੀਵੇ ਆਪਣੇ ਮਸਤਕ-ਬਨੇਰੇ 'ਤੇ ਟਿਕਾਓ ਤਾਂ ਕਿ ਜੀਵਨ-ਰਾਹਾਂ ਰੁਸ਼ਨਾਅ ਜਾਣ। ਕੁਝ ਦੀਵੇ ਸੋਚ-ਓਟੇ 'ਤੇ ਜ਼ਰੂਰ ਧਰਨੇ ਤਾਂ ਕਿ ਚੌਗਿਰਦਾ ਚਾਨਣ-ਰੱਤਾ ਹੋ ਜਾਵੇ। ਸਭ ਤੋਂ ਜ਼ਰੂਰੀ ਹੈ ਦੀਵੇ ਨੂੰ ਆਪਣੇ ਅੰਤਰੀਵ ਦੇ ਆਲੇ ਵਿਚ ਧਰਨਾ ਅਤੇ ਅੰਦਰ ਨੂੰ ਰੌਸ਼ਨੀ ਨਾਲ ਭਰਨਾ। ਇਹ ਦੀਵੇ ਤੁਹਾਡਾ ਸਾਥ ਲੋਚਦੇ ਨੇ। ਇਨ੍ਹਾਂ ਨੂੰ ਨਿਰਾਸ਼ ਨਾ ਕਰਨਾ।

ਆਓ ਇਨ੍ਹਾਂ 'ਦੀਵਿਆਂ ਦੀ ਡਾਰ' ਦਾ ਅਧਿਐਨ ਅਤੇ ਮੁਲਾਂਕਣ ਕਰੀਏ। ਇਸ ਪੁਸਤਕ ਦਾ ਸਮਰਪਣ ਵੀ ਉਤਸ਼ਾਹ-ਵਰਧਕ ਹੈ:

"ਬਾਪ ਦੇ ਅੱਖ ਵਿਚ ਉੱਗੇ ਉਸ ਹੰਝੂ ਨੂੰ, ਜਦੋਂ ਮੈਂ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ ਸੀ।"

ਇਸ ਨਿਬੰਧ ਸੰਗ੍ਰਹਿ ਵਿਚ 28 ਦੀਵੇ (ਨਿਬੰਧ) ਸ਼ਾਮਿਲ ਕੀਤੇ ਗਏ ਹਨ। ਸਾਰੇ ਨਿਬੰਧਾਂ ਦੇ ਸਿਰਲੇਖ ਭਾਵਵਾਚਕ (ਸੂਖਮ) ਹਨ, ਜਿਨ੍ਹਾਂ ਦੀ ਵਿਆਖਿਆ ਕਰਦਿਆਂ ਉਨ੍ਹਾਂ ਦਾ ਮਾਨਵੀਕਰਨ ਕਰਦਿਆਂ ਸਥੂਲ ਰੂਪ ਵਿਚ ਵਰਣਨ ਕੀਤਾ ਹੈ। ਹਰੇਕ ਦੀਵੇ ਦਾ ਭਾਵ ਵਾਚਕ ਨਾਂਵ ਨੋਟ ਕੀਤਾ ਜਾ ਸਕਦਾ ਹੈ। ਮਸਲਨ : ' ਮਨ-ਮੰਜ਼ਲ...', ' ਦਿਲ ਦੇ ਵਰਕੇ...', 'ਰੂਹ-ਝੀਤ...', 'ਪਿਆਰ...', ' ਨਫ਼ਾਸਤ...', ' ਚੁੱਪ...',' ਪਿਘਲਣ...', ਤਾਰੀਫ਼...', ਅਤੇ, 'ਉਡੀਕ...', ਆਦਿ।

ਆਪਣੇ ਹਰ ਲੇਖ ਦੇ ਆਰੰਭ ਵਿਚ ਸੰਬੰਧਿਤ ਭਾਵ ਵਾਚਕ ਨਾਂਵ ਨੂੰ ਪਰਿਭਾਸ਼ਤ ਕੀਤਾ ਗਿਆ ਹੈ ਤਾਂ ਕਿ ਪਾਠਕਾਂ ਦੇ ਸਨਮੁੱਖ ਉਸਦਾ ਪੂਰਨ ਸਰੂਪ ਪੇਸ਼ ਹੋ ਸਕੇ। ਮਸਲਨ:

ੳ). ਮਨ-ਮੰਜ਼ਲ, ਮਨ ਦੀ ਉਡਾਣ। ਮਨ ਦੀਆਂ ਭਾਵਨਾਵਾਂ ਦੀ ਤਰਜੀਹ ਅੰਬਰਾਂ ਨੂੰ ਹੱਥ ਲਾਉਣ ਦੀ ਚਾਹਨਾ। ਕੁਝ ਨਵਾਂ ਨਰੋਇਆ ਅਤੇ ਵਿਲੱਖਣ ਕਰਨ ਦੀ ਭਾਵਨਾ। ਪੰ.15

ਅ). ਰੂਹ -ਝੀਤ, ਨਿੱਕਾ ਜਿਹਾ ਝਰੋਖਾ, ਅੰਤਰੀਵੀ ਝਾਤ ਪਾਉਣ ਲਈ ਮੋਰੀ। ਕਿਸੇ ਦੇ ਅੰਦਰ ਉੱਤਰਨ ਅਤੇ ਦਿਲ ਦੀ ਡੂੰਘਾਈ ਨੂੰ ਮਾਪਣ ਦਾ ਵਸੀਲਾ। ਪੰ.29

ੲ). ਪਿਆਰ, ਮਨ ਦੀਆਂ ਮੁਹਾਰਾਂ, ਆਵੇਸ਼, ਜਜ਼ਬਾ, ਵੇਗਮੱਤਾ ਪ੍ਰਵਾਹ ਜਿਸ 'ਚੋਂ ਵਗਦੀ ਹੈ ਸੁੱਚਮ ਤੇ ਸੁਹਿਰਦਤਾ ਦੀ ਆਬਸ਼ਾਰ। ਪੰ.51

ਸ). ਪਹਿਰਾਵਾ, ਮਨੁੱਖੀ ਦਿੱਖ ਦਾ ਬਾਹਰੀ ਪ੍ਰਗਟਾਅ, ਖ਼ੁਦ ਦੀ ਦਿਲਕਸ਼ ਅਦਾਅ। ਸਰੀਰਕ ਸੁੰਦਰਤਾ ਤੇ ਰੂਪ ਨੂੰ ਸਜਾਉਣਾ ਅਤੇ ਆਪਣੇ ਆਪ 'ਤੇ ਨਾਜ਼ ਹੋਣਾ । ਪੰ.118

ਹ). ਅਰਦਾਸ, ਮਨ ਦੀਆਂ ਸੁੱਚੀਆਂ ਭਾਵਨਾਵਾਂ ਦੀ ਤਸ਼ਬੀਹ, ਸ਼ੁੱਭ-ਚਿੰਤਨ ਨੂੰ ਮਿਲੀ ਆਵਾਜ਼ ਅਤੇ ਅੰਤਰੀਵ ਦੀ ਅੰਬਰੀ ਪ੍ਰਵਾਜ਼। ਪੰ.167

ਇਹ ਸਚਾਈ ਹੈ ਕਿ ਠੋਸ ਵਿਸ਼ਿਆਂ 'ਤੇ ਲਿਖਣਾ ਵੀ ਆਸਾਨ ਹੁੰਦਾ ਹੈ। ਭਾਸ਼ਣ ਕਰਨਾ ਵੀ ਸੌਖਾ ਹੁੰਦਾ ਹੈ। ਪਰ ਭਾਵਵਾਚਕ ਵਿਸ਼ਿਆਂ 'ਤੇ ਗਹਿਰਾਈ ਨਾਲ ਫੋਕਸ ਕਰਨਾ ਪੈਂਦਾ ਹੈ। ਉਨ੍ਹਾਂ ਦੀ ਤਹਿ ਤਕ ਪਹੁੰਚਣਾ ਪੈਂਦਾ ਹੈ। ਵੇਖਣਾ ਪੈਂਦਾ ਹੈ ਕਿ ਕੋਈ ਪੱਖ ਅਣਗੌਲ਼ਿਆ ਨਾ ਰਹਿ ਜਾਵੇ। ਇਸ ਕਾਰਜ ਲਈ ਵਿਸ਼ਾਲ ਅਧਿਐਨ ਦੀ ਲੋੜ ਹੁੰਦੀ ਹੈ। ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਇਨ੍ਹਾਂ ਵਿਸ਼ਿਆਂ ਨਾਲ ਕਿਵੇਂ ਨਜਿੱਠਿਆ ਹੈ, ਇਸ ਦੀਆਂ ਕੁਝ ਉਦਾਹਰਨਾਂ ਵੇਖ ਲੈਣੀਆਂ ਲਾਹੇਵੰਦ ਰਹਿਣਗੀਆਂ। ਲੇਖਕ ਆਪਣੇ ਵਿਚਾਰਾਂ ਦੀ ਪ੍ਰਸਤੁਤੀ ਕਰਦਿਆਂ ਕਿਵੇਂ ਭਾਵਪੂਰਤ ਨਤੀਜੇ ਕੱਢਦਾ ਹੈ।

ਸਰੀਰਕ ਸੰਬੰਧ ਦੇ ਹਰ ਪੱਖ ਨੂੰ ਪੇਸ਼ ਕਰਦਿਆਂ ਚੰਗੇ-ਮੰਦੇ ਸੰਬੰਧਾਂ ਦੀ ਵਿਆਖਿਆ ਕੀਤੀ ਹੈ। ਸੰਬੰਧ ਦੀ ਲੋੜ ਦੀ ਅਹਿਮੀਅਤ ਦਿੱਤੀ ਹੈ ਅਤੇ ਦੁਰਉਪਯੋਗ ਦੀ ਨਿੰਦਿਆ ਕੀਤੀ ਹੈ।

ਚੁੱਪ ਦੀ ਵੀ ਜ਼ੁਬਾਨ ਹੁੰਦੀ ਹੈ ਜਿਸਦੇ ਬੋਲਾਂ ਵਿਚ ਬਹੁਤ ਕੁਝ ਅਬੋਲ ਹੁੰਦਾ ਹੈ। ਇਹ ਸਾਡੇ ਅੰਦਰ ਵੀ ਅਤੇ ਬਾਹਰ ਵੀ ਹੁੰਦੀ ਹੈ। ਇਹ ਜਦੋਂ ਬੋਲਦੀ ਹੈ ਤਾਂ ਇਸਨੂੰ ਸੁਣਨਾ ਅਤੇ ਸਮਝਣਾ ਸੌਖਾ ਨਹੀਂ ਹੁੰਦਾ। ਸੱਚ ਤਾਂ ਇਹ ਹੈ ਕਿ ਇਹ ਮਨੁੱਖ ਦੇ ਅੰਦਰ ਤੋਂ ਅੰਦਰ ਤੀਕ ਦੀ ਯਾਤਰਾ ਹੈ। ਚੁੱਪ ਕਦੇ ਵੀ ਬੇਅਰਥ ਨਹੀਂ ਹੁੰਦੀ। ਇਸਦੀ ਕੁੱਖ ਵਿਚ ਬਹੁਤ ਕੁਝ ਛੁਪਿਆ ਹੁੰਦਾ ਹੈ। ਜੀਵਨ ਵਿਚੋਂ ਉਦਾਹਰਨਾਂ ਦਿੰਦਿਆਂ ਲੇਖਕ ਨੇ ਬਾਬੇ ਦੀ ਚੁੱਪ, ਬਾਪ ਦੀ ਚੁੱਪ, ਪੁੱਤ ਦੀ ਚੁੱਪ, ਨੂੰਹ ਦੀ ਚੁੱਪ, ਅਧਿਆਪਕ ਦੀ ਚੁੱਪ, ਵਿਦਿਆਰਥੀ ਦੀ ਚੁੱਪ, ਮਿੱਤਰ ਦੀ ਚੁੱਪ ਆਦਿ ਦੀਆਂ ਮਿਸਾਲਾਂ ਦਿੱਤੀਆਂ ਹਨ। ਸਭ ਦੀ ਚੁੱਪ ਦਾ ਪ੍ਰਗਟਾਵਾ ਆਪੋ-ਆਪਣਾ ਹੈ । ਨਤੀਜੇ ਵਜੋਂ ਲੇਖਕ ਨੇ ਦੱਸਿਆ ਹੈ:

'ਪਰ ਸਭ ਤੋਂ ਅਹਿਮ ਹੁੰਦੀ ਹੈ ਬੰਦੇ ਦੇ ਅੰਦਰ ਬੈਠੀ ਚੁੱਪ ਅਤੇ ਇਸਨੂੰ ਮੁਖ਼ਾਤਬ ਹੋਣਾ। ਇਸ ਚੁੱਪ ਦੀਆਂ ਕਈ ਪਰਤਾਂ ਅਤੇ ਹਰੇਕ ਪਰਤ ਦਾ ਆਪਣਾ ਦਾਈਆ, ਨਜ਼ਰੀਆ, ਦਿੱਖ ਤੇ ਦਰਜਾ। ਜਦ ਬੰਦਾ ਬਾਹਰੋਂ ਦੁਨਿਆਵੀ ਅਲਾਮਤਾਂ ਨਾਲ ਗ੍ਰਸਿਆ ਹੋਵੇ ਤਾਂ ਚੁੱਪ ਬੰਦੇ ਦੇ ਅੰਦਰ ਵੰਨੀਂ ਸਫ਼ਰ ਕਰਦੀ।... ਅਜੇਹੀ ਚੁੱਪ ਦਾ ਨਿੱਘ ਮਾਣਦੇ ਰਹਿਣਾ ਚਾਹੀਦਾ।' ਪੰ.87

ਰੁੱਸਣ/ਮਨਾਉਣ ਦੀ ਰੀਤ ਬਾਰੇ ਵੀ ਬੜੀਆਂ ਮਾਅਨੀਖੇਜ਼ ਗੱਲਾਂ ਕੀਤੀਆਂ ਹਨ। ਅਸਲ ਵਿਚ ਰੁੱਸਣਾ ਨਾਬਰੀ ਦੀ ਨਿਸ਼ਾਨੀ ਹੈ। ਇਕ ਬੰਦਾ ਜਦੋਂ ਦੂਜੇ ਨੂੰ ਅਣਗੌਲਿਆਂ ਕਰਦਾ ਹੈ ਤਾਂ ਸ਼ਿਕਵਾ ਹੋਣਾ ਸੁਭਾਵਿਕ ਹੈ। ਇਹੋ ਤਾਂ ਨਿਰਮੋਹੇਪਣ ਦੀ ਰੀਤ ਹੈ। ਰੁੱਸਣਾ ਆਪਣਿਆਂ ਦੀ ਹੁਕਮ ਅਦੂਲੀ ਹੁੰਦਾ ਹੈ। ਬੰਦੇ ਆਪਣੇ ਜੀਵਨ ਵਿਚ ਆਪਣੀ ਪਤਨੀ ਨਾਲ਼, ਮਾਪਿਆਂ ਨਾਲ਼, ਭੈਣ-ਭਰਾਵਾਂ ਨਾਲ਼ ਰੁੱਸਦੇ ਵੇਖੇ ਜਾਂਦੇ ਹਨ। ਬੱਚੇ ਤਾਂ ਮਨਪਸੰਦ ਖਿਡੌਣਿਆਂ ਦੀ ਪ੍ਰਾਪਤੀ ਲਈ ਵੀ ਰੁੱਸਦੇ ਵੇਖੇ ਜਾ ਸਕਦੇ ਹਨ। ਰੁੱਸਣਾ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਵੀ ਹੈ ਅਤੇ ਇਕ ਕਲਾ ਵੀ ਹੈ। ਰੁਸਣਾ ਅਤੇ ਮੰਨਣਾ ਦੋ ਵਿਰੋਧੀ ਗਤਵਿਧੀਆਂ ਹਨ:

'ਪਰ ਸਭ ਤੋਂ ਖ਼ਤਰਨਾਕ ਹੁੰਦਾ ਹੈ ਬੰਦੇ ਦਾ ਆਪਣੇ ਆਪ ਤੋਂ ਰੁੱਸ ਜਾਣਾ। ' ਪੰ.111

ਤਾਰੀਫ਼ ਕਿਸੇ ਵਿਅਕਤੀ ਨੂੰ ਕੀਤੇ ਹੋਏ ਕੰਮ ਦੀ ਸ਼ਾਬਾਸ਼ ਦਿੰਦੀ ਹੈ। ਹੱਲਾਸ਼ੇਰੀ ਦਿੰਦੀ ਹੈ, ਹੌਸਲਾ- ਅਫ਼ਜ਼ਾਈ ਕਰਦੀ ਹੈ। ਪਰ ਇਹ ਪੱਖਪਾਤੀ ਨਹੀਂ ਹੋਣੀ ਚਾਹੀਦੀ। ਜਿਸਦੀ ਤਾਰੀਫ਼ ਕੀਤੀ ਜਾਵੇ, ਉਹ ਤਾਰੀਫ਼ ਦੇ ਯੋਗ ਹੋਣਾ ਅੱਵੱਸ਼ਕ ਹੈ। ਤਾਰੀਫ਼ ਨੂੰ ਤਕੀਆ ਕਲਾਮ ਵਾਂਗ ਨਹੀਂ ਵਰਤਣਾ ਚਾਹੀਦਾ। ਸੱਚੀ ਤਾਰੀਫ਼ ਜੀਵਨ ਦੀ ਖੱਟੀ ਕਮਾਈ ਹੁੰਦੀ ਹੈ। ਤਾਰੀਫ਼ ਹੋਣ ਨਾਲ ਜ਼ਿੰਮੇਵਾਰੀ ਵਧ ਜਾਂਦੀ ਹੈ। ਆਪਣੇ ਆਪ ਦੀ ਤਾਰੀਫ਼ ਨਹੀਂ ਕਰਨੀ ਚਾਹੀਦੀ।


ਨਤੀਜੇ ਵਜੋਂ ਲੇਖਕ ਲਿਖਦਾ ਹੈ:

'ਤਾਰੀਫ਼ ਕਰੋ ਤਾਂ ਹੋਰ ਜ਼ਿਆਦਾ ਲੋਕ ਤਾਰੀਫ਼ ਦੇ ਹੱਕਦਾਰ ਬਣਨ ਲਈ ਹਿੰਮਤ ਨੂੰ ਯਾਰ ਬਣਾਉਣਗੇ। ਪ੍ਰਸ਼ੰਸਾ ਕਰੋ ਰੱਜ ਕੇ ਉਨ੍ਹਾਂ ਪ੍ਰਾਪਤੀਆਂ ਦੀ ਜਿਨ੍ਹਾਂ ਨੇ ਮਨੁੱਖੀ ਸਦੀਵਤਾ ਅਤੇ ਸੁੰਦਰਤਾ ਨੂੰ ਆਪਣਾ ਮਕਸਦ ਬਣਾਇਆ ਕਿਉਂਕਿ ਮਾਨਵੀ ਸਰੋਕਾਰ ਤਾਂ ਮਨੁੱਖੀ ਸਲਾਮਤੀ ਨਾਲ ਹੀ ਜੁੜੇ ਹੋਏ ਨੇ।'

ਕੁਝ ਅਖੀਰਲੇ ਚੈਪਟਰਾਂ ਵਿਚ ਭਾਵਵਾਚਕ ਸੰਕਲਪਾਂ ਦੀ ਆਪਸੀ ਸਾਂਝ ਨੂੰ ਉਜਾਗਰ ਕੀਤਾ ਗਿਆ ਹੈ। ਇਹ ਹਨ; ਇਤਬਾਰ, ਇੱਜ਼ਤ ਤੇ ਇਖ਼ਲਾਕ ; ਦਿਲ, ਦਿਮਾਗ਼ ਤੇ ਦੇਹ; ਨਜ਼ਰ, ਨਜ਼ਰੀਆ, ਨਸੀਬ।

ਇਤਬਾਰ, ਇੱਜ਼ਤ ਅਤੇ ਇਖ਼ਲਾਕ ਇਕ ਦੂਜੇ ਦਾ ਅਧਾਰ ਹਨ। ਇਕ ਵਿਚੋਂ ਹੀ ਦੂਜੇ ਅਤੇ ਤੀਜੇ ਗੁਣ ਦੀ ਹੋਂਦ ਜਨਮ ਲੈਂਦੀ ਹੈ। ਇਹ ਤਿੰਨੇ ਇਕ ਦੂਜੇ ਦਾ ਸਮਰੂਪ ਮੰਨੇ ਜਾ ਸਕਦੇ ਹਨ। ਇੱਜ਼ਤ ਵਿਚੋਂ ਪਿਆਰ ਪੈਦਾ ਹੁੰਦਾ ਹੈ, ਪਿਆਰ ਵਿਚੋਂ ਇਤਬਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇੱਜ਼ਤ ਅਤੇ ਇਤਬਾਰ ਵਿਚੋਂ ਹੀ ਇਖ਼ਲਾਕ ਆਪਣਾ ਰੂਪ ਗ੍ਰਹਿਣ ਕਰਦਾ ਹੈ।

ਨਜ਼ਰ, ਨਜ਼ਰੀਆ ਅਤੇ ਨਸੀਬ ਦਾ ਵੀ ਪਰਸਪਰ ਅਟੁੱਟ ਸੰਬੰਧ ਹੈ। ਨਜ਼ਰ ਦਾ ਦਿਸਹੱਦਾ ਕਾਫ਼ੀ ਦੂਰ ਤੱਕ ਫ਼ੈਲ ਜਾਂਦਾ ਹੈ। ਨਜ਼ਰ ਤੋਂ ਨਜ਼ਰੀਏ ਤਕ ਦੂਰੀ ਬਹੁਤ ਲੰਬੀ ਅਤੇ ਔਕੜਾਂ ਭਰਪੂਰ




ਹੁੰਦੀ ਹੈ। ਨਜ਼ਰ ਦੀ ਪ੍ਰਕਿਰਤੀ ਹੈ ਕਿ ਇਹ ਘੜੀ ਮੁੜੀ ਤਬਦੀਲ ਹੁੰਦੀ ਰਹਿੰਦੀ ਹੈ। ਨਜ਼ਰ, ਨਜ਼ਰੀਆ ਅਤੇ ਨਸੀਬ ਦਾ ਮੇਲ ਹੋਣਾ ਜੀਵਨ ਦੀ ਸਭ ਤੋਂ ਅਹਿਮ ਵਡਮੁੱਲੀ ਪ੍ਰਾਪਤੀ ਹੁੰਦੀ ਹੈ।

ਦਿਲ, ਦਿਮਾਗ਼ ਅਤੇ ਦੇਹ ਮਨੁੱਖ ਸਰੀਰ ਦੇ ਪ੍ਰਮੁੱਖ ਅੰਗ ਹਨ। ਮਨੁੱਖ ਦੇ ਜਨਮ ਵੇਲੇ ਇਹ ਅੰਗ ਮੁੱਢਲੀ ਅਵਸਥਾ ਵਿਚ ਹੁੰਦੇ ਹਨ, ਜਿਨ੍ਹਾਂ ਨੇ ਅਜੇ ਵਿਕਾਸ ਕਰਨਾ ਹੁੰਦਾ ਹੈ। ਜੰਮਣ ਸਾਰ ਦਿਲ ਆਪਣਾ ਕਾਰਜ ਸ਼ੁਰੂ ਕਰ ਦਿੰਦਾ ਹੈ ਪਰ ਦੇਹ ਅਤੇ ਦਿਮਾਗ਼ ਹੌਲੀ-ਹੌਲੀ ਵਧਦੇ ਹਨ। ਦੇਹ ਤਾਂ ਭੁੱਖ ਨਾਲ ਸ਼ੁਰੂ ਹੁੰਦੀ ਹੈ। ਬੱਚੇ ਦੀ ਮਾਸੂਮੀਅਤ ਵਿਚ ਦਿਮਾਗ਼ ਦਾ ਕੋਈ ਰੋਲ ਨਹੀਂ ਹੁੰਦਾ।

ਕਲਾਕਾਰ, ਕਵੀ, ਗਾਇਕ, ਖੋਜੀ ਲੋਕ ਦਿਲਾਂ ਦੀਆਂ ਰਮਜ਼ਾਂ ਦਾ ਹੁੰਗਾਰਾ ਭਰਦੇ ਹਨ। ਹਰ ਪ੍ਰਕਾਰ ਦੇ ਕਲਾਕਾਰ ਦਿਲ ਅਨੁਸਾਰ ਕਾਰਜ ਕਰਦੇ ਹਨ। ਦਿਲ ਦਾ ਸੰਬੰਧ ਕੋਮਲਤਾ ਨਾਲ਼ ਸੁਭਾਵਿਕ ਹੈ।

ਦਿਲ, ਦਿਮਾਗ਼ ਤੇ ਸੰਪੂਰਨ ਸੰਤੁਲਨ ਜ਼ਰੂਰੀ ਹੁੰਦਾ ਹੈ। ਯਾਦ ਰਹੇ ਕਿ ਦਿਲ ਵਿਚ ਦਿਮਾਗ਼ ਨਹੀਂ ਹੁੰਦਾ ਅਤੇ ਦਿਮਾਗ਼ ਵਿਚ ਦਿਲ ਨਹੀਂ ਹੁੰਦਾ:

'ਜ਼ਿੰਦਗੀ ਦੀਆਂ ਰਹਿਮਤਾਂ ਲਈ ਜ਼ਰੂਰੀ ਹੈ ਕਿ ਮਨੁੱਖ ਸਰੀਰਕ ਰੂਪ ਵਿਚ ਧਰਤੀ 'ਤੇ ਰਹੇ, ਉਸਦਾ ਦਿਮਾਗ਼ ਅੰਬਰਾਂ ਵੰਨੀਂ ਉਡਾਣ ਭਰੇ, ਦਿਲ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣ ਅਤੇ ਮਨ ਵਿਚ ਸ਼ਾਂਤੀ ਦਾ ਵਾਸਾ ਹੋਵੇ। ਇਹ ਹੀ ਗੁਰੂਆਂ ਦੀ ਵਿਚਾਰਧਾਰਾ ਏ। ਕਦੇ ਕਦਾਈਂ ਗੁਰ-ਸ਼ਬਦ ਵਿਚ ਉਤਰਨਾ ਜ਼ਰੂਰੀ ਹੁੰਦਾ, ਫਿਰ ਹੀ ਦਿਲ, ਦਿਮਾਗ਼ ਅਤੇ ਦੇਹ ਦੀ ਸਰਬ-ਸੁਖਨਤਾ ਦਾ ਅਹਿਸਾਸ ਹੁੰਦਾ ਹੈ। ਪੰ.191

ਡਾ. ਗੁਰਬਖ਼ਸ਼ ਸਿੰਘ ਭੰਡਾਲ ਦਾ ਅਧਿਐਨ ਬਹੁਤ ਵਿਸ਼ਾਲ ਹੈ। ਉਹ ਆਪਣੇ ਨਿਬੰਧਾਂ ਵਿਚ ਗੁਰਮਤਿ ਕਾਵਿ, ਸਿੱਖ ਇਤਿਹਾਸ ਅਤੇ ਮਿਥਿਹਾਸ ਵਿਚੋਂ ਵੀ ਹਵਾਲੇ ਦਿੰਦਾ ਹੈ। ਪ੍ਰਕਿਰਤੀ ਨੂੰ ਉਹ ਨੀਝ ਨਾਲ ਵਾਚਦਾ ਹੈ। ਵੇਖੋ ਕਿੰਨਾ ਕਮਾਲ ਹੈ ਪ੍ਰਕਿਰਤੀ ਦਾ ਚਿਤਰਿਆ ਸਰੂਪ:

- ਰਾਤ ਦੀ ਚੁੱਪ ਵਿਚ ਪਸਰੀ ਹੁੰਦੀ ਹੈ ਤਾਰਿਆਂ ਦੀ ਖਾਮੋਸ਼ੀ ਤੇ ਚੰਨ ਚਾਨਣੀ ਦੀ ਤਾਸੀਰ। ਪੰ.83
- ਸਮੁੰਦਰ ਦੀ ਚੁੱਪ ਦੀ ਬੋਲਬਾਣੀ ਹੁੰਦੀ ਏ ਖੌਰੂ ਪਾਉਂਦੀਆਂ ਲਹਿਰਾਂ ਦੀ ਖਾਮੋਸ਼ੀ। ... ਪੰ.83
- ਬਾਗ਼ ਬਗ਼ੀਚੇ ਮਸੋਸੇ ਜਾਂਦੇ ਹਨ ਕਿਉਂਕਿ ਬਾਗ਼ ਤਾਂ 'ਵਾਵਾਂ ਨਾਲ਼ ਸਰਸਾਉਂਦੇ ਤੇ ਚੋਹਲ ਮੋਹਲ ਕਰਦੇ ਹੀ ਚੰਗੇ ਲਗਦੇ।
- ਚਮਨ ਦੀ ਬੋਲ ਰਹੀ ਚੁੱਪ ਵਿਚ ਤਾਰੀ ਹੁੰਦਾ ਤਿਤਲੀਆਂ ਤੇ ਭੌਰਿਆਂ ਦਾ ਰੁਦਨ ...। ਪੰ.84

ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਪੰਜਾਬੀਅਤ ਦੇ ਵਿਰਸੇ ਨੂੰ ਬਾਖ਼ੂਬੀ ਚਿਤਰਿਆ ਹੈ:

'ਪਹਿਰਾਵਾ ਤਾਂ ਸਿਰ 'ਤੇ ਲਿਆ ਸੂਹਾ ਦੁਪੱਟਾ, ਚਾਵਾਂ ਨਾਲ ਕੱਢੀ ਫੁਲਕਾਰੀ ਅਤੇ ਲਹਿਰੀਆ ਦੁਪੱਟਾ ਵੀ ਹੁੰਦਾ ਹੈ। ਕਿਸੇ ਦੇ ਸਿਰ 'ਤੇ ਬੰਨ੍ਹਿਆ ਪਟਕਾ, ਸਜਾਈ ਹੋਈ ਦਸਤਾਰ, ਤੁਰਲੇ ਵਾਲੀ ਪੱਗ, ਗੋਲਾਈਦਾਰ ਦੁਮਾਲਾ, ਪਟਿਆਲਾ ਸ਼ਾਹੀ ਪੱਗ, ਸਿਰ 'ਤੇ ਡੱਬੀਦਾਰ ਪਰਨਾ... ਵਿਰਸੇ ਦਾ ਪ੍ਰਤੀਕ ਅਤੇ ਸਮਾਜਿਕ ਪਛਾਣ ਦਾ ਬਿੰਬ ਹੁੰਦਾ ਹੈ। ਪੰ. 119

ਡਾ. ਭੰਡਾਲ ਪੰਜਾਬੀਅਤ ਦੇ ਬੀਤੇ ਸਮੇਂ ਦੀਆਂ ਉਦਾਹਰਨਾਂ ਵੀ ਦਿੰਦਾ ਹੈ, ਜੋ ਉਸਦਾ ਅੱਖੀਂ ਵੇਖਿਆ ਅਤੇ ਹੱਡੀਂ ਹੰਢਾਇਆ ਪ੍ਰਤੀਤ ਹੁੰਦਾ ਹੈ:

'ਸੰਜਮ ਦੀ ਤਸ਼ਬੀਹ ਦੇਣੀ ਹੋਵੇ ਤਾਂ ਕਦੇ ਬੀਤੇ ਸਮੇਂ ਨੂੰ ਯਾਦ ਕਰਨਾ, ਜਦ ਪਿੰਡਾਂ ਵਿਚ ਮਾਵਾਂ ਸਵੇਰ ਲਈ ਰਾਤ ਨੂੰ ਅੱਗ ਵੀ ਸਾਂਭਦੀਆਂ ਸਨ। ਹੱਥੀਂ ਕੱਤੇ ਸੂਤ ਦੇ ਕੱਪੜੇ ਲੋਕ ਪਹਿਨਦੇ ਸਨ। ਅਚਾਰ ਤੇ ਗੰਢੇ ਨਾਲ ਰੋਟੀ ਖਾ ਕੇ ਡੰਗ ਸਾਰ ਲਿਆ ਜਾਂਦਾ ਸੀ। ਦੁੱਧ ਵੇਚਣਾ ਗੁਨਾਹ ਹੁੰਦਾ ਸੀ ਅਤੇ ਕੌਲੀ ਫੜ ਕੇ ਦਾਲ-ਸਬਜ਼ੀ ਮੰਗ ਲਿਆਉਣਾ ਸ਼ਰਮ ਨਹੀਂ ਸਗੋਂ ਰਿਵਾਜ ਤੇ ਆਮ ਵਰਤਾਰਾ ਸੀ। ਵਿਆਹ ਜਾਂ ਵਾਂਢੇ ਜਾਣ ਲੱਗਿਆਂ ਜੁੱਤੀ ਜਾਂ ਕੱਪੜੇ ਮੰਗਵੇਂ ਪਾ ਕੇ ਜਾਣ ਨੂੰ ਘਟੀਆਪਣ ਨਹੀਂ ਸੀ ਸਮਝਿਆ ਜਾਂਦਾ। ਵਿਆਹ ਆਦਿ ਹਰੇਕ ਸਮਾਗਮ ਬਹੁਤ ਹੀ ਸਾਦਾ ਅਤੇ ਅਪਣੱਤਮਈ ਹੁੰਦਾ ਸੀ। ਕੋਈ ਦਿਖਾਵਾ ਨਹੀਂ। ਵਿਆਹ ਜਾਂ ਅਖੰਡ ਪਾਠ ਦੇ ਮੌਕੇ 'ਤੇ ਦੁੱਧ-ਲੱਸੀ 'ਕੱਠੀ ਕਰਨਾ, ਮੰਜੇ ਬਿਸਤਰੇ 'ਕੱਠੇ ਕਰਨੇ ਆਮ ਸੀ। ਪਿੰਡ ਵਾਸੀਆਂ ਦੀ ਇਕਜੁੱਟਤਾ ਨਾਲ ਸਮਾਗਮ ਨੂੰ ਸੁੰਦਰ ਤਰੀਕੇ ਨਾਲ ਨੇਪਰੇ ਚੜ੍ਹਾਉਣ 'ਤੇ ਪਿੰਡ ਦੀ ਸ਼ੋਭਾ ਵਧਦੀ ਸੀ ਅਤੇ ਪਰਿਵਾਰ ਨੂੰ ਸੰਤੋਖ ਤੇ ਸਕੂਨ ਮਿਲਦਾ ਸੀ। ਇਹ ਸੰਜਮੀ ਅਤੇ ਸੁਹਜਈ ਵਰਤਾਰਾ ਹੁਣ ਕਿੱਥੇ? ਪੰ.136

ਗੁਰਬਾਣੀ ਵਿਚੋਂ ਚੁਣ ਕੇ ਸਮਾਂਤਰ ਮਹਾਂਵਾਕਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਗਈਆਂ ਹਨ ਜਿਵੇਂ,

'ਬਾਬਾ ਹੋਰ ਖਾਣੀ ਖੁਸੀ ਖੁਆਰ। ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਪੰ.137

ਇਸ ਨਿਬੰਧ ਸੰਗ੍ਰਹਿ ਵਿਚ ਹੋਰ ਵੀ ਅਨੇਕਾਂ ਵਿਸ਼ਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਜੀਵਨ ਦੀਆਂ ਅਟੱਲ ਸਚਾਈਆਂ ਬਿਰਤਾਂਤ ਵਿਚੋਂ ਸਹਿਜ ਭਾਅ ਹੀ ਪ੍ਰਗਟਾਵਾ ਕਰ ਜਾਂਦੀਆਂ ਹਨ, ਮਸਲਨ;

'ਪਿਆਰ ਵਿਚ ਹਿਸਾਬ ਕਿਤਾਬ ਨਹੀਂ ਹੁੰਦਾ ਅਤੇ ਜਿੱਥੇ ਲੇਖਾ ਜੋਖਾ ਹੁੰਦਾ ਹੈ, ਉੱਥੇ ਪਿਆਰ ਨਹੀਂ ਹੁੰਦਾ। ਦਿਲ ਦਾ ਵੀ ਕਦੇ ਵਪਾਰ ਨਹੀਂ ਹੁੰਦਾ।' ਪੰ.57

ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਸ਼ੈਲੀ ਨਿਵੇਕਲੀ ਅਤੇ ਵਿਲੱਖਣ ਹੈ। ਨਿਬੰਧਾਂ ਦੇ ਸਾਰੇ ਦੇ ਸਾਰੇ ਸਿਰਲੇਖ ਵਾਕੰਸ਼ਾਂ ਵਿਚ ਹਨ। ਸਿਰਲੇਖ ਦਾ ਕੇਂਦਰੀ ਸ਼ਬਦ ਵਾਰ-ਵਾਰ ਹਰ ਪੈਰ੍ਹੇ ਦੇ ਆਰੰਭ ਵਿਚ ਆਉਂਦਾ ਹੈ। ਕਾਵਿਕ ਅੰਦਾਜ਼ ਹੋਣ ਕਰਕੇ ਵਾਰਤਕ ਸ਼ੈਲੀ ਅਨੁਪ੍ਰਾਸ ਅਲੰਕਾਰਾਂ ਨਾਲ ਸੁਸਜਿਤ ਹੈ। ਇਕੋ ਸੰਕਲਪ ਨਾਲ ਵੱਖ-ਵੱਖ ਪ੍ਰਕਾਰ ਦੀ ਸ਼ਬਦਾਵਲੀ ਆ ਜਾਣ ਨਾਲ ਸ਼ੈਲੀ ਲੋਹੜੇ ਦੇ ਨਖ਼ਰੇ ਕਰਦੀ ਹੈ:

-ਸੁਪਨਾ, ਸੰਭਾਵਨਾਵਾਂ, ਸਮਰੱਥਾ, ਸਾਧਨਾ, ਸਮਰਪਿਤਾ ਦਾ ਸੰਯੋਗ। ਪੰ.9

-ਸੰਜਮ, ਸਿਆਣਪ, ਸੂਖਮਤਾ, ਸੰਤੁਸ਼ਟਤਾ, ਸਰਫ਼ਾ, ਸਧਾਰਨਤਾ ਅਤੇ ਸੀਮਤ ਸਹੂਲਤਾਂ ਵਿਚੋਂ ਸਕੂਨ ਭਾਲਣ ਦਾ ਨਾਮ। ਪੰ.132

-ਸ਼ਗਨ, ਸੁਪਨਿਆਂ, ਸੰਭਾਵਨਾਵਾਂ, ਸਫ਼ਲਤਾਵਾਂ, ਸਬੰਧਾਂ, ਸਰੋਕਾਰਾਂ, ਸਾਂਝੇਦਾਰੀਆਂ ਅਤੇ ਸਰਬ-ਸੁਖ਼ਨਤਾ ਦੇ ਮਨਾਏ ਜਾਂਦੇ ਜਿਨ੍ਹਾਂ ਦੀ ਧਰਾਤਲ ਵਿਚ ਸੋਧ, ਸਾਧਨਾ, ਸੰਦੇਸ਼, ਸਿਰੜ ਅਤੇ ਸਾਫ਼ਗੋਈ ਹੁੰਦੀ। ਪੰ.160

-ਕਿਰਿਆ ਹੁੰਦੀ ਏ ਨਰਮਾਈ, ਨਿਆਰਾਪਣ, ਨਿਮਰ ਹੋਣਾ, ਨਿਮਾਣਾ ਬਣਨਾ, ਨਦੀਂ ਬਣਨਾ, ਨਿਸ਼ਾਨਦੇਹੀ ਕਰਨੀ, ਨਾਮਕਰਨ ਕਰਨਾ, ਨਵੀਨੀਕਰਨ, ਨਿੱਗਰ ਹੋਣਾ, ਨਦੀ ਦਾ ਵਹਾਅ, ਨਿਹੁੰ ਲਗਾਉਣਾ, ਨਿਹਾਰਨਾ, ਨਰਾਜ਼ ਹੋਣਾ, ਨਿਰਾਸ਼ ਹੋਣਾ, ਨਕਾਰਨਾ, ਨਕਾਰਾਤਮਿਕਤਾ ਪੈਦਾ ਹੋਣਾ ਆਦਿ। ਪਰ ਇਨ੍ਹਾਂ ਵਿਚੋਂ ਕੁਝ ਸੁਚੱਜੀਆਂ ਅਤੇ ਕੁਝ ਕੁ ਕੁਚੱਜੀਆਂ। ਪੰ.202

ਇੰਜ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਸ਼ੈਲੀ ਵਿਚ ਨਾਵਾਂ, ਕਿਰਿਆਵਾਂ, ਵਿਸ਼ੇਸ਼ਣਾਂ ਆਦਿ ਬੇਸ਼ੁਮਾਰ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ 'ਭੰਡਾਲ' ਸ਼ਬਦਾਵਲੀ ਨਾਲ ਕਲੋਲਾਂ ਕਰਦਾ ਹੋਵੇ। ਲੇਖਕ ਨੇ ਸਹਾਇਕ ਕਿਰਿਆਵਾਂ ਵਾਕ ਬੰਦ ਕਰਨ ਦੀ ਜੁਗਤ ਦਾ ਪ੍ਰਯੋਗ ਨਾ-ਮਾਤਰ ਹੀ ਕੀਤਾ ਹੈ। ਲੇਖਕ ਖ਼ੁਦ ਕਵੀ ਹੋਣ ਕਰਕੇ ਲੰਬੀਆਂ ਕਵਿਤਾਵਾਂ ਨਾਲ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ ਅਤੇ ਆਪਣੀ ਖ਼ੁਦੀ (ਅਸਤਿਤਵ) ਨੂੰ ਬੁਲੰਦ ਕਰਦਾ ਹੈ:

ਜੱਗ ਨਾਲੋਂ ਵੀ ਪਹਿਲਾਂ, ਜਿਨ੍ਹਾਂ ਖ਼ੁਦ ਜਗਾਇਆ।
ਉਨ੍ਹਾਂ ਖ਼ੁਦ 'ਚੋਂ ਖ਼ੁਦ ਦਾ,
ਖ਼ੁਦ ਦੀਦਾਰ ਪਾਇਆ।

***-ਮੁਖੀ ਪੰਜਾਬੀ ਵਿਭਾਗ, ਸਰਕਾਰੀ ਕਾਲਜ, ਅਮਰਗੜ੍ਹ।***

## ਮਿੱਟੀ ਦੇ ਦੀਵੇ

ਰਤਨੋ ਨੇ ਭਾਂਡੇ ਮਾਂਜ ਕੇ ਤੂਤ ਦੀਆਂ ਛਿਟੀਆਂ ਦੀ ਬਣੀ ਇਕ ਟੋਕਰੀ 'ਚ ਰੱਖਿਆਂ ਸੋਚਿਆ, 'ਕੀ ਦਾਲ-ਭਾਜੀ ਬਣਾਵਾਂ...!' ਇੰਨੇ ਨੂੰ ਉਸਦੀ ਨਿਗ੍ਹਾ ਹਾਰੇ ਕੋਲ ਬੋਹੀਏ ਰੱਖੇ ਚਿੱਬੜ ਤੇ ਮਿਰਚਾਂ ਵੱਲ ਪਈ। 'ਚਲ...ਚਿਬੜਾਂ ਤੇ ਮਿਰਚਾਂ ਦੀ ਚਟਣੀ ਹੀ ਕੁੱਟ ਲੈਨੀਂ ਆਂ'। ਚੁੱਲ੍ਹੇ ਕੋਲੋਂ ਕੂੰਡਾ-ਸੋਟ ਚੁੱਕ ਰਤਨੋ ਨੇ ਚੱਟਣੀ ਕੁੱਟ ਕੇ ਬਾਟੀ 'ਚ ਕੱਢੀ 'ਤੇ ਚੁੱਲ੍ਹੇ ਤੇ ਰੋਟੀ ਲਾਹੁਣ ਲੱਗੀ। 'ਇਹ ਗਿੱਲੇ ਗੋਹੇ ਵੀ ਮਨਾਂ ਸਾੜੇ......ਗਰੀਬਾਂ...ਦੇ ਨਸੀਬਾਂ ਵਾਂਗੂ ਧੁੱਖਦੇ ਈ ਰਹਿੰਦੇ ਐ, 'ਫੂਕਣੀ ਚੁੱਕ ਕੇ ਰਤਨੋ ਬੁੜ-ਬੁੜਾਉਂਦੀ ਚੁੱਲ੍ਹੇ 'ਚ ਫੂਕਾਂ ਮਰਨ ਲੱਗੀ। ਇੰਨੇ ਨੂੰ ਬਾਹਰ ਗਲੀ ਵਿੱਚ ਰੌਲਾ ਜਿਹਾ ਸੁਣਿਆ। ਰਤਨੋ ਬੂਹੇ ਵੱਲ ਨੂੰ ਹੋ ਤੁਰੀ। ਦੀਵਾਲੀ ਦੇ ਤਿਉਹਾਰ ਖਾਤਰ ਲਾਈਟਾਂ ਵਾਲੇ ਲਾਟੂ ਵੇਚਣ ਵਾਲਾ ਆਇਆ ਹੋਇਆ ਸੀ। ਸਾਰੇ ਲੋਕ ਉਸ ਦੇ ਆਲੇ-ਦੁਆਲੇ ਇੱਕਠੇ ਹੋ-ਹੋ ਖੜ ਰਹੇ ਸੀ।

"ਨੀਂ ਰਤਨੋ ਆਜਾ...ਤੂੰ ਵੀ ਖ਼ਰੀਦ ਲੈ ਲਾਈਟਾਂ ਵਾਲੀਆਂ ਲੜੀਆਂ", ਗੁਆਂਢਣ ਨੇ ਕਿਹਾ।

"ਨਾ ਭਾਈ...ਤੁਸੀਂ ਖਰੀਦੋ, ਆਪਾਂ ਨੂੰ ਤਾਂ ਦਿਖਾਏ ਨਹੀਂ, ਮਿੱਟੀ ਦੇ ਦੀਵੇ ਹੀ ਸੁਖਾਂਦੇ। ਇਨ੍ਹਾਂ ਲੜੀਆਂ ਦੇ ਚਾਨਣ ਵਿੱਚ ਉਹ ਨਿੱਘ ਕਿੱਥੇ...ਜੋ ਮਿੱਟੀ ਦੇ ਦੀਵੇ ਵਿੱਚ ਤੇਲ ਪਾ ਕੇ, ਬੱਤੀ ਡੁਬੋ ਕੇ... ਦੀਵੇ ਬਾਲ ਕੇ ਕੰਧਾਂ-ਬਨੇਰਿਆਂ 'ਤੇ ਪਾਲ਼ੋ-ਪਾਲ਼ ਧਰਨਾ 'ਤੇ ਫਿਰ ਚਾਨਣ ਨੂੰ ਨਿਹਾਰਦੇ ਰਹਿਣਾ। ਨਾਲੇ ਮੇਹਨਤ ਨਾਲ ਕਰੇ ਚਾਨਣ ਵਿੱਚ ਜੋ ਸਕੂਨ ਹੁੰਦਾ...ਉਹ ਇਹਨਾਂ ਰੰਗ-ਬਰੰਗੀਆਂ ਲਾਈਟਾਂ ਦੀ ਸੁੱਚ ਦੱਬਣ 'ਚ ਕਿੱਥੇ...", ਕਹਿ ਕੇ ਰਤਨੋ ਘਰ ਅੰਦਰ ਆ ਕੇ ਮਿੱਟੀ ਦੇ ਦੀਵਿਆਂ ਨੂੰ ਦੇਖ ਕੇ ਇਵੇਂ ਖੁਸ਼ ਹੋਈ ਜਿਵੇਂ ਕਿ ਪੂਰੀ ਦੁਨੀਆਂ ਦੀ ਅਮੀਰੀ ਉਸਦੇ ਕੱਚੇ ਜਿਹੇ ਵਿਹੜੇ 'ਚ ਆ ਢੁੱਕੀ ਹੋਵੇ।

***-ਸੁਖਵਿੰਦਰ ਕੌਰ 'ਹਰਿਆਓ'***
***ਉਭਾਵਾਲ, ਸੰਗਰੂਰ***

# ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

## ਪੁਰਖਿਆਂ ਦੇ ਦੇਸ਼ (3)

# ਪੰਜਾ ਸਾਹਿਬ ਵਿਖੇ ਨਤਮਸਤਕ ਹੁੰਦਿਆਂ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਐਤਵਾਰ ਦਾ ਦਿਨ। ਵਧੀਆ ਹਾਈਵੇਅ 'ਤੇ ਕਾਰ ਪੂਰੀ ਸਪੀਡ ਨਾਲ ਹਸਨ ਅਬਦਾਲ ਨੂੰ ਜਾ ਰਹੀ। ਹਾਈਵੇਅ 'ਤੇ ਕਾਰ, ਬੱਸ ਅਤੇ ਟਰੱਕ ਤੋਂ ਬਗੈਰ ਕਿਸੇ ਹੋਰ ਵਹੀਕਲ ਨੂੰ ਚੜ੍ਹਨ ਦੀ ਮਨਾਹੀ। ਵਿਦੇਸ਼ ਵਰਗੀ ਹਾਈਵੇਅ। ਆਲੇ-ਦੁਆਲੇ ਹਰੀਆਂ ਭਰੀਆਂ ਫਸਲਾਂ ਦਾ ਨਜ਼ਾਰਾ। ਬਰਸਾਤ ਦਾ ਸੁਹਾਵਣਾ ਮੌਸਮ। ਨਿੱਕੀਆਂ ਤੇ ਨਿੱਘੀਆਂ ਗੱਲਾਂ ਵਿਚ ਸੁਹਾਵਣੇ ਸਫ਼ਰ ਦਾ ਆਨੰਦ ਹੀ ਅਲੱਗ।

ਹਾਈਵੇਅ 'ਤੇ ਸਰਵਿਸ ਏਰੀਏ ਵਿਚ ਕੁਝ ਸਮੇਂ ਲਈ ਰੁਕਦੇ ਹਾਂ। ਚਾਹ ਦੀਆਂ ਚੁਸਕੀਆਂ ਭਰਦਿਆਂ, ਸਾਢੇ ਛੇ ਫੁੱਟ ਦਾ ਵਿਅਕਤੀ ਮੇਰੇ ਕੋਲ ਆ ਕੇ ਮੁਹੱਬਤ ਨਾਲ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ। ਕਿੱਤੇ ਵਜੋਂ ਆਰਕੀਟੈਕਟ। ਆਪਣੀਆਂ ਤਿੰਨ ਧੀਆਂ ਤੇ ਪਤਨੀ ਨਾਲ ਕਿਸੇ ਯੂਨੀਵਰਸਿਟੀ ਦੀ ਬਿਲਡਿੰਗ ਨੂੰ ਤਾਮੀਰ ਕਰਨ ਲਈ ਮੀਟਿੰਗ ਵਾਸਤੇ ਜਾ ਰਿਹਾ ਸੀ। ਦੱਸਦਾ ਹੈ ਕਿ ਪਾਕਿਸਤਾਨ ਵਿਚ ਬਹੁਤ ਸਾਰੇ ਗੁਰਦੁਆਰੇ ਉਸ ਵਲੋਂ ਹੀ ਡਿਜ਼ਾਇਨ ਕੀਤੇ ਗਏ। ਕਈ ਗੁਰੂ ਘਰਾਂ ਵਲੋਂ ਉਸਨੂੰ ਸਰੋਪੇ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮਿਲਣਸਾਰ ਸ਼ਖਸ ਨਾਲ ਨਫ਼ੀਸੀ ਦੇ ਕੁਝ ਪਲ ਗੁਜ਼ਾਰ ਅਤੇ ਫੋਟੋ ਖਿਚਵਾ ਅਗਲੇ ਸਫ਼ਰ 'ਤੇ ਤੁਰ ਪੈਂਦੇ ਹਾਂ। ਮੈਦਾਨੀ ਇਲਾਕੇ ਤੋਂ ਬਾਅਦ ਨਿੱਕੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਨੇ। ਕਣੀਆਂ ਦੀ ਲੁੱਕਣਮੀਟੀ ਵਿਚ ਅਸੀਂ



ਇਸਲਾਮਾਬਾਦ ਲੰਘ ਕੇ, ਰਾਵਲਪਿੰਡੀ ਦੇ ਨੇੜਲੇ ਹਾਈਵੇਅ ਨੂੰ ਛੱਡ ਕੇ ਲੋਕਲ ਰੋਡ ਲੈਂਦੇ ਹਾਂ ਅਤੇ ਪੰਜਾ ਸਾਹਿਬ ਗੁਰਦੁਆਰੇ ਪਹੁੰਚ ਜਾਂਦੇ ਹਾਂ।

ਗੁਰਦੁਆਰੇ ਅੰਦਰ ਦਾਖਲ ਹੋਣ ਲੱਗਦੇ ਹਾਂ ਤਾਂ ਬਾਹਰ ਖੜ੍ਹਾ ਮੁਸਲਮਾਨ ਚੌਕੀਦਾਰ ਕਹਿੰਦਾ ਹੈ ਕਿ ਤੁਸੀਂ ਗੁਰਦੁਆਰੇ ਦੇ ਅੰਦਰ ਜਾ ਸਕਦੇ ਹੋ। ਪਰ ਤੁਹਾਡੇ ਨਾਲ ਇਹ ਦੋਵੇਂ ਮੁਸਲਮਾਨ (ਮੇਰਾ ਮਿੱਤਰ ਅਸ਼ਰਫ਼ ਸੁਹੇਲ ਅਤੇ ਉਸਦਾ ਸਹਿਕਰਮੀ ਮੁਹੰਮਦ ਇਰਫ਼ਾਨ ਜਿਸਦੀ ਕਾਰ ਦੀ ਸਵਾਰੀ ਅੱਜ-ਕੱਲ੍ਹ ਮਾਣ ਰਹੇ ਹਾਂ) ਅੰਦਰ ਨਹੀਂ ਜਾ ਸਕਦੇ। ਮੇਰੀ ਪਤਨੀ ਨੇ ਕਿਹਾ ਕਿ ਜੇ ਅਸੀਂ ਅੰਦਰ ਜਾਵਾਂਗੇ ਤਾਂ ਸਾਡੇ ਨਾਲ ਇਹ ਦੋਵੇਂ ਵੀ ਜਾਣਗੇ ਕਿਉਂਕਿ ਗੁਰੂਘਰ ਤਾਂ ਸਭ ਦਾ ਸਾਂਝਾ ਹੈ। ਉਹ ਛਿੱਥਾ ਜਿਹਾ ਹੋ ਕੇ ਸਾਨੂੰ ਅੰਦਰ ਜਾਣ ਦਿੰਦਾ ਹੈ। ਅੰਦਰ ਬੈਠੇ ਸਕਿਉਰਿਟੀ ਵਾਲਿਆਂ ਨੂੰ ਤਾਂ ਅਜਿਹਾ ਕੋਈ ਉਜਰ ਨਹੀਂ। ਇਸ ਗੁਰਦੁਆਰਾ ਸਾਹਿਬ ਵਿਚ ਸਿੱਖਾਂ ਨਾਲੋਂ ਵੀ ਜ਼ਿਆਦਾ ਮੁਸਲਮਾਨ ਨਤਮਸਤਕ ਹੁੰਦੇ ਨੇ ਕਿਉਂਕਿ ਉਨ੍ਹਾਂ ਲਈ ਸਾਰੇ ਗੁਰੂ ਪੀਰ ਸਾਂਝੇ ਹਨ। ਸਿਰਫ਼ ਕੁਝ ਮੁਤੱਸਬੀ ਲੋਕ ਨੇ ਜੋ ਅਜੇਹੀਆਂ ਵੰਡੀਆਂ ਪਾਉਣ ਲਈ ਮੌਕੇ ਦੀ ਬੇਲੋੜੀ ਤਲਾਸ਼ ਵਿਚ ਰਹਿੰਦੇ ਨੇ।

ਸਫ਼ਾਫ ਪਾਣੀ ਦੇ ਵਗਦੇ ਝਰਨੇ ਵਿਚ ਖੜ੍ਹ ਕੇ ਗੁਰੂ ਜੀ ਨੂੰ ਨਤਮਸਤਕ ਹੁੰਦਿਆਂ, ਉਪਰ ਨੂੰ ਨਿਗਾਹ ਗਈ ਤਾਂ ਸਾਹਮਣੇ ਉਹ ਪਹਾੜੀ ਨਜ਼ਰੀਂ ਪਈ ਜਿਥੇ ਪੀਰ ਵਲੀ ਕੰਧਾਰੀ ਦਾ ਡੇਰਾ ਸੀ। ਬਿਰਤੀ ਵਿਚ ਆਉਂਦਾ ਹੈ ਪਿਆਸ ਨਾਲ ਨਿਰਬਲ ਹੋਏ ਮਰਦਾਨੇ ਦਾ ਵਲੀ ਕੰਧਾਰੀ ਕੋਲੋਂ ਪਾਣੀ ਲੈਣ ਲਈ ਤਰਲਾ ਕਰਨਾ ਅਤੇ ਉਸਦੇ ਕੋਰੇ ਜਵਾਬ ਤੋਂ ਨਿਰਾਸ਼ ਹੋਏ ਬਾਬਾ ਨਾਨਕ ਕੋਲ ਪਰਤਣਾ। ਕਿਹੋ ਜਿਹੀ ਹੋਵੇਗੀ ਮਰਦਾਨੇ ਦੀ ਮਨੋਦਿਸ਼ਾ? ਬਾਬਾ ਨਾਨਕ ਦੇ ਮਨ ਵਿਚ ਵਲੀ ਕੰਧਾਰੀ ਬਾਰੇ ਕੀ ਖਿਆਲ ਪੈਦਾ ਹੋਏ ਹੋਣਗੇ? ਕੇਹਾ ਆਲਮ ਹੋਵੇਗਾ ਜਦ ਬਾਬਾ ਨਾਨਕ ਨੇ ਪੱਥਰ ਨੂੰ ਹਟਾਇਆ, ਪਾਣੀ ਦਾ ਝਰਨਾ ਫੁੱਟਿਆ ਅਤੇ ਭਾਈ ਮਰਦਾਨੇ ਨੇ ਪਿਆਸ ਮਿਟਾਈ? ਹੋ ਸਕਦਾ ਹੈ ਕਿ ਬਾਬਾ ਜੀ ਨੇ ਵਲੀ ਕੰਧਾਰੀ ਨਾਲ ਸੰਵਾਦ ਰਚਾਇਆ ਹੋਵੇ। ਤਰਕ ਨਾਲ ਮਨੁੱਖੀ ਬਿਰਤੀਆਂ ਦੀ ਉਚਮਤਾ ਰਾਹੀਂ ਖੁਦ ਨੂੰ ਖੁਦਾ ਦੇ ਕਰੀਬ ਕਰਨ ਦੀਆਂ ਜੁਗਤਾਂ 'ਤੇ ਵਿਚਾਰ ਚਰਚਾ ਕੀਤੀ ਹੋਵੇ। ਸੋਚਦਾ ਹਾਂ ਕਿ ਇਹ ਵਗ ਰਿਹਾ ਨਿਰਮਲ ਪਾਣੀ ਉਸ ਪਾਕੀਜ਼ ਸੋਚ ਦਾ ਨਿਰੰਤਰ ਵਹਾਅ ਹੀ ਹੈ ਜੋ ਇਸ ਗੁਰਦੁਆਰੇ ਦੇ ਚੌਗਿਰਦੇ ਵਿਚ ਪਿਛਲੇ ਪੰਜ ਸੌ ਸਾਲਾਂ ਤੋਂ ਵਗ ਰਿਹਾ ਹੈ। ਇਹ ਪਾਣੀ ਸਰੋਵਰ ਅਤੇ ਗੁਰਦੁਆਰੇ ਦੀ ਪਰਿਕਰਮਾ ਕਰ, ਹਸਨ ਅਬਦਾਲ ਦੇ ਖੇਤਾਂ ਨੂੰ ਸਿੰਜਦਾ, ਭੜੋਲਿਆਂ ਨੂੰ ਭਰ ਕੇ, ਇਸਦੀ ਸਮੁੱਚੀ ਫ਼ਿਜ਼ਾ ਵਿਚ ਸੁਪਨਸ਼ੀਲ ਜ਼ਿੰਦਗੀ ਦਾ ਸਿਰਨਾਵਾਂ ਹਰੇਕ ਵਾਸੀ ਦੇ ਨਾਮ ਕਰਦਾ ਹੈ। ਇਹ ਪਾਣੀ ਹੀ ਹੈ ਜਿਸਦੀ ਅੰਮ੍ਰਿਤ-ਚੁਲ਼ੀ ਨਾਲ ਅਸੀਂ ਆਪਣੀ ਅੰਦਰਲੀ ਗੰਦਗੀ ਨੂੰ ਧੋ ਕੇ ਸੁੱਚਮਤਾ ਦਾ ਸੁੱਚਾ ਹਰਫ਼ ਬਣ ਸਕਦੇ ਹਾਂ।

ਝਰਨੇ ਦਾ ਇਹ ਵਗਦਾ ਪਾਣੀ ਵਲੀ ਕੰਧਾਰੀ ਲਈ ਇਹ ਸੂਖ਼ਮ ਸੁਨੇਹੇ ਵੀ ਸੀ ਕਿ ਪਾਣੀ ਸਭਨਾਂ ਦਾ ਸਾਂਝਾ ਹੈ। ਪਾਣੀ ਤਾਂ ਜੀਵਨ ਹੈ। ਸਾਰੇ ਧਰਮ ਹੀ ਜੀਵਨ ਦਾਨ ਨੂੰ ਸਭ ਤੋਂ ਵੱਧ ਮਹੱਤਤਾ ਦਿੰਦੇ ਨੇ। ਇਸੇ ਕਰਕੇ ਹੀ ਸਭ ਧਰਮਾਂ ਦੇ ਲੋਕ ਇਸ ਅਸਥਾਨ 'ਤੇ ਅਕੀਦਤ ਕਰਦੇ, ਇਸਦੀ ਇਬਾਦਤ ਨਾਲ ਖੁਦ ਨੂੰ ਪਾਕ ਕਰਦੇ, ਆਉਣ ਵਾਲੇ ਪਲਾਂ ਦੀ ਸੁਖਨਤਾ ਅਤੇ ਸਕੂਨਤਾ ਲਈ ਅਰਦਾਸ ਵੀ ਕਰਦੇ ਅਤੇ ਦੁਆਵਾਂ ਵੀ ਮੰਗਦੇ।

ਗੁਰਦੁਆਰਾ ਕੰਪਲੈਕਸ ਦੇ ਕੇਂਦਰ ਵਿਚ ਗੁਰਦੁਆਰੇ ਦੀ ਸ਼ਾਨਾਮੱਤੀ ਇਮਾਰਤ। ਆਲੇ-ਦੁਆਲੇ ਸਰਾਵਾਂ। ਇਕ ਪਾਸੇ ਤਲਾਅ ਜਿਸ ਵਿਚ ਬੱਚੇ ਨਹਾ ਰਹੇ ਸਨ। ਪਰ ਮਨ ਮਾਯੂਸ ਹੋਇਆ ਕਿ ਇਸਦੀ ਪਰਿਕਰਮਾ ਵਿਚ ਸ਼ਰਧਾਲੂ ਆਮ ਹੀ ਜੁੱਤੀਆਂ ਪਾਈ ਫਿਰਦੇ ਸਨ। ਸਿਰਫ਼ ਗੁਰਦੁਆਰੇ ਵਿਚ ਮੱਥਾ ਟੇਕਣ ਲੱਗਿਆਂ, ਪਰਿਕਰਮਾ ਵਿਚ ਹੀ ਜੁੱਤੀਆਂ ਉਤਾਰਦੇ ਨੇ। ਗੁਰਦੁਆਰੇ ਦੀ ਪਵਿੱਤਰਤਾ ਅਤੇ ਰਹਿਤ-ਮਰਿਆਦਾ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਦੀ ਲੋੜ ਹੈ।

ਪਖ਼ਤੂਨ ਇਲਾਕਾ ਹੋਣ ਕਾਰਨ ਜ਼ਿਆਦਾਤਰ ਵਾਸੀ ਪਸ਼ਤੋ ਬੋਲਦੇ ਨੇ। ਇਥੋਂ ਦਾ ਮੁੱਖ ਗਰੰਥੀ ਸੁਹਿਰਦ ਨੌਜਵਾਨ ਹੈ। ਦੱਸਦਾ ਸੀ ਕਿ ਹਸਨ ਅਬਦਾਲ ਵਿਚ 100 ਕੁ ਸਿੱਖ ਪਰਿਵਾਰ ਰਹਿੰਦੇ ਹਨ। ਇਥੋਂ ਦੇ ਬੱਚਿਆਂ ਨੂੰ ਪੰਜਾਬੀ ਰਾਹੀਂ ਗੁਰੂ ਗਰੰਥ ਨਾਲ ਜੋੜਨ ਲਈ ਗੁਰਦੁਆਰੇ ਵਿਚ ਹੀ ਪੰਜਾਬੀ ਸਿਖਾਈ ਜਾਂਦੀ ਹੈ। ਇਥੋਂ ਦੀ ਸਿੱਖ ਸੰਗਤ ਵਲੋਂ ਆਪਣੇ ਤੌਰ 'ਤੇ ਨਿਰੰਤਰ ਲੰਗਰ ਚਲਾਇਆ ਜਾਂਦਾ ਹੈ।

ਸਕੂਲਾਂ ਵਿਚ ਛੁੱਟੀਆਂ ਹੋਣ ਕਾਰਨ ਇਸ ਗੁਰਦੁਆਰੇ ਵਿਚ ਬਹੁਤ ਸਾਰੇ ਸਿੰਧੀ ਪਰਿਵਾਰ ਆਏ ਹੋਏ ਸਨ ਜੋ ਪੰਜਾਬੀ ਬੋਲਦੇ ਸਨ, ਭਾਵੇਂ ਕਿ ਉਨ੍ਹਾਂ ਦੇ ਲਹਿਜ਼ੇ ਵਿਚ ਸਿੰਧੀ ਝਲਕਦੀ ਸੀ। ਸਿੰਧੀ ਲੋਕ ਬਹੁਤ ਹੀ ਸੱਚੇ-ਸੁੱਚੇ ਸਿੱਖ ਸ਼ਰਧਾਲੂ ਹਨ।

ਇਸਦੀ ਪਰਿਕਰਮਾ ਕਰਦਿਆਂ ਮਨ ਵਿਚ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਇਸ ਜਗਾਹ 'ਤੇ ਬਿਰਾਜਮਾਨ ਹੋ ਕੇ ਸੰਗਤ ਨੂੰ ਸੰਬੋਧਨ ਕਰਦੇ ਹੋਣਗੇ ਤਾਂ ਉਨ੍ਹਾਂ ਦੇ ਮੁੱਖ ਤੋਂ ਝਰਦਾ ਨੂਰ ਇਸ ਚੌਗਿਰਦੇ ਨੂੰ ਜਗਮਗਾਉਂਦਾ ਹੋਵੇਗਾ। ਨੂਰ ਵਿਚ ਭਿੱਜਾ ਹੋਇਆ ਸਮੁੱਚਾ ਹਸਨ ਅਬਦਾਲ ਉਨ੍ਹਾਂ ਦੀਆਂ ਰਹਿਮਤਾਂ ਅਤੇ ਗੁਰ-ਬੋਲਾਂ ਦਾ ਮੁਰੀਦ ਹੋਇਆ, ਆਪੇ ਆਪ ਨੂੰ ਧੰਨਭਾਗਾ ਸਮਝਦਾ ਹੋਵੇਗਾ। ਬਾਬਾ ਜੀ ਸਾਰਿਆਂ ਲਈ ਰੱਬ ਦਾ ਰੂਪ ਬਣੇ, ਸਭਨਾਂ ਦੀਆਂ ਮੁਰਾਦਾਂ ਦੀ ਪੂਰਤੀ ਲਈ ਅਰਦਾਸ ਕਰਦੇ ਹੋਣਗੇ। ਉਨ੍ਹਾਂ ਨੂੰ ਭਰਮਾਂ ਅਤੇ ਵਹਿਮਾਂ ਤੋਂ ਦੂਰ ਕਰ, ਸੱਚੇ ਸੁੱਚੇ ਜੀਵਨ ਜਿਉਣ ਲਈ ਪ੍ਰੇਰਿਤ ਕਰਦੇ ਹੋਣਗੇ ਕਿਉਂਕਿ ਬਾਬਾ ਜੀ ਦੀ ਫ਼ਿਲਾਸਫ਼ੀ ਹੀ ਇਹ ਸੀ ਕਿ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਇਹ ਸੋਚਦਿਆਂ ਹੀ ਅਸੀਂ ਲੰਗਰ ਛਕਣ ਲਈ ਲੰਗਰ ਹਾਲ ਵਿਚ ਗਏ। ਹਰ ਭੁੱਖੇ-ਪਿਆਸੇ ਲਈ ਲੰਗਰ ਦੀ ਰੀਤ ਬਾਬਾ ਨਾਨਕ ਵਲੋਂ ਹੀ ਵੀਹ ਰੁਪਇਆਂ ਨਾਲ ਸ਼ੁਰੂ ਕੀਤੀ ਕੇਹੀ ਪਿਰਤ ਸੀ ਕਿ ਸਮੁੱਚੀ ਦੁਨੀਆਂ ਵਿਚ ਇਸ ਕਰਮ-ਕੀਰਤੀ ਨੇ ਨਾਮਣਾ ਖੱਟਿਆ ਹੈ। ਲੰਗਰ ਹੁਣ ਗੁਰੂਘਰ ਦੀ ਪਛਾਣ ਅਤੇ ਇਸਦੀ ਪ੍ਰਮੁੱਖਤਾ ਹੈ।

ਲੰਗਰ ਹਾਲ ਵਿਚ ਸਾਹਮਣੇ ਵੱਡ ਅਕਾਰੀ ਪੰਜਾ ਸਾਹਿਬ ਦੇ ਸਾਕੇ ਦੀ ਤਸਵੀਰ ਨਜ਼ਰੀਂ ਪਈ। ਕਿਤਾਬਾਂ ਵਿਚ ਪੜ੍ਹਿਆ 'ਪੰਜਾ ਸਾਹਿਬ ਦਾ ਸਾਕਾ' ਅਤੇ ਸ. ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਅੱਖਾਂ ਸਾਹਵੇਂ ਸਾਖ਼ਸ਼ਾਤ ਹੋ ਗਈ।

ਯਾਦ ਆਇਆ ਕਿ ਜੈਤੋ ਦੇ ਮੋਰਚੇ ਵਿਚ ਸੂਬੇਦਾਰ ਅਮਰ ਸਿੰਘ ਧਾਲੀਵਾਲ (ਜੋ ਪਿੰਡ ਧਾਲੀਵਾਲ ਬੇਟ, ਜ਼ਿਲ੍ਹਾ ਕਪੂਰਥਲਾ ਦਾ ਵਾਸੀ ਸੀ। ਇਹ ਪਿੰਡ ਮੇਰੇ ਪਿੰਡ ਦੇ ਕੋਲ ਹੀ ਹੈ ਅਤੇ ਮੈਂ ਦਸਵੀਂ ਧਾਲੀਵਾਲ ਬੇਟ ਤੋਂ ਕੀਤੀ ਸੀ) ਦੀ ਅਗਵਾਈ ਵਿਚ ਗ੍ਰਿਫ਼ਤਾਰ ਹੋਏ ਸਾਥੀਆਂ ਨੂੰ ਅੰਮ੍ਰਿਤਸਰ ਤੋਂ ਅਟਕ ਦੀ ਜੇਲ੍ਹ ਵਿਚ ਰੇਲਗੱਡੀ ਰਾਹੀਂ ਭੇਜਿਆ ਜਾ ਰਿਹਾ ਸੀ। ਰੇਲਗੱਡੀ ਦੇ ਮੁਸਲਮਾਨ ਡਰਾਈਵਰ ਨੂੰ ਸਖ਼ਤ ਹਦਾਇਤ ਸੀ ਕਿ ਰਾਹ ਵਿਚ ਰੇਲਗੱਡੀ ਨੂੰ ਕਿੱਧਰੇ ਵੀ ਨਹੀਂ ਰੋਕਣਾ। ਜਦ ਪੰਜਾ ਸਾਹਿਬ ਦੀ ਸੰਗਤ ਨੂੰ ਇਸਦੀ ਜਾਣਕਾਰੀ ਮਿਲੀ ਕਿ ਭੁੱਖੇ ਪਿਆਸੇ ਸਿੱਖ ਕੈਦੀਆਂ ਨੂੰ ਲੈ ਕੇ ਰੇਲਗੱਡੀ ਪੰਜਾ ਸਾਹਿਬ ਦੇ ਸਟੇਸ਼ਨ ਤੋਂ ਲੰਘੇਗੀ ਤਾਂ ਉਨ੍ਹਾਂ ਨੇ ਗੁਰੂ ਅੱਗੇ ਅਰਦਾਸ ਕੀਤੀ ਕਿ ਅਕਾਲ ਪੁਰਖ ਭੁੱਖੇ ਪਿਆਸੇ ਸਿੱਖਾਂ ਨੂੰ ਲੰਗਰ ਛਕਾਉਣ ਦੀ ਹਿੰਮਤ ਬਖਸ਼ੇ। ਸਾਰਿਆਂ ਨੇ ਸਾਂਝੇ ਰੂਪ ਵਿਚ ਗੁਰਮਤਾ ਪਕਾਇਆ ਕਿ ਉਨ੍ਹਾਂ ਦੀਆਂ ਲਾਸ਼ਾਂ ਤੋਂ ਹੀ ਰੇਲਗੱਡੀ ਲੰਘ ਸਕਦੀ ਹੈ। 31 ਅਕਤੂਬਰ 1922 ਨੂੰ ਗੱਡੀ ਨੇ ਸਵੇਰੇ ਅੱਠ ਵਜੇ ਪੰਜਾ ਸਾਹਿਬ ਸਟੇਸ਼ਨ ਤੋਂ ਲੰਘਣਾ ਸੀ। ਪੰਜਾ ਸਾਹਿਬ ਸਟੇਸ਼ਨ ਦੇ ਹਿੰਦੂ ਸਟੇਸ਼ਨ-ਮਾਸਟਰ ਨੂੰ ਸਖਤ ਹੁਕਮ ਸੀ ਕਿ ਰੇਲਗੱਡੀ ਨੂੰ ਰੁਕਣ ਨਹੀਂ ਦੇਣਾ। 300 ਦੇ ਕਰੀਬ ਸਿੱਖ ਸੰਗਤ ਰੇਲ ਦੀ ਪਟੜੀ 'ਤੇ ਬਹਿ ਗਈ ਅਤੇ ਗੁਰਬਾਣੀ ਦਾ ਜਾਪ ਕਰਨ ਲੱਗੀ। ਸੱਭ ਤੋਂ ਮੂਹਰੇ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਬੈਠੇ ਸਨ। ਯਾਦ ਰਹੇ ਕਿ ਭਾਈ ਕਰਮ ਸਿੰਘ ਕੇਸਗੜ੍ਹ ਦੇ ਮਹੰਤ ਭਗਵਾਨ ਦਾਸ ਦਾ ਪੁੱਤਰ ਸੀ ਜਿਸਨੇ ਗੁਰਦੁਆਰਾ ਮੋਰਚਾ ਤੋਂ ਪਹਿਲਾਂ ਹੀ ਕੇਸਗੜ੍ਹ ਤਖਤ ਨੂੰ ਛੱਡ ਕੇ ਸਿੱਖਾਂ ਦੇ ਹਵਾਲੇ ਕਰ ਦਿਤਾ ਸੀ। ਸਾਰੇ ਮਹੰਤ, ਮਹੰਤ ਨਰੈਣ ਦਾਸ ਵਰਗੇ ਨਹੀਂ ਸਨ। ਕੁਝ ਤਾਂ ਗੁਰੂ ਦੇ ਸੱਚੇ ਸਿੱਖ ਸਨ ਜਿਨ੍ਹਾਂ ਵਿਚ ਮਹੰਤ ਭਗਵਾਨ ਦਾਸ ਦਾ ਨਾਮ ਆਉਂਦਾ ਹੈ।

ਚੀਕਾਂ ਮਾਰਦੀ ਗੱਡੀ ਆਈ ਅਤੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੂੰ ਕੁਚਲ ਕੇ ਅਤੇ ਕਈਆਂ ਨੂੰ ਗੰਭੀਰ ਜ਼ਖ਼ਮੀ ਕਰਨ ਤੋਂ ਬਾਅਦ ਰੁਕ ਗਈ। ਇਹ ਸੀ ਸਿੱਖਾਂ ਦੀ ਆਸਥਾ ਦਾ ਕ੍ਰਿਸ਼ਮਾ। ਆਪਣੇ ਗੁਰੂ 'ਤੇ ਸੁੱਚੀ ਸੁੱਚੀ ਨਿਸ਼ਠਾ ਦਾ ਪ੍ਰਤੱਖ ਪਰਮਾਣ ਕਿ ਹਨੇਰੀ ਵਾਂਗ ਆਉਂਦੀ ਰੇਲ ਨੂੰ ਨਿਹੱਥੇ ਸਿੱਖ ਰੋਕ ਵੀ ਸਕਦੇ ਨੇ। ਅਜੇਹੀ ਕਰਾਮਾਤ ਸਿਰਫ਼ ਸਿੱਖਾਂ ਦੇ ਹੀ ਹਿੱਸੇ ਆਈ ਕਿ ਗੁਰੂ ਦੇ ਜਾਪ ਨਾਲ ਕੁਝ ਵੀ ਅਸੰਭਵ ਨਹੀਂ। ਰੇਲ ਦੇ ਰੁਕਣ ਤੋਂ ਬਾਅਦ ਜਦ ਸੰਗਤ ਬਹੁਤ ਹੀ ਗੰਭੀਰ ਜ਼ਖ਼ਮੀਆਂ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੂੰ ਬਾਹਰ ਕੱਢਣ ਲੱਗੀ ਤਾਂ ਭਾਈ ਪ੍ਰਤਾਪ ਸਿੰਘ ਦਾ ਕਹਿਣਾ ਸੀ ਕਿ ਪਹਿਲਾਂ ਸਿੱਖ ਕੈਦੀਆਂ ਨੂੰ ਲੰਗਰ ਛਕਾਓ। ਕਿਧਰੇ ਅਜੇਹਾ ਨਾ ਹੋਵੇ ਸਾਡੇ ਬਾਹਰ ਨਿਕਲਣ 'ਤੇ ਰੇਲਗੱਡੀ ਚੱਲ ਪਵੇ ਅਤੇ ਇਹ ਕੈਦੀ ਭੁੱਖੇ ਪਿਆਸੇ ਹੀ ਰਹਿ ਜਾਣ। ਇਹ ਹੈ ਸਿੱਖੀ ਵਿਚ ਪ੍ਰਪੱਕ ਸਿੱਖ ਦਾ ਕਰਮ। ਡੇਢ ਘੰਟਾ ਰੇਲਗੱਡੀ ਰੁਕੀ ਰਹੀ ਅਤੇ ਸਾਰੇ ਕੈਦੀਆਂ ਨੂੰ ਲੰਗਰ ਛਕਾਉਣ ਤੋਂ ਬਾਅਦ ਹੀ ਰੇਲਗੱਡੀ ਨੂੰ ਜਾਣ ਦਿੱਤਾ ਗਿਆ। ਭਾਈ ਕਰਮ ਸਿੰਘ ਤਾਂ ਕੁਝ ਘੰਟਿਆਂ ਬਾਅਦ ਹੀ ਸ਼ਹੀਦ ਹੋ ਗਿਆ ਜਦ ਕਿ ਭਾਈ ਪ੍ਰਤਾਪ ਸਿੰਘ ਅਗਲੀ ਸਵੇਰ ਅੰਮ੍ਰਿਤ ਵੇਲੇ ਗੁਰ-ਚਰਨਾਂ ਵਿਚ ਜਾ ਬਿਰਾਜੇ।

ਮਨ 'ਚ ਆਇਆ ਕਿ ਅੰਗਰੇਜ਼ ਹਾਕਮ ਜ਼ਰੂਰ ਸੋਚਦੇ ਹੋਣਗੇ ਕਿ ਇਨ੍ਹਾਂ ਸਿੱਖਾਂ ਕੋਲ ਕਿਹੜੀ ਗੈਬੀ ਸ਼ਕਤੀ ਸੀ ਕਿ ਇਨ੍ਹਾਂ ਬੇਹੱਥਿਆਂ ਨੇ ਹੀ ਰੇਲਗੱਡੀ ਨੂੰ ਰੋਕ ਲਿਆ? ਇਥੋਂ ਤੀਕ ਕਿ ਜਦ ਰੇਲ ਦੇ ਡਰਾਈਵਰ ਦੀ ਇਨਕੁਆਰੀ ਹੋਈ ਤਾਂ ਪੁੱਛਿਆ ਗਿਆ ਕਿ ਉਸਨੇ ਰੇਲਗੱਡੀ ਕਿਉਂ ਰੋਕੀ? ਤਾਂ ਉਸਦਾ ਕਹਿਣਾ ਸੀ ਕਿ ਉਸਨੂੰ ਕੁਝ ਨਹੀਂ ਪਤਾ ਕਿ ਕੀ ਭਾਣਾ ਵਰਤਿਆ ਅਤੇ ਰੇਲਗੱਡੀ ਇਕਦਮ ਰੁਕ ਗਈ।

ਗੁਰਦੁਆਰੇ ਵਿਚੋਂ ਬਾਹਰ ਨਿਕਲਦਿਆਂ ਸੋਚਦਾ ਰਿਹਾ ਕਿ ਇਸ ਫਿਜ਼ਾ ਵਿਚ ਰੇਲ ਦੀ ਪਟੜੀ 'ਤੇ ਬੈਠੀ ਉਸ ਸਿੱਖ-ਸੰਗਤ ਦੀ ਗੁਰਬਾਣੀ ਦਾ ਜਾਪ ਹੁਣ ਵੀ ਜ਼ਰੂਰੀ ਸੁਣਾਈ ਦਿੰਦਾ ਹੋਵੇਗਾ



ਜਿਸ ਨਾਲ ਕਠੋਰ ਦਿਲ ਵੀ ਪੰਘਰ ਗਏ। ਡਰਾਈਵਰ ਨੇ ਪੱਟੜੀ 'ਤੇ ਅਹਿਲ ਬੈਠੇ ਸਿੱਖਾਂ ਦੀ ਨਿਡਰਤਾ ਨੂੰ ਮਨ ਹੀ ਮਨ ਸਲੂਟ ਜ਼ਰੂਰ ਮਾਰਿਆ ਹੋਵੇਗਾ। ਪੰਜਾ ਸਾਹਿਬ ਦੇ ਇਸ ਸਾਕੇ ਨੇ ਅੰਗਰੇਜ਼ ਹਾਕਮਾਂ ਦੀ ਦਰਿੰਦਗੀ ਦੇ ਨੰਗੇ ਨਾਚ ਨੂੰ ਬੇਅਸਰ ਅਤੇ ਬੇਪਰਦ ਕਰ ਦਿੱਤਾ। ਇਸ ਸਾਕੇ ਵਿਚ ਸਿੱਖ-ਸੰਗਤ ਦੀ ਸਿਰੜਤਾ, ਹਿੰਦੂ ਸਟੇਸ਼ਨ ਮਾਸਟਰ ਦੀ ਦਯਾ ਭਾਵਨਾ ਅਤੇ ਮੁਸਲਮਾਨ ਡਰਾਈਵਰ ਦੀ ਨੇਕਨੀਤੀ ਦੇ ਮੁਜੱਸਮੇ ਨੇ ਅੰਗਰੇਜ਼ੀ ਹੁਕਮਾਂ ਦੀ ਅਵੱਗਿਆ ਕਰ ਕੇ ਆਪੋ-ਆਪਣੇ ਦੀਨ-ਧਰਮ ਨੂੰ ਉਚਮਤਾ ਬਖਸ਼ੀ। ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਅਤੇ ਇਹ ਨੇੜਤਾ ਹੀ ਅਜੇਹੀ ਕਰਾਮਤ ਨੂੰ ਸਿਰਜਣ ਅਤੇ ਇਤਿਹਾਸ ਦਾ ਸੁਨਹਿਰੀ ਵਰਕਾ ਬਣਨ ਦੇ ਕਾਬਲ ਹੋਈ।

ਇਨ੍ਹਾਂ ਸੋਚਾਂ ਵਿਚ ਡੁੱਬੇ ਹੋਏ ਨੂੰ ਅਸ਼ਰਫ਼ ਸੁਹੇਲ ਹੁਰਾਂ ਨੇ ਹਲੂਣਦਿਆਂ ਕਿਹਾ ਕਿ ਆਓ ਕਾਰ ਵਿਚ ਬੈਠੋ। ਵਾਪਸ ਲਾਹੌਰ ਜਾਂਦਿਆਂ ਕਾਫ਼ੀ ਦੇਰ ਹੋ ਜਾਵੇਗੀ। ਅਤੇ ਅਸੀਂ ਲਾਹੌਰ ਦੇ ਰਾਹ ਤੁਰ ਪਏ। ਬੜਾ ਚੰਗਾ ਲੱਗਾ ਜਦ ਸਰਵਿਸ ਏਰੀਏ ਵਿਚ ਤਿੰਨ ਨਿੱਕੀਆਂ ਨਿੱਕੀਆਂ ਬੱਚੀਆਂ ਨੇ ਆਪਣੇ ਮਾਪਿਆਂ ਨੂੰ ਕਿਹਾ ਕਿ ਅਸੀਂ ਸਰਦਾਰ ਜੀ ਨਾਲ ਹੱਥ ਮਿਲਾਉਣਾ ਹੈ ਅਤੇ ਫੋਟੋ ਖਿਚਵਾਉਣੀ ਹੈ। ਅਜੇਹੀਆਂ ਪਿਆਰੀਆਂ ਬੱਚੀਆਂ ਨੂੰ ਮਿਲ ਕੇ ਅਤੇ ਫੋਟੋ ਖਿਚਵਾ ਕੇ, ਉਨ੍ਹਾਂ ਦੇ ਮੋਹ ਵਿਚ ਮਖ਼ਰੂਰ ਹੋਇਆ ਮੈਂ ਕਾਰ ਵਿਚ ਆ ਬੈਠਾ। ਸਾਰੇ ਰਾਹ ਪੰਜਾ ਸਾਹਿਬ ਬਾਰੇ ਹੀ ਗੱਲਾਂ ਹੁੰਦੀਆਂ ਰਹੀਆਂ। ਅਸੀਂ ਬਾਬਾ ਨਾਨਕ ਦੇ ਕ੍ਰਿਸ਼ਮੇ ਅਤੇ ਪੰਜਾ ਸਾਹਿਬ ਦੇ ਸਾਕੇ ਵਿਚ ਸਿੱਖ-ਸੰਗਤ ਦੇ ਕਰਾਮਾਤੀ ਤਲਿੱਸਮ ਵਿਚੋਂ ਬਾਹਰ ਨਾ ਨਿਕਲ ਸਕੇ। ਦਸ ਕੁ ਵਜੇ ਰਾਤ ਨੂੰ ਲਾਹੌਰ ਮੁੜ ਆਏ।

# 1965 ਵਾਲੀ ਜੰਗ ਦੇ ਮੈਦਾਨ ਦੀ ਕਥਾ

***ਪਤਾ ਲੱਗਾ ਕਿ ਲੜਾਈ ਜ਼ੋਰਾਂ 'ਤੇ ਹੈ। ਹੁਣ ਟਰੱਕਾਂ ਦੀ ਥਾਂ ਟੈਂਕ ਸਰਹੱਦ ਵੱਲ ਜਾਣ ਲੱਗੇ। ਸਾਰਾ ਕਾਫਲਾ ਰਾਤ ਨੂੰ ਬੱਤੀਆਂ ਬੁਝਾ ਕੇ ਚੱਲਦਾ। ਪਿੰਡਾਂ ਵਿਚ ਵੀ ਪੂਰੀ ਤਰ੍ਹਾਂ ਬਲੈਕ ਆਊਟ ਸੀ। ਲੋਕੀਂ ਦਿਨ ਵੇਲੇ ਰੋਟੀ ਪਾਣੀ ਪਕਾ ਕੇ ਵਿਹਲੇ ਹੋ ਜਾਂਦੇ ਸਨ; ਦੱਸਦੇ ਸਨ ਕਿ ਰਾਤ ਨੂੰ ਦੁਸ਼ਮਣ ਦੇਸ਼ ਦੇ ਜਹਾਜ਼ ਜਿੱਥੇ ਵੀ ਥੋੜ੍ਹੀ-ਬਹੁਤੀ ਰੌਸ਼ਨੀ ਦੇਖਦੇ ਸਨ, ਬੰਬ ਸੁੱਟ ਦਿੰਦੇ ਹਨ, ਇੱਥੋਂ ਤਕ ਕਿ ਜੇ ਕੋਈ ਸਿਗਰਟ ਪੀਵੇ ਤਾਂ ਵੀ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ।***

ਗੱਲ ਸਤੰਬਰ 1965 ਦੀ ਹੈ,ਪੰਜਵੀਂ ਜਮਾਤ ਵਿਚ ਪੜ੍ਹਦਾ ਸਾਂ। ਅਚਾਨਕ ਦੋ ਹਵਾਈ ਜਹਾਜ਼ ਲੰਘੇ, ਕੰਨ-ਪਾੜਵੀਂ ਆਵਾਜ਼। ਸਭ ਡਰ ਗਏ। ਇਸ ਤੋਂ ਪਹਿਲਾਂ ਇੰਨੇ ਨੀਵੇਂ ਜਹਾਜ਼ ਕਦੇ ਨਹੀਂ ਸਨ ਦੇਖੇ। ਕੋਈ ਕਹਿੰਦਾ ਆਪਣੇ ਹਨ, ਉਪਰ ਤਿਰੰਗਾ ਬਣਿਆ ਸੀ; ਕੋਈ ਕਹਿੰਦਾ ਸੀ ਦੁਸ਼ਮਣ ਦੇਸ਼ ਦੇ ਹਨ। ਉਦੋਂ ਅੱਜ ਵਾਂਗ ਸੋਸ਼ਲ ਮੀਡੀਆ ਨਹੀਂ ਸੀ। ਇੱਕਾ-ਦੁੱਕਾ ਬਜ਼ੁਰਗ ਉਰਦੂ ਅਖ਼ਬਾਰ ਪੜ੍ਹਦੇ ਸਨ। ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਉੱਡਦੀਆਂ। ਰਾਤ ਨੂੰ ਅਚਾਨਕ ਅੰਮ੍ਰਿਤਸਰ ਵਾਲੇ ਪਾਸਿਓਂ ਰੰਗ-ਬਿਰੰਗੇ ਰਾਕੇਟਾਂ ਵਰਗੇ ਪਟਾਕੇ ਆਸਮਾਨ ਵਿਚ ਚੱਲਣ ਲੱਗੇ। ਇਸ ਤੋਂ ਫੌਜੀਆਂ ਨੇ ਅੰਦਾਜ਼ਾ ਲਾਇਆ ਕਿ ਦੁਸ਼ਮਣ ਦੇਸ਼ ਦੇ ਹਵਾਈ ਜਹਾਜ਼ਾਂ ਨੂੰ ਡੇਗਣ ਵਾਲੀਆਂ ਗੰਨਾਂ ਫਾਇਰ ਕਰ ਰਹੀਆਂ ਹਨ। ਦਿਨ ਚੜ੍ਹਦੇ ਨੂੰ ਮਿਲਟਰੀ ਨਾਲ ਭਰੇ ਟਰੱਕ ਬਾਰਡਰ ਵੱਲ ਜਾ ਰਹੇ ਸਨ ਅਤੇ ਬਾਰਡਰ ਲਾਗਲੇ ਪਿੰਡਾਂ ਤੋਂ ਲੋਕ ਆਪਣਾ ਸਾਮਾਨ ਅਤੇ ਪਸ਼ੂ ਲੈ ਕੇ ਉਲਟ ਦਿਸ਼ਾ ਵੱਲ ਆ ਰਹੇ

**ਜਗਵੰਤ ਸਿੰਘ ਢਿੱਲੋਂ**
**ਫੋਨ: +91-99147-14496**

ਸਨ। ਪਿੰਡ ਦੇ ਬਜ਼ੁਰਗਾਂ ਨੇ ਦੱਸਿਆ ਕਿ ਜਦ ਪਾਕਿਸਤਾਨ ਬਣਿਆ ਸੀ ਤਾਂ ਇਸੇ ਤਰ੍ਹਾਂ ਕਾਫਲੇ ਗਏ ਸਨ।

ਸਾਡਾ ਸਕੂਲ ਘਰ ਤੋਂ ਪੰਜ ਕਿਲੋਮੀਟਰ ਸੀ। ਅਸੀਂ ਜਦ ਵੀ ਸਕੂਲ ਜਾਂਦੇ ਜਾਂ ਆਉਂਦੇ ਤਾਂ ਰਸਤੇ ਵਿਚ ਮਿਲਟਰੀ ਦੇ ਟਰੱਕ ਮਿਲਦੇ। ਅਸੀਂ ਜਦ ਵੀ ਕੋਈ ਫੌਜੀ ਟਰੱਕ ਦੇਖਦੇ, ਸਾਵਧਾਨ ਖੜ੍ਹੇ ਹੋ ਕੇ ਉੱਚੀ ਸਾਰੀ 'ਜੈ ਹਿੰਦ' ਆਖਦੇ, ਅੱਗਿਓਂ ਫੌਜ ਵਾਲੇ ਵੀ ਉਸੇ ਤਰ੍ਹਾਂ ਜਵਾਬ ਦਿੰਦੇ। ਸੜਕਾਂ ਉਪਰ ਲੋਕਾਂ ਨੇ ਫੌਜ ਵਾਸਤੇ ਲੰਗਰ ਲਗਾ ਰੱਖੇ ਸਨ; ਭਾਵੇਂ ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਰੇਡੀਓ 'ਤੇ ਅੰਨ ਬਚਾਉਣ ਲਈ ਲੋਕਾਂ ਨੂੰ ਮੰਗਲਵਾਰ ਵਰਤ ਰੱਖਣ ਦੀ ਸਲਾਹ ਦਿੱਤੀ ਸੀ।

ਫਿਰ ਪਤਾ ਲੱਗਾ ਕਿ ਲੜਾਈ ਜ਼ੋਰਾਂ 'ਤੇ ਹੈ। ਹੁਣ ਟਰੱਕਾਂ ਦੀ ਥਾਂ ਟੈਂਕ ਸਰਹੱਦ ਵੱਲ ਜਾਣ ਲੱਗੇ। ਸਾਰਾ ਕਾਫਲਾ ਰਾਤ ਨੂੰ ਬੱਤੀਆਂ ਬੁਝਾ ਕੇ ਚੱਲਦਾ। ਪਿੰਡਾਂ ਵਿਚ ਵੀ ਪੂਰੀ ਤਰ੍ਹਾਂ ਬਲੈਕ ਆਊਟ ਸੀ। ਲੋਕੀਂ ਦਿਨ ਵੇਲੇ ਰੋਟੀ ਪਾਣੀ ਪਕਾ ਕੇ ਵਿਹਲੇ ਹੋ ਜਾਂਦੇ ਸਨ; ਦੱਸਦੇ ਸਨ ਕਿ ਰਾਤ ਨੂੰ ਦੁਸ਼ਮਣ ਦੇਸ਼ ਦੇ ਜਹਾਜ਼ ਜਿੱਥੇ ਵੀ ਥੋੜ੍ਹੀ-ਬਹੁਤੀ ਰੌਸ਼ਨੀ ਦੇਖਦੇ ਸਨ, ਬੰਬ ਸੁੱਟ ਦਿੰਦੇ ਹਨ, ਇੱਥੋਂ ਤਕ ਕਿ ਜੇ ਕੋਈ ਸਿਗਰਟ ਪੀਵੇ ਤਾਂ ਵੀ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ। ਇੱਕ ਰਾਤ ਜਦ ਟੈਂਕ ਸਰਹੱਦ ਵੱਲ ਜਾ ਰਹੇ ਸਨ ਤਾਂ ਇਕ ਟੈਂਕ ਹਨੇਰੇ ਵਿਚ ਸੜਕ ਤੋਂ ਥੱਲੇ ਉਤਰ ਗਿਆ ਤੇ ਡੂੰਘਾ ਧਸ ਗਿਆ, ਉਸ ਦੀ ਰਖਵਾਲੀ ਵਾਸਤੇ ਚਾਰ ਫੌਜੀ ਮੋਰਚਾ ਪੁੱਟ ਕੇ ਉਪਰ ਜਾਲ ਪਾ ਕੇ ਉਸ ਦੀ ਰਾਖੀ ਕਰਦੇ ਸਨ। ਅਸੀਂ ਲੜਾਈ ਦੀਆਂ ਖ਼ਬਰਾਂ ਸੁਣਨ ਵਾਸਤੇ ਉਨ੍ਹਾਂ ਫੌਜੀਆਂ ਦਾ ਰੋਟੀ-ਪਾਣੀ ਲਿਜਾਂਦੇ ਸਾਂ ਜੋ ਸਾਡੇ ਚੰਗੇ ਵਾਕਫ ਬਣ ਚੁੱਕੇ ਸਨ।

ਰੇਡੀਓ ਲਾਹੌਰ ਬੜਾ ਸਾਫ ਸੁਣਦਾ ਸੀ। ਜਦ ਰੇਡੀਓ 'ਤੇ ਪਾਕਿਸਤਾਨ ਦਾ ਮਸ਼ਹੂਰ ਅਨਾਊਂਸਰ ਨਿਜ਼ਾਮਦੀਨ ਆਪਣੀਆਂ ਫੌਜਾਂ ਅੰਮ੍ਰਿਤਸਰ ਨੇੜੇ ਪਹੁੰਚਣ ਦੀਆਂ ਖ਼ਬਰਾਂ ਸੁਣਾਉਂਦਾ ਤਾਂ ਅਸੀਂ ਝਟ-ਪਟ ਉਨ੍ਹਾਂ ਟੈਂਕ ਵਾਲੇ ਫੌਜੀਆਂ ਪਾਸ ਆ ਜਾਂਦੇ। ਉਹ ਸਾਨੂੰ ਹੌਸਲਾ ਦਿੰਦੇ ਕਿ ਸਾਡੀਆਂ ਫੌਜਾਂ ਤਾਂ ਲਾਹੌਰ ਲਾਗੇ ਪਹੁੰਚ ਚੁੱਕੀਆਂ ਹਨ। ਲਾਹੌਰ ਸਿੱਧਾ ਤੋਪਾਂ ਦੀ ਮਾਰ ਥੱਲੇ ਹੈ ਪਰ ਸਾਡੀ ਸਰਕਾਰ ਆਮ ਲੋਕਾਂ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੀ, ਇਸ ਲਈ ਲਾਹੌਰ ਦੇ ਲੋਕਾਂ ਨੂੰ ਦੋ ਦਿਨ ਦੇ ਅੰਦਰ ਸ਼ਹਿਰ ਖਾਲੀ ਕਰਨ ਲਈ ਕਹਿ ਦਿੱਤਾ ਹੈ। ਅਸੀਂ ਬਾਲ ਖ਼ੁਸ਼ ਹੋ ਜਾਂਦੇ। ਜਦ ਲੜਾਈ ਸ਼ੁਰੂ ਹੋਈ ਸੀ ਤਾਂ ਸਾਡਾ ਪਿੰਡ ਸਰਹੱਦ ਦੇ ਨੇੜੇ ਹੋਣ ਕਰ ਕੇ ਰਾਤ ਨੂੰ ਗੋਲੀਆਂ ਦੀ ਆਵਾਜ਼ ਸੁਣਦੀ ਸੀ ਪਰ ਮਕਾਨਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਰਾਤ ਦਿਨ ਹੀ ਖੜ-ਖੜ ਕਰਦੇ ਸਨ। ਕੁਝ ਦਿਨਾਂ ਬਾਅਦ ਖੜ-ਖੜ ਬੰਦ ਹੋ ਗਈ ਤਾਂ ਪਤਾ ਲੱਗਾ ਸਾਡੀਆਂ ਫੌਜਾਂ ਕਾਫੀ ਅੱਗੇ ਵਧ ਗਈਆਂ ਹਨ।

ਪਾਕਿਸਤਾਨ ਦੇ ਸਰਹੱਦ ਨਾਲ ਲੱਗਦੇ ਪਿੰਡ ਭਡਾਣਾ, ਘਵਿੰਡ ਬਰਕੀਆਂ, ਜਾਮਣ, ਘਣੀਏਕੇ, ਕਿਲਾ, ਧੀਰ ਕੇ, ਘੁਰਕੀ, ਕੋਹਰੀਆ ਆਦਿ ਭਾਰਤੀ ਫੌਜ ਦੇ ਕਬਜ਼ੇ ਵਿਚ ਆ ਚੁੱਕੇ ਸਨ। ਇਸ ਲਈ ਅਸੀਂ ਨਿਸ਼ਚਿੰਤ ਹੋ ਗਏ ਸਾਂ ਪਰ ਅਚਾਨਕ ਇੱਕ ਰਾਤ ਦੱਖਣ ਵਾਲੇ ਪਾਸੇ ਤੋਂ ਤੋਪਾਂ ਦੇ ਗੋਲੇ ਚੱਲਣ ਅਤੇ ਦਰਵਾਜ਼ੇ ਖੜਕਣ ਦੀ ਆਵਾਜ਼ ਦੁਬਾਰਾ ਆਉਣੀ ਸ਼ੁਰੂ ਹੋ ਗਈ। ਇਸੇ ਤਰ੍ਹਾਂ ਰਾਤਾਂ ਨੂੰ ਗੋਲੀਆਂ ਚੱਲਣ ਦੀ ਆਵਾਜ਼ ਆਉਂਦੀ। ਫਿਰ ਪਤਾ ਲੱਗਾ ਕਿ ਪਾਕਿਸਤਾਨੀ ਫੌਜ ਖੇਮਕਰਨ ਵਾਲੇ ਪਾਸੇ ਤੋਂ ਅੱਗੇ ਵਧ ਰਹੀ ਹੈ ਅਤੇ ਆਸਲ ਭੂਰੇ, ਕਲਸ਼, ਮਹਿਦੀਪੁਰ, ਚੀਮੇ ਆਦਿ ਪਿੰਡ ਦੁਸ਼ਮਣ ਦੇ ਕਬਜ਼ੇ ਵਿਚ ਆ ਚੁੱਕੇ ਹਨ। ਸ਼ਰੀਕੇ ਵਿਚੋਂ ਸਾਡਾ ਇੱਕ ਚਾਚਾ ਜੋ ਪਹਿਲਾਂ ਫੌਜ 'ਚੋਂ ਪੈਨਸ਼ਨ ਆਇਆ ਸੀ, ਰਾਤ ਨੂੰ ਰੇਡੀਓ ਤੋਂ ਬੀ.ਬੀ.ਸੀ. ਸੁਣਦਾ ਸੀ। ਉਹ ਦਿਨ ਵੇਲੇ ਦੋ ਚਾਰ ਸਾਬਕਾ ਫੌਜੀਆਂ ਨੂੰ ਨਾਲ ਲੈ ਕੇ ਪਿੰਡਾਂ ਵਿਚ ਘੁੰਮਦਾ ਅਤੇ ਲੋਕਾਂ ਨੂੰ ਹੌਸਲਾ ਦਿੰਦਾ ਸੀ ਕਿ ਸਾਡੀ ਫੌਜ ਕੋਲ ਵਧੀਆ ਹਥਿਆਰ ਹਨ। ਉਹ ਇਹ ਵੀ ਦੱਸਦਾ ਕਿ ਫੌਜ ਕਿੰਨਾ ਇਲਾਕਾ ਜਿੱਤ ਚੁੱਕੀ ਹੈ ਅਤੇ ਨਾਲ ਹੀ ਰਾਤ ਨੂੰ ਬਲੈਕ ਆਊਟ ਰੱਖਣ ਤੇ ਮੋਰਚੇ ਪੁੱਟਣ ਦੀ ਤਕਨੀਕ ਦੱਸਦਾ ਅਤੇ ਉਲੰਘਣਾ ਕਰਨ ਵਾਲੇ ਨੂੰ ਤਾੜਨਾ ਵੀ ਕਰਦਾ ਸੀ। ਜਦ ਲੋਕ ਉਸ ਨੂੰ ਖੇਮਕਰਨ ਬਾਰੇ ਪੁੱਛਦੇ ਤਾਂ ਉਹ ਗੱਲ ਟਾਲ ਜਾਂਦਾ। ਜੇ ਕੋਈ ਬਹੁਤਾ ਖਹਿੜੇ ਪੈਂਦਾ ਤਾਂ ਉਹ ਦੋ ਦਿਨ ਠਹਿਰਨ ਲਈ ਕਹਿੰਦਾ।



*ਤਬਾਹ ਕੀਤੇ ਪੈਟਨ ਟੈਂਕਾਂ ਕੋਲੋਂ ਲੰਘ ਰਿਹਾ ਇਕ ਭਾਰਤੀ ਫੌਜੀ।*

ਜਦ ਸਾਡੇ ਬਜ਼ੁਰਗਾਂ ਨੂੰ ਪਤਾ ਲੱਗਾ ਕਿ ਪਾਕਿਸਤਾਨੀ ਫੌਜ ਅਮਰਕੋਟ ਤੱਕ ਪਹੁੰਚ ਗਈ ਹੈ ਤਾਂ ਇੱਕ ਦਿਨ ਸਾਰੇ ਇਕੱਠੇ ਹੋ ਕੇ ਸੂਬੇਦਾਰ ਦੇ ਘਰ ਪਹੁੰਚ ਗਏ ਅਤੇ ਉਸ ਨੂੰ ਮਖੌਲ ਨਾਲ ਕਹਿਣ ਲੱਗੇ, "ਸੂਬੇਦਾਰ ਸਾਬ੍ਹ, ਹੁਣ ਦੱਸੋ ਮੋਰਚੇ ਪੁੱਟੀਏ ਕਿ ਸਾਮਾਨ ਬੰਨ੍ਹੀਏ?" ਇੱਕ ਹੋਰ ਕਹਿਣ ਲੱਗਾ, "ਹੁਣ ਤੁਸੀਂ ਕੋਈ ਹੀਲਾ ਕਰੋ।" ਸੂਬੇਦਾਰ ਨੇ ਬੜੀ ਨਮੋਸ਼ੀ ਮੰਨੀ। ਫਿਰ ਵੀ ਉਸ ਨੇ ਸਾਰਿਆਂ ਦੇ ਬੈਠਣ ਵਾਸਤੇ ਮੰਜੇ ਡਾਹ ਦਿੱਤੇ ਅਤੇ ਆਪਣੀ ਘਰਵਾਲੀ ਨੂੰ ਚਾਹ ਧਰਨ ਲਈ ਕਿਹਾ, ਆਪ ਤਿਆਰ ਹੋਣ ਲੱਗਾ। ਤਿਆਰ ਹੋ ਕੇ ਬਾਹਰ ਆਇਆ ਤੇ ਕਹਿਣ ਲੱਗਾ, "ਮੈਨੂੰ ਪਤਾ ਜਿਹੜਾ ਉਲ੍ਹਾਮਾ ਦੇਣ ਤੁਸੀਂ ਆਏ ਹੋ ਪਰ ਤੁਹਾਨੂੰ ਇੰਨਾ ਪਤਾ ਹੋਣਾ ਚਾਹੀਦੈ, ਅਫਵਾਹਾਂ ਸਿਰਫ ਅਫਵਾਹਾਂ ਹੁੰਦੀਆਂ ਹਨ ਅਤੇ ਅਜਿਹੇ ਮੌਕੇ ਹੌਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਜੇ ਤੁਸੀਂ ਸਾਮਾਨ ਬੰਨ੍ਹ ਕੇ ਸੜਕਾਂ 'ਤੇ ਨਿਕਲ ਪਏ ਤਾਂ ਅਜਿਹੇ ਭੀੜ-ਭੜੱਕੇ ਵਿਚ ਫੌਜ ਦੀਆਂ ਗੱਡੀਆਂ ਨੂੰ ਕਿੰਨੀ ਮੁਸ਼ਕਿਲ ਆਵੇਗੀ? ਇਹ ਤਾਂ ਦੁਸ਼ਮਣ ਦਾ ਸਾਥ ਦੇਣ ਵਾਲੀ ਗੱਲ ਹੋਈ ਨਾ। ਜਦ ਕੋਈ ਸਿਵਲ ਇਲਾਕਾ ਖ਼ਾਲੀ ਕਰਾਉਣਾ ਹੋਵੇ, ਫੌਜ ਜਾਂ ਪੁਲਿਸ ਪਿੰਡ ਵਿਚ ਆ ਕੇ ਆਪ ਇਤਲਾਹ ਕਰਦੀ ਹੈ। ਤੁਸੀਂ ਨਿਸ਼ਚਿੰਤ ਹੋ ਜਾਓ, ਬਾਕੀ ਜੀ ਆਇਆਂ ਨੂੰ, ਆਓ ਆਪਾਂ ਬੈਠ ਕੇ ਸਲਾਹ ਕਰਦੇ ਹਾਂ।"

ਫਿਰ ਆਪ ਹੀ ਕਹਿਣ ਲੱਗਾ, "ਤੁਸੀਂ ਕਰਦੇ ਹੋ ਦੋ ਦਿਨ ਪੁਰਾਣੀ ਗੱਲ। ਲੜਾਈ ਵਿਚ ਤਾਂ ਰਾਤੋ-ਰਾਤ ਪਾਸਾ ਪਲਟ ਜਾਂਦੈ। ਠੀਕ ਹੈ, ਪਾਕਿਸਤਾਨ ਨੇ ਢਾਈ ਤਿੰਨ ਸੌ ਪੈਟਨ ਟੈਂਕਾਂ ਨਾਲ ਖੇਮਕਰਨ ਵਾਲੇ ਪਾਸੇ ਤੋਂ ਹਮਲਾ ਕੀਤਾ ਸੀ। ਉਸ ਨੂੰ ਅਮਰੀਕਾ ਦੀ ਸ਼ਹਿ ਸੀ ਕਿ ਇਸ ਟੈਂਕ ਦਾ ਇੰਡੀਆ ਕੋਲ ਕੋਈ ਤੋੜ ਨਹੀਂ। ਉਨ੍ਹਾਂ ਦੀ ਸਕੀਮ ਸੀ ਖੇਮਕਰਨ ਤੋਂ ਹਰੀਕੇ ਤੱਕ, ਬਿਆਸ ਦਰਿਆ ਦੇ ਨਾਲ ਅੱਗੇ ਵਧਣ ਦੀ। ਇਹ ਵੀ ਠੀਕ ਹੈ ਕਿ ਉਹ ਕੁਝ ਅੱਗੇ ਵਧ ਵੀ ਆਏ ਸਨ। ਤੁਹਾਡੇ ਵਿਚੋਂ ਕਿਸੇ ਨੇ ਪੈਟਨ ਟੈਂਕ ਚਲਦਿਆਂ ਦੇਖਿਆ?" ਸੂਬੇਦਾਰ ਨੇ ਸਾਰਿਆਂ 'ਤੇ ਨਜ਼ਰ ਮਾਰੀ ਪਰ ਕਿਸੇ ਨੇ ਹਾਂ ਨਾ ਕੀਤੀ। "ਆਓ, ਤੁਹਾਨੂੰ ਮੈਂ ਦੱਸਦਾਂ। ਪਾਕਿਸਤਾਨ ਨੂੰ ਮਾਣ ਸੀ ਪੈਟਨ ਟੈਂਕਾਂ 'ਤੇ। ਇੱਕ ਟੈਂਕ ਬਣਾਉਣ 'ਤੇ ਓਨਾ ਲੋਹਾ ਲੱਗਦੈ, ਜਿੰਨੇ ਲੋਹੇ ਨਾਲ ਹਜ਼ਾਰ ਟਰੈਕਟਰ ਬਣਦਾ। ਇਹ ਨਾ ਤਾਂ ਪੈਂਚਰ ਹੁੰਦੈ, ਨਾ ਹੀ ਇਸ 'ਤੇ ਕੋਈ ਗੋਲੀ ਜਾਂ ਬੰਬ ਅਸਰ ਕਰਦੈ ਕਿਉਂਕਿ ਇਸ ਦੇ ਘੇਰੇ ਡੇਢ ਤੋਂ ਦੋ ਫੁੱਟੀ ਮੋਟੀ ਲੋਹੇ ਦੀ ਚਾਦਰ ਤਿੰਨ ਪਰਤਾਂ ਵਿਚ ਹੁੰਦੀ ਹੈ। ਇਸੇ ਤਰੀਕੇ ਇਸ ਦੇ ਪਹੀਏ 'ਤੇ ਚੇਨ ਹੁੰਦੀ ਹੈ। ਇਸ ਨੂੰ ਚਲਾਉਣ ਵਾਲਾ ਆਪਣੇ-ਆਪ ਨੂੰ ਸੁਰੱਖਿਅਤ ਸਮਝਦਾ ਹੈ। ਸਾਡੇ ਜਵਾਨਾਂ ਪਾਸ ਇਸ ਨੂੰ ਰੋਕਣ ਦਾ ਇਕੋ-ਇੱਕ ਤਰੀਕਾ ਸੀ ਕਿ ਚਲਦੇ ਟੈਂਕ ਦੀ ਚੇਨ ਵਿਚ ਬੰਬ ਰੱਖਣਾ ਜਿਸ ਨਾਲ ਚੈਨ ਉਸ ਥਾਂ ਤੋਂ ਉੱਡ ਜਾਂਦੀ ਸੀ ਅਤੇ ਟੈਂਕ ਇੱਕ ਥਾਂ ਰੁਕ ਜਾਂਦਾ ਸੀ ਪਰ ਇਹ ਵੀ ਬੜਾ ਜੋਖ਼ਮ ਵਾਲਾ ਕੰਮ ਸੀ ਕਿਉਂਕਿ ਟੈਂਕ 'ਤੇ ਜਿੱਥੇ ਤੋਪ ਫਿੱਟ ਹੁੰਦੀ ਹੈ, ਉੱਥੇ ਨਾਲ ਹੀ ਗੰਨ ਵੀ ਫਿੱਟ ਹੁੰਦੀ ਹੈ ਜੋ ਕਿਸੇ ਨੂੰ ਟੈਂਕ ਦੇ ਨੇੜੇ ਨਹੀਂ ਫਟਕਣ ਦਿੰਦੀ ਅਤੇ ਜੇ ਚੇਨ ਉੱਡ ਵੀ ਜਾਵੇ ਤਾਂ ਟੈਂਕ ਨਾਲ ਟੈਂਕ ਮਕੈਨਿਕ ਹੁੰਦੇ ਹਨ ਜੋ ਚੇਨ ਜਾਂ ਤਾਂ ਠੀਕ ਕਰ ਦਿੰਦੇ ਹਨ ਜਾਂ ਬਦਲ ਦਿੰਦੇ ਹਨ। ਇਉਂ ਬੰਬ ਨਾਲ ਚੇਨ ਉਡਾਉਣ ਵਾਲਾ ਕੰਮ ਬਹੁਤਾ ਕਾਰਗਰ ਨਹੀਂ। ਇਕ ਤਾਂ ਚੇਨ ਲੋਹੇ ਦੀ ਮੋਟੀ ਚਾਦਰ ਨਾਲ ਢਕੀ ਹੁੰਦੀ ਹੈ, ਦੂਸਰਾ ਬੰਬ ਰੱਖਣ ਵਾਲਾ ਜਵਾਨ ਕਈ ਵਾਰ ਆਪ ਵੀ ਦਰੜਿਆ ਜਾਂਦਾ ਹੈ। ਸੋ, ਇਸ ਦਾ ਰਾਹ ਰੋਕਦੀ ਹੈ ਐਂਟੀ-ਟੈਂਕ ਗੰਨ ਜੋ ਜੀਪ 'ਤੇ ਵੀ ਫਿੱਟ ਹੁੰਦੀ ਹੈ ਅਤੇ ਟੈਂਕ ਉਪਰ ਵੀ ਤੇ ਮੋਰਚੇ 'ਤੇ ਵੀ ਫਿੱਟ ਕੀਤੀ ਜਾ ਸਕਦੀ ਹੈ। ਇਸ ਵਿਚ ਚੱਲਣ ਵਾਲਾ ਗੋਲਾ ਰੂਸ ਵਿਚ ਬਣਦਾ ਹੈ, ਬਸ ਇਹ ਗੋਲਾ ਬਾਰੂਦ ਪਹੁੰਚਣ ਵਿਚ ਕੁਝ ਦੇਰੀ ਹੋ ਗਈ। ਜਿਉਂ ਹੀ ਇਹ ਗੰਨਾਂ ਤੇ ਗੋਲੇ ਪਹੁੰਚੇ, ਨਾਲ ਹੀ ਪੈਦਲ ਸਿੱਖ ਇਨਫੈਂਟਰੀ ਪਹੁੰਚ ਗਈ। ਫਿਰ ਤਾਂ ਨਜ਼ਾਰਾ ਦੇਖਣ ਵਾਲਾ ਸੀ, ਉੱਧਰ ਇੱਕ ਫੌਜੀ ਅਫਸਰ ਨੇ ਅਮਰਕੋਟ ਦੇ ਗੁਰਦੁਆਰੇ ਤੋਂ ਅਜਿਹਾ ਜੋਸ਼ੀਲਾ ਭਾਸ਼ਣ ਦਿੱਤਾ ਕਿ ਆਸ-ਪਾਸ ਦੇ ਪਿੰਡਾਂ ਦੇ ਲੋਕ ਰਵਾਇਤੀ ਹਥਿਆਰਾਂ ਨਾਲ ਫੌਜ ਦੇ ਨਾਲ ਹੋ ਗਏ।...

... ਹੁਣ ਮੈਂ ਤੁਹਾਨੂੰ ਤਫਸੀਲ ਨਾਲ ਦੱਸਦਾਂ, ਇਸ ਐਂਟੀ-ਟੈਂਕ ਗੰਨ ਨੇ ਕਿਸ ਤਰ੍ਹਾਂ ਸਾਨੂੰ ਜਿੱਤ ਦਿਵਾਈ। ਇਸ ਗੰਨ ਵਿਚ ਪੈਣ ਵਾਲੇ ਗੋਲੇ ਦੇ ਤਿੰਨ ਹਿੱਸੇ ਹੁੰਦੇ ਹਨ। ਇਸ ਦੇ ਅਗਲੇ ਹਿੱਸੇ 'ਤੇ ਭਾਰੀ ਚੁੰਬਕ ਲੱਗੀ ਹੁੰਦੀ ਹੈ ਜਿਸ ਨਾਲ ਗੋਲਾ ਟੈਂਕ ਵੱਲ ਖਿੱਚਿਆ ਜਾਂਦਾ ਹੈ ਜਾਂ ਕਹਿ ਲਓ ਸਿੱਧਾ ਟੈਂਕ ਨੂੰ ਵੱਜਦਾ ਹੈ। ਫਿਰ ਇਸ ਵਿਚਲਾ ਵਰਮਾ ਚੱਲ ਪੈਂਦਾ ਹੈ ਜੋ ਲੋਹੇ ਦੀਆਂ ਚਾਦਰਾਂ ਵਿਚ ਡੇਢ ਤੋਂ ਦੋ ਫੁੱਟ ਤੱਕ ਛੇਕ ਕਰ ਦਿੰਦਾ ਹੈ, ਫਿਰ ਫਟਦਾ ਹੈ ਗੋਲਾ ਜਿਸ ਨਾਲ ਟੈਂਕ ਤਿੰਨ ਤੋਂ ਚਾਰ ਫੁੱਟ ਹਵਾ ਵਿਚ ਉਛਲ ਜਾਂਦਾ ਹੈ ਅਤੇ ਸਵਾਹ ਦਾ ਢੇਰ ਬਣ ਜਾਂਦਾ ਹੈ। ਜੇ ਕਿਤੇ ਇਹ ਗੋਲਾ ਚਾਲਕ ਲਾਗੇ ਫਟ ਜਾਵੇ ਤਾਂ ਚਾਲਕ ਅੱਗ ਦਾ ਭਾਂਬੜ ਬਣ ਕੇ ਅੱਠ ਤੋਂ ਦਸ ਫੁੱਟ ਹਵਾ ਵਿਚ ਉਛਲ ਜਾਂਦਾ ਹੈ, ਉੱਧਰ ਪੈਟਰੋਲ ਨੂੰ ਅੱਗ ਲੱਗ ਜਾਂਦੀ ਹੈ ਅਤੇ ਚਾਲਕ ਸੜ ਕੇ ਰਾਖ ਹੋ ਜਾਂਦਾ ਹੈ।...

***ਰੇਡੀਓ ਲਾਹੌਰ ਬੜਾ ਸਾਫ ਸੁਣਦਾ ਸੀ। ਜਦ ਰੇਡੀਓ 'ਤੇ ਪਾਕਿਸਤਾਨ ਦਾ ਮਸ਼ਹੂਰ ਅਨਾਊਂਸਰ ਨਿਜ਼ਾਮਦੀਨ ਆਪਣੀਆਂ ਫੌਜਾਂ ਅੰਮ੍ਰਿਤਸਰ ਨੇੜੇ ਪਹੁੰਚਣ ਦੀਆਂ ਖ਼ਬਰਾਂ ਸੁਣਾਉਂਦਾ ਤਾਂ ਅਸੀਂ ਝਟ-ਪਟ ਉਨ੍ਹਾਂ ਟੈਂਕ ਵਾਲੇ ਫੌਜੀਆਂ ਪਾਸ ਆ ਜਾਂਦੇ। ਉਹ ਸਾਨੂੰ ਹੌਸਲਾ ਦਿੰਦੇ ਕਿ ਸਾਡੀਆਂ ਫੌਜਾਂ ਤਾਂ ਲਾਹੌਰ ਲਾਗੇ ਪਹੁੰਚ ਚੁੱਕੀਆਂ ਹਨ।***


... ਇਹ ਸਕੀਮ ਬੜੀ ਕਾਰਗਰ ਸਿੱਧ ਹੋਈ ਕਿਉਂਕਿ ਦੁਸ਼ਮਣ ਦੇਸ਼ ਦੇ ਸਿਪਾਹੀ ਅੱਗ ਵਿਚ ਸੜਨ ਨੂੰ ਬਦਸ਼ਗਨੀ ਸਮਝਦੇ ਹਨ, ਉਨ੍ਹਾਂ ਦਾ ਮੰਨਣਾ ਕਿ ਅੱਗ ਵਿਚ ਸੜਨ ਨਾਲ ਜੰਨਤ ਨਸੀਬ ਨਹੀਂ ਹੁੰਦੀ। ਜਦ ਅਗਲੀ ਲਾਈਨ ਦੇ ਸਾਰੇ ਟੈਂਕ ਤਬਾਹ ਹੋ ਗਏ ਤਾਂ ਉਨ੍ਹਾਂ ਨੂੰ ਸੁਰਤ ਆਈ ਕਿ ਅੰਨ੍ਹੇਵਾਹ ਧੁਸ ਦੇਣਾ ਕੋਈ ਅਕਲਮੰਦੀ ਨਹੀਂ ਅਤੇ ਉਹ ਟਰੈਪ ਵਿਚ ਫਸ ਚੁੱਕੇ ਸਨ। ਉਨ੍ਹਾਂ ਨੂੰ ਤਿੰਨਾਂ ਪਾਸਿਓਂ ਮਾਰ ਪੈ ਰਹੀ ਸੀ। ਇੱਕ ਤਾਂ ਮੋਰਚੇ ਵਾਲੇ ਜਵਾਨ ਮੋਰਚੇ ਤੋਂ ਐਂਟੀ-ਟੈਂਕ ਗੰਨ ਚਲਾ ਰਹੇ ਸਨ; ਇੱਕ ਪਾਸੇ ਤੋਂ ਅਬਦੁਲ ਹਮੀਦ ਵਾਲੀ ਕੰਪਨੀ ਜੀਪਾਂ ਤੇ ਟੈਂਕਾਂ ਉਪਰ ਫਿੱਟ ਗੰਨਾਂ ਨਾਲ ਗੋਲੇ ਸੁੱਟ ਰਹੇ ਸਨ। ਅਬਦੁਲ ਹਮੀਦ ਵਾਲੀ ਗੰਨ ਜੋ ਜੀਪ ਉਪਰ ਫਿੱਟ ਸੀ, ਉਸ ਇਕੱਲੇ ਨੇ ਅੱਗੇ ਵਧ ਕੇ ਛੇ ਟੈਂਕ ਤਬਾਹ ਕਰ ਦਿੱਤੇ ਅਤੇ ਸ਼ਹੀਦੀ ਪਾ ਗਿਆ। ਉਸ ਦੇ ਸ਼ਹੀਦ ਹੋਣ ਨਾਲ ਜਵਾਨਾਂ ਵਿਚ ਇੰਨਾ ਜੋਸ਼ ਫੈਲ ਗਿਆ ਕਿ ਸਾਡੇ ਜਵਾਨ ਹੱਥ ਨਾਲ ਗੋਲਾ ਫੜ ਕੇ ਟੈਂਕ ਉਪਰ ਚੜ੍ਹ ਜਾਂਦੇ ਅਤੇ ਚਾਲਕ ਵਾਲੀ ਥਾਂ 'ਤੇ ਗੋਲਾ ਸੁੱਟ ਦਿੰਦੇ। ਰਹਿੰਦੀ-ਖੂੰਹਦੀ ਕਸਰ ਏਅਰ ਫੋਰਸ ਨੇ ਪੂਰੀ ਕਰ ਦਿੱਤੀ। ਜਦ ਅੱਧੇ ਤੋਂ ਵੱਧ ਟੈਂਕ ਮਲਬੇ ਦਾ ਢੇਰ ਬਣ ਗਏ ਅਤੇ ਕਈ ਅਜੇ ਧੁਖ਼ ਰਹੇ ਸਨ ਤਾਂ ਇਹ ਸੀਨ ਦੇਖ ਕੇ ਉਹ ਟੈਂਕਾਂ ਸਣੇ ਪਿਛਾਂਹ ਨੂੰ ਭੱਜਣ ਲੱਗੇ ਪਰ ਉਨ੍ਹਾਂ ਨੂੰ ਕੀ ਪਤਾ ਸੀ, ਪਿੱਛੇ ਵੀ ਮੌਤ ਖੜ੍ਹੀ ਹੈ। ਹਾਂ ਸੱਚ, ਇਕ ਗੱਲ ਮੈਂ ਭੁੱਲ ਗਿਆ, ਉਦੋਂ ਯਾਦ ਜੇ ਨਾ ਜਦ ਫੌਜ ਅਤੇ ਪੁਲਿਸ ਨੇ ਆਪਾਂ ਨੂੰ ਨਹਿਰੀ ਪਾਣੀ ਵਰਤਣ ਤੋਂ ਰੋਕ ਦਿੱਤਾ ਸੀ ਜਦੋਂਕਿ ਨਹਿਰ ਪੂਰੀ ਤਰ੍ਹਾਂ ਫੁਲ ਵਗ ਰਹੀ ਸੀ? ਇਹ ਹੁੰਦੀਆਂ ਹਨ ਮਿਲਟਰੀ ਅਫਸਰਾਂ ਦੀਆਂ ਸਕੀਮਾਂ। ਹੁਣ ਤੁਸਾਂ ਪੁੱਛਣਾ ਏ ਕਿ ਜਦ ਅਮਰਕੋਟ ਤੋਂ ਖੇਮਕਰਨ ਤੱਕ ਦੁਸ਼ਮਣ ਪਿਛਾਂਹ ਹਟ ਗਿਆ ਤਾਂ ਖੇਮਕਰਨ ਵਾਪਸ ਕਿਉਂ ਨਹੀਂ ਲਿਆ। ਇਹ ਵੀ ਟਰੈਪ ਦਾ ਹਿੱਸਾ ਸੀ, ਜਦ ਦੁਸ਼ਮਣ ਚੱਲਦੇ ਟੈਂਕ ਛੱਡ ਕੇ ਪਿਛਾਂਹ ਨੂੰ ਭੱਜਿਆ ਤੇ ਪਿਛਲੇ ਟੈਂਕ ਵੀ ਵਾਪਸ ਮੁੜਨ ਲੱਗੇ ਜਦੋਂਕਿ ਸਾਡੇ ਅਫਸਰਾਂ ਦੀ ਸਕੀਮ ਸੀ, ਪਈ ਸਾਰੇ ਦੇ ਸਾਰੇ ਟੈਂਕ ਤਬਾਹ ਕਰ ਦੇਣੇ ਹਨ ਜਾਂ ਚਾਲੂ ਹਾਲਤ ਵਿਚ ਕਬਜ਼ੇ ਵਿਚ ਲੈਣੇ ਹਨ ਤਾਂ ਜੋ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਤਾਹੀਓਂ ਤਾਂ ਕਹਿੰਦੇ ਹਨ ਲੜਾਈ ਵਿਚ ਸਭ ਜਾਇਜ਼ ਹੈ ਜਾਂ ਦੂਜੇ ਸ਼ਬਦਾਂ ਵਿਚ ਤੁਹਾਡਾ ਸਿਰ ਤੁਹਾਡੀਆਂ ਜੁੱਤੀਆਂ। ਇਹ ਨਹਿਰ ਜੋ ਆਪਣੇ ਕੋਲੋਂ ਲੰਘਦੀ ਹੈ ਜਿਸ ਨੂੰ ਆਪਾਂ ਕਸੂਰ ਬਰਾਂਚ ਆਖਦੇ ਹਾਂ, ਇਸ ਨਹਿਰ ਨੇ ਬੜਾ ਸਾਥ ਦਿੱਤਾ। ਜਦ ਦੁਸ਼ਮਣ ਦੇ ਟੈਂਕ ਅਮਰਕੋਟ ਲਾਗੇ ਪਹੁੰਚੇ ਤਾਂ ਪਿੱਛੋਂ ਇਸ ਨਹਿਰ ਦਾ ਪਾਣੀ ਛੱਡ ਦਿੱਤਾ ਗਿਆ, ਉਹ ਵੀ ਰਾਤ ਦੇ ਹਨੇਰੇ ਵਿਚ, ਦਿਨ ਚੜ੍ਹਦੇ ਨੂੰ ਹਰ ਪਾਸੇ ਪਾਣੀ ਹੀ ਪਾਣੀ ਸੀ, ਉਹ ਵੀ ਤਿੰਨ ਤੋਂ ਚਾਰ ਫੁੱਟ ਤੱਕ ਜਿਸ ਨਾਲ ਦਲ-ਦਲ ਬਣ ਗਈ। ਆਮ ਤੌਰ 'ਤੇ ਟੈਂਕ ਮਾੜਾ ਮੋਟਾ ਖਾਲ ਜਾਂ ਸੂਆ ਟੱਪ ਜਾਂਦਾ ਹੈ ਪਰ ਚਿੱਕੜ ਵਿਚੋਂ ਨਿਕਲਣਾ ਕਾਫੀ ਔਖਾ ਹੈ। ਇਸ ਲਈ ਪਿਛਾਂਹ ਮੁੜਦੇ ਟੈਂਕ ਖੇਮਕਰਨ ਲਾਗੇ ਚਿੱਕੜ ਵਿਚ ਫਸ ਗਏ। ਫਿਰ ਇੱਕੋ-ਇੱਕ ਰਸਤਾ ਸੀ, ਚੱਲਦੇ ਟੈਂਕ ਛੱਡ ਕੇ ਹੱਥ ਖੜ੍ਹੇ ਕਰਨਾ ਜਾਂ ਪਿਛਾਂਹ ਨੂੰ ਭੱਜਣਾ। ਫਿਰ ਸਪੀਕਰ ਰਾਹੀਂ ਅਨਾਊਂਸਮੈਂਟ ਕੀਤੀ ਗਈ ਗਈ ਕਿ ਜੋ ਵੀ ਆਪਣੀ ਜਾਨ ਦੀ ਸਲਾਮਤੀ ਚਾਹੁੰਦਾ ਹੈ, ਹੱਥ ਖੜ੍ਹੇ ਕਰ ਕੇ ਟੈਂਕ 'ਚੋਂ ਬਾਹਰ ਆ ਜਾਵੇ, ਨਾਲ ਹੀ ਦੱਸਿਆ ਗਿਆ- ਤੁਸੀਂ ਚਾਰੇ ਪਾਸੇ ਤੋਂ ਘਿਰ ਚੁੱਕੇ ਹੋ ਅਤੇ ਹੱਥੇ ਖੜ੍ਹੇ ਕਰਨ ਤੋਂ ਬਿਨਾ ਤੁਹਾਡੇ ਕੋਲ ਹੋਰ ਕੋਈ ਚਾਰਾ ਨਹੀਂ। ਇਸ ਤਰ੍ਹਾਂ ਉਨ੍ਹਾਂ ਚਾਲੂ ਹਾਲਤ ਵਿਚ ਟੈਂਕ ਸਾਡੀ ਫੌਜ ਦੇ ਹਵਾਲੇ ਕਰ ਦਿੱਤੇ, ਹੁਣ ਸੁਣਿਆ ਹੈ ਕਿ ਕਿਸੇ ਤਰੀਕੇ ਨਾਲ ਇਹ ਸਾਰੇ ਟੈਂਕ ਇਕੱਠੇ ਕਰ ਕੇ ਭਿੱਖੀਵਿੰਡ ਨੁਮਾਇਸ਼ ਲਗਾਉਣੀ ਹੈ।"

ਇਸ ਦੇ ਨਾਲ ਹੀ ਸੂਬੇਦਾਰ ਇਹ ਵੀ ਦੱਸ ਬੈਠਾ ਕਿ ਖੇਮਕਰਨ ਵਿਚ ਦੁਸ਼ਮਣ ਦੇਸ਼ ਦੇ ਲੋਕਾਂ ਨੇ ਬਹੁਤ ਲੁੱਟ-ਮਾਰ ਕੀਤੀ ਹੈ, ਘਰਾਂ ਦਾ ਸਾਮਾਨ ਤਾਂ ਇੱਕ ਪਾਸੇ, ਕਈ ਘਰਾਂ ਦੀਆਂ ਛੱਤਾਂ ਵੀ ਉਧੇੜ ਕੇ ਲੈ ਗਏ ਸਨ। ਲੋਕਾਂ 'ਤੇ ਇਸ ਗੱਲ ਦਾ ਬੜਾ ਉਲਟ ਅਸਰ ਹੋਇਆ ਤੇ ਉਨ੍ਹਾਂ ਨੇ ਰਲ ਕੇ ਟੋਲਾ ਬਣਾ ਲਿਆ ਅਤੇ ਸੂਬੇਦਾਰ ਨੂੰ ਦੱਸੇ ਬਿਨਾ ਹੀ ਭਾਰਤੀ ਫੌਜ ਵੱਲੋਂ ਕਬਜ਼ੇ ਵਿਚ ਲਏ ਪਿੰਡਾਂ ਵਿਚ ਲੁੱਟ-ਮਾਰ ਜਾਂ ਬਚਿਆ ਖੁਚਿਆ ਸਮਾਨ ਵਾਪਸ ਲਿਆਉਣ ਦਾ ਮਨ ਬਣਾ ਲਿਆ। ਖੌਰੇ ਕੋਈ ਕੀਮਤੀ ਚੀਜ਼ ਹੱਥ ਲੱਗ ਜਾਵੇ ਪਰ ਤਿੰਨ ਚਾਰ ਦਿਨ ਖੱਜਲ-ਖੁਆਰ ਹੋਣ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਉਧਰ ਤਾਂ ਆਪਣੇ ਤੋਂ ਵੀ ਵੱਧ ਭੁੱਖ-ਨੰਗ ਹੈ। ਸਾਰੇ ਪਿੰਡ ਕੱਚੇ ਹਨ, ਉਪਰ ਕਾਨਿਆਂ ਵਾਲੀਆਂ ਨੀਵੀਆਂ ਛੱਤਾਂ ਹਨ, ਬਿਜਲੀ ਦਾ ਕਿਧਰੇ ਨਾਂ ਨਿਸ਼ਾਨ ਨਹੀਂ, ਘਰਾਂ ਵਿਚ ਖਾਲੀ ਟਰੰਕ ਤੇ ਇੱਕਾ-ਦੁੱਕਾ ਸਿਲਵਰ ਦੇ ਭਾਂਡੇ ਖਿਲਰੇ ਪਏ ਹਨ ਪਰ ਇੱਕ ਪਿੰਡ ਵਿਚ ਬਹੁਤ ਵੱਡੀ ਨਾਨਕਸ਼ਾਹੀ ਇੱਟਾਂ ਨਾਲ ਬਣੀ ਹਵੇਲੀ ਪੱਕੀ ਹੈ ਜਿਸ ਨੂੰ ਫੌਜ ਨੇ ਕਬਜ਼ੇ ਵਿਚ ਕਰ ਰੱਖਿਆ ਹੈ। ਫੌਜ ਤੋਂ ਪਤਾ ਲੱਗਾ ਕਿ ਵੰਡ ਤੋਂ ਪਹਿਲਾਂ ਜਵਾਲਾ ਸਿੰਘ ਨਾਂ ਦੇ ਕਿਸੇ ਸਰਦਾਰ ਨੇ ਇਹ ਹਵੇਲੀ ਬਣਾਈ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ। ਹੁਣ ਇਸ ਹਵੇਲੀ ਵਿਚ ਸਿਵਲ ਕੈਦੀ ਸਨ ਜਿਨ੍ਹਾਂ ਵਿਚ ਕੁਝ ਬਜ਼ੁਰਗ ਔਰਤਾਂ ਤੇ ਮਰਦ ਸਨ, ਕੁਝ ਬੱਚੇ ਸਨ; ਇਨ੍ਹਾਂ ਦੀ ਗਿਣਤੀ ਦੋ ਸੌ ਦੇ ਕਰੀਬ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਇਨ੍ਹਾਂ ਦੀ ਦੇਖ-ਭਾਲ ਅਤੇ ਗਿਣਤੀ-ਮਿਣਤੀ ਵਾਸਤੇ ਇਨ੍ਹਾਂ ਵਿਚੋਂ ਹੀ ਇੱਕ ਸੇਠ ਖ਼ੁਦਾ ਬਖ਼ਸ਼ ਨਾਂ ਦਾ ਵਿਅਕਤੀ ਕਰ ਰਿਹਾ ਸੀ। ਉਸ ਨੇ ਆਪ ਹੀ ਦੱਸਿਆ ਕਿ ਉਸ ਦੀ ਪਿੰਡ ਵਿਚ ਪਕੌੜਿਆਂ ਦੀ ਦੁਕਾਨ ਸੀ ਅਤੇ ਹਰ ਵੇਲੇ ਉਸ ਦੀ ਦੁਕਾਨ 'ਤੇ ਰੌਣਕ ਲੱਗੀ ਰਹਿੰਦੀ ਸੀ ਅਤੇ ਉਹ ਵੀ ਦੁਕਾਨ ਨੂੰ ਜਾਨ ਤੋਂ ਵੱਧ ਪਿਆਰ ਕਰਦਾ ਸੀ। ਬਸ ਉਸ ਦਾ ਮਨ ਹੀ ਨਹੀਂ ਮੰਨਿਆ ਦੁਕਾਨ ਛੱਡ ਕੇ ਜਾਣ ਨੂੰ ਅਤੇ ਉਹ ਭਾਰਤੀ ਫੌਜ ਦੇ ਕਾਬੂ ਆ ਗਿਆ। ਜਦ ਉਸ ਨੂੰ ਫੌਜੀਆਂ ਨੇ ਪੁੱਛਿਆ ਕਿ ਉਸ ਨੂੰ 'ਸੇਠ' ਕਿਉਂ ਕਹਿੰਦੇ ਹਨ, ਕੀ ਉਹ ਕਾਫੀ ਧਨਾਢ ਆਦਮੀ ਹੈ? ਉਸ ਦਾ ਉੱਤਰ ਬੜਾ ਦਿਲਚਸਪ ਸੀ। ਉਹ ਕਹਿਣ ਲੱਗਾ, "ਪਹਿਲਾਂ ਮੈਂ ਕੇਵਲ ਖੁਦਾ ਬਖਸ਼ ਸੀ, ਮਾੜੀ ਜਿਹੀ ਪਕੌੜਿਆਂ ਦੀ ਦੁਕਾਨ ਕਰਦਾ ਸੀ, ਉਹ ਦੁਕਾਨ ਵੀ ਕਿਰਾਏ 'ਤੇ ਸੀ। ਮੈਂ ਸੋਚਿਆ ਕਿਉਂ ਨਾ ਘਰ ਦੇ ਇੱਕ ਪਾਸੇ ਹੀ ਦੁਕਾਨ ਪਾ ਲਈ ਜਾਵੇ ਤਾਂ ਜੋ ਕਿਰਾਇਆ ਨਾ ਦੇਣਾ ਪਵੇ, ਬਸ ਦੁਕਾਨ ਦੀ ਨੀਂਹ ਪੁੱਟਦਿਆਂ ਮੈਨੂੰ ਦਸ ਹਜ਼ਾਰ ਰੁਪਏ ਦੇ ਬਰਾਬਰ ਦੀ ਚਾਂਦੀ ਲੱਭ ਗਈ। ਮੈਂ ਜਿੰਨੇ ਪੈਸੇ ਦੁਕਾਨ 'ਤੇ ਲੱਗਣੇ ਸੀ, ਲਾ ਕੇ ਬਾਕੀ ਫਰੀ ਪਕੌੜੇ ਵੰਡ ਦਿੱਤੇ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ ਤੇ ਲੋਕਾਂ ਮੈਨੂੰ ਸੇਠ ਕਹਿਣਾ ਸ਼ੁਰੂ ਕਰ ਦਿੱਤਾ। ਹੁਣ ਕਈ ਸੇਠ ਖੁਦਾ ਬਖ਼ਸ਼ ਕਹਿੰਦੇ ਹਨ ਅਤੇ ਕਈ ਨਿਰਾ ਸੇਠ ਹੀ ਕਹਿੰਦੇ ਹਨ। ਮੇਰੀ ਇਹ ਗੱਲ ਸੁਣ ਕੇ ਹੀ ਮੈਨੂੰ ਤੁਹਾਡੀ ਫੌਜ ਵਾਲਿਆਂ ਇਨ੍ਹਾਂ ਦਾ ਇੰਚਾਰਜ ਬਣਾ ਦਿੱਤਾ ਹੈ ਅਤੇ ਮੈਂ ਹੁਣ ਵੀ ਹਰ ਜੁੰਮੇ ਨੂੰ ਖੁੱਲ੍ਹੇ ਪਕੌੜੇ ਬਣਾਉਂਦਾ ਹਾਂ। ਭਾਰਤੀ ਫੌਜ ਵੀ ਬੜਾ ਤਾਅਵਨ ਕਰਦੀ ਹੈ। ਵੰਡ ਤੋਂ ਪਹਿਲਾਂ ਸਾਡੇ ਪਿੰਡ ਵੀ ਕਈ ਸਰਦਾਰਾਂ ਦੇ ਘਰ ਸਨ। ਮੈਂ ਆਪਣੀ ਮਾਂ ਤੋਂ ਸੁਣਿਆ ਸੀ ਕਿ ਤੁਹਾਡਾ ਵੀ ਇੱਕ ਦਰਬਾਰ ਹੈ ਜਿਸ ਦੇ ਚਾਰ ਦਰਵਾਜ਼ੇ ਹਨ ਅਤੇ ਉੱਥੇ ਕੋਈ ਵੀ ਇਬਾਦਤ ਕਰ ਸਕਦਾ ਹੈ। ਤੁਸਾਂ ਵਾਪਸ ਜਾ ਕੇ ਉੱਥੇ ਮੇਰੇ ਵੱਲੋਂ ਇਬਾਦਤ ਕਰਨੀ ਕਿ ਇਹ ਖ਼ੂਨ ਖਰਾਬਾ ਬੰਦ ਹੋਵੇ।"

ਪਤਾ ਨਹੀਂ ਖ਼ੁਦਾ ਬਖ਼ਸ਼ ਦੀ ਅਰਦਾਸ ਰੱਬ ਨੇ ਸੁਣ ਲਈ ਜਾਂ ਸਰਕਾਰਾਂ ਨੂੰ ਅਕਲ ਆ ਗਈ, ਇੱਕ ਦਿਨ ਚਾਚੇ ਸੂਬੇਦਾਰ ਨੇ ਲੜਾਈ ਬੰਦ ਹੋਣ ਦੀ ਖ਼ਬਰ ਸਾਰੇ ਪਿੰਡ ਨੂੰ ਸੁਣਾ ਦਿੱਤੀ।

# ਦੀਵਾਲੀ ਦੀ ਰੌਸ਼ਨੀ 'ਤੇ ਖਪਤਕਾਰੀ ਯੁੱਗ ਦੇ ਪ੍ਰਛਾਵੇਂ

ਬਦਲੇ ਜ਼ਮਾਨੇ ਨੇ ਖੁਸ਼ੀਆਂ ਦੇ ਮਾਇਨੇ ਹੀ ਬਦਲ ਦਿੱਤੇ ਹਨ। ਅੱਜ ਸਭ ਪਾਸੇ ਮਾਲ ਕਲਚਰ, ਆਨ ਲਾਈਨ ਖਰੀਦਦਾਰੀ ਤੇ ਬਹੁਰਾਸ਼ਟਰੀ ਕੰਪਨੀਆਂ ਦੀ ਚਕਾਚੌਂਧ ਹੈ। ਖਪਤਕਾਰੀ ਯੁੱਗ ਦਾ ਮਾਇਆਜਾਲ ਸੇਲ ਜਾਂ ਮੁਫਤ ਦੇ ਲਾਲਚ ਵੱਸ ਲੋਕਾਈ ਨੂੰ ਜੇਬ ਖਾਲੀ ਹੁੰਦਿਆਂ ਪਤਾ ਵੀ ਨਹੀਂ ਲੱਗਣ ਦਿੰਦਾ, ਜਿਸ ਨੇ ਤਿਉਹਾਰਾਂ ਨੂੰ ਖਰੀਦੋ-ਫਰੋਖਤ ਤੱਕ ਹੀ ਸੀਮਤ ਕਰ ਦਿੱਤਾ ਹੈ ਅਤੇ ਲੋਕਾਂ



ਐਡ. ਰਵਿੰਦਰ ਸਿੰਘ ਧਾਲੀਵਾਲ
ਫੋਨ: 78374-90309

ਦੀ ਭਾਈਚਾਰਕ ਸਾਂਝ ਨੂੰ ਖੂੰਝੇ ਲਾ ਛੱਡਿਆ ਹੈ। ਆਧੁਨਿਕਤਾ ਦੀ ਆੜ ਵਿਚ ਇਹ ਕੋਈ ਅਲੋਕਾਰੀ ਗੱਲ ਨਹੀਂ। ਪਰ ਤਿਉਹਾਰਾਂ ਨਾਲ ਜੁੜੇ ਚਾਅ-ਮਲ੍ਹਾਰ ਤੇ ਖੁਸ਼ੀਆਂ-ਖੇੜੇ ਨੂੰ ਪੈਸੇ ਨਾਲ ਤੋਲਣਾ ਜ਼ਰੂਰ ਦੁਖਦਾਈ ਹੈ। ਤਿਓਹਾਰ ਸਾਂਝ ਤੇ ਸ਼ਾਂਤੀ ਦੇ ਚਮੜੀ ਦੇ ਰੋਗਾਂ ਦਾ ਖਤਰਾ ਰਹਿੰਦਾ ਹੈ। ਕਈ ਵਾਰ ਵੱਡੇ ਪਟਾਕੇ ਜਾਂ ਅਨਾਰ ਬੰਬ ਹੱਥ ਵਿਚ ਚੱਲਣ ਕਾਰਨ ਅੱਖਾਂ ਦੀ ਰੌਸ਼ਨੀ ਜਾਣ ਜਾਂ ਹੱਥ, ਬਾਂਹ ਤੋਂ ਨਕਾਰਾ ਹੋਣ ਦੀ ਨੌਬਤ ਵੀ ਆ ਜਾਂਦੀ ਹੈ। ਇਹ ਸਭ ਗੈਸਾਂ ਪਾਣੀ ਵਿਚ ਘੁਲ ਕੇ ਹੋਰ ਵੀ ਮਾਰੂ ਹਨ। ਸੰਸਾਰ ਸਿਹਤ ਸੰਗਠਨ (ਡਬਲਯੂ.ਐਚ.ਓ) ਦੇ ਅੰਕੜਿਆਂ ਅਨੁਸਾਰ ਧੂੰਏਂ ਦੇ ਗੰਧਲੇ ਵਾਤਾਵਰਨ ਕਾਰਨ ਸੰਸਾਰ ਵਿਚ 1.7 ਬਿਲੀਅਨ ਬੱਚੇ 5 ਸਾਲ ਦੀ ਉਮਰੇ, ਭਾਰਤ ਵਿਚ ਦੂਸ਼ਿਤ ਪਾਣੀ ਨਾਲ ਡਾਇਰੀਆ ਦੇ ਕਾਰਨ 3,61,000 ਤੇ ਮਲੇਰੀਆ ਨਾਲ 2,00,000 ਬੱਚੇ ਦੁਨੀਆ ਤੋਂ ਰੁਖਸਤ ਹੋ ਜਾਂਦੇ ਹਨ। ਪਟਾਕਿਆਂ ਦੀ ਭਿਆਨਕ ਆਵਾਜ਼ ਕਾਰਨ ਕਈ ਪੰਛੀ ਆਪਣੇ ਆਲ੍ਹਣੇ ਛੱਡ ਜਾਂ ਮਰ ਜਾਂਦੇ ਹਨ।

ਕੇਂਦਰੀ ਪ੍ਰਦੂਸ਼ਣ ਬੋਰਡ ਅਨੁਸਾਰ ਵਿਗਿਆਨਕ ਤੌਰ 'ਤੇ 85 ਡੈਸੀਮਲ ਤੋਂ ਵੱਧ ਆਵਾਜ਼ ਕੰਨਾਂ ਲਈ ਘਾਤਕ ਹੈ। ਮਨੁੱਖੀ ਸੁਣਨ ਇੰਦਰੀਆਂ (ਕੰਨਾਂ) ਲਈ 60 ਡੈਸੀਮਲ ਤੱਕ ਦੇ ਮਾਪ ਨੂੰ ਸਾਧਾਰਣ ਮੰਨਿਆ ਗਿਆ। ਆਮ ਗੱਲਬਾਤ 40 ਤੋਂ 50 ਡੈਸੀਮਲ ਤੱਕ ਹੀ ਹੁੰਦੀ ਹੈ। ਵਿਡੰਬਨਾ ਇਹ ਹੈ ਕਿ ਪਟਾਕੇ ਬਣਾਉਣ



ਸੰਦੇਸ਼ ਨਾਲ ਕੁਲ ਆਲਮ ਦੇ ਭਲੇ ਦੇ ਸੂਚਕ ਹਨ। ਇਸ ਦਿਨ ਸਭ ਲੋਕ ਘਰਾਂ ਦੀ ਸਫਾਈ, ਦੇਵੀ-ਦੇਵਤਿਆਂ ਤੇ ਗੁਰੂ-ਪੀਰਾਂ ਦੀ ਪੂਜਾ ਅਤੇ ਧਾਰਮਿਕ ਸਥਾਨਾਂ ਉਤੇ ਜਾ ਕੇ ਸਜਦਾ ਕਰਦੇ ਸਨ। ਇਸ ਰੂਹਾਨੀ ਸਫਰ ਦੀ ਲੋਅ ਵਿਚ ਚਲਦੇ ਹੋਏ ਵੀ ਉਸ ਪਵਿੱਤਰ ਵਾਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ' ਨੂੰ ਭੁੱਲ ਕੇ ਵਾਤਾਵਰਨ ਪਲੀਤ ਕਰਦਿਆਂ ਇਕ ਵਾਰ ਵੀ ਨਹੀਂ ਸੋਚਦੇ। ਜ਼ਿੰਦਗੀ ਦੇ ਰੰਗ ਮਾਣਨ ਲਈ ਕੁਦਰਤ ਨੇ ਹਰਿਆਵਲ ਚੌਗਿਰਦਾ ਬਖਸ਼ਿਆ ਹੈ। ਦੀਵਾਲੀ ਦੀ ਰਾਤ ਚੰਦ ਪਲਾਂ ਦੀ ਖੁਸ਼ੀ ਲਈ ਕਰੋੜਾਂ ਰੁਪਏ ਦੇ ਪਟਾਕਿਆਂ ਨਾਲ ਆਲਾ-ਦੁਆਲਾ ਗੰਧਲਾ ਕਰਨੋਂ ਵੀ ਨਹੀਂ ਟਲਦੇ।

ਭਾਰਤ ਦੇ ਲੋਕ ਥਿੱਤ-ਤਿਓਹਾਰਾਂ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਜਿਸ ਸਦਕੇ ਬਹੁਰੰਗੇ ਸੱਭਿਆਚਾਰ ਵਿਚ ਅਲੌਕਿਕ ਏਕਤਾ ਦਿਖਾਈ ਦਿੰਦੀ ਹੈ। ਦੀਵਾਲੀ ਸਰਬ ਧਰਮ ਸਾਂਝਾ, ਖਾਸ ਤੇ ਵੱਡਾ ਤਿਉਹਾਰ ਹੈ। ਇਸ ਦੀ ਆਧੁਨਿਕ ਬਜ਼ਾਰੂ ਦਿੱਖ ਪੁਰਾਣੇ ਸਮੇਂ ਦੇ ਲੋਕਾਂ ਲਈ ਸੁੰਦਰ ਸੁਪਨੇ ਤੋਂ ਘੱਟ ਨਹੀਂ। ਪਹਿਲਾਂ ਦੀਵਾਲੀ ਦਿਨ-ਦਿਹਾੜੇ ਮਨਾਉਣ ਦਾ ਇਕ ਵੱਖਰਾ ਹੀ ਚਾਅ ਤੇ ਸਾਦਾਪਣ ਹੁੰਦਾ ਸੀ। ਘਰ ਦੇ ਖੋਏ ਦੀਆਂ ਮਠਿਆਈਆਂ, ਚੌਲਾਂ ਦੇ ਆਟੇ ਦੀਆਂ ਪਿੰਨੀਆਂ, ਬੂੰਦੀ ਦੇ ਲੱਡੂ ਤੇ ਪਕੌੜੇ ਬਣਾ ਕੇ ਖਾਂਦੇ ਅਤੇ ਆਂਢ-ਗੁਆਂਢ ਵਿਚ ਵੰਡੇ ਜਾਂਦੇ ਸਨ। ਬੱਚੇ ਘਰਦਿਆਂ ਵੱਲੋਂ ਖਰੀਦੇ ਨਵੇਂ ਕੱਪੜੇ ਪਾਉਂਦੇ। ਪਿੰਡ ਦੀ ਸਾਂਝੀ ਜਗ੍ਹਾ 'ਤੇ ਹਲਵਾਈ ਬੈਠਦਾ ਸੀ। ਜਲੇਬੀਆਂ ਖਰੀਦ ਡੋਲੂ ਵਿਚ ਹੀ ਪਵਾ ਲਿਆਉਣਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਹਨ। ਫੁਲਝੜੀਆਂ, ਚੱਕਰੀਆਂ ਤੇ ਛੋਟੇ ਪਟਾਕੇ ਚਲਾ ਕੇ ਮਨ ਪ੍ਰਚਾਵਾ ਕਰ ਲੈਂਦੇ। ਉਨ੍ਹਾਂ ਵਿਚ ਵੱਡੇ ਬਜ਼ੁਰਗ ਸ਼ਾਮਲ ਹੋ ਕੇ ਖੁਸ਼ੀ ਨੂੰ ਹੋਰ ਵੀ ਚਾਰ ਚੰਨ ਲਾ ਦਿੰਦੇ। ਭਾਵੇਂ ਅੱਜ ਜੇਬ ਵਧੇਰੇ ਹੈ, ਪਰ ਅਪਣੱਤ ਕਿਧਰੇ ਨਜ਼ਰੀ ਨਹੀਂ ਆਉਂਦੀ। ਖਰਚੀਲੀ ਵੇਗ ਵਿਚ ਹਰ ਮਨੁੱਖ ਨਾ ਚਾਹੁੰਦਿਆਂ ਵੀ ਰਗੜੇ ਖਾ ਰਿਹਾ ਹੈ। ਜਿਸ ਦੇ ਭਿਆਨਕ ਨਤੀਜੇ ਕਿਸੇ ਤੋਂ ਛੁਪੇ ਨਹੀਂ।

ਅਜੋਕੇ ਸਮੇਂ ਦੇ ਪਟਾਕੇ ਲਗਭਗ 125 ਡੈਸੀਮਲ ਤੀਬਰਤਾ ਦੇ ਹਨ। ਜਿਸ ਨਾਲ ਸ਼ੋਰ ਪ੍ਰਦੂਸ਼ਣ ਤਾਂ ਹੁੰਦਾ ਹੀ ਹੈ, ਨਾਲੋਂ ਨਾਲ ਇਨ੍ਹਾਂ ਵਿਚੋਂ ਨਿਕਲਦੀਆਂ ਪੋਟਾਸ਼ੀਅਮ, ਨਾਈਟ੍ਰੇਟ, ਕਾਰਬਨ ਗੈਸਾਂ ਮਨੁੱਖੀ ਸਰੀਰ ਲਈ ਨੁਕਸਾਨਦੇਹ ਵੀ ਹਨ। ਜਿਸ ਕਾਰਨ ਦਿਲ ਦਾ ਦੌਰਾ, ਬੋਲਾਪਣ, ਸਾਹ ਲੈਣਾ, ਬਲੱਡ ਪ੍ਰੈਸ਼ਰ ਵਧਣਾ-ਘਟਣਾ ਅਤੇ ਵਾਲੀਆਂ ਫੈਕਟਰੀਆਂ ਕਾਨੂੰਨ ਨੂੰ ਅੱਖੋਂ-ਪਰੋਖੇ ਕਰਦੀਆਂ ਹਨ। ਆਮ ਪਟਾਕਿਆਂ ਨੂੰ 90 ਡੈਸੀਮਲ ਤੇ ਵੱਡੇ ਰਾਕੇਟ ਜਾਂ ਬੰਬ ਨੂੰ 120 ਡੈਸੀਮਲ ਦੀ ਤੀਬਰਤਾ ਦੇ ਧੜਾਕ ਵਾਲੇ ਬਣਾਉਂਦੇ ਹਨ, ਜਿਸ ਨਾਲ ਬੋਲਾਪਣ ਤੇ ਹਾਰਟ ਅਟੈਕ ਕਾਰਨ ਮੌਤ ਵੀ ਹੋ ਸਕਦੀ ਹੈ। ਗਲੋਬਲ ਵਾਰਮਿੰਗ ਦੇ ਕਾਰਨ ਪੰਛੀਆਂ ਤੇ ਜਾਨਵਰਾਂ ਦੀਆਂ ਕਿੰਨੀਆਂ ਹੀ ਪ੍ਰਜਾਤੀਆਂ ਖਤਮ ਹੋ ਚੁੱਕੀਆਂ ਹਨ। ਸੰਸਾਰ ਸਿਹਤ ਸੰਗਠਨ ਅਨੁਸਾਰ 2.5 ਪ੍ਰਦੂਸ਼ਣ ਮਾਈਕਰੋ ਗ੍ਰਾਮ ਪ੍ਰਤੀ ਕਿਊਸਿਕ ਮੀਟਰ ਮਨੁੱਖੀ ਜੀਵਨ ਲਈ ਘਾਤਕ ਨਹੀਂ, ਪਰ ਇਹ ਅੰਕੜਾ ਭਾਰਤ ਵਿਚ ਆਉਣਾ ਸੰਭਵ ਨਹੀਂ ਜਾਪਦਾ। ਧੁਨੀ ਪ੍ਰਦੂਸ਼ਣ ਵਿਚ ਇਰਾਕ ਪਹਿਲੇ ਤੇ ਭਾਰਤ ਦੂਜੇ ਸਥਾਨ 'ਤੇ ਹੈ। ਦਿੱਲੀ ਦਾ ਸਭ ਤੋਂ ਵੱਧ ਧੁਨੀ ਤੇ ਵਾਤਾਵਰਣ ਪ੍ਰਦੂਸ਼ਣ ਕਾਰਨ ਸੰਸਾਰ ਦੇ ਪਹਿਲੇ 10 ਸ਼ਹਿਰਾਂ ਵਿਚ ਨਾਮ ਦਰਜ ਹੈ। ਪਿਛਲੀ ਦੀਵਾਲੀ ਦੇ ਸਮੇਂ ਵਾਤਾਵਰਣ ਪ੍ਰਦੂਸ਼ਣ ਦੀ ਮਾਤਰਾ 60 ਮਾਈਕਰੋ ਗ੍ਰਾਮ ਪ੍ਰਤੀ ਕਿਊਸਿਕ ਮੀਟਰ ਤੋਂ ਵੀ ਵਧ ਚੁੱਕੀ ਸੀ। ਜਿਸ ਨਾਲ ਦਿਨ ਸਮੇਂ ਧੁੰਧ ਵਰਗਾ ਮਾਹੌਲ ਬਣਨ ਕਰਕੇ ਦਿੱਲੀ ਮਹਾਨਗਰ ਦੇ ਲਗਭਗ 1800 ਸਕੂਲ ਬੰਦ ਕਰਨੇ ਪਏ ਸਨ। ਪਟਾਕਿਆਂ ਦੇ ਜਲਣ ਮਗਰੋਂ ਗਲੀ ਮੁਹੱਲੇ ਤੇ ਮੈਦਾਨਾਂ ਵਿਚ ਹਰ ਪਾਸੇ 4000 ਟਨ ਦਾ ਵਾਧੂ ਕੈਮੀਕਲ ਕਚਰਾ ਜਮ੍ਹਾਂ ਹੋ ਜਾਂਦਾ ਹੈ, ਜਿਸ ਨਾਲ ਐਲਰਜੀ, ਜ਼ੁਕਾਮ, ਖਾਂਸੀ, ਦਮੇ ਵਰਗੀਆਂ ਬੀਮਾਰੀਆਂ ਤੋਂ ਬਹੁਤ ਲੋਕ ਪੀੜਤ ਹੁੰਦੇ ਹਨ।

ਇਸ ਪ੍ਰਦੂਸ਼ਿਤ ਵਾਤਾਵਰਣ ਤੋਂ ਜਨਤਾ ਦੀ ਸੁਰੱਖਿਆ ਅਹਿਮ ਹੈ। ਜਿਸ ਲਈ ਜਾਗਰੂਕਤਾ ਲਹਿਰ ਦੀ ਹੋਂਦ ਜ਼ਰੂਰੀ ਹੈ। ਅਜਿਹੇ ਮੌਕੇ ਪੌਦੇ ਲਗਾਉਣ ਦਾ ਰੁਝਾਨ ਜਹਾਨ ਲਈ ਪ੍ਰੇਰਨਾ ਸ੍ਰੋਤ ਹੋਵੇਗਾ। ਜ਼ਰੂਰਤਮੰਦ ਲੋਕਾਂ ਨੂੰ ਮਠਿਆਈਆਂ, ਫਲ, ਦਵਾਈਆਂ ਤੇ ਸਰਦੀਆਂ ਤੋਂ ਬਚਣ ਲਈ ਗਰਮ ਕੱਪੜੇ ਜਾਂ ਕੰਬਲ ਵੰਡ ਕੇ ਖੁਸ਼ੀ ਨੂੰ ਹੋਰ ਵਧਾ ਸਕਦੇ ਹਾਂ। ਮਠਿਆਈਆਂ, ਪਟਾਕੇ ਜਾਂ ਮਹਿੰਗੇ ਤੋਹਫੇ ਦੇਣ ਨਾਲੋਂ ਗੁਣਕਾਰੀ ਪੌਦੇ ਤੇ ਕਿਤਾਬਾਂ ਦੇ ਗਿਫਟ ਕਿਸੇ ਪੱਖੋਂ ਘੱਟ ਨਹੀਂ ਹਨ। ਕੁਦਰਤ ਅਤੇ ਕਿਤਾਬਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਈਏ। ਕਿਤਾਬਾਂ ਖਰੀਦਣ ਦੀ ਆਦਤ ਸਫਲ ਜੀਵਨ ਲਈ ਚੰਗਾ ਨਿਵੇਸ਼ ਹੈ। ਜਿਸ ਨਾਲ ਨਵੀਆਂ ਪਿਰਤਾਂ ਦੇ ਮੋਢੀ ਵੀ ਬਣੋਗੇ। ਸੋ ਆਓ! ਦੀਵਾਲੀ ਦੇ ਦੀਪ ਵਾਂਗ ਮਨਾਂ ਨੂੰ ਰੌਸ਼ਨ ਕਰ ਹਰਿਆਵਲ ਵਾਤਾਵਰਨ ਵਿਚ ਨਿੱਗਰ ਸਮਾਜ ਦੀ ਸਿਰਜਣਾ ਕਰੀਏ।

# ਦੀਵਾਲੀ, ਲੱਛਮੀ, ਦੀਵਾਲਾ, ਜੂਆ

ਦੁਨੀਆ ਵਿਚ ਭਾਰਤ ਇਕ ਅਜਿਹਾ ਦੇਸ਼ ਹੈ, ਜਿੱਥੇ ਸਾਲ ਵਿਚ ਛੇਤੀ ਮਹੀਨੇ ਤੇ ਛੇ ਰੁੱਤਾਂ ਆਉਂਦੀਆਂ ਹਨ। ਛੇਤੀ ਮਹੀਨਿਆਂ ਦਾ ਮਤਲਬ ਕਿ ਬਿਕ੍ਰਮੀ ਸੰਮਤ, ਨਾਨਕਸ਼ਾਹੀ ਸੰਮਤ ਤੇ ਈਸਵੀ। ਹਰੇਕ ਧਰਮ ਦੇ ਲੋਕ ਆਪਣੇ ਆਪਣੇ ਹਿਸਾਬ ਨਾਲ ਆਪਣੇ ਆਪਣੇ ਸਾਲਾਂ ਦੇ ਥਿੱਤ ਵਾਰ ਮਨਾਉਂਦੇ ਹਨ। ਹਰ ਧਰਮ ਦੇ ਲੋਕ ਤਿਉਹਾਰ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਉਂਦੇ ਹਨ। ਸੰਗਰਾਂਦ, ਪੁੰਨਿਆਂ, ਇਕਾਦਸ਼ੀ, ਮੱਸਿਆ, ਪੰਚਮੀ, ਪੰਚਕਾਂ, ਗੰਢ ਮੂਲ, ਦਸਹਿਰਾ ਤੇ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਫੋਨ: 75891-55501

ਦੀਵਾਲੀ। ਇਸ ਤੋਂ ਇਲਾਵਾ ਗੁਰਪੁਰਬ, ਜਨਮ ਅਸ਼ਟਮੀ, ਰਾਮ ਨੌਮੀ, ਮਾਘੀ, ਵਿਸਾਖੀ, ਕ੍ਰਿਸਮਿਸ ਤੇ ਹੋਰ ਅਨੇਕਾਂ ਹੀ ਤਿਉਹਾਰ। ਇੱਥੋਂ ਤਕ ਕਿ ਕਸ਼ਮੀਰ ਵਿਚ ਪਿੰਡਾਂ ਦੇ ਜਨਮ ਦਿਨ ਵੀ ਮਨਾਉਂਦੇ ਹਨ। ਹੋਰ ਦੀ ਹੋਰ ਭਾਰਤ ਦੇ ਕਈ ਖਿੱਤਿਆਂ ਵਿਚ ਕਈ ਕਬੀਲੇ ਦਰਖਤਾਂ ਦੇ ਵਿਆਹ, ਪਸ਼ੂ ਪੰਛੀਆਂ ਤੇ ਜਾਨਵਰਾਂ ਦੇ ਵਿਆਹ ਵੀ ਰਚਾਉਂਦੇ ਹਨ। ਗੱਲ ਕੀ ਕੋਈ ਦਿਨ ਵੀ ਅਜਿਹਾ ਨਹੀਂ ਜਾਂਦਾ ਹੋਣਾ ਜਿਸ ਦਿਨ ਕੋਈ ਤਿਉਹਾਰ ਨਾ ਹੋਵੇ।

ਕਈ ਤਿਉਹਾਰ ਅਜਿਹੇ ਹਨ, ਜਿਹੜੇ ਸਾਰੇ ਧਰਮਾਂ ਦੇ ਲੋਕਾਂ ਵਲੋਂ ਸਮੁੱਚੇ ਭਾਰਤ ਵਿਚ ਮਨਾਏ ਜਾਂਦੇ ਹਨ। ਜਿਵੇਂ ਜਨਮ ਅਸ਼ਟਮੀ, ਰਾਮ ਨੌਮੀ, ਦਸਹਿਰਾ ਤੇ ਦੀਵਾਲੀ। ਦੀਵਾਲੀ ਨੂੰ ਸਿੱਖ ਬੰਦੀ ਛੋੜ ਦਿਹਾੜੇ ਵਜੋਂ ਮਨਾਉਂਦੇ ਹਨ ਕਿਉਂਕਿ ਇਸ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿਚੋਂ 40 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚੇ ਸਨ, ਜਿਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਸਿੱਖਾਂ ਨੇ ਆਪਣੇ ਘਰਾਂ ਤੇ ਗੁਰਦੁਆਰਿਆਂ ਵਿਚ ਦੇਸੀ ਘਿਉ ਦੇ ਦੀਵੇ ਜਗਾਏ ਸਨ। ਹਿੰਦੂ ਵੀ ਇਸ ਦਿਨ ਨੂੰ ਸ਼ਰਧਾ-ਭਾਵਨਾ ਨਾਲ ਇਸ ਕਰਕੇ ਮਨਾਉਂਦੇ ਹਨ ਕਿ ਇਸ ਦਿਨ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਪਹੁੰਚੇ ਸਨ। ਇਸ ਕਰਕੇ ਇਸ ਦਿਨ ਨੂੰ ਲੋਕ ਦੀਵਾਲੀ ਦੇ ਰੂਪ ਵਿਚ ਮਨਾਉਂਦੇ ਹਨ। ਦੀਵਾਲੀ ਦਾ ਮਤਲਬ ਹੀ ਦੀਵਿਆਂ ਵਾਲੀ ਹੈ। ਬਹੁਤ ਸਾਰੇ ਲੋਕ ਇਸ ਦਿਨ ਆਪਣੇ ਚਹੇਤਿਆਂ ਨੂੰ ਤੋਹਫੇ, ਮਠਿਆਈਆਂ ਤੇ ਹੋਰ ਫਲ ਆਦਿ ਦਿੰਦੇ ਹਨ। ਇਸ ਦਿਨ ਲੋਕ ਨਵੇਂ



ਨਵੇਂ ਸੂਟ, ਵਧੀਆ ਕੱਪੜੇ ਤੇ ਗਹਿਣੇ ਖਰੀਦਦੇ ਹਨ। ਸੋਨਾ, ਚਾਂਦੀ ਤੇ ਬਰਤਨ ਵੀ ਲੋਕ ਇਸੇ ਦਿਨ ਖਰੀਦਣ ਦੇ ਚਾਹਵਾਨ ਹੁੰਦੇ ਹਨ। ਬਹੁਤ ਖੁਸ਼ੀਆਂ ਤੇ ਚਾਵਾਂ ਮਲਾਰਾਂ ਨਾਲ ਇਸ ਤਿਉਹਾਰ ਨੂੰ ਮਨਾਇਆ ਜਾਂਦਾ ਹੈ। ਇਸੇ ਦਿਨ ਲੋਕ ਧਨ ਲੱਛਮੀ ਦੀ ਪੂਜਾ ਕਰਦੇ ਹਨ। ਵਪਾਰੀ ਇਸ ਦਿਨ ਆਪਣੇ ਨਵੇਂ ਵਹੀ ਖਾਤੇ ਸ਼ੁਰੂ ਕਰਦੇ ਹਨ। ਇਸ ਨੂੰ ਸ਼ੁਭ ਲੱਛਮੀ ਵੀ ਲਿਖਦੇ ਹਨ। ਬੱਚੇ ਵੀ ਆਪੋ-ਆਪਣੇ ਘਰਾਂ ਵਿਚ ਇਸ ਦਿਨ ਬੁਗਨੀ ਲਿਆ ਕੇ ਰੱਖਦੇ ਹਨ। ਘਰਦਿਆਂ ਤੋਂ ਪੈਸੇ ਲੈ ਕੇ ਉਸ ਵਿਚ ਪਾਉਂਦੇ ਰਹਿੰਦੇ ਹਨ। ਸਿੱਖਾਂ ਵਿਚ ਤਾਂ ਇਹ ਸ਼ਬਦ ਲੋਕ ਆਮ ਹੀ ਬੋਲਦੇ ਹਨ ਕਿ 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ'।

ਜਿੱਥੇ ਲਾਭ ਹੁੰਦਾ ਹੈ ਉਥੇ ਹਾਨੀਆਂ ਵੀ ਜ਼ਰੂਰ ਹੁੰਦੀਆਂ ਹਨ। ਕਈ ਲੋਕ ਦੀਵਾਲੀ ਵਾਲੀ ਸਾਰੀ ਰਾਤ ਜੂਆ ਖੇਡਦੇ ਹਨ। ਘਰਾਂ ਦੇ ਘਰ ਬਰਬਾਦ ਹੁੰਦੇ ਵੇਖੇ ਨੇ। ਜੂਆ ਖਾਸ ਕਰਕੇ ਭਾਰਤ ਦੇ ਪੂਰਬੀ ਇਲਾਕਿਆਂ ਵਿਚ ਬਹੁਤ ਜ਼ਿਆਦਾ ਖੇਡਿਆ ਜਾਂਦਾ ਹੈ। ਅਸਾਮ, ਬੰਗਾਲ, ਮਨੀਪੁਰ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼, ਸਿੱਕਿਮ ਤੇ ਮੇਘਾਲਿਆ ਦੇ ਲੋਕ ਬਹੁਤ ਜ਼ਿਆਦਾ ਜੂਆ ਖੇਡਦੇ ਹਨ। ਇਸ ਦਿਨ ਲੋਕ ਨਸ਼ੇ ਵੀ ਬਹੁਤ ਕਰਦੇ ਹਨ। ਖਾਸ ਕਰਕੇ ਸ਼ਰਾਬ ਦਾ ਦੌਰ ਇਸ ਦਿਨ ਬਹੁਤ ਜ਼ਿਆਦਾ ਚੱਲਦਾ ਹੈ। ਲੋਕ ਨਸ਼ਾ ਕਰ ਕੇ ਲੜਾਈਆਂ ਝਗੜੇ ਆਮ ਹੀ ਕਰਦੇ ਹਨ। ਪਟਾਕਿਆਂ ਨਾਲ ਕਈ ਘਰ ਤੇ ਕਈ ਦੁਕਾਨਾਂ ਸੜ ਕੇ ਸੁਆਹ ਹੋ ਜਾਂਦੀਆਂ ਹਨ। ਬਸ ਛੋਟੀ ਜਿਹੀ ਅਣਗਹਿਲੀ ਨਾਲ ਵੱਡੇ ਵੱਡੇ ਹਾਦਸੇ ਵਾਪਰਦੇ ਵੇਖੇ ਹਨ, ਜੋ ਨਹੀਂ ਹੋਣੇ ਚਾਹੀਦੇ। ਫਿਰ ਬਹੁਤੇ ਲੋਕ ਤਾਂ ਇਹੋ ਕਹਿੰਦੇ ਸੁਣੇ ਹਨ ਕਿ ਇਹ ਦੀਵਾਲੀ ਨਹੀਂ ਦੀਵਾਲਾ ਹੀ ਕੱਢ ਕੇ ਚਲੀ ਗਈ ਹੈ। ਹੁਣ ਅਸੀਂ ਆਪ ਸੋਚਣਾ ਹੈ ਕਿ ਦੀਵਾਲੀ ਮਨਾਉਣੀ ਹੈ ਜਾਂ ਫਿਰ ਦੀਵਾਲਾ ਕਢਾਉਣਾ ਹੈ। ਸਾਨੂੰ ਹਰ ਸਾਲ ਗਰੀਨ ਦੀਵਾਲੀ ਮਨਾਉਣ, ਇਕ ਦੂਜੇ ਨਾਲ ਪਿਆਰ ਮੁਹੱਬਤ ਕਰ ਕੇ ਖੁਸ਼ੀਆਂ ਵਿਚ ਸਾਂਝ ਪਾਉਣ, ਜੂਏ ਵਰਗੀ ਭਿਆਨਕ ਬਿਮਾਰੀ ਦੇ ਨੇੜੇ ਨਾ ਲੱਗਣ ਦਾ ਪ੍ਰਣ ਕਰਨਾ ਚਾਹੀਦਾ ਹੈ।

ਆਓ ਪ੍ਰਣ ਕਰੀਏ ਕਿ ਇਕ ਚੰਗੇ ਸਮਾਜ ਦੀ ਸਿਰਜਣਾ ਕਰਾਂਗੇ। ਨਸ਼ਿਆਂ ਤੋਂ ਮੁਕਤ ਹੋ ਕੇ ਸਰੀਰ ਨੂੰ ਨਿਰੋਗ ਰੱਖਾਂਗੇ। ਆਪਸੀ ਭਾਈਚਾਰਕ ਸਾਂਝ ਨੂੰ ਹਮੇਸ਼ਾ ਬਣਾਈ ਰੱਖਾਂਗੇ। ਪਿਆਰ ਦੇ ਦੀਵੇ ਜਗਾ ਕੇ ਹਮੇਸ਼ਾ ਇਸ ਦੁਨੀਆਂ ਨੂੰ ਚਾਨਣ ਦਿੰਦੇ ਰਹਾਂਗੇ। ਇਨ੍ਹਾਂ ਹੀ ਉਮੀਦਾਂ ਤੇ ਵਾਅਦਿਆਂ ਨਾਲ ਸਮੂਹ ਸੰਸਾਰ ਨੂੰ ਦੀਵਾਲੀ ਦੀਆਂ ਵਧਾਈਆਂ।

# ਦੀਵਾਲੀ ਮੁਬਾਰਕ

ਦੀਵਾਲੀ ਤੋਂ ਤਿੰਨ-ਚਾਰ ਦਿਨ ਪਹਿਲਾਂ ਤਾਰੋ ਘਮਿਆਰੀ ਘਰ-ਘਰ ਮਿੱਟੀ ਦੇ ਦੀਵੇ ਵੰਡਦੀ ਬੜੀ ਚੰਗੀ ਲਗਦੀ...ਉਹ ਦੀਵੇ ਵੰਡ ਰੌਸ਼ਨੀਆਂ ਦੇ ਤਿਓਹਾਰ ਦਾ ਹੋਕਾ ਦੇਈ ਜਾਂਦੀ!

ਤਾਰੋ ਨੂੰ ਵੇਖ ਬੇਬੇ ਨੂੰ ਚਾਅ ਚੜ੍ਹ ਜਾਂਦਾ! ਜਦੋਂ ਉਹ ਵੇਹੜੇ ਵਿਚ ਭੁੰਜੇ ਬਹਿਣ ਦੀ ਕੋਸ਼ਿਸ਼ ਕਰਦੀ ਤਾਂ ਬੇਬੇ ਪੀੜ੍ਹੀ 'ਤੇ ਬੈਠਾ ਕੇ ਸਾਹ ਲੈਂਦੀ! ਉਹ ਬੇਬੇ ਮੂਹਰੇ ਦੀਵਿਆਂ ਵਾਲੀ ਟੋਕਰੀ ਰੱਖ ਫ਼ਸਲ-ਵਾੜੀ, ਮਾਲ-ਡੰਗਰ ਤੇ ਟੱਬਰ ਦੀ ਸੁੱਖ-ਸਾਂਦ ਪੁੱਛਦੀ ਨਾ ਥੱਕਦੀ!

ਜਦੋਂ ਬੇਬੇ ਚੁਣ-ਚੁਣ ਦੀਵੇ ਕੱਢ ਰਹੀ ਹੁੰਦੀ ਤਾਂ ਉਹ ਸਾਰੇ ਪਿੰਡ ਦੀਆਂ ਖ਼ਬਰਾਂ ਇੰਝ ਸੁਣਾਉਂਦੀ...ਜਿਵੇਂ ਰਮਨ ਕੁਮਾਰ ਜਲੰਧਰ ਦੂਰਦਰਸ਼ਨ ਤੋਂ ਖ਼ਬਰਾਂ ਪੜ੍ਹ ਰਿਹਾ ਹੋਵੇ!

ਤਾਰੋ ਜਦੋਂ ਕਿਸੇ ਮਰੇ ਦੀ ਗੱਲ ਦੱਸਦੀ ਉਸਦਾ ਮੂੰਹ ਰੋਣ ਵਰਗਾ ਹੁੰਦਾ ਤੇ ਗਲੇਡੂ ਡਿੱਗਦੇ...ਜਦੋਂ ਉਹ ਇਹ ਦੱਸਦੀ ਕਿ ਕਰਮ ਸਿਉਂ ਦੇ ਚਾਰਾਂ ਧੀਆਂ ਬਾਅਦ ਕਾਕਾ ਜੰਮਿਆ ਤਾਂ ਉਸਦੇ ਚਿਹਰੇ ਦਾ ਜਲੌਅ ਵੇਖਣ ਵਾਲਾ ਹੁੰਦਾ! ਗੱਲਾਂ ਕਰਦਿਆਂ-ਕਰਦਿਆਂ ਉਹ ਵਿਚ-ਵਰ ਬੇਬੇ ਦੇ ਕੰਨ ਵਿਚ ਘੁਸਰ-ਮੁਸਰ ਕਰਦੀ ਤਾਂ ਦੋਵੇਂ ਤਾੜੀ ਮਾਰ ਖਿੜ-ਖਿੜਾ ਕੇ ਹੱਸ ਪੈਂਦੀਆਂ!

ਤਾਰੋ ਘਮਿਆਰੀ ਚੌਹ-ਮੁਖੀਆ ਦੀਵਾ ਝੋਲੇ 'ਚੋਂ ਕੱਢ ਕੇ ਦੇਂਦਿਆਂ ਤਾਕੀਦ ਕਰਦੀ, "ਸਰਦਾਰਨੀਏ! ਦੀਵਾਲੀ ਵਾਲੇ ਦਿਨ ਸਾਰੇ ਦੀਵੇ ਪਾਣੀ ਵਿਚ ਭਿਉਣੇ ਨਾ ਭੁੱਲੀਂ...ਪਾਣੀ ਵਿਚ ਭਿੱਜੇ ਦੀਵੇ ਤੇਲ ਘੱਟ ਪੀਂਦੇ ਨੇ!"

ਅਸੀਂ ਨਿਆਣੇ ਜਦੋਂ ਉਸਦੇ ਇਰਦ-ਗਿਰਦ



ਫੇਰੀਆਂ ਪਾਉਂਦੇ ਤਾਂ ਉਹ ਸਮਝ ਜਾਂਦੀ ਕਿ ਸਾਨੂੰ ਕੀ ਚਾਹੀਦਾ...ਉਹ ਵੱਖਰੇ ਝੋਲੇ 'ਚੋਂ ਮਿੱਟੀ ਦੇ ਬਣੇ ਨਿੱਕੇ-ਨਿੱਕੇ ਖਿਡੌਣੇ-ਘੋੜੇ, ਹਾਥੀ, ਤੋਤੇ ਤੇ ਮੋਰ ਦੇ ਕੇ ਮਨ ਮੋਹ ਲੈਂਦੀ। ਬਾਲ ਉਮਰ ਡਾਢੀ ਨਿਆਰੀ ਹੁੰਦੀ ਹੈ...ਘੱਟ ਸਮਝ ਵੀ ਢੇਰ ਸਾਰਾ ਮਨੋਰੰਜਨ ਕਰ ਦੇਂਦੀ...ਅਸੀਂ ਮਿੱਟੀ ਦੇ ਘੋੜਿਆਂ ਨੂੰ ਹੱਥਾਂ 'ਚ ਫੜ ਦੌੜਾ ਤੇ ਤੋਤਿਆਂ ਨੂੰ ਉਡਾਰੀਆਂ ਮਰਵਾ ਮੁਕਾਬਲੇ ਕਰ ਨਜ਼ਾਰੇ ਲੁੱਟ ਲੈਂਦੇ, ਜਿਵੇਂ ਉਹ ਜਿਉਂਦੇ ਜਾਗਦੇ ਹੋਣ। ਵਡੇਰੀ ਉਮਰ ਤੇ ਸਿਆਣਪ ਨੇ ਕਈ ਕੁਝ ਗੁਆ ਦਿੱਤਾ। ਧੰਨ ਸੀ ਤਾਰੋ ਦੀਵਿਆਂ ਤੇ ਖਿਡੌਣਿਆਂ ਵਾਲੀ।

"ਭਰਬਾਣੀ! ਤੇਰੀ ਗੁਆਂਢਣ ਧੰਨੀ ਦੇ ਘਰ ਰੱਬ ਦਾ ਦਿੱਤਾ ਬੜਾ ਰਿਜ਼ਕ ਆ ਪਰ ਸਾਡੇ ਲੋਕਾਂ ਨੂੰ ਦੇਣ ਲਗਿਆਂ ਹੱਥ ਘੁੱਟ ਲੈਂਦੀ ਆ...ਕਿਸੇ ਸੂਮ ਮਾਂ ਦੀ ਧੀ ਜਾਪਦੀ ਐ...ਤੂੰ ਹਰ ਦੀਵਾਲੀ 'ਤੇ ਮੈਨੂੰ ਹਮੇਸ਼ਾ ਬਣਾ-ਸਵਾਰ ਕੇ ਤੋਰਦੀ ਏਂ!" ਤਾਰੋ ਇਸ਼ਾਰੇ-ਇਸ਼ਾਰੇ ਵਿਚ ਅਪਣੀ ਗੱਲ ਕਹਿ ਦੇਂਦੀ!

ਬੇਬੇ ਦੀਵਿਆਂ ਵੱਟੇ ਤਾਰੋ ਨੂੰ ਆਟਾ, ਚੌਲ, ਗੁੜ ਤੇ ਕੱਪੜੇ ਗੰਠੜੀ ਬੰਨ੍ਹ ਚੁਕਾਉਂਦੀ ਤਾਂ ਤਾਰੋ ਉਚੀ-ਉਚੀ ਦੀਵਾਲੀ ਦੀਆਂ ਵਧਾਈਆਂ ਅਤੇ ਅਸੀਸਾਂ ਦੇਂਦੀ ਅਗਲੇ ਘਰ ਜਾ ਵੜਦੀ। ਦੀਵਾਲੀ ਦੇ ਤਿਓਹਾਰ ਸਮੇਂ ਦੀਵਿਆਂ ਦਾ ਇਹ ਲੈਣ-ਦੇਣ ਆਪਸੀ ਭਾਈਚਾਰੇ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਸੀ।

ਦੀਵਾਲੀ ਹੁਣ ਵੀ ਹਰ ਸਾਲ ਆਉਂਦੀ ਹੈ ਤੇ ਆਉਂਦੀ ਰਹੇਗੀ ਪਰ ਤਾਰੋ ਨੇ ਹੁਣ ਕਦੀ ਦੀਵੇ ਲੈ ਕੇ ਨਹੀਂ ਆਉਣਾ! 'ਦੀਵਾਲੀ ਮੁਬਾਰਕ'

*-ਗੁਰਨਾਮ ਸਿੰਘ ਨਿੱਜਰ*

## ਪੰਜਾਬ ਦੀ ਦੀਵਾਲੀ

ਮੋਮਬੱਤੀਆਂ ਦੀ ਡਾਰ ਅਤੇ
ਦੀਵਿਆਂ ਦੀ ਥਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।
ਕੋਠਿਆਂ ਨੂੰ ਕਲੀਆਂ ਕਰਾਉਂਦੇ ਹੁੰਦੇ ਸੀ
ਦੀਵੇ-ਮੋਮਬੱਤੀਆਂ ਜਗਾਉਂਦੇ ਹੁੰਦੇ ਸੀ
ਘਰ ਵਾਲੀ ਮੁਰਗੀ ਬਣਾਉਂਦੇ ਹੁੰਦੇ ਸੀ।
ਪੀਪੇ ਵਾਲੀ ਕੁਕੀ ਅਤੇ ਚਾਹ ਦੀ ਪਿਆਲੀ
ਬੜਾ ਚੇਤੇ ਆਉਂਦੀ ਅੱਜ ਪਿੰਡ ਦੀ ਦੀਵਾਲੀ।
****
ਡਰ-ਡਰ ਭੈਣ ਫੁਲਝੜੀਆਂ ਚਲਾਉਂਦੀ ਸੀ
ਚੁੱਲ੍ਹੇ ਮੂਹਰੇ ਬੈਠ ਬੇਬੇ ਰੋਟੀਆਂ ਪਕਾਉਂਦੀ ਸੀ।
ਚਲਾਉਂਦੇ ਸੀ ਪਟਾਕੇ ਬਾਪੂ ਹੱਥ ਵਿਚ ਫੜ ਕੇ
ਕੰਨਾਂ ਵਿਚ ਉਂਗਲਾਂ ਸੀ ਪਾਉਂਦੇ ਡਰ-ਡਰ ਕੇ।
ਪਟਾਕਿਆਂ ਦਾ ਰੌਲਾ ਅਤੇ ਰਾਤ ਕਾਲੀ ਕਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।
***
ਪੀ ਕੇ ਸ਼ਰਾਬੀਆਂ ਦਾ ਫੇਰ ਮੱਘੇ ਕੱਢਣਾ
ਧੂਹ ਕੇ ਉਨ੍ਹਾਂ ਨੂੰ ਫਿਰ ਘਰੋਂ-ਘਰੀਂ ਛੱਡਣਾ
ਬੈਠੇ ਰਹਿਣਾ ਰਾਤ ਤੱਕ ਫੇਰ ਲਾ ਕੇ ਢਾਣੀਆਂ
ਧੂਣੀ ਲਾ ਕੇ ਬਹਿਣਾ ਨਾਲੇ
ਗੱਲਾਂ ਕਰੀ ਜਾਣੀਆਂ।
ਅੱਗ ਸੇਕੀ ਜਾਣੀ ਫੇਰ ਜਾਲ ਕੇ ਪਰਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।
***
ਸਹੋਤਿਆ ਕੈਨੇਡਾ ਵਿਚ ਕਾਹਦੀਆਂ ਦੀਵਾਲੀਆਂ
ਕੰਮਾਂ ਉਤੇ ਜਾਣ ਦੀਆਂ
ਰਹਿੰਦੀਆਂ ਨੇ ਕਾਹਲੀਆਂ।
ਟਾਈਮ ਇਥੇ ਘੱਟ ਮਜਬੂਰੀਆਂ ਨੇ ਬਾਹਲੀਆਂ
ਬਿੱਲਾਂ ਦੀਆਂ ਗੱਲਾਂ ਵਿਚ ਪਈਆਂ ਨੇ ਪੰਜਾਲੀਆਂ।
ਅੱਖਾਂ ਵਿਚ ਰੜਕੇ ਉਨੀਂਦਰੇ ਤੇ ਲਾਲੀ
ਬੜਾ ਚੇਤੇ ਆਉਂਦੀ ਏ ਪੰਜਾਬ ਦੀ ਦੀਵਾਲੀ।

-ਕੁਲਵੀਰ ਸਿੰਘ ਡਾਨਸੀਵਾਲ
ਫੋਨ: 778 863 2472

ਪਾਕਿਸਤਾਨੀ ਪੰਜਾਬੀ ਕਹਾਣੀ

# ਸਲਾਮੀ

**ਮਾਨਾਂ-ਸਨਮਾਨਾਂ ਦੀ ਲਾਲਸਾ ਦੀ ਮਨੁੱਖੀ ਫਿਤਰਤ ਇਨਸਾਨ ਨੂੰ ਮਾਨ-ਸਨਮਾਨ ਲੈਣ ਲਈ ਕੀ ਕੀ ਪਾਪੜ ਵੇਲਣ ਲਈ ਮਜਬੂਰ ਕਰਦੀ ਹੈ, ਅਤੇ ਯੋਗ ਬੰਦਿਆਂ ਨੂੰ ਮਿਲਦਾ ਸਨਮਾਨ ਸਮਾਜ ਨੂੰ ਸੇਧ ਦੇਣ ਵਿਚ ਕਿਵੇਂ ਸਹਾਈ ਹੁੰਦਾ ਹੈ, ਸਾਹਿਤਕ ਹਲਕਿਆਂ ਵਿਚ ਖ਼ਾਲਿਦ ਫ਼ਰਹਾਦ 'ਸਿਆਲਕੋਟੀ' ਦੇ ਨਾਂ ਨਾਲ ਜਾਣੇ ਜਾਂਦੇ ਖ਼ਾਲਿਦ ਦੀ ਇਹ ਕਹਾਣੀ ਬਾਖੂਬੀ ਪੇਸ਼ ਕਰਦੀ ਹੈ।**



ਖ਼ਾਲਿਦ ਫ਼ਰਹਾਦ ਧਾਰੀਵਾਲ
ਫੋਨ:+92 30061 77533

ਕਿਸੇ ਮਰਯਾਦਾ ਦਾ ਖ਼ਾਤਮਾ ਦੁੱਖ ਵਾਲੀ ਗੱਲ ਏ। ਇਕ ਅਜਿਹਾ ਕੰਮ ਜੋ ਕਿਸੇ ਸਮਾਜ ਵਿਚ ਭਲਿਆਈ ਦਾ ਆਧਾਰ ਬਣ ਗਿਆ ਹੋਵੇ, ਉਹਦਾ ਜਾਰੀ ਰਹਿਣਾ ਬਹੁਤ ਜ਼ਰੂਰੀ ਏ। ਪਰ ਮੈਨੂੰ ਇਹ ਦੱਸਦਿਆਂ ਹਿਰਖ ਹੋ ਰਿਹਾ ਏ ਕਿ ਸਾਡੇ ਸ਼ਹਿਰ ਵਿਚ ਅਗਲੇ ਸਾਲ ਇਕ ਅਜ਼ੀਮ ਰਸਮ ਨਹੀਂ ਦੁਹਰਾਈ ਜਾਵੇਗੀ। ਸ਼ਾਇਦ ਤੁਸੀਂ ਆਖੋ ਕਿ ਉਸ ਉੱਤੇ ਲੱਗੀ ਰੋਕ ਦਾ ਸਾਰਿਆਂ ਨੂੰ ਰਲ ਕੇ ਵਿਰੋਧ ਕਰਨਾ ਚਾਹੀਦਾ ਏ ਤੇ ਰਸਮ ਦੇ ਪ੍ਰਬੰਧਕ ਦੀ ਗ੍ਰਿਫਤਾਰੀ ਦੀ ਸੂਰਤ ਵਿਚ ਕਿਸੇ ਹੋਰ ਨੂੰ ਅੱਗੇ ਆਉਣਾ ਪਵੇਗਾ। ਨਹੀਂ, ਅਜਿਹਾ ਕੁਝ ਨਹੀਂ ਜਨਾਬ।

ਨਾ ਤਾਂ ਕਿਸੇ ਨੇ ਰੋਕ ਲਾਈ ਏ ਤੇ ਨਾ ਏਥੇ ਕਿਸੇ ਹੋਰ ਨੂੰ ਪ੍ਰਬੰਧਕ ਬਣਨ ਦੀ ਲੋੜ ਏ। ਸਗੋਂ ਪ੍ਰਬੰਧਕ ਤਾਂ ਬਦਲਿਆ ਹੀ ਨਹੀਂ ਜਾ ਸਕਦਾ। ਹਰ ਸਾਲ ਇਸ ਰਸਮ ਵਿਚ ਪੂਰੇ ਉਤਸ਼ਾਹ ਨਾਲ ਸਾਰਾ ਸ਼ਹਿਰ ਸ਼ਾਮਿਲ ਹੁੰਦਾ ਏ, ਪਰ ਇਹਦੀ ਪੂਰਤੀ ਇੱਕੋ ਆਦਮੀ ਉੱਤੇ ਨਿਰਭਰ ਏ। ਉਹਦੀ ਥਾਂ ਕੋਈ ਦੂਜਾ ਨਹੀਂ ਲੈ ਸਕਦਾ। ਹੈ ਨਾ ਅਜੀਬ ਗੱਲ!

ਲਓ ਮੈਂ ਤੁਹਾਨੂੰ ਪੂਰੀ ਵਾਰਤਾ ਸੁਣਾਉਂਦਾ ਹਾਂ: ਸਾਡਾ ਨਿੱਕਾ ਜਿਹਾ ਸ਼ਹਿਰ ਚੌਗੱਤਿਆਂ ਦੇ ਰਾਜ ਵਿਚ ਇਕ ਪਰਗਨਾ ਸੀ, ਜੋ ਅੰਗਰੇਜ਼ਾਂ ਦੇ ਸਮੇਂ ਸੁੰਗੜ ਕੇ ਤਹਿਸੀਲ ਹੈੱਡਕੁਆਰਟਰ ਰਹਿ ਗਿਆ। ਏਸੇ ਸ਼ਹਿਰ ਵਿਚ ਇਕ ਚੌਂਕ ਏ, ਜਿਸ ਨੂੰ ਸੱਭੇ ਲਾਲ ਚੌਖੰਡੀ ਕਹਿੰਦੇ ਹਨ। (ਇਹ ਨਾਂ ਕਿਵੇਂ ਪਿਆ, ਮੈਂ ਅੱਗੇ ਜਾ ਕੇ ਦੱਸਾਂਗਾ।) ਉਥੇ ਇਕ ਚੁਬਾਰਾ ਏ, ਜਿਹਦੀ ਸੌੜੀ ਜਿਹੀ ਕੋਠੜੀ ਵਿਚ ਬੈਂਡ ਮਾਸਟਰ ਪਿਆਰੇ ਲਾਲ ਜੀ ਰਹਿੰਦੇ ਹਨ। ਚੁਬਾਰੇ ਦੀ ਬਾਰੀ ਤੋਂ ਹੇਠਾਂ ਬਾਹਰ ਵਾਰ ਫਿੱਕੀ ਪੈ ਚੁੱਕੀ ਲਿਖਾਈ ਵਾਲਾ 'ਮੌਜੀ ਬੈਂਡ' ਦਾ ਬੋਰਡ ਲਟਕਿਆ ਰਹਿੰਦਾ ਏ। (ਪਹਿਲਾ ਸ਼ਬਦ ਅਸਲ ਵਿਚ ਫੌਜੀ ਏ। ਉੱਤੋਂ ਬੇਧਿਆਨੀ ਨਾਲ ਥੁੱਕੀ ਪਾਨ ਦੀ ਪਿਚਕਾਰੀ ਨੇ ਨੁਕਤਾ ਉਡਾ ਛੱਡਿਆ ਏ। ਨੀਝ ਨਾਲ ਵੇਖਿਆਂ ਹੀ ਇਹ ਪਤਾ ਲੱਗਦਾ ਏ।) ਕਦੇ ਵਿਆਹ ਸ਼ਾਦੀ ਵਿਚ ਜੰਞ ਨਾਲ ਜਾਂਦੇ ਹੋਣਗੇ। ਖ਼ੈਰ, ਅਸਾਂ ਤੇ ਨਹੀਂ ਡਿੱਠਾ।

ਪਿਆਰੇ ਲਾਲ ਜੀ ਬ੍ਰਿਟਿਸ਼ ਇੰਡੀਅਨ ਆਰਮੀ ਵਿਚ ਸਨ। ਰਾਜਪੂਤਾਂ ਦੀ ਦੇਖਾ ਦੇਖੀ ਦੋ ਮੀਰਜ਼ਾਦਿਆਂ ਦੇ ਭਰਤੀ ਹੋਣ ਲਈ ਛਾਉਣੀ ਵਿਚ ਅੰਗਰੇਜ਼ ਸਾਹਮਣੇ ਬਹਾਦਰੀ ਦਾ ਇਮਤਿਹਾਨ ਦੇਣ ਦਾ ਲਤੀਫ਼ਾ ਤੁਸਾਂ ਸੁਣਿਆ ਹੋਵੇਗਾ? ਯਕੀਨ ਮੰਨੋ ਉਨ੍ਹਾਂ ਦੋਵਾਂ ਵਿਚੋਂ ਇੱਕ ਸਾਡੇ ਇਹੀ ਪਿਆਰੇ ਲਾਲ ਜੀ ਸਨ। ਪਤਲੂਨ ਗੰਦੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਫ਼ੌਜ ਵਿਚ ਰੱਖ ਲਿਆ ਗਿਆ ਸੀ। ਪਰ ਅੰਗਰੇਜ਼ ਅਫ਼ਸਰ ਨੇ ਉਨ੍ਹਾਂ ਦੇ ਹੱਥ ਲੋਹੇ ਦੀ ਬੰਦੂਕ ਦੇਣ ਦੀ ਬਜਾਏ ਪਿੱਤਲ ਦਾ ਧੂਤਾ ਫੜਾ ਦਿੱਤਾ ਸੀ। ਤਰੱਕੀ ਕਰਦੇ ਕਰਦੇ ਉਹ ਬੈਂਡ ਮਾਸਟਰ ਬਣ ਗਏ।

ਓਧਰ ਦੇਸ਼ ਭਗਤਾਂ ਵੱਲੋਂ ਆਜ਼ਾਦੀ ਦੀ ਲਹਿਰ ਵਿਚ ਜੋਸ਼ ਆ ਗਿਆ ਸੀ ਜਿਹਦਾ ਲਾਜ਼ਮੀ ਅਸਰ ਪਿਆਰੇ ਲਾਲ ਉੱਤੇ ਵੀ ਪਿਆ। ਜਦੋਂ ਲਾਹੌਰ ਵਿਚ ਵਾਇਸਰਾਏ ਦਾ ਪੁਰਜੋਸ਼ ਧੁਨਾਂ ਨਾਲ ਸਵਾਗਤ ਕਰਨ ਵਾਲੀ ਮੰਡਲੀ ਵਿਚ ਉਨ੍ਹਾਂ ਦਾ ਨਾਂ ਲਿਖਿਆ ਗਿਆ ਤਾਂ ਉਨ੍ਹਾਂ ਨੇ ਲਾਰਡ ਨੂੰ ਸਲੂਟ ਮਾਰਨ ਤੋਂ ਇਨਕਾਰ ਕਰ ਦਿੱਤਾ। ਨਿਯਮ ਦੀ ਇਸ ਉਲੰਘਣਾ ਪਾਰੋਂ ਉਨ੍ਹਾਂ ਦੀ ਨੌਕਰੀ ਜਾਂਦੀ ਰਹੀ ਸੀ।

ਦੇਸ਼ ਭਗਤੀ ਉਨ੍ਹਾਂ ਦੇ ਸਿਰ ਚੜ੍ਹ ਗਈ ਸੀ। ਹੁਣ ਉਹ ਮੇਲਿਆਂ-ਠੇਲ੍ਹੀਆਂ ਵਿਚ ਭਗਤ ਸਿੰਘ ਦੀ ਘੋੜੀ ਗਾਉਂਦੇ :

'ਆਓ ਨੀ ਭੈਣੋਂ ਰਲ ਗਾਈਏ ਘੋੜੀਆਂ
ਜੰਞ ਤੇ ਹੋਈ ਏ ਤਿਆਰ ਵੇ ਹਾਂ
ਮੌਤ ਕੁੜੀ ਨੂੰ ਪਰਨਾਵਣ ਚੱਲਿਆ
ਭਗਤ ਸਿੰਘ ਸਰਦਾਰ ਵੇ ਹਾਂ...'

ਆਵਾਜ਼ ਕੁੱਝ ਐਨੀ ਸੁਰੀਲੀ ਨਹੀਂ ਸੀ ਪਰ ਲੋਕਾਂ ਉੱਤੇ ਏਸ ਗਾਉਣ ਦੇ ਬੋਲ ਅਸਰ ਕਰਦੇ। ਗੁਜ਼ਾਰੇ ਜੋਗਾ ਵੇਲਾਂ ਦੀ ਸ਼ਕਲ ਵਿਚ ਉਨ੍ਹਾਂ ਨੂੰ ਲੱਭ ਈ ਜਾਂਦਾ।

ਕਹਿੰਦੇ ਨੇ ਕਿ ਇਕ ਮੇਲੇ ਅੰਦਰ ਮੌਤ ਦੇ ਖੂਹ ਵਿਚ ਫੱਟੇ ਉੱਤੇ ਨੱਚਣ ਵਾਲੀ ਇਕ ਮੁਟਿਆਰ ਉੱਤੇ ਪਿਆਰੇ ਲਾਲ ਜੀ ਆਪਣਾ ਦਿਲ ਹਾਰ ਬੈਠੇ। ਮਨ ਵਿਚ ਦੇਸ਼ ਭਗਤੀ ਨਾਲੋਂ ਹੁਣ ਪ੍ਰੇਮ ਭਗਤੀ ਦੀ ਭਾਵਨਾ ਵੱਧ ਸੀ। ਵੇਲਾਂ ਵਿਚ ਕਮਾਏ ਧਨ ਦਾ ਇਕ ਵੱਡਾ ਹਿੱਸਾ ਉਹ ਅੱਗੇ ਵੇਲਾਂ ਦੇਣ ਵਿਚ ਉਡਾ ਛੱਡਦੇ। ਤੇ ਫੇਰ ਭਿੜੀ ਸ਼ਾਹ ਰਹਿਮਾਨ ਦੇ ਮੇਲੇ ਵਿਚ ਜਿਥੇ ਪੰਜਵੇਂ ਦਿਨ ਅਗੱਥ ਜ਼ਰੂਰ ਵਗਦਾ ਏ, ਇਹ ਭੇਤ ਖੁੱਲ੍ਹ ਗਿਆ ਕਿ ਮੁਟਿਆਰ ਦੇ ਭੇਸ ਵਿਚ ਨੱਚਣ ਵਾਲਾ ਅਸਲੋਂ ਇਕ ਮੁੰਡਾ ਏ। ਉਹ ਬੜੇ ਸ਼ਰਮਿੰਦਾ ਹੋਏ ਤੇ ਮੇਲਿਆਂ ਨੂੰ ਸਦਾ ਲਈ ਖ਼ੈਰਬਾਦ ਆਖ ਦਿੱਤਾ।

ਹੁਣ ਪਿਆਰੇ ਲਾਲ ਜੀ ਨੇ ਸਿਆਸੀ ਜਲਸਿਆਂ ਵਿਚ ਘੋੜੀ ਗਾਉਣ ਦਾ ਮਿਥਿਆ। ਪਰ ਉਹ ਦੁਚਿੱਤੀ ਵਿਚ ਪੈ ਗਏ ਕਿ ਕਾਂਗਰਸ ਦੇ ਇਕੱਠਾਂ ਵਿਚ ਗਾਉਣ ਜਾਂ ਲੀਗ ਦੇ? ਉਹ ਦੋਵਾਂ ਵਿਚ ਵਾਰੋ-ਵਾਰੀ ਗਏ ਤੇ ਓਥੋਂ ਦਾ ਮਾਹੌਲ ਵੇਖਿਆ ਤਾਂ ਮੁੜ ਆਏ। ਦੋਵਾਂ ਪਾਸੇ ਦੇਸ਼ ਭਗਤੀ ਨੂੰ ਧਰਮ ਦੀ ਪੁੱਠ ਚਾੜ੍ਹੀ ਜਾ ਰਹੀ ਸੀ। ਪਿਆਰੇ ਲਾਲ ਜੀ ਨੂੰ ਲੱਗਿਆ ਕਿ ਲੋਕਾਂ ਦੀ ਇਕ ਨਾਸਤਿਕ ਯੋਧੇ ਦਾ ਜਸ ਸੁਣਨ ਨਾਲੋਂ ਹਜ਼ਾਰ ਵਰ੍ਹਿਆਂ ਦੀ ਮਰਯਾਦਾ ਵਾਲੇ ਧਰਮਾਂ ਦੀ ਕਥਾ ਸੁਣਨ ਵਿਚ ਰੁਚੀ ਬਾਹਲੀ ਏ। ਉਹ ਕੰਨ ਵਲ੍ਹੇਟ ਕੇ ਆਪਣੇ ਸ਼ਹਿਰ ਪਰਤ ਆਏ।

ਉਹ ਸਿੱਧੇ ਚੌਖੰਡੀ ਵਾਲੇ ਚੁਬਾਰੇ ਉੱਤੇ ਅੱਪੜੇ। ਇਹ ਅਸਲੋਂ ਸ਼ਹਿਰ ਦੀ ਮਸ਼ਹੂਰ ਗਾਇਕਾ ਨਵਾਬ ਪਰੀ ਦੇ ਸਾਜ਼ਿੰਦਿਆਂ ਦਾ ਠਿਕਾਣਾ ਸੀ। ਇਸ ਪਰੀ ਬਾਰੇ ਧੁੰਮਿਆ ਹੋਇਆ ਏ ਕਿ ਉਹ ਕਿਸੇ ਦੂਜੇ ਸ਼ਹਿਰ ਮੁਜਰਾ ਕਰਨ ਗਈ ਇਕ ਰਾਤੀਂ ਅਖਾੜੇ ਵਿਚੋਂ ਉੱਡ ਗਈ ਸੀ। (ਬਹੁਤਿਆਂ ਦਾ ਮੰਨਣਾ ਏ ਕਿ ਉਹ ਆਪਣੇ ਵੇਲੇ ਦੇ ਕਿਸੇ ਦੇਵ ਦੀ ਢਾਹੇ ਚੜ੍ਹ ਗਈ।) ਸਾਜ਼ਿੰਦਿਆਂ ਦਾ ਧੰਦਾ ਗਾਇਕਾ ਦੇ ਅਲੋਪ ਹੋਣ ਵਜੋਂ ਠੱਪ ਹੋ ਗਿਆ। ਚੁਬਾਰੇ ਵਿਚ ਪਿਆਰੇ ਲਾਲ ਦੀ ਆਮਦ ਉਨ੍ਹਾਂ ਲਈ ਸ਼ੁੱਭ ਸਾਬਤ ਹੋਈ। ਇੱਥੇ ਪਿਆਰੇ ਲਾਲ ਜੀ ਨੇ ਉਨ੍ਹਾਂ ਨੂੰ ਨਾਲ ਰਲਾ ਕੇ ਸਾਡੇ ਸ਼ਹਿਰ ਦੇ ਸਭ ਤੋਂ ਕਦੀਮੀ 'ਫ਼ੌਜੀ ਬੈਂਡ' ਦੀ ਨੀਂਹ ਰੱਖੀ।


ਲਾਰਡ ਨੂੰ ਸਲਾਮੀ ਨਾ ਦੇਣ ਵਾਲੀ ਦੰਦ-ਕਥਾ ਸਭ ਨੇ ਸੁਣੀ ਹੋਈ ਸੀ ਤੇ ਜਦੋਂ ਏਸ ਘਟਨਾ ਦੇ ਮਹਾਂ ਪਾਤਰ ਬੈਂਡ ਮਾਸਟਰ ਪਿਆਰੇ ਲਾਲ ਨੂੰ ਲੋਕ ਆਪਣੇ ਵਿਚਕਾਰ ਵੇਖਦੇ ਤਾਂ ਉਨ੍ਹਾਂ ਨੂੰ ਮਾਣ ਮਹਿਸੂਸ ਹੁੰਦਾ। ਹਰ ਕੋਈ ਉਨ੍ਹਾਂ ਨਾਲ ਹੱਥ ਮਿਲਾਉਣ ਵਿਚ ਫ਼ਖ਼ਰ ਸਮਝਦਾ। ਰਾਜੇ-ਮਹਾਰਾਜੇ ਤੇ ਨਵਾਬ ਆਪਣੇ ਹੱਥੀਂ ਜਿਹਦੀਆਂ ਜੁੱਤੀਆਂ ਸਿੱਧੀਆਂ ਕਰਨ ਲਈ ਉਤਾਵਲੇ ਰਹਿੰਦੇ, ਉਸ ਹਸਤੀ ਨੂੰ ਸਲਾਮੀ ਦੇਣ ਤੋਂ ਇਨਕਾਰ ਪਿਆਰੇ ਲਾਲ ਜੀ ਦੇ ਹੱਥ ਨੂੰ ਵਾਕਈ ਮੁੱਲਵਾਨ ਬਣਾਉਂਦਾ ਸੀ।

ਸ਼ਾਇਦ ਏਥੋਂ ਹੀ ਪਿਆਰੇ ਲਾਲ ਜੀ ਨੂੰ ਕਈ ਵਰ੍ਹੇ ਬਾਅਦ ਇਕ ਅਜ਼ੀਮ ਰਸਮ ਦਾ ਮੁੱਢ ਬੰਨ੍ਹਣ ਦਾ ਖਿਆਲ ਆਇਆ। ਉਨ੍ਹਾਂ ਮਿਥ ਲਿਆ ਕਿ ਉਹ ਹਰ ਵਰ੍ਹੇ ਵਿਸਾਖੀ ਵਾਲੇ ਦਿਨ ਸ਼ਹਿਰ ਦੀ ਕਿਸੇ ਉਚੇਚੀ ਹਸਤੀ ਨੂੰ ਫ਼ੌਜੀ ਢੰਗ ਨਾਲ ਸਲਾਮੀ ਦੇਣਗੇ।

ਤੇ ਪਹਿਲੀ ਸਲਾਮੀ ਉਨ੍ਹਾਂ ਮਹਾਸ਼ੇ ਦੇਵੀਪ੍ਰਸਾਦ ਨੂੰ ਪੇਸ਼ ਕੀਤੀ, ਜਿਨ੍ਹੇ ਵੰਡ ਨੂੰ ਯਕੀਨੀ ਵੇਖਦਿਆਂ ਆਲੇ-ਦੁਆਲੇ ਦੇ ਪਿੰਡਾਂ ਦੇ ਕਿਸਾਨਾਂ ਦਾ ਵਿਆਜ ਮਾਫ਼ ਕਰਨ ਦਾ ਐਲਾਨ ਕੀਤਾ ਸੀ। ਲੋਕ ਦੱਸਦੇ ਨੇ ਕਿ ਮਹਾਸ਼ੇ ਹੁਰਾਂ ਇਸ ਸਲਾਮੀ ਤੋਂ ਬਾਅਦ ਆਪਣੇ ਸਾਰੇ ਵਹੀ-ਖਾਤੇ ਬਾਹਰ ਚੌਕ ਵਿਚ ਲਿਆ ਰੱਖੇ, ਉੱਤੇ ਤੇਲ ਦੀ ਪਲੀ ਛਿੜਕੀ ਤੇ ਅੱਗ ਲਾ ਕੇ ਫੂਕ ਦਿੱਤੇ। ਇਕੱਠੀ ਹੋਈ ਭੀੜ ਨੂੰ ਕਿਹਾ ਕਿ ਆਦਰ-ਮਾਣ ਵਾਲੀ ਦੌਲਤ ਹੀ ਮੇਰੇ ਲਈ ਕਾਫ਼ੀ ਏ। ਕੁਝ ਮਹੀਨਿਆਂ ਮਗਰੋਂ ਉਥਲ-ਪੁਥਲ ਵੇਲੇ ਜਦੋਂ ਬੰਦਿਆਂ ਦੀ ਰੱਤ ਨਾਲ ਚੌਖੰਡੀ ਦੀ ਸੜਕ ਲਾਲ ਹੋ ਗਈ ਤਾਂ ਇਕੱਲਾ ਮਹਾਸ਼ਾ ਦੇਵੀਪ੍ਰਸਾਦ ਦਾ ਪਰਿਵਾਰ ਹੀ ਸੀ, ਜਿਸ ਨੂੰ ਕਿਸੇ ਭੈੜੇ ਤੋਂ ਭੈੜੇ ਲਫੰਗੇ ਵੀ ਹੱਥ ਲਾਉਣਾ ਪਾਪ ਜਾਣਿਆ।

ਮੈਂ ਏਥੇ ਦੱਸ ਦਿਆਂ ਕਿ ਚੌਕ ਦਾ ਨਾਂ ਏਸੇ ਰੱਤ ਵਹਿਣ ਵਾਲੀ ਘਟਨਾ ਤੋਂ 'ਲਾਲ ਚੌਖੰਡੀ' ਵੱਜਣ ਲੱਗਾ ਸੀ। ਅੱਜ ਇਹ ਕਿਸੇ ਨੂੰ ਵੀ ਪਤਾ ਨਹੀਂ ਤੇ ਬਹੁਤੇ ਲੋਕ ਬੈਂਡ ਮਾਸਟਰ ਪਿਆਰੇ ਲਾਲ ਜੀ ਦੀ ਨਿਸਬਤ ਨੂੰ ਹੀ ਇਹਦਾ ਆਧਾਰ ਸਮਝਦੇ ਹਨ।

ਸਲਾਮੀ ਵਾਲਾ ਸਿਲਸਿਲਾ ਲੰਮੇ ਅਰਸੇ ਤਕ ਜਾਰੀ ਰਹਿਣ ਪਾਰੋਂ ਸਾਡੇ ਸ਼ਹਿਰ ਦੀ ਮਰਯਾਦਾ ਬਣ ਗਿਆ। ਬੈਂਡ ਮਾਸਟਰ ਪਿਆਰੇ ਲਾਲ ਜੀ ਬਹੁਤ ਬੁੱਢੇ ਹੋਣ ਦੇ ਬਾਵਜੂਦ ਇਸ ਪਰੰਪਰਾ ਨੂੰ ਨਿਭਾਉਂਦੇ ਆ ਰਹੇ ਨੇ। ਕਈ ਵਾਰ ਉਹ ਹੱਸਦੇ ਹੋਏ ਦੱਸਦੇ ਕਿ ਸ਼ਹਿਰ ਵਿਚ ਅੰਗਰੇਜ਼ਾਂ ਦੇ ਸਮੇਂ ਦੀਆਂ ਬੱਸ ਦੋ ਹੀ ਸ਼ੈਆਂ ਬਚੀਆਂ ਨੇ। ਇਕ ਰੇਲ ਗੱਡੀ ਦਾ ਸਟੇਸ਼ਨ ਤੇ ਦੂਜਾ ਬੈਂਡ ਮਾਸਟਰ ਪਿਆਰੇ ਲਾਲ ਖ਼ੁਦ ਆਪ। ਸਲਾਮੀ ਵਾਲਾ ਸਨਮਾਨ ਹਾਸਿਲ ਕਰਨ ਵਾਲਿਆਂ ਦੀ ਇਕ ਲੰਮੀ ਫ਼ਹਿਰਿਸਤ ਏ। ਉਨ੍ਹਾਂ ਵਿਚੋਂ ਬਹੁਤੇ ਅੱਜ ਸਾਡੇ ਦਰਮਿਆਨ ਮੌਜੂਦ ਨਹੀਂ।



ਪਿਛਲੇ ਕੁੱਝ ਵਰ੍ਹਿਆਂ ਦੀ ਗੱਲ ਏ, ਇਕ ਨਵੇਂ ਅਫ਼ਸਰ ਐਡਮਿਨਿਸਟੇਟਰ ਮਿਉਂਸੀਪਲ ਕਮੇਟੀ ਦੀ ਇਸ ਸ਼ਹਿਰ ਬਦਲੀ ਹੋਈ। ਜਿਵੇਂ ਕਿ ਕਾਲੋਨੀਅਲ ਦੌਰ ਤੋਂ ਅਫ਼ਸਰ ਸ਼ਾਹੀ ਦਾ ਰਿਵਾਜ ਏ, ਉਸ ਆਉਂਦਿਆਂ ਹੀ ਸ਼ਹਿਰ ਅਤੇ ਇੱਥੋਂ ਦੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ। ਜਦੋਂ ਉਹਨੂੰ ਇਸ ਸਲਾਮੀ ਵਾਲੇ ਸਨਮਾਨ ਦਾ ਪਤਾ ਲੱਗਿਆ ਤਾਂ ਉਹ ਵੀ ਇਹਨੂੰ ਹਾਸਲ ਕਰਨ ਬਾਰੇ ਸੋਚਣ ਲੱਗਾ। 'ਉਹ ਅਜਿਹਾ ਕੀ ਕਰੇ ਕਿ ਉਹਨੂੰ ਸ਼ਹਿਰ ਵਿਚ ਏਸ ਵਰ੍ਹੇ ਦੀ ਸਭ ਤੋਂ ਵਧੀਆ ਹਸਤੀ ਮਿਥਿਆ ਜਾਵੇ?' ਕਈ ਲੋਕ ਚਿਰਾਂ ਤੋਂ ਇਸ ਯਤਨ ਵਿਚ ਲੱਗੇ ਹੋਣਗੇ! ਆਪਣੀ ਵਿੱਤ ਮੂਜਬ ਦੂਸਰਿਆਂ ਦੇ ਜੀਵਨ ਵਿਚ ਸੁਖਾਲ ਲਿਆਉਣ ਲਈ ਜੂਝਦੇ ਰਹਿਣਾ ਸੌਖਾ ਕੰਮ ਨਹੀਂ। ਪਰ ਉਹ ਕੁੱਝ ਅਜਿਹਾ ਕਰ ਵਿਖਾਏਗਾ ਕਿ ਸਭ ਤੋਂ ਉੱਘਾ ਹੋ ਨਿੱਬੜੇ।

ਉਹਨੂੰ ਇਕ ਅਨੋਖੀ ਤਰਕੀਬ ਸੁੱਝੀ ਤਾਂ ਮਾਲੀ ਨੂੰ ਸੱਦ ਕੇ ਉਸ ਹੁਕਮ ਜਾਰੀ ਕਰ ਦਿੱਤਾ।

ਐਡਮਿਨਿਸਟੇਟਰ ਹਫ਼ਤੇ ਵਿਚ ਇਕ ਵਾਰ ਲਾਲ ਚੌਖੰਡੀ ਵਿਚ ਖੋਖੇ 'ਤੇ ਚਾਹ ਪੀਣ ਜਾਣ ਲੱਗਾ। ਉਹਦਾ ਮਕਸਦ ਬੈਂਡ ਮਾਸਟਰ ਪਿਆਰੇ ਲਾਲ ਨਾਲ ਜਾਣ-ਪਛਾਣ ਬਣਾਉਣ ਦਾ ਸੀ, ਜੋ ਅਕਸਰ ਓਥੇ ਬੈਠੇ ਮਿਲਦੇ।

ਫਿਰ ਇਕ ਦਿਨ ਸ਼ਹਿਰ ਭਰ ਵਿਚ ਮਿਉਂਸਪੈਲਿਟੀ ਵੱਲੋਂ 'ਮੁਫ਼ਤ ਸਬਜ਼ੀ' ਦਾ ਹੋਕਾ ਦਿਵਾਇਆ ਗਿਆ। ਆਪਣੀ ਲੋੜ ਮੁਤਾਬਿਕ ਹਰ ਕੋਈ ਸੜਕਾਂ ਦੇ ਵਿਚਕਾਰ ਕਿਆਰੀਆਂ ਵਿਚੋਂ, ਕੱਚੀਆਂ ਪਗਡੰਡੀਆਂ ਦੇ ਨਾਲੋਂ ਤੇ ਮਿਉਂਸੀਪਲ ਪਾਰਕ ਤੋਂ ਵੇਲੇ ਦੀ ਸੌਗਾਤ 'ਸਾਗ' ਤੋੜ ਕੇ ਲਿਜਾ ਸਕਦਾ ਸੀ।

ਚਿਰਾਂ ਤੋਂ ਕੁੱਝ ਬੰਦਿਆਂ ਦੀ ਮੱਦਦ ਕਰਦੇ ਆਏ ਲੋਕਾਂ ਵਿਚ ਕਿਸੇ ਵੱਲੋਂ ਇੱਕੋ ਵੇਲੇ ਐਨੇ ਸਾਰੇ ਜੀਆਂ ਲਈ ਕੋਈ ਸ਼ੈ ਮੁਫ਼ਤ ਵੰਡਣ ਦੀ ਇਹ ਘਟਨਾ ਵਾਕਈ ਅਨੋਖੀ ਹੋ ਸਕਦੀ ਸੀ। ਇਹੀ ਗੁਣ ਐਡਮਿਨਿਸਟੇਟਰ ਨੂੰ ਸ਼ਾਇਦ ਸਭ ਤੋਂ ਵੱਖਰਾ ਦਰਸਾਉਣ ਲਈ ਕਾਫ਼ੀ ਹੋਵੇਗਾ! ਪੂਰੇ ਸ਼ਹਿਰ ਵਿਚ ਮੁਨਾਦੀ ਐਡਮਿਨਿਸਟੇਟਰ ਦੇ ਨਾਂ ਨਾਲ ਹੋਈ। ਸਮਾਂ ਵੀ ਠੀਕ ਚੁਣਿਆ ਗਿਆ, ਜਦੋਂ ਪੰਜਾਬ ਵਿਚ ਰਹਿਤਲ ਦਿਹਾੜਾ ਮਨਾਇਆ ਜਾ ਰਿਹਾ ਸੀ। ਉਹ ਆਪਣੇ ਦਫ਼ਤਰ ਵਿਚ ਪੈਂਟ-ਕੋਟ (ਲਾਚਾ ਬੰਨਦੀਆਂ ਉਹਨੂੰ ਸੰਗਾ ਆਉਂਦੀ) 'ਤੇ ਪੱਗ ਬੰਨ੍ਹ ਕੇ ਸਾਰਾ ਦਿਨ ਬੈਠਾ ਰਿਹਾ। ਰਹਿਤਲ ਦਿਹਾੜ ਉੱਤੇ ਰਵਾਇਤੀ ਖਾਭੇ ਦਾ ਤੋਹਫ਼ਾ ਸ਼ਹਿਰ ਵਾਸੀਆਂ ਨੂੰ ਅਚੰਭੇ ਵਿਚ ਪਾ ਦੇਵੇਗਾ।

ਸਵੇਰੇ ਦਫ਼ਤਰ ਆਉਂਦੇ ਹੋਏ ਇਹ ਵੇਖ ਕੇ ਉਹ ਤ੍ਰਭਕ ਗਿਆ ਕਿ ਕਿਸੇ ਨੇ ਇਕ ਮੁੱਠ ਵੀ ਨਹੀਂ ਤੋੜੀ ਸੀ।

'ਸਰ੍ਹੋਂ ਨਹੀਂ, ਸਰ! ਇਹ ਤਾਰਾਮੀਰਾ ਏ।' ਪਿੰਡ ਤੋਂ ਆਉਂਦੇ ਕਲਰਕ ਨੇ ਦੱਸਿਆ।

ਐਡਮਿਨਿਸਟੇਟਰ ਜੋ ਇਸ ਭਲਾਈ ਦੇ ਬਦਲੇ ਸਲਾਮੀ ਦਾ ਸੁਫ਼ਨਾ ਵੇਖਦਾ ਰਿਹਾ ਸੀ, ਖਿੱਝ ਕੇ ਸਿਰ ਖੁਰਕਣ ਲੱਗ ਪਿਆ। ਤੇ ਜਦੋਂ ਚੇਅਰਮੈਨ ਨੇ ਸਰ੍ਹੋਂ ਤੇ ਤਾਰੇਮੀਰੇ ਦਾ ਫ਼ਰਕ ਸਮਝਾਉਂਦਿਆਂ ਆਖਿਆ ਕਿ ਇਹਦਾ ਤੇਲ ਖਾਜ ਮਿਟਾਉਣ ਦੇ ਕੰਮ ਆਉਂਦਾ ਏ, ਤਾਂ ਉਸ ਝੱਬ ਦੇ ਹੱਥ ਥੱਲੇ ਕਰ ਲਿਆ। ਇਸ ਘਟਨਾ ਤੋਂ ਐਡਮਿਨਿਸਟੇਟਰ ਏਨਾ ਪੱਚੀ ਹੋਇਆ ਕਿ ਉਹ ਵਿਸਾਖੀ ਤੋਂ ਪਹਿਲੇ ਹੀ ਅਪਣਾ ਤਬਾਦਲਾ ਕਰਵਾ ਗਿਆ।

ਸਲਾਮੀ ਦੇ ਲੋਭ ਨੇ ਰਿਟਾਇਰਮੈਂਟ ਦੇ ਲਾਗੇ ਅੱਪੜੇ ਇਕ ਤਹਿਸੀਲਦਾਰ ਨੂੰ ਰਿਸ਼ਵਤ ਛੱਡਣ ਲਈ ਪ੍ਰੇਰਿਆ ਸੀ। ਸ਼ਹਿਰ ਵਿਚ 'ਵੱਢੀ' ਨੂੰ 'ਹੱਡੀ' ਆਖਣ ਦਾ ਰਿਵਾਜ ਉਹਦੀ ਵਜੋਂ ਹੀ ਪਿਆ। ਪੈਸਾ ਬਹੁਤ ਇਕੱਠਾ ਕਰ ਲਿਆ ਸੀ ਪਰ ਆਦਰ-ਮਾਣ ਮਾਸਾ ਨਹੀਂ ਸੀ ਉਹਦਾ। ਫਿਰ ਉਹਨੇ ਬੰਦਾ ਬਣ ਕੇ ਰਹਿਣ ਦਾ ਸੋਚ ਲਿਆ।

ਇਹ ਵੇਖਦਿਆਂ ਇਕ ਵਕੀਲ ਨੇ ਵੀ ਅਸ਼ਟਾਮ ਪੇਪਰਾਂ ਉੱਤੇ ਆਪਣਾ ''ਨੌਟਰੀ ਪਬਲਿਕ ਦਾ ਠੱਪਾ ਲਾਉਣ ਦੀ ਮੋਖ ਛੱਡ ਦਿੱਤੀ। ਉਸ ਆਪਣੇ ਕੋਲ ਆਉਣ ਵਾਲਾ ਹਰ ਵਰਕਾ ਜ਼ਿੰਮੇਵਾਰੀ ਨਾਲ ਪੜ੍ਹਨ ਦਾ ਪ੍ਰਣ ਕੀਤਾ। ਭਾਵੇਂ ਇਸ ਤੋਂ ਅਗਦੋਂ ਲੋਕੀਂ ਵੱਢੀ ਦੇ ਕੇ ਕੋਰੇ ਕਾਗ਼ਜ਼ ਉੱਤੇ ਵੀ ਉਹਦੇ ਕੋਲੋਂ ਮੋਹਰ ਲਗਵਾ ਲੈਂਦੇ ਸਨ।

ਇਸੇ ਸ਼ਹਿਰ ਦੀ ਬਾਰ ਕੌਂਸਲ ਦੇ ਸਦਰ ਨੇ ਤਾਂ ਹਮਾਤੜਾਂ ਦੇ ਮੁਕੱਦਮੇ ਮੁਫ਼ਤ ਲੜਨ ਦਾ ਐਲਾਨ ਕਰ ਦਿੱਤਾ ਸੀ। ਇਸ ਖ਼ਬਰ ਵਾਲੇ ਪੋਸਟਰਾਂ ਨਾਲ ਉਹਨੇ ਲਾਲ ਚੌਖੰਡੀ ਵਿਚ ਦੁਕਾਨਾਂ ਦੀਆਂ ਕੰਧਾਂ ਰੰਗ ਦਿੱਤੀਆਂ ਸਨ।

ਭਾਵੇਂ ਇਹ ਸਲਾਮੀ ਹੁਣ ਤੀਕ ਕਈ ਹਮਾਤੜ ਲੋਕਾਂ ਨੂੰ ਵੀ ਮਿਲੀ ਪਰ ਅਮੀਰ ਲੋਕਾਂ ਨੂੰ ਇਹਦੀ ਲਾਲਸਾ ਬਹੁਤੀ ਰਹਿੰਦੀ। ਨਿਮਾਣਿਆਂ ਵਿਚ ਤਾੜੀ ਦੀ ਭੁੱਖ ਨਹੀਂ ਹੁੰਦੀ। ਉਨ੍ਹਾਂ ਨੂੰ ਤਾਂ ਇਹ ਨਿਰਾ ਆਦਰ ਹੀ ਜਾਪਦਾ ਸੀ ਪਰ ਧਨਾਢ ਲੋਕਾਂ ਲਈ ਇਹ ਸ਼ੋਹਰਤ ਤੇ ਮਾਣ ਦਾ ਕਾਰਨ ਵੀ ਸੀ। ਇਸ ਸਲਾਮੀ ਪਿੱਛੋਂ ਹਰ ਕੋਈ ਤੁਹਾਨੂੰ ਜਾਣਨ ਲੱਗਦਾ ਸੀ। ਉਹ ਸਾਰੇ ਇਕ ਦੂਜੇ ਦੀ ਨਜ਼ਰ ਵਿਚ ਬਰਾਬਰ ਹੁੰਦੇ ਪਰ ਵਰ੍ਹੇ ਪਿੱਛੋਂ ਅਚਨਚੇਤੀ ਕੋਈ ਇਕ ਸਭ ਤੋਂ ਅੱਡ ਉੱਘੜ ਖਲੋਂਦਾ। ਇਕੱਲੀ ਇਕ ਸ਼ਖ਼ਸ ਦੀ ਹੀ ਨਹੀਂ ਸਗੋਂ ਪੂਰੇ ਪਰਿਵਾਰ ਦੀ ਬੱਲੇ ਬੱਲੇ ਹੋ ਜਾਂਦੀ। ਇਹ ਉਹ ਪਛਾਣ ਸੀ ਜਿਹੜੀ ਕਿਧਰੋਂ ਮੁੱਲ ਨਹੀਂ ਮਿਲਦੀ ਸੀ। ਇਹ ਸਲਾਮੀ ਸ਼ਹਿਰ ਦੇ ਮੋਹਤਬਰ ਲੋਕਾਂ ਦੇ ਸੁਭਾਅ ਵਿਚ ਸੁਧਾਰ ਦਾ ਸਬੱਬ ਵੀ ਸੀ। ਉਨ੍ਹਾਂ ਵਿਚ ਇਸ ਮਾਣ ਨੂੰ ਖੱਟਣ ਦੀ ਤਾਂਘ ਵਧਦੀ ਗਈ। ਤੇ ਇੰਝ ਇਹ 'ਆਵਾਮੀ ਗਾਰਡ ਆਫ਼ ਆਨਰ' ਇਸ ਨਿੱਕੇ ਜਿਹੇ ਸ਼ਹਿਰ ਦਾ ਸਭ ਥੀਂ ਉਚੇਚਾ ਕਾਰਾ ਹੋ ਨਿੱਬੜਿਆ ਸੀ।

ਸਲਾਮੀ ਦੇ ਲੋਭੀ ਅਫ਼ਸਰ ਭਲਿਆਈ ਇੰਝ ਕਰਦੇ ਕਿ ਲੋਕਾਂ ਨੂੰ ਇਹ ਅਹਿਸਾਨ ਜਾਪਦਾ। ਆਪਣੀ ਨੌਕਰੀ ਨੂੰ ਇਮਾਨਦਾਰੀ ਨਾਲ ਕਰਨਾ ਤਾਂ ਉਨ੍ਹਾਂ ਦਾ ਕਰਤੱਵ ਹੋਇਆ। ਤੇ ਇਸ ਸੇਵਾ ਬਦਲੇ ਸਰਕਾਰ ਹਰ ਮਹੀਨੇ ਉਨ੍ਹਾਂ ਨੂੰ ਪਗਾਰ ਦਿੰਦੀ ਏ। ਪਿਆਰੇ ਲਾਲ ਜੀ ਇਸ ਗੱਲ ਤੋਂ ਖ਼ੂਬ ਵਾਕਫ਼ ਨੇ। ਇਸੇ ਲਈ ਅਜਿਹੇ ਲੋਕ ਉਨ੍ਹਾਂ ਦੇ ਮਨ ਨੂੰ ਜ਼ਰਾ ਨਹੀਂ ਭਾਉਂਦੇ।

ਪਿਆਰੇ ਲਾਲ ਜੀ ਨੂੰ ਨਿੱਤ ਸੱਦੇ ਆਉਂਦੇ। ਕਦੇ ਆਗੂਵਾਂ ਵੱਲੋਂ ਤੇ ਕਦੇ ਅਫ਼ਸਰਾਂ ਵੱਲੋਂ। ਹਰਕਾਰਾ ਘੱਲ ਕੇ ਖੁੱਲ੍ਹੀਆਂ ਕਚਹਿਰੀਆਂ ਵਿਚ ਰਲਤ ਦੀ ਬੇਨਤੀ ਕੀਤੀ ਜਾਂਦੀ। ਜੇ ਉਹ ਜਾਂਦੇ ਤਾਂ ਪੱਕ ਨਾਲ ਮੁਹਰਲੀ ਸਫ਼ ਵਿਚ ਕੁਰਸੀ ਮਿਲਦੀ, ਪਰ ਉਹ ਕਿਧਰੇ ਜਾਂਦੇ ਨਹੀ ਸਨ। ਆਗੂ ਲੋਕਾਂ ਦੇ ਸਿਆਸੀ ਡੇਰਿਆਂ ਉੱਤੇ ਹੋਣ ਵਾਲੇ ਆਵਾਮੀ ਇਕੱਠ ਵਿਚ ਉਨ੍ਹਾਂ ਕਦੇ ਪੈਰ ਨਾ ਧਰਿਆ। ਉਹ ਨਿਰਪੱਖ ਸਨ ਤੇ ਉਨ੍ਹਾਂ ਦਾ ਮੋਹ ਕਿਸੇ ਖ਼ਾਸ ਮਨੁੱਖ ਵਿਚ ਨਹੀਂ, ਸਗੋਂ ਮਨੁੱਖਤਾ ਨਾਲ ਸੀ।

ਪਿਛਲੀ ਵਿਸਾਖੀ ਉੱਤੇ ਮੰਮਦੇ ਮੋਚੀ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ ਸੀ। ਸਰਕਾਰੀ ਸਕੂਲ ਦੇ ਸਾਹਮਣੇ ਮਾਇਆ ਦੇਵੀ ਦੀ ਢੱਠੀ ਹੋਈ ਸਰਾਂ ਦੀ ਕੰਧ ਨਾਲ ਬੈਠਾ ਉਹ ਬੁੱਢਾ ਇੱਕ ਉਮਰ ਤੋਂ ਲੋਕਾਂ ਦੀਆਂ ਜੁੱਤੀਆਂ ਚਮਕਾਉਣ ਤੋਂ ਵੱਖ ਬਾਲਾਂ ਦੀਆਂ ਕਿਤਾਬਾਂ ਨੂੰ ਮੁਫ਼ਤ ਜਿਲਦਾਂ ਕਰਦਾ ਆ ਰਿਹਾ ਏ। ਉਹਦੇ ਲੱਕੜੀ ਦੇ ਸੰਦੂਕ ਵਿਚ ਬਣੇ ਰਖਣੇ ਅੰਦਰ ਪੀਲੇ ਪੰਨਿਆਂ ਵਾਲੀ ਇਕ ਕਿਤਾਬ ਹਮੇਸ਼ਾ ਮੌਜੂਦ ਹੁੰਦੀ ਏ। ਕਿਤਾਬਾਂ ਜਿਲਦ ਕਰਵਾਉਣ ਆਏ ਮੁੰਡਿਆਂ ਕੋਲੋਂ ਉਹ ਇਹਦਾ ਇਕ ਬੰਦ ਜ਼ਰੂਰ ਸੁਣਦਾ ਏ। ਮੁੰਡਿਆਂ ਕੋਲੋਂ ਇਸ ਕਿਤਾਬ ਦੇ ਸ਼ਬਦ ਔਖੇ ਹੀ ਵਾਚੇ ਜਾਂਦੇ ਨੇ। ਕਿਤਾਬਾਂ ਨੂੰ ਤੋਪੇ ਭਰਦਾ ਹੋਇਆ ਬਾਬਾ ਮੰਮਦਾ ਬਾਲਾਂ ਦੀ ਨਾਲਾਇਕੀ ਉੱਤੇ ਸਰਪਰ ਝੁਰਦਾ।

ਬਾਲਾਂ ਨੂੰ ਇਹ ਜਾਣ ਕੇ ਅਚੰਭਾ ਹੁੰਦਾ ਪਈ ਉਨ੍ਹਾਂ ਦੀਆਂ ਲਿਸ਼ਕਵੇਂ ਵਰਕਿਆਂ ਵਾਲੀਆਂ ਕਿਤਾਬਾਂ ਨਾਲ ਰਲਦੀ-ਮਿਲਦੀ ਅੱਖਰ ਪੱਟੀ ਵਾਲੀ ਇਹ ਪੀਲੀ ਕਿਤਾਬ ਉਨ੍ਹਾਂ ਦੇ ਪੁਰਖਿਆਂ ਦੀ ਬੋਲੀ ਵਿਚ ਏ, ਜਿਹਨੂੰ ਸਕੂਲਾਂ ਵਿਚੋਂ ਧੂਤਕਾਰ ਦਿੱਤਾ ਗਿਆ ਏ। ਮੰਮਦਾ ਦੱਸਦਾ ਕਿ ਤੁਹਾਡੀ ਸਿਖਲਾਈ ਦਾ ਆਧਾਰ ਕੋਈ ਓਭੜ ਬੋਲੀ ਏ। 'ਜਿਵੇਂ ਮੈਂ ਤੁਹਾਡੇ ਲਈ ਅਨਪੜ੍ਹ ਆਂ, ਓਵੇਂ ਹੀ ਬਚੜਾ ਤੁਸੀ ਮੇਰੇ ਲਈ ਅਨਪੜ੍ਹ ਓ।' ਇਹ ਆਖਦਾ ਹੋਇਆ ਉਹ 'ਹੀਰ ਵਾਰਿਸ ਸ਼ਾਹ' ਦਾ ਨੁਸਖ਼ਾ ਮੁੜ ਸੰਦੂਕ ਵਿਚ ਰੱਖ ਲੈਂਦਾ।

ਓਸ ਵਰ੍ਹੇ ਮਾਸਟਰ ਜੀ ਨੂੰ ਲਾਲ ਚੌਖੰਡੀ ਤੋਂ ਮਾਇਆ ਦੇਵੀ ਦੀ ਸਰਾਂ ਤਾਈਂ ਇਕ ਲੰਮਾ ਚੱਕਰ ਕੱਟ ਕੇ ਆਉਣਾ ਪਿਆ। ਓਥੇ ਅੱਪੜਣ ਤੀਕ ਇਹ ਜਲੂਸ ਦਾ ਰੂਪ ਧਾਰ ਗਿਆ ਸੀ। ਅੱਗੇ ਅੱਗੇ ਸੋਟੀ ਘੁਮਾਉਂਦੇ ਹੋਏ ਬੈਂਡ ਮਾਸਟਰ ਪਿਆਰੇ ਲਾਲ ਜੀ, ਪਿੱਛੇ ਢੋਲੀ, ਨਾਲ ਪਿੱਤਲ ਦੇ ਵੱਡੇ ਧੂਤੇ ਵਾਲਾ ਇਕ ਅਧਖੜ, ਪਿੱਛੇ ਛੈਣੇ ਖੜਕਾਉਣ ਵਾਲਾ ਛੋਹਰ, ਜਿਸ ਦੇ ਸੱਜੇ ਖੱਬੇ ਤੁਰੀਆਂ ਵਜਾਉਣ ਵਾਲੇ ਦੋ ਜਣੇ। ਪੰਜਾਬ ਦੀਆਂ ਲੋਕ ਧੁਨਾਂ ਵਜਾਉਂਦਾ ਇਹ ਬੈਂਡ ਰਾਹ ਵਿਚ ਰੁਕ ਕੇ ਆਪਣੇ ਪਿੱਛੇ ਆਉਂਦੇ ਮਜਮੇ ਨੂੰ ਲੁੱਡੀ ਦੀ ਥਾਪ ਉੱਤੇ ਨੱਚਣ ਦੀ ਖੁੱਲ੍ਹ ਦਿੰਦਾ।

ਸਰਾਂ ਤੋਂ ਥੋੜਾ ਪਿੱਛੇ ਪਿਆਰੇ ਲਾਲ ਜੀ ਵੱਲੋਂ ਇਸ਼ਾਰਾ ਮਿਲਦਿਆਂ ਹੀ ਢੋਲੀ ਨੇ ਤਾਲ ਬਦਲ ਲਈ ਤੇ ਤੁਰੀਆਂ ਵਾਲਿਆਂ ਨੇ 'ਆਉਂਦੀਆਂ ਨਸੀਬਾਂ ਨਾਲ ਇਹ ਘੜੀਆਂ' ਵਾਲੀ ਧੁਨ ਛੇੜ ਲਈ। ਮੰਮਦਾ ਇਹ ਵੇਖਣ ਲਈ ਅਜੇ ਸੰਭਲਦਾ ਹੋਇਆ ਉੱਠ ਹੀ ਰਿਹਾ ਸੀ ਕਿ ਧੂਤੇ ਵਾਲੇ ਨੇ ਤਿੰਨ ਵਾਰ ਉੱਚੀ ਸਾਰੀ 'ਪੂੰ ਪਾਂ' ਕੀਤਾ।

*(ਬਾਕੀ ਅਗਲੇ ਸਫੇ 'ਤੇ)*

# ਦਿੱਲੀ ਦਾ ਵਸਨੀਕ ਜਗਤਿੰਦਰ ਸਿੰਘ ਸਿੱਧੂ ਗਾਇਕੀ ’ਚ ਮਾਰ ਰਿਹਾ ਮੱਲਾਂ

ਸੰਗੀਤ ਦੇ ਖੇਤਰ ਵਿਚ ਮੱਲਾਂ ਮਾਰਨ ਵਾਲਾ ਜਗਤਿੰਦਰ ਸਿੰਘ ਸਿੱਧੂ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। ਦਿਨ ਦੁੱਗਣੀ ਤੇ ਰਾਤ ਚੌਗੁਣੀ ਮਿਹਨਤ ਕਰ ਜਗਤਿੰਦਰ ਸਿੰਘ ਸਿੱਧੂ ਨਵੇਂ-ਨਵੇਂ ਗੀਤਾਂ ਨਾਲ ਦਰਸ਼ਕਾਂ ਦੀ ਕਚਹਿਰੀ ’ਚ ਹਾਜ਼ਰ ਹੋ ਰਿਹਾ ਹੈ, ਜਿਨ੍ਹਾਂ ਨੂੰ ਮਣਾਂ ਮੂੰਹੀਂ ਪਿਆਰ ਮਿਲਦਾ ਵੀ ਨਜ਼ਰ ਆ ਰਿਹਾ ਹੈ।

ਹਾਲ ਹੀ ਵਿਚ ਜਗਤਿੰਦਰ ਸਿੱਧੂ ਵਲੋਂ ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ ਵਜੋਂ ਗੀਤ ਇਮੋਰਟਲ ਮੂਸਾ ਗਾਇਆ ਗਿਆ। ਇਸ ਗੀਤ ਨੂੰ ਜਗਤਿੰਦਰ ਨੇ ਆਪ ਹੀ ਲਿਖਿਆ ਤੇ ਕੰਪੋਜ਼ ਕੀਤਾ। ਜਗਤਿੰਦਰ ਦੇ ਦੋਸਤ ਤੇਰਾ ਜਾਪ ਜਦੋਂ ਮੂਸੇਵਾਲਾ ’ਤੇ ਗੀਤ ਲਿਖ ਰਹੇ ਸਨ ਤਾਂ ਉਨ੍ਹਾਂ ਨੇ ਅਧੂਰਾ ਗੀਤ ਪੂਰਾ ਕਰਨ ਲਈ ਜਗਤਿੰਦਰ ਸਿੱਧੂ ਨੂੰ ਦੇ ਦਿੱਤਾ, ਜਿਸ ਤੋਂ ਬਾਅਦ ਕੁਝ ਕਾਰਨਾਂ ਕਰਕੇ ਗੀਤ ਰੀਲੀਜ਼ ਕਰਨ ਵਿਚ ਦੇਰੀ ਆ ਰਹੀ ਸੀ, ਤਾਂ ਜਗਤਿੰਦਰ ਦੱਸਦੇ ਨੇ ਕਿ ਰਾਤੀਂ ਸੁਪਨੇ ਵਿਚ ਮੇਰੇ ਤੋਂ ਸਿੱਧੂ ਮੂਸੇਵਾਲਾ ਨੇ ਗੀਤ ਮੰਗਿਆ। ਜਿਸ ਤੋਂ ਬਾਅਦ ਜਲਦੀ ਇਹ ਗੀਤ ਦਰਸ਼ਕਾਂ ਦੇ ਸਨਮੁੱਖ ਕੀਤਾ ਗਿਆ। ਜਗਤਿੰਦਰ ਸਿੱਧੂ ਵਲੋਂ ਲਿਖੇ ਅਤੇ ਗਾਏ ਇਸ ਗੀਤ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ ਹੈ। ਇਸ ਤੋਂ ਇਲਾਵਾ ਬੀਬੀਸੀ ਹਿੰਦੀ ਵਲੋਂ ਸ਼ੁਰੂ ਕੀਤੀ ਪੋਡਕਾਸਟ ਸੀਰੀਜ਼ ਦਾ ਟਾਈਟਲ ਟਰੈਕ ‘ਬਾਤ ਸਰਹੱਦ ਪਾਰ’ ਨੂੰ ਵੀ ਜਗਤਿੰਦਰ ਸਿੱਧੂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਗਾਇਆ ਅਤੇ ਵੀਡੀਓ ਵਿਚ ਵੀ ਨਜ਼ਰ ਆਏ। ਇਸ ਮਗਰੋਂ ਬੀਬੀਸੀ ਨਿਊਜ਼ ਨੇ ਜਗਤਿੰਦਰ ਨੂੰ ਗੈਸਟ ਆਫ ਆਨਰ ਬੁਲਾਇਆ, ਉਥੇ ਹੀ ਬੀਬੀਸੀ ਪੰਜਾਬੀ ਨੇ ਵੀ ਜਗਤਿੰਦਰ ਦਾ ਅੱਧੇ ਘੰਟੇ ਦਾ ਇੰਟਰਵਿਊ ਕੀਤਾ, ਜਿਸ ਵਿਚ ਉਨ੍ਹਾਂ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦਿਆਂ ਦਰਸ਼ਕਾਂ ਨੂੰ ਵਧੀਆ ਸੰਦੇਸ਼ ਵੀ ਦਿੱਤਾ।

ਜੇਕਰ ਦੇਖਿਆ ਜਾਵੇ ਤਾਂ ਅੱਜ ਪੰਜਾਬੀ ਸੰਗੀਤ ਦੇ ਖੇਤਰ ਵਿਚ ਦਿੱਲੀ ਵੱਲ ਦੇ ਬਹੁਤੇ ਕਲਾਕਾਰ ਆਪਣਾ ਰੰਗ ਦਿਖਾ ਰਹੇ ਹਨ। ਇਸੇ ਤਰ੍ਹਾਂ ‘ਜਗਤਿੰਦਰ ਸਿੰਘ ਸਿੱਧੂ’ ਭਾਵੇਂ ਦਿੱਲੀ ਦਾ ਵਸਨੀਕ ਹੈ, ਪਰ ਉਸਦਾ ਮੋਹ ਪੰਜਾਬੀ ਸੰਗੀਤ ਨਾਲ ਹੈ। ਦੱਸ ਦੇਈਏ ਕਿ ਜਗਤਿੰਦਰ ਸਿੱਧੂ ਦਾ ਜਨਮ ਪਿਤਾ ਸ. ਜਗਮੇਲ ਸਿੰਘ ਤੇ ਮਾਤਾ ਸ੍ਰੀਮਤੀ ਗੁਰਵਿੰਦਰ ਕੌਰ ਦੀ ਕੁੱਖੋਂ ਮੋਗਾ ਸ਼ਹਿਰ (ਨਾਨਕੇ ਘਰ) ਵਿਖੇ ਹੋਇਆ, ਪਰ ਉਨ੍ਹਾਂ ਦਾ ਦਾਦਕਾ ਪਿੰਡ ਸਮਾਲਸਰ ਹੈ, ਜੋ ਜ਼ਿਲ੍ਹਾ ਮੋਗਾ ਵਿਚ ਪੈਂਦਾ ਹੈ। ਪਿਤਾ ਜਗਮੇਲ ਸਿੰਘ ਦਿੱਲੀ ਪੁਲਿਸ ਵਿਚ ਨੌਕਰੀ ਕਰਦੇ ਹੋਏ ਪਹਿਲਾਂ ਤੋਂ ਹੀ ਦਿੱਲੀ ਰਹਿੰਦੇ ਸਨ, ਪਰ ਜਗਤਿੰਦਰ ਦੇ ਜਨਮ ਤੋਂ ਬਾਅਦ ਪੂਰੇ ਪਰਿਵਾਰ ਨੂੰ ਦਿੱਲੀ ਜਾਣਾ ਪਿਆ। ਜਗਤਿੰਦਰ ਸਿੰਘ ਨੂੰ ਸੰਗੀਤ ਵਿਰਸੇ ’ਚੋਂ ਹੀ ਮਿਲਿਆ ਕਿਉਂਕਿ ਉਨ੍ਹਾਂ ਦੇ ਪਿਤਾ ਦਿੱਲੀ ਪੁਲਿਸ ਵਿਚ ਬਤੌਰ ਏ.ਐਸ.ਆਈ. ਹੋਣ ਦੇ ਨਾਲ-ਨਾਲ ਗਾਉਂਦੇ ਵੀ ਹਨ। ਉਨ੍ਹਾਂ ਨੂੰ ਗਾਉਂਦਿਆਂ ਸੁਣਦਿਆਂ ਦੇਖ ਉਸ ਨੂੰ ਵੀ ਗਾਇਕੀ ਦੀ ਅਜਿਹੀ ਚੇਟਕ ਲੱਗੀ ਕਿ ਉਸ ਨੇ ਵੀ ਸੰਗੀਤ ਦੀ ਦੁਨੀਆਂ ਵਿਚ ਕਦਮ ਰੱਖ ਲਿਆ। ਗਾਇਕੀ ਦੀਆਂ ਹੋਰ ਬਾਰੀਕੀਆਂ ਨੂੰ ਸਿੱਖਣ ਲਈ ਉਸ ਨੇ ਕਲਾਸੀਕਲ



ਸੰਗੀਤ ਦੇ ‘ਅਨੀਰੁਧ ਪਾਂਡੇ’ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਖੇਤਰ ਵਿਚ ਸੰਗੀਤ ਪ੍ਰਭਾਕਰ ਦੀ ਪੜ੍ਹਾਈ ਕਰਨ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਤੋਂ ਸੰਗੀਤ ਸ਼੍ਰੋਮਣੀ ਦਾ ਕੋਰਸ ਪੂਰਾ ਕੀਤਾ। ਨਾਲ ਹੀ ਖਹਿਰਾਗੜ੍ਹ ਤੋਂ ਗ੍ਰੈਜੂਏਸ਼ਨ ਅਤੇ ਐਮ ਏ ਕੀਤੀ।

ਸੰਗੀਤ ਨੂੰ ਆਪਣੀ ਦੁਨੀਆਂ ਬਣਾਉਣ ਲਈ ਮਾਪਿਆਂ ਵਲੋਂ ਆਸ਼ੀਰਵਾਦ ਤੇ ਭੈਣ ਮਨਵਿੰਦਰ ਕੌਰ ਦਾ ਪੂਰਾ ਸਾਥ ਮਿਲਣ ’ਤੇ ਉਸ ਦਾ ਹੌਸਲਾ ਹੋਰ ਵੀ ਬੁਲੰਦ ਹੋਇਆ। ਉਸ ਨੇ ਪੰਜਾਬੀ ਜਗਤ ਦੇ ਸ਼ੋਅ ‘ਵਾਈਸ ਆਫ ਪੰਜਾਬ ਸੀਜ਼ਨ -4 ਵਿਚ ਵੀ ਹਿੱਸਾ ਲਿਆ। ਪਿਛਲੇ ਕਈ ਸਾਲਾਂ ਤੋਂ ਮਾਰਕਿਟ ਵਿਚ ਚੱਲ ਰਹੇ ਇੰਟਰਨੈਸ਼ਨਲ ‘ਮਰੀਗਿਆ’ ਨਾਂ ਦੇ ਬੈਂਡ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਗਤਿੰਦਰ ਸਿੰਘ ਨੇ ਭਗਤ ਕਬੀਰ ਜੀ ਦੇ ‘ਦੋਹੇ’ ਆਪਣੀ ਅਵਾਜ਼ ਵਿਚ ਗਾਏ ਤੇ ਇੰਡੀਅਨ ਸੋਸਰ ਦੇ ਸੈਮੀ ਫਾਈਨਲ ਸੀਜ਼ਨ -3 ਮਗਰੋਂ ‘ਮੈਂ ਜੋਗਨੀਆ’ ਗੀਤ ਨਾਲ ਦਰਸ਼ਕਾਂ ਦੇ ਰੂ-ਬ-ਰੂ ਹੋਇਆ। ਹਰ ਖੇਤਰ ਵਿਚ ਆਪਣੀ ਪਹਿਚਾਣ ਬਣਾਉਣ ਲਈ ‘ਸਪਰਾਈਟ’ ਨਾਂ ਦੀ ਕੋਲਡ ਡਰਿੰਕ ਕੰਪਨੀ ਦਾ ਮਿਊਜ਼ਿਕ ਵੀਡੀਓ ਕੀਤਾ ਤੇ ਇਸ ਵਿਚ ‘ਕੇਸਰੀਆ ਬਾਲਮ’ ਗੀਤ ਗਾ ਕੇ ਦਰਸ਼ਕਾਂ ਨੂੰ ‘ਸਪਰਾਈਟ’ ਕੋਲਡ ਡਰਿੰਕ ਦੇ ਸ਼ੌਕੀਨ ਬਣਾਇਆ। 2012 ਦੇ ਅਖੀਰ ਵਿਚ ‘ਗ੍ਰੈਮੀ ਐਵਾਰਡ’ ਦੇ ਨੋਮੀਨੇਟ ਬੈਂਡ ‘ਟਰੌਡੀਨ ਸੋਲੋਇਸਟ’ ਨਾਲ ਪਰਫਾਰਮ ਕੀਤਾ। ਜਗਤਿੰਦਰ ਸਿੰਘ ਨੇ ਦੱਸਿਆ ਕਿ ਉਹ ਹਰ ਰੋਜ਼ ਸੱਤ ਤੋਂ ਅੱਠ ਘੰਟੇ ਤਕ ਹਾਰਮੋਨੀਅਮ ’ਤੇ ਆਪਣੀ ਸੁਰੀਲੀ ਆਵਾਜ਼ ਨੂੰ ਬਣਾਈ ਰੱਖਣ ਲਈ ਰਿਆਜ਼ ਕਰਦਾ ਹੈ ਅਤੇ ਆਪਣੀ ਸਿਹਤ ਨੂੰ ਫਿੱਟ ਰੱਖਣ ਲਈ ਯੋਗਾ ਵੀ ਕਰਦਾ ਹੈ। ਆਪਣੀ ਇਸੇ ਮਿਹਨਤ ਸਦਕਾ ਪਿਛਲੇ 22 ਸਾਲਾਂ ਤੋਂ 1800 ਸ਼ੋਅ ਪੂਰੇ ਕਰ ਚੁੱਕਾ ਹੈ। ਉਸ ਨੂੰ ਹਿੰਦੀ ਫਿਲਮ ਵਿਚ ਗਾਉਣ ਦਾ ਮੌਕਾ ਵੀ ਮਿਲਿਆ।

ਜਾਮਤਾਰਾ ਸੀਜ਼ਨ-2 ਦੇ ਐਪੀਸੋਡ 3 ਵਿਚ 24 ਮਿੰਟ ਤੋਂ 29 ਮਿੰਟ ਤਕ ਜਗਤਿੰਦਰ ਦੀ ਆਵਾਜ਼ ਵਿਚ ਗੀਤ ਸੁਣਨ ਨੂੰ ਮਿਲਿਆ, ਇਹ ਨੈੱਟਫਲਿਕਸ ਦੀ ਮਸ਼ਹੂਰ ਸੀਰੀਜ਼ ਹੈ, ਜੋ ਬਿਹਾਰ ਦੇ ਇਕ ਪਿੰਡ ਜਮਤਾਰਾ ’ਤੇ ਬਣੀ ਹੈ। ਇਸਦੇ ਨਾਲ ਹੀ ਜਗਤਿੰਦਰ ਸਿੱਧੂ ਨੇ ਪੰਜਾਬੀ ਖੇਤਰ ਵਿਚ ਆਪਣੀ ਪਛਾਣ ਨੂੰ ਬਰਕਰਾਰ ਰੱਖਣ ਲਈ ਪੰਜਾਬੀ ਫਿਲਮ ‘ਇਸ਼ਕਨਾਮਾ’ ਵਿਚ ਗੀਤ ਰਾਹੀਂ ਡੈਬਿਊ ਕੀਤਾ। ਇਥੇ ਹੀ ਬੱਸ ਨਹੀਂ ਜਗਤਿੰਦਰ ਸਿੰਘ ਸਿੱਧੂ ਨੇ ਇਕ ਹੋਰ ਗੀਤ ਸੋਹਣੀ ਹੀਰ ਵੀ ਗਾਇਆ, ਜਿਸਨੂੰ ਦਰਸ਼ਕ ਖੂਬ ਪਸੰਦ ਕਰ ਰਹੇ ਨੇ।

ਦੱਸ ਦਈਏ ਕਿ ਜਗਤਿੰਦਰ ਸਿੰਘ ਸਿੱਧੂ ਵੱਖੋਂ ਵੱਖਰੇ ਵਿਸ਼ਿਆਂ ਨੂੰ ਲੈ ਕੇ ਸਮਾਜਿਕ ਗੀਤ ਗਾਉਣ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ, ਤੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਨਵੇਂ ਨਵੇਂ ਗੀਤ ਲੈ ਕੇ ਆ ਰਿਹਾ ਹੈ। ਸਮਾਜ, ਸੱਭਿਆਚਾਰ ਨਾਲ ਜੁੜੇ ਰਹਿਣ ਦੇ ਨਾਲ ਨਾਲ ਉਸ ਦਾ ਸੁਪਨਾ ਦੇਸ਼ ਦਾ ਸਭ ਤੋਂ ਵੱਡਾ ਤੇ ਮਹਿੰਗਾ ਗਾਇਕ ਬਣਨ ਦਾ ਹੈ, ਜਿਸ ਲਈ ਉਹ ਦਿਨ ਰਾਤ ਮਿਹਨਤ ਕਰ ਰਿਹਾ ਹੈ, ਪਰਮਾਤਮਾ ਉਸ ਦੇ ਸੁਪਨਿਆਂ ਨੂੰ ਸਾਕਾਰ ਕਰੇ।

**-ਪ੍ਰਦੀਪ ਕੌਰ ਅਡੋਲ**

---

*(ਪਿਛਲੇ ਸਫੇ ਦਾ ਬਾਕੀ)*

ਇਹ ਮੰਜ਼ਿਲ ’ਤੇ ਪੁੱਜਣ ਦਾ ਹੋਕਾ ਸੀ। ਪਿਆਰੇ ਲਾਲ ਜੀ ਆਪਣੇ ਬੈਂਡ ਸਣੇ ਮੰਮਦੇ ਮੋਚੀ ਦੇ ਸਾਹਮਣੇ ਜਾ ਖਲੋਤੇ ਸਨ।

ਬੈਂਡ ਨੇ ਇਕ ਵਾਰ ਫਿਰ ਧੁਨ ਬਦਲੀ। ਐਤਕੀਂ ਸਾਜ਼ਾਂ ਵਿਚੋਂ ਨਿਕਲਦੇ ਰਾਗ ਵਿਚ ਇਕ ਤਰੰਗ ਸੀ। ਮਜਮੇ ਨੂੰ ਪਤਾ ਲੱਗ ਗਿਆ ਕਿ ਇਸ ਵਰ੍ਹੇ ਦਾ ਸਨਮਾਨ ਬੁੱਢੇ ਮੰਮਦਾਂ ਲਈ ਏ।

‘ਬਾਬਾ ਜੀ ਮੁਹੰਮਦ ਦੀਨ!’ ਕਿਸੇ ਨੇ ਉਚੀ ਦੇਣੀ ਨਾਅਰੇ ਵਾਂਗ ਇਹ ਨਾਂ ਬੋਲਿਆ ਤੇ ਵਲਦੇ ਵਿਚ ਲੋਕਾਂ ਦੇ ‘ਜ਼ਿੰਦਾ ਬਾਦ’ ਆਖਣ ਸਾਰ ਪਿਆਰੇ ਲਾਲ ਜੀ ਨੇ ਫ਼ੌਜੀ ਢੰਗ ਵਿਚ ਅਗਾਂਹ ਵੱਧ ਕੇ ਬੁੱਢੇ ਨੂੰ ਪੂਰੇ ਜੋਸ਼ ਨਾਲ ਸਲੂਟ ਮਾਰ ਦਿੱਤਾ।

ਜੀਵਨ ਵਿਚ ਸ਼ਾਇਦ ਪਹਿਲੀ ਵਾਰ ਉਹਨੂੰ ਇੰਝ ਸ਼ਰੇਆਮ ‘ਮੰਮਦੇ’ ਦੀ ਬਜਾਏ ‘ਮੁਹੰਮਦ ਦੀਨ’ ਪੁਕਾਰਿਆ ਗਿਆ ਸੀ। ਇਸ ਸਲਾਮੀ ਵਿਚ ਬੁੱਢੇ ਮੋਚੀ ਨੂੰ ਵਾਕਈ ਆਦਰ ਮਹਿਸੂਸ ਹੋਇਆ। ਚਾਅ ਨਾਲ ਉਹਦੀਆਂ ਅੱਖਾਂ ਸਿੱਲੀਆਂ ਹੋ ਗਈਆਂ।

ਫੇਰ ਕਈ ਮਿੰਟਾਂ ਤੀਕ ਢੋਲ ਦੀ ਆਵਾਜ਼ ਛੱਤੀ ਸਰਾਂ ਦੀਆਂ ਕੰਧਾਂ ਨਾਲ ਖਹਿੰਦੀ ਰਹੀ ਤੇ ਜਾਪਿਆ ਇਹ ਸ਼ਰਧਾਂਜਲੀ ਮਾਇਆ ਦੇਵੀ ਲਈ ਵੀ ਹੈ, ਜਿਸ ਨੇ ਸਦੀਆਂ ਪਹਿਲਾਂ ਇੱਥੇ ਥੱਕੇ-ਹੁੱਟੇ ਪਾਂਧੀਆਂ ਦੇ ਵਿਸਰਾਮ ਦਾ ਮੁਫ਼ਤ ਬੰਨ-ਸੁੱਭ ਕੀਤਾ ਸੀ।

ਮਿਉਂਸੀਪਲ ਕਮੇਟੀ ਦੇ ਦੋ ਵਾਰ ਚੇਅਰਮੈਨ ਰਹਿ ਚੁੱਕੇ ਅਹਮੋਂ ਸੇਠ੍ਹ ਦੇ ਮਨ ਵਿਚ ਪਿਆਰੇ ਲਾਲ ਜੀ ਕੋਲੋਂ ਸਲਾਮੀ ਲੈਣ ਦੀ ਲਾਲਸਾ ਵਧਦੀ ਗਈ। ਦੂਜੇ ਕਈ ਲੋਕਾਂ ਵਾਂਗੂੰ ਉਹ ਖੁਦ ਨੂੰ ਹਰ ਵਾਰੀ ਉਮੀਦਵਾਰ ਸਮਝਦਾ ਸੀ। ਸਾਗ ਵਾਲੀ ਉਸ ਮਖੌਲੀ ਘਟਨਾ ਤੋਂ ਬਾਅਦ ਉਹ ਵਿਸਾਖੀ ਤੋਂ ਤਿੰਨ ਦਿਨ ਪਹਿਲਾਂ ਹਲਵਾਈ ਨੂੰ ਸੱਦ ਕੇ ਪੂਰੇ ਸ਼ਹਿਰ ਲਈ ਆਪਣੇ ਡੇਰੇ ਉੱਤੇ ਜਲੇਬੀਆਂ ਦਾ ਲੰਗਰ ਲਾਉਣ ਲੱਗ ਪਿਆ ਸੀ। ਪਰ ਇਸ ਦਾਨ ਦਾ ਲਾਭ ਉਹਦੀ ਪਾਰਟੀ ਦੇ ਕੁਝ ਲੋਕ ਹੀ ਖੱਟਦੇ। ਵਿਰੋਧੀ ਧਿਰਾਂ ਇਸ ਚਾਸ਼ਨੀ ਦਾ ਸਵਾਦ ਲੈਣ ਤੋਂ ਪ੍ਰਹੇਜ਼ ਹੀ ਕਰਦੀਆਂ। ਕਈ ਅਣਖੀ ਲੋਕ ਤਾਂ ਉਹਦੇ ਡੇਰੇ ਉੱਤੇ ਜਾ ਕੇ ਖਾਣ ਨੂੰ ਪਿੰਨਣ ਵਰਗਾ ਸਮਝਦੇ। ਪਰ ਅਹਮੋਂ ਸੇਠ੍ਹ ਵੱਲੋਂ ਇਹ ਆਮ ਐਲਾਨ ਸੀ।

ਵਿਸਾਖੀ ਤੋਂ ਠੀਕ ਪਹਿਲੇ ਇਕ ਤਰ੍ਹਾਂ ਆਪਣੇ ਸਖੀ ਹੋਣ ਨੂੰ ਦਰਸਾਉਣ ਵਾਲਾ ਇਹ ਉਪਰਾਲਾ ਪਿਆਰੇ ਲਾਲ ਜੀ ਨੂੰ ਕਦੇ ਪ੍ਰਭਾਵਿਤ ਨਹੀਂ ਕਰ ਸਕਿਆ।

ਚੇਤਰ ਦੇ ਅਖੀਰਲੇ ਹਫ਼ਤੇ ਜਦੋਂ ਬੈਂਡ ਮਾਸਟਰ ਦੀ ਵਰਦੀ ਦੀਮੇ ਧੋਬੀ ਕੋਲ ਆਉਂਦੀ ਤਾਂ ਓਥੇ ਸ਼ਹਿਰ ਦੇ ਕਈ ਧਨਾਢ ਲੋਕਾਂ ਦੇ ਪੈਂਟ ਕੋਟ, ਸ਼ੇਰਵਾਨੀ ਤੇ ਅਚਕਨ ਵੀ ਅੱਪੜਨ ਲੱਗ ਪੈਂਦੇ। ਕੀ ਪਤਾ ਵਿਸਾਖੀ ਵਾਲੇ ਦਿਨ ਮਾਸਟਰ ਆਪਣੇ ਬੈਂਡ ਸਮੇਤ ਅਚਨਚੇਤੀ ਉਹਦੇ ਬੂਹੇ ’ਤੇ ਪਹੁੰਚ ਜਾਵੇ। ਆਪਣੇ ਵੱਲੋਂ ਇੱਕੋ ਵੇਲੇ ਸ਼ਹਿਰ ਦੇ ਕਈ ਲੋਕ ਘਰਾਂ ਵਿਚ ਤਿਆਰ ਬੈਠੇ ਰਹਿੰਦੇ।

ਪਰ ਬਹੁਤਿਆਂ ਦੀ ਆਸ ਛੇਤੀ ਹੀ ਮੁੱਕ ਜਾਂਦੀ। ਲਾਲ ਚੌਖੰਡੀ ਵਿਚੋਂ ਬੈਂਡ ਧੁਨਾਂ ਬਿਖੇਰਦਾ ਜੇਕਰ ਸੱਜੇ ਮੁੜਿਆ ਤਾਂ ਬਾਕੀ ਦਿਸ਼ਾਵਾਂ ਵਿਚ ਰਹਿਣ ਵਾਲੇ ਉਮੀਦਵਾਰ ਉਸ ਵਰ੍ਹੇ ਉਡੀਕਣਾ ਛੱਡ ਦੇਣਗੇ। ਅਗਲੇ ਵਰ੍ਹੇ ਜੇ ਮਾਸਟਰ ਖੱਬੀ ਲਾਮ੍ਹ ਮੁੜ ਗਿਆ ਤਾਂ ਸੱਜੇ ਪਾਸੇ ਦੀਆਂ ਵਸਨੀਕ ਧਿਰਾਂ ਦੀ ਸਲਾਮੀ ਵਾਲੀ ਆਸ ਮੁੱਕ ਵੈਸੀ।

ਇੰਝ ਹੀ ਹੁੰਦਾ ਸੀ। ਵਿਸਾਖੀ ਵਾਲੇ ਦਿਨ ਸਰਘੀ ਵੇਲੇ ਮਿਉਂਸੀਪੈਲਿਟੀ ਵੱਲੋਂ ਸ਼ਹਿਰ ਦੀਆਂ ਸੜਕਾਂ ਉੱਤੇ ਸਫ਼ਾਈ ਪਿੱਛੋਂ ਪਾਣੀ ਦਾ ਤਰੌਂਕਾ ਲਾਇਆ ਜਾਂਦਾ। ਅਫ਼ਸਰਾਂ ਸਮੇਤ ਲੋਕ ਅੰਗਰੇਜ਼ੀ ਕਲੰਡਰ ਦੇ ਨਾਲ ਹੁਣ ਦੇਸੀ ਮਹੀਨਿਆਂ ਤੇ ਤਾਰੀਖ਼ਾਂ ਦਾ ਹਿਸਾਬ ਵੀ ਰੱਖਣ ਲੱਗ ਪਏ ਸਨ। ਆਮ ਤੌਰ ਤੇ ਸਵੇਰੇ ਦੇਰ ਨਾਲ ਜਾਗਣ ਵਾਲੇ ਓਸ ਦਿਨ ਛੇਤੀ ਉਠ ਖਲੋਂਦੇ। ਬੱਚੇ ਮਾਵਾਂ ਨਾਲ ਜ਼ਿਦ ਕਰਕੇ ਸਕੂਲੋਂ ਛੁੱਟੀ ਕਰ ਲੈਂਦੇ ਤੇ ਸਹੁਰਿਆਂ ਤੋਂ ਫੋਨ ਕਰ ਕੇ ਵਿਆਹੁਤਾ ਕੁੜੀਆਂ ਆਪਣੇ ਮਾਪਿਆਂ ਤੋਂ ਪੁੱਛਦੀਆਂ ਕਿ ਐਤਕੀਂ ਸਾਡੇ ਸ਼ਹਿਰ ਦਾ ਸਨਮਾਨ ਕਿਸ ਨੂੰ ਮਿਲਿਆ ਏ?

ਪਿਆਰੇ ਲਾਲ ਜੀ ਦੀ ਚੋਣ ਉੱਤੇ ਕਈ ਵਾਰ ਅਚੰਭਾ ਜ਼ਰੂਰ ਹੁੰਦਾ ਪਰ ਇਹ ਕੋਈ ਨਹੀਂ ਸੀ ਆਖ ਸਕਦਾ ਕਿ ਗ਼ਲਤ ਬੰਦੇ ਨੂੰ ਸਨਮਾਨ ਭੇਟ ਕੀਤਾ ਗਿਆ। ਇਸ ਗੱਲ ਉੱਤੇ ਸਭ ਦੀ ਖ਼ਾਮੋਸ਼ ਸਹਿਮਤੀ ਸੀ ਕਿ ਬੈਂਡ ਮਾਸਟਰ ਜਿਹਨੂੰ ਸਲਾਮੀ ਦੇਵੇਗਾ, ਉਹ ਸ਼ਹਿਰ ਭਰ ਦੇ ਆਦਰ ਦਾ ਹੱਕਦਾਰ ਏ। ਕਈ ਲੋਕਾਂ ਨੂੰ ਸਾੜਾ ਜ਼ਰੂਰ ਹੁੰਦਾ ਪਰ ਹਰ ਥਾਂ ਉਸ ਬੰਦੇ ਦੀ ਲਾਜ਼ਮੀ ਇੱਜ਼ਤ ਕੀਤੀ ਜਾਂਦੀ।

ਇਕ ਸਾਲ ਕੈਥੋਲਿਕ ਗਿਰਜੇ ਦੇ ਪਾਦਰੀ ਨੂੰ ਸਲਾਮੀ ਦਿੱਤੀ ਗਈ। ਪਾਦਰੀ ਸਾਹਿਬ ਕੋਲ ਜ਼ਹਿਰ ਚੂਸਣ ਵਾਲਾ ਮਣਕਾ ਸੀ। ਤੇ ਉਹ ਸ਼ਹਿਰ ਤੇ ਆਲ ਦੁਆਲੇ ਦੇ ਪਿੰਡਾਂ ਵਿਚੋਂ ਆਉਣ ਵਾਲੇ ਸੱਪ ਦੇ ਡੰਗੇ ਲੋਕਾਂ ਦਾ ਮੁਫ਼ਤ ਇਲਾਜ ਕਰਦੇ ਸਨ। ਪਿਆਰੇ ਲਾਲ ਜੀ ਦੇ ਇਸ ਫ਼ੈਸਲੇ ਉੱਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਪਾਦਰੀ ਸਾਹਿਬ, ਜਿਨ੍ਹਾਂ ਦੀ ਪਹਿਲੋਂ ਹੀ ਬਥੇਰੀ ਇੱਜ਼ਤ ਸੀ, ਦਾ ਆਦਰ ਹੋਰ ਵਧ ਗਿਆ ਸੀ।

ਨਿੱਤ ਦੇ ਛੜੇ-ਛਾਂਟ ਪਿਆਰੇ ਲਾਲ ਜੀ ਲਈ ਇਸ ਸ਼ਹਿਰ ਵਿਚ ਸਭ ਕੁਝ ਮੁਫ਼ਤ ਸੀ। ਪਰ ਉਨ੍ਹਾਂ ਲੋੜ ਤੋਂ ਵੱਧ ਦਾ ਕਦੇ ਲਾਲਚ ਨਾ ਕੀਤਾ। ਉਹ ਜਿਹੜੇ ਮਰਜ਼ੀ ਹੋਟਲ ਤੋਂ ਜਿਵੇਂ ਦਾ ਚਾਹੁਣ, ਇਕ ਦਮੜੀ ਦਿੱਤੇ ਬਿਨਾ ਰੱਜ ਕੇ ਖਾ ਸਕਦੇ ਨੇ। ਮੌਸਮ ਬਦਲਦਿਆਂ ਹੀ ਸ਼ਹਿਰ ਦਾ ਮਸ਼ਹੂਰ ਬਜਾਜ਼ ਦੋ ਜੋੜੇ ਸਿਲਵਾ ਕੇ ਕਿੱਲੀ ਉੱਤੇ ਟੰਗ ਜਾਂਦਾ। ਗਰਮੀਆਂ ਵਿਚ ਉਹ ‘ਜਲੰਧਰ ਚੱਪਲ ਸਟੋਰ’ ਵਾਲਿਆਂ ਦੀ ਜੁੱਤੀ ਪਹਿਨਦੇ ਤੇ ਸਰਦੀਆਂ ਵਿਚ ‘ਬਾਟਾ ਸ਼ੂ ਕੰਪਨੀ’ ਦਾ ਮਕਾਮੀ ਡੀਲਰ ਆਪ ਚੁਬਾਰੇ ’ਚ ਆ ਕੇ ਗਰਮ ਬੂਟਾਂ ਦੀ ਜੋੜੀ ਰੱਖ ਜਾਂਦਾ। ਸਿਗਰਟ ਨੋਸ਼ੀ ਤੋਂ ਪਿਆਰੇ ਲਾਲ ਜੀ ਪ੍ਰਹੇਜ਼ ਕਰਦੇ। ਦਾਰੂ ਦੀ ਮਨਾਹੀ ਨਹੀਂ ਸੀ, ਪਰ ਪੀਂਦੇ ਉਹ ਸਿਰਫ਼ ਚਾਹ, ਦਿਹਾੜੀ ਵਿਚ ਤਿੰਨ ਵਾਰ। ਲਾਲ ਚੌਖੰਡੀ ਵਿਚਲੇ ਖੋਖੇ ਵਾਲੇ ਦੀ ਬੋਹਣੀ ਸਵੇਰ ਸਾਰ ਚੁਬਾਰੇ ਉੱਤੇ ਚਾਹ ਅਪੜਾਉਣ ਨਾਲ ਹੁੰਦੀ ਏ। ਦੁਪਹਿਰ ਤੇ ਸ਼ਾਮ ਦੀ ਚਾਹ ਪਿਆਰੇ ਲਾਲ ਜੀ ਆਪ ਖੋਖੇ ਦੇ ਥੜੇ ਉੱਤੇ ਬੈਠ ਕੇ ਪੀਂਦੇ ਨੇ।

ਅੱਵਲ ਤਾਂ ਉਹ ਬੀਮਾਰ ਹੁੰਦੇ ਨਹੀਂ ਪਰ ਜੇ ਕਦੇ ਦਵਾਈ ਲਈ ਹਸਪਤਾਲ ਜਾਣਾ ਪਵੇ ਤਾਂ ਸਾਰਾ ਅਮਲਾ ਉਨ੍ਹਾਂ ਦੀ ਸੇਵਾ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਇਕ ਵਾਰ ਪੋਹ ਵਿਚ ਬੀਮਾਰ ਹੋ ਗਏ ਤਾਂ ਉਨ੍ਹਾਂ ਦੇ ਚੁਬਾਰੇ ਵਿਚ ਉਹ ਲੋਕ ਵੀ ਪਤਾ ਲੈਣ ਆਏ, ਜਿਨ੍ਹਾਂ ਕਦੇ ਆਪਣੇ ਸਕਿਆਂ ਦੀ ਸਾਰ ਨਹੀਂ ਲਈ। ਉਨ੍ਹਾਂ ਰੁਪਏ ਪੈਸੇ ਦੀ ਸ਼ਕਲ ਵਿਚ ਸੇਵਾ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਹਟਕ ਦਿੱਤਾ। ਇਸ ਮਗਰੋਂ ਨਿੱਕੀ ਜਿਹੀ ਕੋਠੜੀ ਫਲ-ਫਰੂਟ ਦੀਆਂ ਡਾਲੀਆਂ ਨਾਲ ਭਰੀਚ ਗਈ। ਤੇ ਉਸ ਵਰ੍ਹੇ ਮਾਈ ਅੱਲਾ ਰੱਖੀ ਦੀ ਦਰਗਾਹ ਦੇ ਮਲੰਗਾਂ ਨੇ ਬੈਂਡ ਮਾਸਟਰ ਪਿਆਰੇ ਲਾਲ ਜੀ ਦੀ ਮਿਹਰਬਾਨੀ ਨਾਲ ਜ਼ਿੰਦਗੀ ਵਿਚ ਪਹਿਲੀ ਵਾਰ ਰੱਬ ਦੀਆਂ ਉਹ-ਉਹ ਨਿਆਮਤਾਂ ਚੱਖੀਆਂ ਜਿਨ੍ਹਾਂ ਬਾਰੇ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ। ਕੁੱਝ ਇਕ ਨੂੰ ਤਾਂ ਸਾਵੀ (ਜਿਹਨੂੰ ਉਹ ਰੋਜ਼ ਘੋਟਾ ਲਾਉਂਦੇ ਤੇ ਬਿਲਾ-ਨਾਗ਼ਾ ਪੀਂਦੇ ਹਨ) ਦੇ ਲੋਰੇ ਵਿਚ ਆਪਣੇ ਸਵਰਗ ਵਿਚ ਹੋਣ ਦਾ ਭਰਮ ਵੀ ਹੋਇਆ। ਜੇਕਰ ਓਥੇ ਹੂਰਾਂ ਦੀ ਥੋੜ੍ਹ (ਜਿਨ੍ਹਾਂ ਲਈ ਉਹ ਡਾਢੇ ਤਰਸੇ ਹੋਏ ਨੇ) ਨਾ ਦਿੱਸਦੀ ਤਾਂ ਸ਼ਾਇਦ ਉਨ੍ਹਾਂ ਦਾ ਭਰਮ ਯਕੀਨ ਵਿਚ ਬਦਲ ਜਾਂਦਾ।

ਵਿਸਾਖੀ ਆਉਣ ਤਕ ਪਿਆਰੇ ਲਾਲ ਜੀ ਨੌਂ-ਬਰ-ਨੌਂ ਹੋ ਗਏ। ਕੋਈ ਵੇਖ ਕੇ ਗਵੇੜ ਨਹੀਂ ਲਾ ਸਕਦਾ ਸੀ ਕਿ ਬੁੱਢਾ ਸੌ ਵਰ੍ਹਿਆਂ ਨੂੰ ਟੱਪ ਖਲੋਤਾ ਏ। ਉਨ੍ਹਾਂ ਦੇ ਕਈ ਸ਼ਾਗਿਰਦ ਆਏ ਤੇ ਗਏ ਪਰ ਉਹ ਓਥੇ ਦੀ ਓਥੇ, ਕਾਇਮ-ਦਾਇਮ ਸਨ।

ਦੀਮਾ ਧੋਬੀ ਪੁਰਾਣੀ ਵਰਦੀ ਦੀ ਥਾਂ ਬੈਂਡ ਮਾਸਟਰ ਦੀ ਕਲਫ਼ ਲੱਗੀ ਨਵੀਂ ਵਰਦੀ ਹੈਂਗਰ ਸਮੇਤ ਕਿੱਲੀ ਉੱਤੇ ਟੰਗ ਗਿਆ ਸੀ। ਜੇ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਕਿ ਇਹ ਅਹਮੋਂ ਸੇਠ੍ਹ ਨੇ ਧੋਬੀ ਨੂੰ ਭਿਜਵਾਈ ਏ, ਤਾਂ ਉਹ ਕਦੇ ਨਾ ਪਹਿਨਦੇ। ਅਹਮੋਂ ਸੇਠ੍ਹ ਨੂੰ ਆਪਣੇ ਮਨ ਵਿਚ ਪੱਕ ਸੀ ਕਿ ਐਤਕੀਂ ਸਲਾਮੀ ਸਰਪਰ ਉਹਨੂੰ ਹੀ ਮਿਲਣੀ ਏ। ਤੇ ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਡਰਾਇੰਗ ਰੂਮ ਦੀ ਕੰਧ ’ਤੇ ਸਜਣ ਵਾਲੀ ਤਸਵੀਰ ਵਿਚ ਉਹਨੂੰ ਸਲੂਟ ਕਰ ਰਹੇ ਬੈਂਡ ਮਾਸਟਰ ਦੀ ਵਰਦੀ ਉਹਦੇ ਲਿਸ਼ਕਦੇ ਪੈਂਟ-ਕੋਟ ਦੇ ਮੁਕਾਬਲੇ ਵਿਚ ਬਦਰੰਗ ਤੇ ਫਿੱਕੀ ਨਜ਼ਰ ਆਵੇ। ਹੁਣ ਤਾਂ ਡਿਜੀਟਲ ਕੈਮਰਿਆਂ ਦਾ ਦੌਰ ਏ। ਏਸ ਸਲਾਮੀ ਨੂੰ ਹਰ ਤਰ੍ਹਾਂ ਸ਼ਾਨਦਾਰ ਹੋਣਾ ਚਾਹੀਦਾ ਏ। ਅਹਮੋਂ ਸੇਠ੍ਹ ਨੇ ਸ਼ਹਿਰ ਦੇ ਸਭ ਤੋਂ ਵਧੀਆ ਕੈਮਰਾ ਮੈਨ ਨੂੰ ਚੁੱਪ ਚੁਪੀਤੇ ਸਾਈ ਫੜਾ ਛੱਡੀ ਸੀ।

ਪਿਆਰੇ ਲਾਲ ਜੀ ਨੇ ਬਹੁਤ ਗੌਹ ਕੀਤਾ ਪਰ ਉਨ੍ਹਾਂ ਨੂੰ ਕੋਈ ਜੀ ਅਜਿਹਾ ਨਜ਼ਰ ਨਹੀਂ ਆਇਆ ਜਿਹਨੂੰ ਇਸ ਵਰ੍ਹੇ ਦੀ ਸਲਾਮੀ ਪੇਸ਼ ਕੀਤੀ ਜਾਵੇ। ਸ਼ਹਿਰ ਜਿਵੇਂ ਮੁਨਾਫ਼ਿਕ ਤੇ ਲੋਭੀ ਲੋਕਾਂ ਨਾਲ ਭਰਿਆ ਪਿਆ ਸੀ। ਚੰਗੇ ਬੰਦੇ ਤਾਂ ਸਾਰੇ ਲੱਦ ਗਏ ਸਨ। ਪਰ ਜਦ ਤੀਕ ਪਿਆਰੇ ਲਾਲ ਜਿਉਂਦੇ ਨੇ, ਹਰ ਵਰ੍ਹੇ ਕਿਸੇ ਇਕ ਹਸਤੀ ਨੂੰ ਉਹ ਸ਼ਰਧਾਂਜਲੀ ਜ਼ਰੂਰ ਭੇਟ ਕਰਨਗੇ। ਖ਼ੈਰ! ਇਹਦਾ ਬੰਨ-ਸੁੱਭ ਉਨ੍ਹਾਂ ਕਰ ਲਿਆ ਸੀ।

ਵਿਸਾਖੀ ਵਾਲੇ ਦਿਨ ਦੀ ਹਰ ਕਿਸੇ ਨੂੰ ਉਡੀਕ ਸੀ। ਸਵੇਰ ਹੋਈ। ਪਿਆਰੇ ਲਾਲ ਜੀ ਦੇ ਲੱਥਣ ਤੋਂ ਪਹਿਲੇ ਹੀ ਚੌਖੰਡੀ ਵਿਚ ਹਿਲਜੁਲ ਸ਼ੁਰੂ ਹੋ ਗਈ ਸੀ। ਸਭ ਤੋਂ ਅਗਦੋਂ ਚਾਅ ਵਾਲੇ ਖੋਖੇ ’ਤੇ ਕੈਮਰਾਮੈਨ ਅੱਪੜਿਆ। ਥੜਿਆਂ ਉੱਤੇ ਬੈਠੇ ਬੰਦੇ ਪਿਛਲੇ ਸਾਲਾਂ ਵਾਂਗੂੰ ਐਤਕੀਂ ਵੀ ਇਸ ਵਰ੍ਹੇ ਦੀ ਸਲਾਮੀ ਦੇ ਜੇਤੂ ਨਾਂ ਉੱਤੇ ਸ਼ਰਤਾਂ ਲਾ ਰਹੇ ਸਨ।

ਇਕ ਆਦਮੀ ਨੇ ਭੋਇੰ ਉੱਤੇ ਕਰਾਸ ਦਾ ਨਿਸ਼ਾਨ ਵਾਹਿਆ ਤੇ ਸਭ ਨੂੰ ਮੁਤਵੱਜੇ ਕਰਕੇ ਪੁੱਛਣ ਲੱਗਾ ਕਿ ਦੱਸੋ ਭਲਾ ਇਹ ਚੌਖੰਡੀ ਵਿਚੋਂ ਐਤਕੀਂ ਬੈਂਡ ਮਾਸਟਰ ਕਿਹੜੀ ਲਾਮ੍ਹ ਨੂੰ ਨਿਕਲੇਗਾ?

‘ਸੱਜੇ।’ ਕੈਮਰਾਮੈਨ ਝੱਟ ਦੇਣੀ ਬੋਲ ਪਿਆ।

‘ਸ਼ਰਤ ਲਾਉਂਦਾ ਐਂ?’ ਕਿਸੇ ਨੇ ਕਿਹਾ।

ਕੈਮਰਾਮੈਨ ਨੂੰ ਪੂਰਾ ਯਕੀਨ ਸੀ, ਕਿਉਂਜੋ ਅਹਮੋਂ ਸੇਠ੍ਹ ਦਾ ਘਰ ਚੁਬਾਰੇ ਵੱਲ ਮੂੰਹ ਕਰਕੇ ਖਲੋਵੋ ਤਾਂ ਚੌਖੰਡੀ ਵਿਚੋਂ ਸੱਜੇ ਹੱਥ ਹੀ ਪੈਂਦਾ ਏ। ਉਹਨੇ ਸ਼ਰਤ ਲਾਉਂਦਿਆਂ ਚਿਰ ਨਾ ਲਾਇਆ। ਖੋਖੇ ਉੱਤੇ ਮੌਜੂਦ ਬੰਦੇ ਗਿਣੇ ਗਏ ਤੇ ਸਲਾਮੀ ਤੋਂ ਬਾਅਦ ਹਾਰਨ ਵਾਲੇ ਦੇ ਪੱਲਿਓਂ ਸਾਰਿਆਂ ਨੂੰ ਮੁੜ ਚਾਹ ਪਿਆਉਣ ਦਾ ਵਾਅਦਾ ਕੀਤਾ ਗਿਆ। ਹਰ ਵਿਸਾਖੀ ਨੂੰ ਸ਼ਹਿਰ ਵਿਚ ਅਜਿਹੀਆਂ ਹੀ ਛੋਟੀਆਂ-ਛੋਟੀਆਂ ਸ਼ਰਤਾਂ ਲਗਦੀਆਂ ਸਨ, ਜਿਨ੍ਹਾਂ ਨੂੰ ਜੂਆ ਨਹੀਂ ਆਖ ਸਕਦੇ।

ਚੁਬਾਰੇ ’ਚ ਪਿਆਰੇ ਲਾਲ ਜੀ ਜਦੋਂ ਵਰਦੀ ਪਾ ਰਹੇ ਸਨ ਠੀਕ ਉਦੋਂ ਸ਼ਹਿਰ ਦੇ ਵੱਖ-ਵੱਖ ਕੋਨਿਆਂ ਵਿਚ ਕਈ ਬੰਦੇ ਆਪਣੇ ਘਰਾਂ ਵਿਚ ਬਣ ਫੱਬ ਰਹੇ ਸਨ। ਜਿਨ੍ਹਾਂ ਵਿਚੋਂ ਚਾਰ ਬੰਦਿਆਂ ਨੂੰ ਤਾਂ ਆਪਣੇ ਵੱਲੋਂ ਜਿਵੇਂ ਵਿਸ਼ਵਾਸ ਸੀ। ਰਿਟਾਇਰਡ ਤਹਿਸੀਲਦਾਰ, ਬਾਰ ਕੌਂਸਲ ਦਾ ਸਦਰ, ਨੋਟਰੀ ਪਬਲਿਕ ਵਾਲਾ ਵਕੀਲ ਤੇ ਸਾਬਕਾ ਚੇਅਰਮੈਨ ਅਹਮੋਂ ਸੇਠ੍ਹ।

ਬਾਰ ਕੌਂਸਲ ਦਾ ਸਦਰ ਤਾਂ ਪਿਛਲੇ ਪੰਦਰਾਂ ਦਿਨਾਂ ਤੋਂ ਲਗਾਤਾਰ ਸ਼ਾਮੀਂ ਲਾਲ ਚੌਖੰਡੀ ਵਾਲੇ ਖੋਖੇ ’ਤੇ ਚਾਹ ਪੀਣ ਆ ਰਿਹਾ ਸੀ। ਤੇ ਓਥੇ ਮੌਜੂਦ ਪਿਆਰੇ ਲਾਲ ਜੀ ਨੂੰ ਸੁਣਾਉਣ ਲਈ ‘ਵਿਸਾਖੀ ਵਾਲੇ ਦਿਨ ਮੈਂ ਘਰ ਈ ਹੁੰਦਾਂ’ ਘੱਟੋ ਘੱਟ ਇਕ ਵਾਰ ਜ਼ਰੂਰ ਬੋਲਦਾ। ਮਤਲਬ ਕਿ ਬੈਂਡ ਮਾਸਟਰ ਪਿਆਰੇ ਲਾਲ ਜੀ ਉਹਨੂੰ ਕਚਹਿਰੀ ’ਚ ਨਾ ਲੱਭਦਾ ਫਿਰੇ।

ਦਸ ਵਜੇ ਦੇ ਲਾਗੇ ਜਦੋਂ ਚੌਖੰਡੀ ਵਿਚ ਬਾਲਾਂ ਦੀ ਚੋਖੀ ਭੀੜ ਜਮ੍ਹਾ ਹੋ ਗਈ ਸੀ, ਪਿਆਰੇ ਲਾਲ ਜੀ ਨਵੀਂ ਨਕੋਰ ਵਰਦੀ ਵਿਚ ਆਪਣੇ ਬੈਂਡ ਸਮੇਤ ਥੱਲੇ ਉੱਤਰੇ। ਸਭ ਤੋਂ ਪਹਿਲਾਂ ਧੂਤੇ ਵਾਲੇ ਨੇ ਇਕ ਵਾਰ ਲੰਮਾ ਸਾਰਾ ‘ਪੂੰ ਪਾਂ’ ਕੀਤਾ। ਫਿਰ ਢੋਲੀ ਨੇ ਡੱਗਾ ਮਾਰਿਆ ਤੇ ਮੁੜ ਛੈਣਿਆਂ ਦੀ ਤਾਲ ਵਿਚ ਤੁਰੀਆਂ ਵਾਲਿਆਂ ਨੇ ਭਗਤ ਸਿੰਘ ਦੀ ਘੋੜੀ ਦੀ ਧੁਨ ਵਜਾਈ। ਏਹੀ ਰਿਵਾਜ ਸੀ। ਹਰ ਸਾਲ ਮੁੱਢ ਇੰਝ ਈ ਬੱਝਦਾ।

ਧੂਤੇ ਵਾਲੇ ਦੀ ਲੰਮੀ ‘ਪੂੰ ਪਾਂ’ ਸਾਰੇ ਸ਼ਹਿਰ ਵਿਚ ਸੁਣੀ ਗਈ। ਸਲਾਮੀ ਵਾਲੇ ਕਾਫ਼ਲੇ ਨਾਲ ਰਲਣ ਲਈ ਲੋਕ ਗਲੀਆਂ ਬਾਜ਼ਾਰਾਂ ਵਿਚੋਂ ਨਿਕਲ ਕੇ ਬਾਹਰ ਸੜਕ ’ਤੇ ਆ ਗਏ। ਧੁਨਾਂ ਬਿਖੇਰਦੇ ਬੈਂਡ ਨੇ ਐਤਕੀਂ ਕਿਸੇ ਇਕ ਦਿਸ਼ਾ ਵੱਲ ਮੂੰਹ ਕਰਨ ਦੀ ਬਜਾਏ ਸੋਟੀ ਘੁਮਾਉਂਦੇ ਹੋਏ ਬੈਂਡ ਮਾਸਟਰ ਦੇ ਪਿੱਛੇ ਚੌਖੰਡੀ ਵਿਚਲੇ ਦਾਇਰੇ ਦਾ ਚੱਕਰ ਪੂਰਾ ਕੀਤਾ। ਚੁਬਾਰੇ ਦੀ ਸੇਧ ਲੈਣ ਤੋਂ ਪਹਿਲਾਂ ਢੋਲੀ ਨੇ ਆਪਣੀ ਥਾਪ ਰਾਹੀਂ ਬਾਲਾਂ ਨੂੰ ਭੰਗੜੇ ਦੇ ਆਹਰ ਲਾ ਦਿੱਤਾ। ‘ਆਉਂਦੀਆਂ ਨਸੀਬਾਂ ਨਾਲ ਇਹ ਘੜੀਆਂ’ ਵਾਲੀ ਧੁਨ ਸ਼ੁਰੂ ਹੁੰਦਿਆਂ ਹੀ ਲੋਕ ਚੌਖੰਡੀ ਵੱਲ ਦੌੜ ਪਏ। ਉਨ੍ਹਾਂ ਦੇ ਓਥੇ ਆਉਣ ਤੀਕ ਧੂਤੇ ਵਾਲੇ ਨੇ ਛੇਕੜਲਾ ਸੁਰ ਫੂਕ ਦਿੱਤਾ ਸੀ।

ਬੈਂਡ ਮਾਸਟਰ ਦੇ ਸੋਟੀ ਖੱਬੀ ਕੱਛ ਵਿਚ ਦਬਦਿਆਂ ਹੀ ਚੁਬਾਰੇ ਦੀ ਛੱਤ ਉੱਤੋਂ ਦਸ ਬਾਈ ਵੀਹ ਦੀ ਈਧੀ ਸਾਹਿਬ ਦੀ ਤਸਵੀਰ ਵਾਲੀ ਫ਼ਲੈਕਸ ਥੱਲੇ ਲਮਕ ਪਈ। ਚੌਖੰਡੀ ਤੋਂ ਸੱਜੇ ਪਾਸੇ ਤੁਰਿਆ ਜਾਂਦਾ ਕੈਮਰਾਮੈਨ ਇਹ ਵੇਖ ਕੇ ‘‘‘ਅਬਦੁਲ ਸੱਤਾਰ ਈਧੀ’ ਦੇ ਨਾਅਰੇ ਲਾਉਂਦਾ ਮੁੜ ਪਿਆ। ਬੈਂਡ ਮਾਸਟਰ ਪਿਆਰੇ ਲਾਲ ਜੀ ਨੇ ਅਗਾਂਹ ਵਧ ਕੇ ਪੂਰੀ ਸ਼ਰਧਾ ਨਾਲ ਈਧੀ ਸਾਹਿਬ ਨੂੰ ਸਲਾਮੀ ਪੇਸ਼ ਕਰ ਦਿੱਤੀ। ਇਹ ਪਹਿਲੀ ਵਾਰ ਸੀ ਕਿ ‘ਜ਼ਿੰਦਾਬਾਦ’ ਆਖਦੇ ਮਜਮੇ ਦੇ ਹੱਥ ਵੀ ਆਪ ਮੁਹਾਰੇ ਸਲਾਮੀ ਲਈ ਉਠ ਗਏ ਸਨ।

ਯੂ. ਐਸ. ਐਸ. ਆਰ. ਵੱਲੋਂ ਮਿਲੇ ‘ਲੈਨਿਨ ਅਮਨ ਪ੍ਰਾਈਜ਼’ ਦੀ ਤੁਲਨਾ ਵਿਚ ਈਧੀ ਸਾਹਿਬ ਨੂੰ ਬੈਂਡ ਮਾਸਟਰ ਪਿਆਰੇ ਲਾਲ ਵੱਲੋਂ ਭੇਟ ਕੀਤਾ ਗਿਆ ਸਨਮਾਨ ਭਾਵੇਂ ਬੜਾ ਛੋਟਾ ਸੀ, ਪਰ ਇਹ ਸ਼ਹਿਰ ਭਰ ਦੇ ਪਖੰਡੀਆਂ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਬਹੁਤ ਹੀਣਾ ਕਰ ਗਿਆ। ਖ਼ਾਸ ਕਰ ਕੇ ਅਹਮੋਂ ਸੇਠ੍ਹ ਨੂੰ।

ਵਿਸਾਖੀ ਤੋਂ ਪਿੱਛੋਂ ਇਕ ਦਿਨ ਪਿਆਰੇ ਲਾਲ ਜੀ ਰੋਜ਼ ਵਾਂਗੂੰ ਮਸੀਤ ਜਾਣ ਲਈ ਘੁਸ ਮੱਸੇ ਵਿਚ ਥੱਲੇ ਉੱਤਰੇ ਤਾਂ ਭੋਇੰ ਤੇ ਪੈਰ ਰੱਖਦਿਆਂ ਹੀ ਕੇਲੇ ਦੇ ਛਿੱਲੜੇ ਉੱਤੇ ਤਿਲਕ ਗਏ। ਸੰਭਲਣ ਲਈ ਉਨ੍ਹਾਂ ਸੱਜੇ ਹੱਥ ਦਾ ਸਹਾਰਾ ਲਿਆ ਤਾਂ ਉਨ੍ਹਾਂ ਦੇ ਆਪਣੇ ਭਾਰ ਨਾਲ ਹੀ ਗੁੱਟ ਟੁੱਟ ਗਿਆ।

ਚਾਂਗਰ ਸੁਣ ਕੇ ਦੂਰ ਨੇੜੇ ਦੇ ਗਲੀ ਮੁਹੱਲਿਆਂ ਵਿਚੋਂ ਲੋਕ ਇਕੱਠੇ ਹੋ ਗਏ, ਸਿਵਾਏ ਨੇੜੇ ਹੀ ਰਹਿਣ ਵਾਲੇ ਅਹਮੋਂ ਸੇਠ੍ਹ ਦੇ। ਪਿਆਰੇ ਲਾਲ ਜੀ ਨੂੰ ਚੁੱਕ ਕੇ ਖੜ੍ਹਾ ਕੀਤਾ ਗਿਆ। ਉਹ ਬਾਂਹ ਉਤਾਂਹ ਕਰਦੇ ਤਾਂ ਸੱਜਾ ਹੱਥ ਲੇਲੇ ਦੇ ਕੰਨ ਵਾਂਗੂੰ ਲਮਕ ਜਾਂਦਾ। ਹਸਪਤਾਲ ਲਿਜਾਣ ਤੋਂ ਪਹਿਲਾਂ ਕਈ ਵਾਰ ਤੱਤੇ ਤਾਅ ਉਨ੍ਹਾਂ ਦਾ ਗੁੱਟ ਚਾੜਨ ਦੀ ਕੋਸ਼ਿਸ਼ ਕੀਤੀ ਗਈ।

ਡਾਕਟਰਾਂ ਨੇ ਐਕਸਰੇ ਤੋਂ ਬਾਅਦ ਦੱਸਿਆ ਕਿ ਹੱਡੀ ਟੁੱਟ ਗਈ ਏ, ਜੁੜ ਜਾਵੇਗੀ ਪਰ ਗੁੱਟ ਚਾੜਨ ਦੇ ਚੱਕਰ ਵਿਚ ਸ਼ਾਇਦ ਹੱਥ ਨੂੰ ਵਾਰ ਵਾਰ ਹਿਲਾਉਣ ਵਜੋਂ ਪੱਠਾ ਕੱਟ ਕੀਤਾ ਏ। ਉਹਦਾ ਕੋਈ ਉਪਾਅ ਨਹੀਂ। ਉਹ ਸੁੱਕ ਜਾਵੇਗਾ ਤੇ ਹੱਥ ਸਦਾ ਲਈ ਬੇਕਾਰ ਹੋ ਗਿਆ ਏ।

ਤੇ ਇੰਝ ਸਾਡੇ ਸ਼ਹਿਰ ਵਿਚ ਇਕ ਮਰਯਾਦਾ ਦਾ ਖ਼ਾਤਮਾ ਹੋ ਗਿਆ।

# ਰੌਸ਼ਨ ਮੁਨਾਰਾ: ਸਤਿਆਰਥੀ

***ਬੇਜੋੜ ਪ੍ਰਤਿਭਾ ਦੇ ਮਾਲਕ ਦੇਵਿੰਦਰ ਸਤਿਆਰਥੀ (8 ਮਾਰਚ 1921-25 ਅਕਤੂਬਰ 1980) ਸਾਹਿਤ ਜਗਤ ਦੀ ਨਿਵੇਕਲੀ, ਨਿਆਰੀ ਅਤੇ ਵਿਲੱਖਣ ਸ਼ਖਸੀਅਤ ਸਨ। ਉਨ੍ਹਾਂ ਬਾਰੇ ਬਹੁਤ ਸਾਰੇ ਕਿੱਸੇ ਸਾਹਿਤ ਜਗਤ ਦਾ ਹਿੱਸਾ ਬਣੇ ਹੋਏ ਹਨ। ਉਰਦੂ ਦੇ ਉਮਦਾ ਸ਼ਾਇਰ ਸਾਹਿਰ ਲੁਧਿਆਣਵੀ ਨੇ ਉਰਦੂ ਵਿਚ ਲਿਖੀ ਆਪਣੀ ਇਸ ਲਿਖਤ ਵਿਚ ਦੇਵਿੰਦਰ ਸਤਿਆਰਥੀ ਦੀ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੀ ਬਾਤ ਪਾਈ ਹੈ, ਜਿਸ ਦਾ ਅਨੁਵਾਦ ਪਰਮਜੀਤ ਸਿੰਘ ਢੀਂਗਰਾ ਨੇ ਕੀਤਾ ਹੈ।***

**ਸਾਹਿਰ ਲੁਧਿਆਣਵੀ**
**ਅਨੁਵਾਦ: ਪਰਮਜੀਤ ਢੀਂਗਰਾ**
**ਫੋਨ: 94173-58120**

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪੂਰਾ ਦਿਨ ਮੀਂਹ ਪੈਂਦਾ ਰਿਹਾ ਸੀ। ਸ਼ਾਮ ਨੂੰ ਭਾਵੇਂ ਮੀਂਹ ਰੁਕ ਗਿਆ ਸੀ ਪਰ ਅਕਾਸ਼ 'ਤੇ ਛਾਏ ਬੱਦਲਾਂ ਤੋਂ ਲਗ ਰਿਹਾ ਸੀ ਕਿ ਦੁਬਾਰਾ ਵਸਿਆ ਕਿ ਵਸਿਆ। ਮੈਂ ਤੇ ਗੋਪਾਲ ਮਿੱਤਲ ਮਕਤਬ-ਏ-ਉਰਦੂ ਤੋਂ ਬਰਾਂਡਰੈਥ ਰੋਡ ਵਲ ਜਾ ਰਹੇ ਸਾਂ। ਅਨਾਰਕਲੀ ਚੌਕ ਵਿਚ ਕਿਸੇ ਨੇ ਮਿੱਤਲ ਦਾ ਨਾਂ ਲੈ ਕੇ ਅਵਾਜ਼ ਮਾਰੀ। ਮੁੜ ਕੇ ਦੇਖਿਆ ਤਾਂ ਸੱਜੇ ਹੱਥ ਮੁੱਲਾ ਹੁਸੈਨ ਹਲਵਾਈ ਦੀ ਦੁਕਾਨ ਸਾਹਮਣੇ ਖੜਾ ਇਕ ਸਿੱਖ ਨੌਜਵਾਨ ਸਾਨੂੰ ਬੁਲਾ ਰਿਹਾ ਸੀ। ਇਹ ਨੌਜਵਾਨ ਰਜਿੰਦਰ ਸਿੰਘ ਬੇਦੀ ਸੀ, ਜਿਸਨੂੰ ਮੈਂ ਇਕ ਵਾਰ ਪਹਿਲਾਂ ਵੀ ਇਕ ਸਮਾਗਮ ਵਿਚ ਮਿਲ ਚੁੱਕਾ ਸਾਂ। ਉਹਦੇ ਨਾਲ ਇਕ ਹੋਰ ਬੰਦਾ ਵੀ ਸੀ- ਲੰਬੇ ਲੰਬੇ ਵਾਲਾਂ, ਸੰਘਣੀ ਦਾੜ੍ਹੀ ਤੇ ਮੈਲੇ-ਕੁਚੈਲੇ ਲੰਬੇ ਓਵਰਕੋਟ ਵਾਲਾ।

'ਆ ਤੈਨੂੰ ਬਹੁਤ ਵੱਡੇ ਫਰਾਡ ਨਾਲ ਮਿਲਾਵਾਂ' ਗੋਪਾਲ ਮਿੱਤਲ ਨੇ ਕਿਹਾ

'ਕੀਹਦੇ ਨਾਲ? 'ਦੇਵਿੰਦਰ ਸਤਿਆਰਥੀ ਨਾਲ'

ਸਤਿਆਰਥੀ ਗਜਰੇਲਾ ਖਾਣ ਵਿਚ ਮਸਤ ਸੀ। ਗੋਪਾਲ ਮਿੱਤਲ ਨੇ ਜਦੋਂ ਮੇਰੀ ਜਾਣ-ਪਛਾਣ ਕਰਾਈ ਤਾਂ ਉਹਨੇ ਕੋਈ ਧਿਆਨ ਨਾ ਦਿਤਾ।

ਮੈਂ ਉਨ੍ਹਾਂ ਦਿਨਾਂ ਵਿਚ ਦਿਆਲ ਸਿੰਘ ਕਾਲਜ ਲਾਹੌਰ ਵਿਚ ਬੀ.ਏ. ਦਾ ਵਿਦਿਆਰਥੀ ਸਾਂ ਤੇ ਨਵਾਂ-ਨਵਾਂ ਲੁਧਿਆਣੇ ਤੋਂ ਲਾਹੌਰ ਆਇਆ ਸਾਂ। ਲੇਖਕਾਂ ਨਾਲ ਮੇਰੀ ਜਾਣ-ਪਛਾਣ ਘੱਟ ਸੀ।

ਸਤਿਆਰਥੀ ਨੇ ਗਜਰੇਲੇ ਦੀ ਪਲੇਟ ਖਤਮ ਕਰਨ ਤੋਂ ਬਾਅਦ ਬੇਦੀ ਵੱਲ ਵੇਖਿਆ ਤੇ ਕਿਹਾ- 'ਬੜੀ ਸੁਆਦੀ ਚੀਜ਼ ਹੈ ਦੋਸਤ। ਇਕ ਪਲੇਟ ਹੋਰ ਨਹੀਂ ਲੈ ਕੇ ਦਏਂਗਾ?'

ਬੇਦੀ ਉਸ ਸਮੇਂ ਗੋਪਾਲ ਮਿੱਤਲ ਨਾਲ ਕਿਸੇ ਅਦਬੀ ਮਸਲੇ 'ਤੇ ਗੱਲਾਂ ਕਰ ਰਿਹਾ ਸੀ-'ਲੈ ਲੈ' ਉਹਨੇ ਛੇਤੀ ਨਾਲ ਕਿਹਾ।

'ਪਰ ਪੈਸੇ?' ਸਤਿਆਰਥੀ ਕਹਿਣ ਲੱਗਾ- 'ਤੂੰ ਪੈਸੇ ਦੇਵੇਂ ਤਦ ਨਾ'

'ਓਹ' ਬੇਦੀ ਨੇ ਲੰਬਾ ਸਾਹ ਖਿਚਿਆ ਤੇ ਹਲਵਾਈ ਨੂੰ ਪੈਸੇ ਦੇ ਕੇ ਪਲੇਟ ਸਤਿਆਰਥੀ ਨੂੰ ਫੜਾ ਦਿਤੀ।

ਸਤਿਆਰਥੀ ਫਿਰ ਗਜਰੇਲਾ ਖਾਣ ਵਿਚ ਮਸਤ ਹੋ ਗਿਆ।

ਬੇਦੀ ਅਤੇ ਮਿੱਤਲ ਆਪਸ ਵਿਚ ਗੱਲਾਂ ਕਰਦੇ ਰਹੇ ਤੇ ਮੈਂ ਚੁਪਚਾਪ ਇਕ ਪਾਸੇ ਖੜਾ ਰਿਹਾ।

ਗਜਰੇਲੇ ਦੀ ਦੂਸਰੀ ਪਲੇਟ ਖਤਮ ਕਰਨ ਤੋਂ ਬਾਅਦ ਸਤਿਆਰਥੀ ਨੇ ਆਪਣੀ ਜੇਬ ਵਿਚੋਂ ਇਕ ਮੈਲਾ ਜਿਹਾ ਖਾਕੀ ਰੰਗ ਦਾ ਰੁਮਾਲ ਕੱਢਿਆ ਤੇ ਹੱਥ ਪੂੰਝਣ ਲੱਗਾ। ਆਪਣਾ ਕੈਮਰਾ ਉਹਨੇ ਕੋਲ ਪਈ ਕੁਰਸੀ 'ਤੇ ਰਖ ਦਿਤਾ ਤੇ ਚਮੜੇ ਦਾ ਥੈਲਾ ਚੁਕ ਲਿਆ ਤੇ ਗੋਪਾਲ ਮਿੱਤਲ ਕੋਲ ਜਾ ਕੇ ਕਹਿਣ ਲੱਗਾ-'ਯਾਰ ਮਿੱਤਲ ਤੈਨੂੰ ਇਕ ਖ਼ੁਸ਼ਖਬਰੀ ਸੁਣਾਵਾਂ'

'ਕੀ?' 'ਮੈਂ ਪ੍ਰਗਤੀਵਾਦੀ ਹੋ ਗਿਆਂ'

'ਕਦੋਂ ਤੋਂ?' ਮਿੱਤਲ ਨੇ ਮੁਸਕੁਰਾਂਦਿਆਂ ਪੁਛਿਆ।

'ਸਾਂ ਤਾਂ ਭਾਵੇਂ ਮੁੱਢ ਤੋਂ ਪਰ ਇਹ ਕਹਾਣੀ ਜੋ ਮੈਂ ਹੁਣੇ ਹੁਣੇ ਲਿਖੀ ਏ ਇਹਦੇ ਬਾਅਦ ਤਾਂ ਸੌ ਫੀਸਦੀ ਪੱਕਾ ਹੋ ਗਿਆਂ'

'ਤਾਂ ਤੂੰ ਕਹਾਣੀ ਲਿਖੀ ਏ?'

'ਪਰ ਇਸ ਕਹਾਣੀ ਤੇ ਮੇਰੀਆਂ ਪਹਿਲੀਆਂ ਕਹਾਣੀਆਂ ਵਿਚ ਫਰਕ ਹੈ। ਇਹ ਕਹਾਣੀ ਮੈਂ ਸ਼ੁਧ ਪ੍ਰਗਤੀਵਾਦੀ ਅਸੂਲਾਂ ਨੂੰ ਸਾਹਮਣੇ ਰਖ ਕੇ ਲਿਖੀ ਹੈ।' ਸਤਿਆਰਥੀ ਬੇਦੀ ਨਾਲ ਹੱਥ ਮਿਲਾਉਣ ਲਈ ਵਧਾਉਂਦਿਆਂ ਕਹਿਣ ਲੱਗਾ- 'ਚੰਗਾ ਯਾਰ ਬੇਦੀ ਤੂੰ ਹੁਣ ਚਲ, ਮੈਂ ਜ਼ਰਾ ਗੋਪਾਲ ਮਿੱਤਲ ਨੂੰ ਕਹਾਣੀ ਸੁਣਾ ਲਵਾਂ।'

'ਬੇਦੀ ਨੂੰ ਕਿਉਂ ਨਹੀਂ?' ਗੋਪਾਲ ਮਿੱਤਲ ਨੇ ਬੜੀ ਬੇਬਸੀ ਨਾਲ ਬੇਦੀ ਵਲ ਦੇਖਦਿਆਂ ਕਿਹਾ।

'ਮੈਂ ਇਹ ਕਹਾਣੀ ਦੋ ਵਾਰ ਸੁਣ ਚੁਕਾਂ'- ਬੇਦੀ ਮੁਸਕੁਰਾਇਆ।

'ਨਾਲੇ ਮੈਂ ਹੁਣ ਰੇਡੀਓ ਸਟੇਸ਼ਨ ਜਾਣੈ। ਸ਼ਾਮ ਦੀਆਂ ਖਬਰਾਂ ਤੋਂ ਬਾਅਦ ਮੇਰੀ ਟਾਕ ਐ।'

'ਹਾਂ ਹਾਂ ਤੂੰ ਜਾ' ਸਤਿਆਰਥੀ ਨੇ ਬੇਦੀ ਨੂੰ ਤੋਰਦਿਆਂ ਕਿਹਾ।

ਮੈਂ ਤੇ ਗੋਪਾਲ ਮਿੱਤਲ ਇਕ ਦੂਜੇ ਵੱਲ ਵੇਖਣ ਲੱਗੇ। ਸਤਿਆਰਥੀ ਨੇ ਆਪਣੇ ਚਮੜੇ ਦੇ ਥੈਲੇ ਵਿਚੋਂ ਕਾਗਜ਼ਾਂ ਦਾ ਇਕ ਪੁਲੰਦਾ ਕੱਢਿਆ ਤੇ ਸਫੇ ਪਲਟਦਿਆਂ ਕਹਿਣ ਲੱਗਾ, 'ਤਾਂ ਫਿਰ ਹੁਣ ਕਿਥੇ ਬੈਠੀਏ?'

'ਤੁਸੀਂ ਹੀ ਦਸੋ'

'ਮੇਰਾ ਖਿਆਲ ਐ ਸਾਹਮਣੇ ਵਾਲਾ ਲਾਅਨ ਠੀਕ ਰਹੇਗਾ'

'ਪਰ ਲਾਅਨ ਤਾਂ ਮੀਂਹ ਦੇ ਪਾਣੀ ਨਾਲ ਭਰਿਆ ਪਿਐ'

'ਓਹ ਇਸ ਵੱਲ ਤਾਂ ਮੇਰਾ ਧਿਆਨ ਹੀ ਨਹੀਂ ਗਿਆ। ਤਾਂ ਤੁਸੀਂ ਇੰਜ ਕਰੋ ਥੋੜ੍ਹੀ ਦੇਰ ਮੇਰੇ ਨਾਲ ਚਲੋ। ਇਕ ਫਰਲਾਂਗ 'ਤੇ ਸੀਤਲਾ ਮੰਦਿਰ ਹੈ। ਓਥੇ ਅਰਾਮ ਨਾਲ ਬੈਠਾਂਗੇ।'

ਸੀਤਲਾ ਮੰਦਿਰ ਦਾ ਫਰਸ਼ ਯਾਤਰੀਆਂ ਦੀ ਆਵਾਜਾਈ ਕਰਕੇ ਚਿੱਕੜ ਨਾਲ ਲਥਪਥ ਸੀ ਤੇ ਉਸ ਵਿਚ ਵੱਡੇ ਵੱਡੇ ਕਾਲੇ ਮਕੌੜੇ ਕੁਲਬੁਲਾ ਰਹੇ ਸਨ। ਮਿੱਤਲ ਨੇ ਸਤਿਆਰਥੀ ਵੱਲ ਘੂਰ ਕੇ ਪੁਛਿਆ-'ਕਹਾਣੀ ਜ਼ਰੂਰ ਸੁਣਾਉਣੀ ਏ?'

'ਹਾਂ ਦੋਸਤ। ਜੇ ਤੁਸੀਂ ਨਹੀਂ ਸੁਣੋਗੇ ਤਾਂ ਮੈਨੂੰ ਬੜਾ ਦੁਖ ਹੋਏਗਾ।' ਸਤਿਆਰਥੀ ਨੇ ਬੜੀ ਆਜਜ਼ੀ ਨਾਲ ਕਿਹਾ-'ਮੈਂ ਤੁਹਾਡੀ ਰਾਏ ਲੈਣੀ ਚਾਹੁੰਦਾ ਹਾਂ।'

'ਚੰਗਾ ਤਾਂ ਇਕ ਮਿੰਟ ਰੁਕੋ।' ਮਿੱਤਲ ਨੇ ਕਿਹਾ ਤੇ ਮੰਦਰ 'ਚੋਂ ਬਾਹਰ ਚਲਾ ਗਿਆ।

ਥੋੜ੍ਹੀ ਦੇਰ ਬਾਅਦ ਇਕ ਟਾਂਗਾ ਮੰਦਿਰ ਦੇ ਦਰਵਾਜ਼ੇ ਦੇ ਬਾਹਰ ਆ ਕੇ ਰੁਕਿਆ। ਗੋਪਾਲ ਮਿੱਤਲ ਨੇ ਉਸ ਟਾਂਗੇ 'ਚੋਂ ਧੌਣ ਬਾਹਰ ਕੱਢ ਕੇ ਸਾਨੂੰ ਅਵਾਜ਼ ਦਿਤੀ। ਅਸੀਂ ਦੋਵੇਂ ਟਾਂਗੇ ਵਿਚ ਬਹਿ ਗਏ। ਸਾਰੇ ਰਾਹ ਗੋਪਾਲ ਮਿੱਤਲ ਨੇ ਕੋਈ ਗੱਲ ਨਾ ਕੀਤੀ। ਸਤਿਆਰਥੀ ਵੀ ਚੁਪ-ਚਾਪ ਬੈਠਾ ਰਿਹਾ। ਟਾਂਗਾ ਇੰਡੀਆ ਕਾਫੀ ਹਾਊਸ ਸਾਹਮਣੇ ਜਾ ਕੇ ਰੁਕ ਗਿਆ।

'ਚਲੋ' ਗੋਪਾਲ ਮਿੱਤਲ ਨੇ ਸਤਿਆਰਥੀ ਨੂੰ ਕਿਹਾ।

'ਕਿਥੇ?' 'ਕੌਫੀ ਹਾਊਸ?' ਸਤਿਆਰਥੀ ਦਾ ਚਿਹਰਾ ਇਕ ਦਮ ਖਿੜ ਗਿਆ।

'ਚਲੋ ਆਓ, ਉਤਰੋ।'

'ਯਾਰ ਮਿੱਤਲ ਤੂੰ ਸਚਮੁੱਚ ਕਮਿਊਨਿਸਟ ਏਂ। ਹੁਣ ਤਾਂ ਮੈਨੂੰ ਯਕੀਨ ਹੋ ਗਿਐ ਕਿ ਸੋਵੀਅਤ ਰੂਸ ਵਿਚ ਲੇਖਕਾਂ ਤੇ ਕਲਾਕਾਰਾਂ ਦਾ ਖਾਸ ਖਿਆਲ ਰਖਿਆ ਜਾਂਦਾ ਹੋਵੇਗਾ।'

ਸਤਿਆਰਥੀ ਮੁਸਕੁਰਾਇਆ ਤੇ ਕੌਫੀ ਹਾਊਸ ਦੀਆਂ ਪੌੜੀਆਂ ਚੜ੍ਹਦਿਆਂ ਖਰੜੇ ਦੇ ਸਫ਼ੇ ਉਲਟਨ-ਪਲਟਨ ਲੱਗਾ।


ਇਹ ਮੇਰੀ ਉਹਦੇ ਨਾਲ ਪਹਿਲੀ ਮੁਲਾਕਾਤ ਸੀ। ਉਸ ਤੋਂ ਬਾਅਦ ਉਹ ਮੈਨੂੰ ਕਈ ਵਾਰ ਮਿਲਿਆ। ਕਦੇ ਕਿਸੇ ਜਨਰਲ ਮਰਚੈਂਟ ਦੀ ਦੁਕਾਨ ਸਾਹਮਣੇ, ਕਦੇ ਡਾਕਖਾਨੇ ਦੇ ਗੇਟ 'ਤੇ, ਕਦੇ ਕਿਤਾਬਾਂ ਦੀ ਦੁਕਾਨ 'ਤੇ, ਕਦੇ ਮੈਕਲੋਡ ਰੋਡ ਤੇ ਕਦੇ ਬਸੰਤ ਰੋਡ ਦੇ ਚਾਹ ਦੇ ਖੋਖਿਆਂ ਵਿਚ ਤੇ ਕਦੇ ਉਂਜ ਹੀ ਰਾਹ ਜਾਂਦਿਆਂ।

ਹਰ ਵਾਰ ਉਹ ਮੇਰੇ ਕੋਲ ਆ ਕੇ ਪੁਛਦਾ, 'ਕੀ ਹਾਲ-ਚਾਲ ਐ? ਕਿਧਰੋਂ ਆ ਰਿਹੈਂ, ਕਿਧਰ ਜਾਣੈ, ਲਿਖੀ ਕੋਈ ਨਵੀਂ ਨਜ਼ਮ?'

...ਤੇ ਮੈਂ ਜਾਣ ਲਗਦਾ ਤਾਂ ਉਹ ਰੋਕ ਕੇ ਮੈਨੂੰ ਕਹਿੰਦਾ 'ਮੁਆਫ ਕਰੀਂ ਮੈਨੂੰ ਤੇਰਾ ਨਾਂ ਯਾਦ ਨਹੀਂ ਆ ਰਿਹਾ।'

ਮੈਂ ਉਹਨੂੰ ਫੇਰ ਆਪਣਾ ਨਾਂ ਦਸ ਦੇਂਦਾ।

'ਹਾਂ...ਹਾਂ...ਹਾਂ...' ਉਹ ਕਹਿੰਦਾ ਤੇ ਫਿਰ ਝੂਮਦਾ ਹੋਇਆ ਇਕ ਪਾਸੇ ਚਲਾ ਜਾਂਦਾ। ਏਸੇ ਤਰ੍ਹਾਂ ਕੋਈ ਦੋ ਮਹੀਨੇ ਬੀਤ ਗਏ। ਹੌਲੀ ਹੌਲੀ ਮੈਨੂੰ ਯਕੀਨ ਹੋ ਗਿਆ ਕਿ ਇਹ ਬੰਦਾ ਮੈਨੂੰ ਕਦੇ ਨਵਾਂ ਸੁਆਲ ਨਹੀਂ ਪੁਛੇਗਾ ਤੇ ਨਾ ਉਹਨੂੰ ਕਦੇ ਮੇਰਾ ਨਾਂ ਯਾਦ ਰਹੇਗਾ।

***ਦੇਵਿੰਦਰ ਸਤਿਆਰਥੀ, ਦੇਵਿੰਦਰ ਸਤਿਆਰਥੀ ਆਪਣੀ ਪਤਨੀ ਨਾਲ।***

ਇਕ ਸ਼ਾਮ ਮੈਂ ਆਪਣੇ ਦੋਸਤ ਨਾਲ ਬਸੰਤ ਰੋਡ 'ਤੇ ਜਾ ਰਿਹਾ ਸਾਂ ਕਿ ਸਾਹਮਣਿਓਂ ਸਤਿਆਰਥੀ ਆਂਦਾ ਨਜ਼ਰੀਂ ਪਿਆ।

'ਹੈਲੋ! ਕੀ ਹਾਲ-ਚਾਲ ਐ?' ਉਹਨੇ ਪੁਛਿਆ।

'ਤੁਹਾਡੀ ਮਿਹਰ ਐ ਇਸ ਵਕਤ ਲਾਅ ਕਾਲਜ ਦੇ ਹੋਸਟਲ ਤੋਂ ਆ ਰਿਹਾ ਹਾਂ। ਇਹ ਮੇਰਾ ਦੋਸਤ ਰਾਮ ਪ੍ਰਕਾਸ਼ ਅਸ਼ਕ ਐ। ਅਸੀਂ ਦੋਵੇ ਫਿਲਮ ਦੇਖਣ ਚਲੇ ਆਂ। ਮੈਂ ਕੋਈ ਨਜ਼ਮ ਨਹੀਂ ਲਿਖੀ, ਮੇਰਾ ਨਾਂ ਸਾਹਿਰ ਲੁਧਿਆਣਵੀ ਐ। ਕੀ ਤੁਸੀਂ ਸਾਡੇ ਨਾਲ ਫਿਲਮ ਦੇਖਣ ਚਲੋਗੇ?'

'ਨਹੀਂ', ਉਹਦੇ ਲਹਿਜੇ ਵਿਚ ਨਰਮ ਅਤੇ ਬੇਨਿਆਜ਼ੀ ਓਵੇਂ ਹੀ ਕਾਇਮ ਸੀ। ਮੈਂ ਦੇਖਿਆ ਉਹਦਾ ਚੇਹਰਾ ਇਕ ਦਮ ਮੁਰਝਾ ਗਿਆ। ਮੈਨੂੰ ਆਪਣੇ ਲਹਿਜੇ 'ਤੇ ਅਫਸੋਸ ਹੋਇਆ। ਮੇਰੇ ਅੰਦਰਲੀ ਬਦਲੇ ਦੀ ਭਾਵਨਾ ਦੇ ਬਾਵਜੂਦ ਜੋ ਹਰ ਵਾਰ ਅੱਖੋਂ-ਪਰੋਖੇ ਕੀਤੇ ਜਾਣ ਦੇ ਅਹਿਸਾਸ ਕਰਕੇ ਮੇਰੇ ਦਿਲ ਵਿਚ ਪੈਦਾ ਹੋਈ ਸੀ, ਮੈਂ ਸਤਿਆਰਥੀ ਦੀ ਬਹੁਤ ਇਜ਼ਤ ਕਰਦਾ ਸਾਂ ਕਿਉਂਕਿ ਉਹ 'ਮੈਂ ਹਾਂ ਖਾਨਾ ਬਦੋਸ਼' ਦਾ ਹਰਕਾਰਾ ਸੀ। ਉਹਨੇ ਪਿੰਡ ਪਿੰਡ ਘੁੰਮ ਫਿਰ ਕੇ ਹਿੰਦੋਸਤਾਨ ਦੀਆਂ ਵੱਖ ਵੱਖ ਜ਼ਬਾਨਾਂ ਦੇ ਕੋਈ ਢਾਈ ਲੱਖ ਤੋਂ ਵਧੇਰੇ ਗੀਤ ਇਕੱਠੇ ਕੀਤੇ ਸਨ। ਉਸ ਕੋਲੋਂ ਮੈਂ ਹਿੰਦੋਸਤਾਨ ਦੀ ਤਹਿਜ਼ੀਬ, ਆਰਟ ਤੇ ਕਲਚਰ ਬਾਰੇ ਬਹੁਤ ਕੁਝ ਸਿਖਿਆ ਸੀ। ਮੈਂ ਫੈਸਲਾ ਕੀਤਾ ਕਿ ਉਹਦੇ ਕੋਲ ਜਾ ਕੇ ਮੁਆਫੀ ਮੰਗਾਂ, ਪਰ ਉਹ ਜਾ ਚੁਕਾ ਸੀ। ਫਿਰ ਬਹੁਤ ਦਿਨਾਂ ਤੱਕ ਮੇਰੀ ਉਹਦੇ ਨਾਲ ਮੁਲਾਕਾਤ ਨਾ ਹੋਈ। ਉਸ ਤੋਂ ਬਾਅਦ ਜਦੋਂ ਉਹ ਲਾਹੌਰ ਦੇ ਇਕ ਮਸ਼ਹੂਰ ਪ੍ਰਕਾਸ਼ਕ ਦੀ ਦੁਕਾਨ 'ਤੇ ਮੈਨੂੰ ਮਿਲਿਆ ਤਾਂ ਉਹਨੂੰ ਮੇਰਾ ਨਾਂ ਯਾਦ ਸੀ।

ਪ੍ਰਕਾਸ਼ਕ ਦੀ ਦੁਕਾਨ 'ਤੇ ਉਹ ਉਹਦੇ ਕੋਲੋਂ ਮੁਆਫੀ ਮੰਗਣ ਆਇਆ ਸੀ। ਕੁਝ ਦਿਨ ਪਹਿਲਾਂ ਉਹਨੇ 'ਅਗਲੇ ਤੂਫਾਨ-ਏ-ਨੂਹ ਤਕ' ਨਾਂ ਹੇਠ ਹਲਕ-ਏ-ਅਰਬਾਬ-ਏ-ਜ਼ੌਕ ਦੀ ਹਫਤਾਵਾਰੀ ਮੀਟਿੰਗ ਵਿਚ ਉਸ ਪ੍ਰਕਾਸ਼ਕ ਦੇ ਖਿਲਾਫ ਇਕ ਕਹਾਣੀ ਪੜ੍ਹੀ ਸੀ, ਜਿਸ ਕਰਕੇ ਪ੍ਰਕਾਸ਼ਕ ਬੇਹਦ ਨਰਾਜ਼ ਸੀ। ਪਰ ਜਦੋਂ ਸਤਿਆਰਥੀ ਨੇ ਉਹਨੂੰ ਦਸਿਆ ਉਹ ਇਹ ਕਹਾਣੀ ਉਹਦੇ ਰਿਸਾਲੇ ਲਈ ਬਿਨਾਂ ਪੈਸਿਆਂ ਤੋਂ ਦੇਣ ਲਈ ਤਿਆਰ ਹੈ ਤਾਂ ਪ੍ਰਕਾਸ਼ਕ ਨੇ ਉਹਨੂੰ ਮੁਆਫ ਕਰ ਦਿਤਾ। ਉਹ ਉਹਨੂੰ ਹੋਟਲ ਵਿਚ ਚਾਹ ਪਿਆਉਣ ਲਈ ਲੈ ਗਿਆ। ਫਿਕਰ ਤੌਂਸਵੀਂ ਵੀ ਉਹਦੇ ਨਾਲ ਸੀ। ਰਸਤੇ ਵਿਚ ਸਤਿਆਰਥੀ ਪ੍ਰਕਾਸ਼ਕ ਦੇ ਮੋਢੇ 'ਤੇ ਹੱਥ ਰਖ ਕੇ ਚਲਦਾ ਕਹਿਣ ਲੱਗਾ, 'ਚੌਧਰੀ ਤੇਰਾ ਰਿਸਾਲਾ ਉਸ ਜਿੰਨ ਦੇ ਢਿਡ ਵਰਗੈ, ਜੋ ਇਕ ਬਸਤੀ ਵਿਚ ਵੜ ਗਿਆ ਤੇ ਉਸ ਸਮੇਂ ਤੱਕ ਬਸਤੀ 'ਚੋਂ ਬਾਹਰ ਜਾਣ ਲਈ ਰਾਜ਼ੀ ਨਾ ਹੋਇਆ, ਜਦੋਂ ਤੱਕ ਓਥੋਂ ਦੇ ਲੋਕਾਂ ਨੇ ਉਹਨੂੰ ਯਕੀਨ ਨਾ ਦਿਵਾ ਦਿਤਾ ਕਿ ਉਹ ਹਰ ਰੋਜ਼ ਉਹਦੀ ਗੁਫਾ ਵਿਚ ਇਕ ਆਦਮੀ ਬਤੌਰ ਨਜ਼ਰਾਨਾ ਭੇਜਦੇ ਰਹਿਣਗੇ...ਤੂੰ ਵੀ ਉਹੋ ਜਿਹਾ ਇਕ ਜਿੰਨ ਏਂ ਤੇ ਰਸਾਲਾ ਤੇਰਾ ਪੇਟ। ਅਸੀਂ ਵਿਚਾਰੇ ਲੇਖਕ ਤੇ ਕਵੀ ਹਰ ਮਹੀਨੇ ਉਹਦੇ ਲਈ ਕਾਗਜ਼ ਲੈ ਕੇ ਦੇਂਦੇ ਹਾਂ ਪਰ ਉਹਦੀ ਭੁਖ ਮਿਟਦੀ ਹੀ ਨਹੀਂ ਤੇ ਇਹ ਫਿਕਰ ਤੌਂਸਵੀਂ' -ਉਹਨੇ ਫਿਕਰ ਵੱਲ ਮੁੜਦਿਆਂ ਕਿਹਾ- 'ਇਹ ਤੇਰਾ ਗੁਮਾਸ਼ਤਾ ਜੋ ਹਰ ਵੇਲੇ ਸਾਨੂੰ ਡਰਾਂਦਾ-ਧਮਕਾਂਦਾ ਰਹਿੰਦਾ ਹੈ ਕਿ ਜੇਕਰ ਜਿੰਨ ਦਾ ਰਾਸ਼ਨ ਪਹੁੰਚਣ ਵਿਚ ਦੇਰ ਹੋਈ ਤਾਂ ਜਿੰਨ ਤੁਹਾਡੀਆਂ ਕਿਤਾਬਾਂ, ਖਰੜੇ ਤੇ ਰਾਇਲਟੀ ਸਭ ਖਾ ਜਾਏਗਾ, ਕੁਝ ਵੀ ਬਾਕੀ ਨਹੀਂ ਬਚੇਗਾ।'

ਪ੍ਰਕਾਸ਼ਕ ਚੁਪ ਚਾਪ ਸੁਣਦਾ ਰਿਹਾ।

'ਹੁਣ ਮੇਰੇ ਵੱਲ ਹੀ ਦੇਖ' ਸਤਿਆਰਥੀ ਫਿਰ ਕਹਿਣ ਲੱਗਾ, 'ਤੇਰੀ ਨਰਾਜ਼ਗੀ ਤੋਂ ਡਰਦਿਆਂ ਮੈਂ ਬਿਨਾ ਕੋਈ ਪੈਸਾ ਲਿਆਂ ਤੈਨੂੰ ਕਹਾਣੀ ਦੇ ਦਿਤੀ। ਤੂੰ ਹੀ ਦਸ ਕੀ ਮੇਰਾ ਜੀਅ ਨਹੀਂ ਕਰਦਾ ਕਿ ਮੈਂ ਸਾਫ-ਸੁਥਰੇ ਕਪੜੇ ਪਾਵਾਂ। ਮੇਰੇ ਬੂਟ ਤੇਰੇ ਬੂਟਾਂ ਵਾਂਗ ਚਮਕਦੇ ਹੋਣ, ਮੇਰੀ ਬੀਵੀ ਵੀ ਰੇਸ਼ਮੀ ਸਾੜੀ ਪਾਵੇ, ਮੇਰੀ ਬੱਚੀ ਵੀ ਤੇਰੀ ਬੱਚੀ ਵਾਂਗ ਟਾਂਗੇ ਤੇ ਬਹਿ ਕੇ ਸਕੂਲ ਜਾਵੇ, ਪਰ ਮੇਰੇ ਜਜ਼ਬਾਤਾਂ ਦੀ ਕੀਹਨੂੰ ਫਿਕਰ ਐ। ਕੋਈ ਮੇਰੀ ਕਹਾਣੀ ਦੇ ਵੀਹ ਰੁਪਿਆਂ ਤੋਂ ਵਧ ਨਹੀਂ ਦੇਂਦਾ। ਇਕ ਤੂੰ ਏਂ ਜੋ ਮੇਰੇ ਵੀਹ ਰੁਪਏ ਵੀ ਹਜ਼ਮ ਕਰ ਰਿਹਾ ਏਂ। ਚਲ ਤੇਰੀ ਮਰਜ਼ੀ ਏਨਾ ਬਹੁਤ ਏ ਕਿ ਤੂੰ ਚਾਹ ਤਾਂ ਪਿਲਾ ਦੇਂਦਾ ਏਂ।'

ਪ੍ਰਕਾਸ਼ਕ ਫਿਰ ਵੀ ਚੁਪ-ਚਾਪ ਸੁਣਦਾ ਰਿਹਾ। ਅਸੀਂ ਹੋਟਲ ਦੇ ਗੇਟ ਅੰਦਰ ਵੜ ਗਏ। ਸਤਿਆਰਥੀ ਨੇ ਪ੍ਰਕਾਸ਼ਕ ਦੇ ਮੋਢੇ ਤੋਂ ਹੱਥ ਚੁੱਕ ਲਿਆ ਤੇ ਵਖਰਾ ਹੋ ਕੇ ਚਲਣ ਲੱਗਾ।

ਮੈਂ ਉਸ ਸ਼ਾਮ ਗੱਡੀ ਰਾਹੀਂ ਲਾਇਲਪੁਰ ਜਾ ਰਿਹਾ ਸਾਂ। ਹੋਟਲ ਵਿਚ ਪਹੁੰਚ ਕੇ ਪ੍ਰਕਾਸ਼ਕ ਨੇ ਪੁਛਿਆ- 'ਤੂੰ ਵਾਪਸ ਕਦੋਂ ਆਉਣੈ?'

'ਤੂੰ ਕਿਤੇ ਬਾਹਰ ਜਾ ਰਿਹਾਂ ਏਂ?' ਸਤਿਆਰਥੀ ਨੇ ਪੁਛਿਆ

'ਹਾਂ ਮੈਂ ਇਕ ਦੋ ਦਿਨ ਲਈ ਲਾਇਲਪੁਰ ਜਾ ਰਿਹਾਂ।' ਮੈਂ ਕਿਹਾ

'ਲਾਇਲਪੁਰ?' ਉਹਨੇ ਕਿਹਾ। ਫਿਰ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਡੁੱਬ ਗਿਆ। 'ਜੇ ਮੈਂ ਤੈਨੂੰ ਆਪਣਾ ਕੈਮਰਾ ਦਿਆਂ ਤਾਂ ਕੀ ਤੂੰ ਓਥੋਂ ਕਿਸਾਨਾਂ ਦੇ ਝੁੰਮਰ ਨਾਚ ਦੀਆਂ ਫੋਟੋਆਂ ਲਾਹ ਕੇ ਲਿਆ ਸਕਦੈਂ?' ਉਹਨੇ ਥੋੜ੍ਹੀ ਦੇਰ ਬਾਅਦ ਪੁਛਿਆ।

'ਮੇਰੇ ਲਈ ਤਾਂ ਇਹ ਮੁਸ਼ਕਲ ਐ, ਤੂੰ ਖੁਦ ਕਿਉਂ ਨਹੀਂ ਚਲਦਾ ਮੇਰੇ ਨਾਲ।'

'ਮੈਂ? ਮੇਰਾ ਜੀਅ ਤਾਂ ਬਹੁਤ ਕਰਦੈ' ਉਹ ਕਹਿਣ ਲੱਗਾ 'ਪਰ' ਉਹ ਇਕ ਮਿੰਟ ਲਈ ਰੁਕਿਆ ਤੇ ਫਿਰ ਚਮੜੇ ਦੇ ਥੈਲੇ ਵਿਚੋਂ ਕਾਗਜ਼ਾਂ ਦਾ ਇਕ ਪੁਲੰਦਾ ਕੱਢ ਕੇ ਪ੍ਰਕਾਸ਼ਕ ਨੂੰ ਦੇਂਦਿਆਂ ਕਹਿਣ ਲੱਗਾ- 'ਚੌਧਰੀ ਇਹ ਮੇਰੀ ਨਵੀਂ ਕਹਾਣੀ ਐ, ਜੇ ਤੂੰ ਇਹਦੇ ਬਦਲੇ ਮੈਨੂੰ ਵੀਹ ਰੁਪਏ ਦੇ ਦੇਵੇਂ ਤਾਂ...'

ਪ੍ਰਕਾਸ਼ਕ ਨੇ ਕਹਾਣੀ ਲੈ ਕੇ ਜੇਬ ਵਿਚ ਪਾ ਲਈ ਤੇ ਕਹਿਣ ਲੱਗਾ,

'ਤੂੰ ਸਾਹਿਰ ਕੋਲੋਂ ਕਰਜ਼ਾ ਲੈ ਲੈ, ਜਦੋਂ ਤੁਸੀਂ ਵਾਪਸ ਆਓਗੇ ਮੈਂ ਇਹ ਰੁਪਏ ਸਾਹਿਰ ਨੂੰ ਦੇ ਦਿਆਂਗਾ।'

'ਤੂੰ ਆਪਣੀ ਕਹਾਣੀ ਵਾਪਸ ਲੈ ਲੈ।' ਮੈਂ ਸਤਿਆਰਥੀ ਨੂੰ ਕਿਹਾ- 'ਮੇਰੇ ਕੋਲ ਪੈਸੇ ਹੈਗੇ ਨੇ।'

ਪਰ ਪ੍ਰਕਾਸ਼ਕ ਨੇ ਕਹਾਣੀ ਵਾਪਸ ਨਾ ਮੋੜੀ। ਸਤਿਆਰਥੀ ਚੁਪ ਚਾਪ ਮੇਰੇ ਨਾਲ ਚਲ ਪਿਆ। ਰਾਹ ਵਿਚ ਮੈਂ ਉਹਨੂੰ ਕਿਹਾ- 'ਤੂੰ ਜਲਦੀ ਜਾ ਕੇ ਘਰ ਦਸ ਆ ਗੱਡੀ ਚਲਣ ਵਿਚ ਅਜੇ ਕਾਫੀ ਸਮਾਂ ਪਿਐ।'

'ਨਹੀਂ ਇਹਦੀ ਕੋਈ ਲੋੜ ਨਹੀਂ।' ਉਹ ਕਹਿਣ ਲੱਗਾ- 'ਮੇਰੀ ਬੀਵੀ ਮੇਰੀ ਇਸ ਆਦਤ ਤੋਂ ਜਾਣੂੰ ਹੈ। ਜੇ ਮੈਂ ਘਰੋਂ ਦੋ-ਚਾਰ ਦਿਨ ਗਾਇਬ ਹੋ ਜਾਵਾਂ ਤਾਂ ਉਹਨੂੰ ਕੋਈ ਫਰਕ ਨਹੀਂ ਪੈਂਦਾ। ਨਾ ਹੀ ਉਹ ਇਹਦੇ ਬਾਰੇ ਬਹੁਤੀ ਘੋਖ ਕਰਦੀ ਹੈ।'

'ਤੇਰੀ ਮਰਜ਼ੀ' ਮੈਂ ਕਿਹਾ।

ਗੱਡੀ ਮੁਸਾਫਰਾਂ ਨਾਲ ਖਚਾਖਚ ਭਰੀ ਹੋਈ ਸੀ। ਕਿਤੇ ਤਿਲ ਧਰਨ ਦੀ ਥਾਂ ਨਹੀਂ ਸੀ। ਬਹੁਤੇ ਲੋਕ ਪਾਏਦਾਨ 'ਤੇ ਲਟਕ ਰਹੇ ਸਨ ਤੇ ਜਿਨ੍ਹਾਂ ਨੂੰ ਓਥੇ ਵੀ ਥਾਂ ਨਹੀਂ ਸੀ ਮਿਲੀ ਉਹ ਗੱਡੀ ਦੀ ਛੱਤ 'ਤੇ ਚੜ੍ਹਣ ਦਾ ਜਤਨ ਕਰ ਰਹੇ ਸਨ। ਸਿਰਫ ਫੌਜੀ ਡੱਬੇ ਵਿਚ ਥਾਂ ਸੀ ਪਰ ਉਹਦੇ ਵਿਚ ਗ਼ੈਰ ਫੌਜੀ ਨਹੀਂ ਸਨ ਚੜ੍ਹ ਸਕਦੇ।

'ਹੁਣ ਕੀ ਕੀਤਾ ਜਾਏ' ਮੈਂ ਸਤਿਆਰਥੀ ਨੂੰ ਪੁਛਿਆ

'ਠਹਿਰ ਮੈਂ ਕਿਸੇ ਫੌਜੀ ਨਾਲ ਗੱਲ ਕਰਦਾਂ।' ਉਹ ਕਹਿਣ ਲੱਗਾ

'ਕੋਈ ਫਾਇਦਾ ਨਹੀਂ ਉਹ ਨਹੀਂ ਚੜ੍ਹਣ ਦੇਣਗੇ।'

'ਤੂੰ ਆ ਤਾਂ ਸਹੀ' ਉਹ ਮੈਨੂੰ ਬਾਹੋਂ ਫੜ ਘਸੀਟਦਾ ਬੋਲਿਆ ਤੇ ਜਾ ਕੇ ਇਕ ਫੌਜੀ ਨੂੰ ਕਹਿਣ ਲੱਗਾ, 'ਮੈਂ ਸ਼ਾਇਰ ਹਾਂ, ਲਾਇਲਪੁਰ ਜਾਣੈ, ਤੁਸੀਂ ਮੈਨੂੰ ਆਪਣੇ ਡੱਬੇ 'ਚ ਬਿਠਾ ਲਓ। ਮੈਂ ਰਾਹ ਵਿਚ ਤੁਹਾਨੂੰ ਗੀਤ ਸੁਣਾਵਾਂਗਾ।'

'ਨਹੀਂ ਨਹੀਂ ਅਸਾਂ ਨਹੀਂ ਗੀਤ-ਗੂਤ ਸੁਣਨੇ,' ਡੱਬੇ ਵਿਚ ਬੈਠੇ ਫੌਜੀ ਨੇ ਜ਼ੋਰ ਨਾਲ ਹੱਥ ਝਟਕਦਿਆਂ ਕਿਹਾ।

'ਕੀ ਮੰਗਦੈ?' ਇਕ ਫੌਜੀ ਨੇ ਆਪਣੀ ਸੀਟ ਤੋਂ ਉਠਦਿਆਂ ਤੀਸਰੇ ਫੌਜੀ ਨੂੰ ਪੁਛਿਆ। ਤੀਜੇ ਫੌਜੀ ਨੇ ਬੰਗਾਲੀ ਵਿਚ ਉਹਨੂੰ ਕੋਈ ਜੁਆਬ ਦਿਤਾ।

'ਸਚਮੁੱਚ ਮੈਂ ਸ਼ਾਇਰ ਆਂ, ਮੈਨੂੰ ਸਾਰੀਆਂ ਜ਼ਬਾਨਾਂ ਆਉਂਦੀਆਂ ਨੇ' ਤੇ ਫਿਰ ਉਹ ਬੰਗਾਲੀ ਬੋਲਣ ਲੱਗਾ।

ਫੌਜੀ ਹੈਰਾਨ ਹੁੰਦਾ ਹੋਇਆ ਉਹਦੇ ਮੂੰਹ ਵਲ ਦੇਖਣ ਲੱਗਾ।

'ਤਾਮਿਲ ਆਉਂਦੀ ਏ?' ਇਕ ਗਠੇ ਜਿਹੇ ਸਰੀਰ ਵਾਲੇ ਸਿਆ ਰੰਗ ਦੇ ਫੌਜੀ ਨੇ ਡੱਬੇ ਦੀ ਬਾਰੀ 'ਚੋਂ ਸਿਰ ਕੱਢ ਕੇ ਉਹਨੂੰ ਪੁਛਿਆ।

'ਤਾਮਿਲ, ਮਰਾਠੀ, ਗੁਜਰਾਤੀ, ਪੰਜਾਬੀ ਸਾਰੀਆਂ ਆਉਂਦੀਆਂ ਨੇ, ਤੁਹਾਨੂੰ ਸਾਰੀਆਂ ਜ਼ਬਾਨਾਂ ਦੇ ਗੀਤ ਸੁਣਾਵਾਂਗਾ।'

'ਅੱਛਾ' ਫੌਜੀ ਨੇ ਹੈਰਾਨ ਹੁੰਦਿਆਂ ਕਿਹਾ।

'ਹਾਂ' ਸਤਿਆਰਥੀ ਉਹਦੇ ਨਾਲ ਤਾਮਿਲ 'ਚ ਗੱਲਾਂ ਕਰਨ ਲੱਗਾ। ਏਨੇ ਵਿਚ ਇੰਜਨ ਨੇ ਸੀਟੀ ਮਾਰ ਦਿਤੀ।

'ਕੀ ਮੈਂ ਅੰਦਰ ਆ ਜਾਵਾਂ?' ਸਤਿਆਰਥੀ ਨੇ ਪੁਛਿਆ

ਦਰਵਾਜ਼ੇ ਕੋਲ ਬੈਠਾ ਇਕ ਫੌਜੀ ਕੁਝ ਸੋਚਣ ਲੱਗਾ।

'ਗੀਤ ਨਾ ਪਸੰਦ ਆਉਣ 'ਤੇ ਅਗਲੇ ਸਟੇਸ਼ਨ 'ਤੇ ਉਤਾਰ ਦੇਣਾ' ਫੌਜੀ ਹਸ ਪਿਆ ਤੇ ਕਹਿਣ ਲੱਗਾ, 'ਚਲ ਆ ਜਾ।'

ਸਤਿਆਰਥੀ ਮੇਰੇ ਹੱਥੋਂ ਅਟੈਚੀ ਖੋਹ ਕੇ ਜਲਦੀ ਨਾਲ ਡੱਬੇ 'ਚ ਚੜ੍ਹ ਗਿਆ। ਮੈਂ ਡੱਬੇ ਦੇ

ਬਾਹਰ ਬੁੱਤ ਬਣਿਆ ਖੜਾ ਰਿਹਾ।

'ਆ ਜਾ, ਆ ਜਾ ਜਲਦੀ।' ਸਤਿਆਰਥੀ ਨੇ ਸੀਟ 'ਤੇ ਥਾਂ ਬਣਾਉਂਦਿਆਂ ਦੋਹਾਂ ਹੱਥਾਂ ਨਾਲ ਇਸ਼ਾਰੇ ਕਰਦਿਆਂ ਮੈਨੂੰ ਕਿਹਾ।

ਫੌਜੀਆਂ ਨੇ ਘੂਰ ਕੇ ਮੈਨੂੰ ਦੇਖਿਆ।

ਮੈਂ ਦੋ ਕਦਮ ਪਿਛੇ ਹਟ ਗਿਆ।

'ਇਹ ਵੀ ਸ਼ਾਇਰ ਐ' ਇਹ ਵੀ ਤੁਹਾਨੂੰ ਗੀਤ ਗੁਣਾਏਗਾ। ਅਸੀਂ ਦੋਵੇਂ ਗੀਤ ਸੁਣਾਵਾਂਗੇ।'

ਫੌਜੀਆਂ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਗੌਰ ਨਾਲ ਦੇਖਿਆ। ਲਗਦਾ ਸੀ ਕਿ ਉਨ੍ਹਾਂ ਨੂੰ ਮੇਰੇ ਸ਼ਾਇਰ ਹੋਣ 'ਤੇ ਯਕੀਨ ਨਹੀਂ ਸੀ ਆ ਰਿਹਾ। ਉਹ ਸੋਚ ਰਹੇ ਸਨ ਕਿ ਕਿਥੇ ਇਹ ਤੇਈ ਚੌਵੀ ਵਰ੍ਹਿਆਂ ਦਾ ਛੋਕਰਾ ਉਹੋ ਜਿਹੀ ਚੀਜ਼ ਕਿਵੇਂ ਹੋ ਸਕਦੈ ਜੋ ਇਹ ਲੰਬੀ ਦਾੜ੍ਹੀ ਵਾਲਾ ਸੰਨਿਆਸੀ ਏ।

'ਤੂੰ ਵੀ ਸਾਰੀਆਂ ਜ਼ਬਾਨਾਂ ਜਾਣਦਾ ਏਂ?' ਇਕ ਫੌਜੀ ਨੇ ਦਰਵਾਜ਼ਾ ਖੋਲ੍ਹਦੇ ਹੋਏ ਮੈਨੂੰ ਪੁਛਿਆ।

'ਨਹੀਂ' ਮੈਂ ਜੁਆਬ ਦਿਤਾ।

'ਹੂੰ..' ਉਹਨੇ ਕੁਝ ਇਸ ਤਰ੍ਹਾਂ ਕਿਹਾ- ਜਿਵੇਂ ਕਹਿ ਰਿਹਾ ਹੋਵੇ ਫਿਰ ਤੂੰ ਕੀ ਜਾਣਦੈ ਤੇਰਾ ਕੀ ਫਾਇਦਾ।'

ਮੈਂ ਸਤਿਆਰਥੀ ਦੇ ਕੋਲ ਸੀਟ 'ਤੇ ਜਾ ਬੈਠਾ ਜਦੋਂ ਟਰੇਨ ਚਲ ਪਈ ਤਾਂ ਮੈਂ ਕਿਹਾ -

'ਮੈਂ ਅਗਲੇ ਸਟੇਸ਼ਨ 'ਤੇ ਉਤਰ ਜਾਵਾਂਗਾ'

'ਉਤਰ ਕੇ ਜਾਏਂਗਾ ਕਿਹੜੇ ਡੱਬੇ 'ਚ' ਉਹ ਕਹਿਣ ਲੱਗਾ। ਮੈਂ ਚੁਪ ਰਿਹਾ। ਫੌਜੀ ਬੜ੍ਹੇ ਉਤਸ਼ਾਹ ਤੇ ਦਿਲਚਸਪੀ ਨਾਲ ਸਤਿਆਰਥੀ ਨਾਲ ਗੱਲਾਂ ਕਰਨ ਲੱਗਾ। ਸਤਿਆਰਥੀ ਬੜੇ ਪਿਆਰ ਨਾਲ ਉਹਦੇ ਪਿੰਡ ਕੋਲ ਵਹਿੰਦੇ ਨਦੀਆਂ, ਨਾਲਿਆਂ ਦੇ ਕਿਨਾਰੇ ਲਹਿਲਹਾਂਦੇ ਖੇਤਾਂ, ਰਸਮਾਂ, ਤਿਓਹਾਰਾਂ ਬਾਰੇ ਗੱਲਾਂ ਕਰ ਰਿਹਾ ਸੀ, ਜਿਵੇਂ ਉਹ ਉਨ੍ਹਾਂ ਸਾਰਿਆਂ ਨੂੰ ਜਾਣਦਾ ਹੋਵੇ। ਜਦੋਂ ਗੱਲਾਂ ਖਤਮ ਹੋ ਗਈਆਂ ਤਾਂ ਸਤਿਆਰਥੀ ਉਨ੍ਹਾਂ ਨੂੰ ਗੀਤ ਸੁਣਾਉਣ ਲੱਗਾ। ਫੌਜੀ ਉਹਦੇ ਤੋਂ ਬੜੇ ਪ੍ਰਭਾਵਤ ਹੋਏ। ਸਤਿਆਰਥੀ ਨੇ ਕਿਹਾ,

'ਕੋੜੀ ਦਾ ਕੋੜੀ, ਕੋੜੀ ਦਾ ਕਾਟ ਲਾਲੀ (ਮਿਲਕੇ ਫਸੋ, ਮਿਲਕੇ ਫਸੋ, ਮੱਛੀਓ) ਉਸ ਡੱਬੇ ਵਿਚ ਜਿਥੇ ਹਰ ਸੂਬੇ ਦਾ ਫੌਜੀ ਬੈਠਾ ਸੀ, ਉਨ੍ਹਾਂ ਲਈ ਇਸ ਤੋਂ ਵਧ ਮਜ਼ਾਕ ਉਡਾਉਣ ਵਾਲਾ ਹੋਰ ਕੋਈ ਗੀਤ ਨਹੀਂ ਸੀ ਹੋ ਸਕਦਾ।

'ਕੀ ਮਤਲਬ' ਤਮਿਲ ਫੌਜੀ ਕਹਿਣ ਲੱਗਾ।

'ਕੀ ਅਸੀਂ ਮੱਛੀਆਂ ਹਾਂ?' ਪੰਜਾਬੀ ਫੌਜੀ ਚੀਕਿਆ।

'ਗੁੱਸਾ ਕਿਉਂ ਕਰਦੇ ਹੋ ਮੇਰੇ ਦੋਸਤ' ਸਤਿਆਰਥੀ ਨੇ ਓਸੇ ਲਹਿਜੇ ਤੇ ਹੌਂਸਲੇ ਨਾਲ ਕਿਹਾ

'ਅਸੀਂ ਸਭ ਮੱਛੀਆਂ ਹਾਂ। ਤੁਸੀਂ ਬੰਦੂਕ ਵਾਲੀਆਂ ਮੱਛੀਆਂ ਹੋ ਤੇ ਮੈਂ ਦਾੜ੍ਹੀ ਵਾਲੀ ਮੱਛੀ ਹਾਂ।' ਫੌਜੀ ਹੱਸਣ ਲੱਗੇ।

'ਅਸੀਂ ਸਾਰੀਆਂ ਮਛੇਰਿਆਂ ਦੇ ਜਾਲ ਵਿਚ ਫਸੀਆਂ ਹੋਈਆਂ ਹਾਂ।' ਸਤਿਆਰਥੀ ਨੇ ਕਿਹਾ ਤਾਂ ਸਾਰੇ ਫੌਜੀ ਗੰਭੀਰ ਹੋ ਗਏ।

ਟਰੇਨ ਤੇਜ਼ੀ ਨਾਲ ਦੌੜੀ ਜਾ ਰਹੀ ਸੀ। ਬਾਹਰ ਚਾਰੇ ਪਾਸੇ ਹਨੇਰਾ ਸੀ ਤੇ ਇਸ ਹਨੇਰੇ ਵਿਚ ਇਕਾ ਦੁਕਾ ਤਾਰੇ ਜਗ ਮਗਾ ਰਹੇ ਸਨ। ਫੌਜੀਆਂ ਨੇ ਸਾਨੂੰ ਸੌਣ ਲਈ ਸਾਨੂੰ ਜਗ੍ਹਾ ਬਣਾ ਦਿਤੀ ਤੇ ਕਿਹਾ - 'ਤੁਸੀਂ ਹੁਣ ਅਰਾਮ ਕਰ ਲਓ ਸਵੇਰੇ ਤੁਹਾਨੂੰ ਜਗਾ ਦਿਆਂਗੇ।'

ਅਗਲੇ ਦਿਨ ਜਦੋਂ ਸਾਹਿਬ ਦੇ ਟਿਕਾਣੇ ਪਹੁੰਚੇ, ਜਿਨ੍ਹਾਂ ਨੂੰ ਮਿਲਣਾ ਸੀ ਤਾਂ ਜਾ ਕੇ ਪਤਾ ਲਗਾ ਕਿ ਉਹ ਘਰ ਨਹੀਂ ਹਨ। ਉਹ ਮੈਜਿਸਟਰੇਟ ਦੇ ਘਰ ਇਕ ਦਾਅਵਤ 'ਤੇ ਗਏ ਹੋਏ ਸਨ।

ਉਹ ਮੈਜਿਸਟਰੇਟ ਮੈਨੂੰ ਵੀ ਜਾਣਦਾ ਸੀ। ਇਸ ਲਈ ਅਸੀਂ ਸਿਧਾ ਉਹਦੇ ਘਰ ਚਲੇ ਗਏ।

ਗੱਲਾਂ ਗੱਲਾਂ ਵਿਚ ਸਤਿਆਰਥੀ ਨੇ ਓਥੇ ਜਾ ਕੇ ਦਸਿਆ ਕਿ ਉਹ ਝੁੰਮਰ ਨਾਚ ਨੱਚਦੇ ਕਿਸਾਨਾਂ ਦੀਆਂ ਫੋਟੋਆਂ ਲੈਣੀਆਂ ਚਾਹੁੰਦਾ ਹੈ।

ਮੈਜਿਸਟਰੇਟ ਸਾਹਿਬ ਕਹਿਣ ਲੱਗੇ - 'ਅੱਜਕੱਲ੍ਹ ਤਾਂ ਕਿਸਾਨ ਵਾਢੀਆਂ 'ਚ ਰੁਝੇ ਹੋਏ ਨੇ ਨਾਚ ਤਾਂ ਛਡੋ ਉਨ੍ਹਾਂ ਕੋਲ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ'

'ਫਿਰ' ਸਤਿਆਰਥੀ ਨੇ ਕਿਹਾ - 'ਮੈਂ ਤਾਂ ਬੜੀ ਉਮੀਦ ਲੈ ਕੇ ਆਇਆ ਸਾਂ।'

ਮੈਜਿਸਟਰੇਟ ਸਾਹਿਬ ਚੁਪ ਕਰ ਗਏ। ਜਦੋਂ ਅਸੀਂ ਓਥੋਂ ਚਲਣ ਲੱਗੇ ਤਾਂ ਉਨ੍ਹਾਂ ਨੇ ਸਤਿਆਰਥੀ ਨੂੰ ਰੋਕ ਕੇ ਕਿਹਾ - 'ਤੁਸੀਂ ਜ਼ਰੂਰ ਫੋਟੋਆਂ ਲੈਣੀਆਂ ਚਾਹੁੰਦੇ ਹੋ?'

'ਹਾਂ'

'ਚੰਗਾ ਕੱਲ੍ਹ ਦੋ ਵਜੇ ਦੇ ਲਗਪਗ ਥਾਣੇ ਆ ਜਾਣਾ। ਮੈਂ ਬੰਦੋਬਸਤ ਕਰਵਾ ਦਿਆਂਗਾ।'

'ਥਾਣੇ ਵਿਚ?' ਸਤਿਆਰਥੀ ਨੇ ਹੈਰਾਨੀ ਵਿਚ ਮੈਨੂੰ ਘੂਰਦੇ ਹੋਏ ਕਿਹਾ।

'ਹਾਂ ਅਸੀਂ ਥਾਣੇ ਵਿਚੋਂ ਕੁਝ ਸਿਪਾਹੀ ਭੇਜ ਕੇ ਦਸ=ਵੀਹ ਕਿਸਾਨਾਂ ਨੂੰ ਬੁਲਵਾ ਲਵਾਂਗੇ ਜਿਹੜੇ ਨੱਚਣਾ ਜਾਣਦੇ ਹੋਣ। ਫਿਰ ਤੁਸੀਂ ਜਿੰਨੀਆਂ ਚਾਹੋ ਫੋਟੋਆਂ ਲੈ ਲੈਣਾ।'

'ਜੀ ਨਹੀਂ, ਤੁਸੀਂ ਤਕਲੀਫ ਨਾ ਕਰੋ। ਮੈਂ ਫਿਰ ਕਦੇ ਆ ਜਾਵਾਂਗਾ। ਥਾਣੇਦਾਰ ਦੇ ਸਾਹਮਣੇ ਕਿਸਾਨ ਕੀ ਨੱਚਣਗੇ?'

ਅਗਲੇ ਦਿਨ ਅਸੀਂ ਓਥੋਂ ਵਾਪਸ ਆ ਗਏ। ਸਾਰੇ ਰਸਤੇ ਮੈਜਿਸਟਰੇਟ ਦੀ ਤਜਵੀਜ਼ 'ਤੇ ਸਤਿਆਰਥੀ ਹੱਸਦਾ ਰਿਹਾ।

ਯੂਨੀਵਰਸਿਟੀ ਇਮਤਿਹਾਨਾਂ ਤੋਂ ਬਾਅਦ ਮੈਂ ਲੁਧਿਆਣੇ ਆ ਗਿਆ ਤੇ ਚਾਰ-ਪੰਜ ਮਹੀਨੇ ਘਰ ਹੀ ਰਿਹਾ। ਉਸ ਤੋਂ ਬਾਅਦ ਅਚਾਨਕ ਪ੍ਰੀਤ ਨਗਰ ਦੀ ਸਲਾਨਾ ਕਾਨਫਰੰਸ ਵਿਚ ਮੇਰੀ ਉਹਦੇ ਨਾਲ ਮੁਲਾਕਾਤ ਹੋ ਗਈ।

ਕਾਨਫਰੰਸ ਵਿਚ ਕੋਈ ਅੱਠ ਦਸ ਹਜ਼ਾਰ ਔਰਤਾਂ-ਮਰਦਾਂ ਦਾ ਇਕੱਠ ਸੀ। ਪੰਜਾਬ ਦੇ ਹਰ ਕੋਨੇ ਵਿਚੋਂ ਲੋਕ ਇਸ ਅਜੀਬੋ-ਗਰੀਬ ਬਸਤੀ ਨੂੰ ਦੇਖਣ ਆਏ ਸਨ ਜਿਸਦੇ ਅਹਾਤੇ ਵਿਚ ਮਸਜਿਦ, ਮੰਦਿਰ, ਗੁਰੂਦਵਾਰਾ ਜਾਂ ਗਿਰਜਾ ਬਣਾਉਣ ਦੀ ਆਗਿਆ ਨਹੀਂ ਸੀ। ਓਥੋਂ ਦੇ ਵਾਸੀ ਸਾਂਝੀ ਕਿਚਨ ਵਿਚ ਖਾਣਾ ਖਾਂਦੇ ਸਨ ਤੇ ਜਿਥੇ ਔਰਤਾਂ ਅਜ਼ਾਦੀ ਤੇ ਬੇਬਾਕੀ ਨਾਲ ਘੁੰਮਦੀਆਂ ਫਿਰਦੀਆਂ ਸਨ।

ਜਦੋਂ ਸਤਿਆਰਥੀ ਪੰਡਾਲ ਵਿਚ ਦਾਖਲ ਹੋਇਆ ਤਾਂ ਭੀੜ ਵਿਚੋਂ ਬਹੁਤ ਸਾਰੇ ਪੁਰਸ਼ਾਂ ਨੇ ਉਠ ਕੇ ਉਹਦੇ ਹੱਥ ਚੁੰਮੇ ਅਤੇ ਬਹੁਤ ਸਾਰੀਆਂ ਔਰਤਾਂ ਨੇ ਉਹਦੇ ਚਰਨ ਛੋਹੇ। ਸਤਿਆਰਥੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿਤਾ ਤੇ ਬੜੀਆਂ ਉਤਸੁਕ ਤੇ ਸ਼ਰਧਾਲੂ ਨਜ਼ਰਾਂ ਦੀ ਇਕ ਵੱਡੀ ਭੀੜ 'ਚੋਂ ਲੰਘਦਾ ਹੋਇਆ ਉਹ ਸਟੇਜ ਦੇ ਕੋਲ ਜਾ ਕੇ ਬਹਿ ਗਿਆ।

ਪ੍ਰੋਗਰਾਮ ਵਿਚ ਪਹਿਲੀ ਚੀਜ਼ ਇਕ ਡਰਾਮਾ ਸੀ ਜਿਸਨੂੰ ਪ੍ਰੀਤ ਨਗਰ ਦੇ ਪਾੜ੍ਹੇ ਪੇਸ਼ ਕਰ ਰਹੇ ਸਨ। ਡਰਾਮੇ ਤੋਂ ਬਾਅਦ ਪਹਿਲਾਂ ਪੰਜਾਬੀ ਕਵੀ ਦਰਬਾਰ ਤੇ ਫਿਰ ਉਰਦੂ ਮੁਸ਼ਾਇਰਾ ਸੀ। ਸਤਿਆਰਥੀ ਨੇ ਵੀ ਕਵੀ ਦਰਬਾਰ ਵਿਚ ਇਕ ਪੰਜਾਬੀ ਕਵਿਤਾ ਪੜ੍ਹੀ -

ਓ ਹਿੰਦੋਸਤਾਨ!<br>
ਤੇਰੇ ਹੱਲ ਨੇ ਲਹੂ ਲੁਹਾਨ<br>
ਓ ਹਿੰਦੋਸਤਾਨ!<br>
ਤੇਰੇ ਲੀੜੇ ਲੀਰਾਂ ਲੀਰਾਂ<br>
ਤੇਰੇ ਪੈਰੀਂ ਟੁੱਟੇ ਛਿਤਰ<br>
ਤੇਰਾ ਢਿਡ ਕਬਰ ਸਦੀਆਂ ਦੀ<br>
ਓ ਹਿੰਦੋਸਤਾਨ!<br>
ਬਹੁਤ ਅਨਾਜ ਉਪਜਾਓ<br>
ਇਹ ਇਸ਼ਤਿਹਾਰ ਸਰਕਾਰੀ<br>
ਪਰ ਕਣਕਾਂ ਦੇ ਪਿਓ ਅਨਪੜ੍ਹ<br>
ਕਿਉਂ ਨੱਚਦਾ ਏ ਓਦੇਸ਼ੰਕਰ<br>
ਓ ਹਿੰਦੋਸਤਾਨ!<br>
ਮੈਂ ਕਾਲੀ ਦਾਸ ਨੂੰ ਆਖਾਂ<br>
ਅਜੇ ਮੇਘਦੂਤ ਨੂੰ ਠੱਪ ਲੈ<br>
ਦਸ ਭੁੱਖ ਨੇੜੇ ਕਿ ਬਿਰਹੋਂ<br>
ਓ ਹਿੰਦੋਸਤਾਨ!<br>
ਮਹਾਂ ਨਦੀ ਪਈ ਦਸੇ<br>
ਓ ਹਿੰਦੋਸਤਾਨ!<br>
ਬੰਦੇ ਪੂਰੇ ਛੀ ਵੀਹਾਂ<br>
ਅੱਜ ਮਿੱਟੀ ਫਕ ਫਕ ਮੋਏ<br>
ਓ ਹਿੰਦੋਸਤਾਨ!<br>
ਨਾਚ ਅਜੰਤਾ ਯੁੱਗ ਦੇ<br>
ਕਿਉਂ ਨੱਚਦਾ ਏ ਓਦੇਸ਼ੰਕਰ<br>
ਅੱਜ ਭੁੱਖਾ ਹੈ ਬੰਗਾਲ<br>
ਓ ਹਿੰਦੋਸਤਾਨ!<br>
ਮੇਰੀ ਅੱਖ ਅਸਾਮ 'ਚ ਪਹੁੰਚੀ<br>
ਮੈਂ ਵੇਖਾਂ ਲੱਖਾਂ ਪਿੰਜਰ<br>
ਅੱਜ ਬਿਹੂ ਨਾਚ ਵੀ ਮੋਇਆ<br>
ਓ ਹਿੰਦੋਸਤਾਨ!<br>
ਸਦੀਆਂ ਦੀ ਬੁੱਢੀ ਠੇਰੀ<br>
ਬੇ ਸ਼ਰਮ ਵੰਝਲੀ ਵਜ ਵਜ<br>
ਤੇਰੇ ਬੂਲ੍ਹਾਂ 'ਤੇ ਮੋਈ<br>
ਓ ਹਿੰਦੋਸਤਾਨ!<br>
ਤੇਰਾ ਢਿਡ ਕਬਰ ਸਦੀਆਂ ਦੀ<br>
ਓ ਹਿੰਦੋਸਤਾਨ!

ਸਟੇਜ 'ਤੇ ਖੜਾ ਉਹ ਮਾਨਵਤਾ ਦਾ ਪੁਜਾਰੀ ਲਗ ਰਿਹਾ ਸੀ। ਉਹਦੀ ਸ਼ਖਸੀਅਤ ਦਾਰਸ਼ਨਿਕ, ਸੰਨਿਆਸੀ ਅਤੇ ਸ਼ਾਇਰ ਦੀ ਸ਼ਖਸੀਅਤ ਦਾ ਮਿਲਗੋਭਾ ਲਗ ਰਹੀ ਸੀ। ਉਹ ਹਿੰਦੋਸਤਾਨ ਦੇ ਵੱਖ ਵੱਖ ਖਿਤਿਆਂ ਦਾ ਜ਼ਿਕਰ ਏਨੀ ਕਮਾਲ ਨਾਲ ਕਰ ਰਿਹਾ ਸੀ ਕਿ ਸੁਣਨ ਵਾਲਿਆਂ ਨੂੰ ਲਗ ਰਿਹਾ ਸੀ ਜਿਵੇਂ ਉਹ ਉਨ੍ਹਾਂ ਖਿਤਿਆਂ ਵਿਚ ਸਾਹ ਲੈ ਰਹੇ ਹੋਣ। ਇਕ ਤੋਂ ਬਾਅਦ ਦੂਸਰੇ ਖਿੱਤੇ ਦੀ ਅਬਾਦੀ ਆਪਣੀ ਵਿਸ਼ੇਸ਼ ਤਹਿਜ਼ੀਬ ਦੇ ਰੂਪ ਵਿਚ, ਵਿਸ਼ੇਸ਼ ਲਿਬਾਸ ਪਾਈ, ਆਪਣੀ ਵਿਸ਼ੇਸ਼ ਜ਼ਬਾਨ ਬੋਲਦੀ ਹੌਲੀ ਹੌਲੀ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਪ੍ਰਗਟ ਹੋ ਕੇ ਫਿਰ ਦਿਸਹੱਦੇ ਵਿਚ ਗੁੰਮ ਹੋ ਜਾਂਦੀ ਸੀ। ਇਹ ਕੁਸ਼ਲਤਾ ਅਸਲ ਵਿਚ ਸਤਿਆਰਥੀ ਵਲੋਂ ਕੀਤਾ ਗਿਆ ਸੌਲਾਂ ਸਾਲਾਂ ਦਾ ਰਿਆਜ਼ ਤੇ ਗਾਹੇ ਗਏ ਹਿੰਦੋਸਤਾਨ ਦਾ ਫਲ ਸੀ। ਮੈਂ ਮਹਿਸੂਸ ਕੀਤਾ ਕਿ ਹਿੰਦੋਸਤਾਨ ਦਾ ਕੋਈ ਲੇਖਕ ਉਹ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਹਿੰਦੋਸਤਾਨ ਦੀ ਰੂਹ ਦਾ ਅਕਸ ਪੇਸ਼ ਕਰਨ ਵਿਚ ਸਤਿਆਰਥੀ ਦਾ ਮੁਕਾਬਲਾ ਨਹੀਂ ਕਰ ਸਕਦਾ।

ਪੰਜਾਬੀ ਕਵੀ ਦਰਬਾਰ ਦੀ ਸਮਾਪਤੀ ਤੋਂ ਬਾਅਦ ਪੰਦਰਾਂ ਮਿੰਟਾਂ ਦਾ ਵਕਫਾ ਦਿਤਾ ਗਿਆ ਤਾਂ ਉਰਦੂ ਪ੍ਰੀਤ ਲੜੀ ਦੇ ਸਹਿ ਸੰਪਾਦਕ ਸ਼ਮਸ਼ੇਰ ਸਿੰਘ ਖੰਜਰ ਨੇ ਮੈਨੂੰ ਦਸਿਆ ਕਿ ਉਰਦੂ ਮੁਸ਼ਾਇਰੇ ਦੀ ਪ੍ਰਧਾਨਗੀ ਕਰਨ ਵਾਲਾ ਸ਼ਾਇਰ ਅਜੇ ਤੱਕ ਨਹੀਂ ਪਹੁੰਚਿਆ। ਮੈਂ ਦਸਿਆ ਕਿ ਸ਼ਾਮ ਨੂੰ ਮੈਂ ਅਖਤਰ ਹੁਸੈਨ ਰਾਇਪੁਰੀ ਨੂੰ ਦੇਖਿਆ ਸੀ। ਉਹਨੂੰ ਕਹੋ ਮੁਸ਼ਾਇਰੇ ਦੀ ਪ੍ਰਧਾਨਗੀ ਕਰ ਦੇਣ। ਸ਼ਮਸ਼ੇਰ ਸਿੰਘ ਖੰਜਰ ਇਕ ਲੱਤ ਅਤੇ ਇਕ ਸੋਟੀ ਦੇ ਸਹਾਰੇ ਅਖਤਰ ਹੁਸੈਨ ਰਾਇਪੁਰੀ ਨੂੰ ਲੱਭਣ ਚਲਾ ਗਿਆ। ਸਤਿਆਰਥੀ ਮੇਰੇ ਕੋਲ ਆ ਕੇ ਕਹਿਣ ਲੱਗਾ, 'ਤੂੰ ਸ਼ਮਸ਼ੇਰ ਸਿੰਘ ਖੰਜਰ ਨੂੰ ਕਦੋਂ ਦਾ ਜਾਣਨਾ ਏਂ?'

'ਪਿਛਲੇ ਇਕ ਵਰ੍ਹੇ ਤੋਂ'

'ਮੈਂ ਛਿਆਂ ਵਰ੍ਹਿਆਂ ਤੋਂ ਜਾਣਦਾ ਹਾਂ ਤੇ ਉਹਨੂੰ ਇਕ ਸੁਆਲ ਪੁਛਣਾ ਚਾਹੁੰਦਾ ਹਾਂ ਪਰ ਮੇਰਾ ਹੌਂਸਲਾ ਨਹੀਂ ਪੈਂਦਾ।'

'ਸੁਆਲ ਕੀ ਐ' ਮੈਂ ਪੁਛਿਆ

'ਮੈਂ ਉਹਨੂੰ ਪੁਛਣਾ ਚਾਹੁੰਦਾ ਹਾਂ ਕਿ ਉਹਨੇ ਆਪਣਾ ਤਖੱਲਸ ਖੰਜਰ ਲੱਤ ਟੁੱਟਣ ਤੋਂ ਪਹਿਲਾਂ ਰਖਿਆ ਸੀ ਜਾਂ ਬਾਅਦ 'ਚ'

ਤੇ ਉਹ ਓਵਰ ਕੋਟ ਦੀਆਂ ਜੇਬਾਂ ਵਿਚ ਹੱਥ ਪਾ ਕੇ ਹੱਸਣ ਲੱਗਾ। ਸਾਹਮਣੇ ਪੰਜਾਬੀ ਦੀ ਇਕ ਕਵਿਤਰੀ ਆ ਰਹੀ ਸੀ। ਸਤਿਆਰਥੀ ਦਾ ਹਾਸਾ ਇਕ ਦਮ ਗੰਭੀਰਤਾ ਵਿਚ ਬਦਲ ਗਿਆ। ਉਹਨੇ ਦਵਾ-ਦਵ ਓਵਰ ਕੋਟ ਦੀਆਂ ਜੇਬਾਂ 'ਚੋਂ ਹੱਥ ਕੱਢ ਲਏ।

'ਕਿਧਰ ਜਾ ਰਹੇ ਹੋ? ਉਰਦੂ ਦਾ ਮੁਸ਼ਾਇਰਾ ਨਹੀਂ ਸੁਣਨਾ' 'ਜ਼ਰੂਰ ਸੁਣਾਂਗੀ' 'ਬੈਠੀ ਬੈਠੀ ਥੱਕ ਗਈ ਸਾਂ ਇਸ ਲਈ ਏਧਰ ਆ ਗਈ।'

'ਹਾਂ...ਹਾਂ...ਜ਼ਰੂਰ ਸੁਣਨਾ ਅੱਜ ਮੈਂ ਵੀ ਆਪਣੀ ਇਕ ਉਰਦੂ ਦੀ ਨਜ਼ਮ ਸੁਣਾਵਾਂਗਾ। ਸਾਹਿਰ ਤੂੰ ਇਨ੍ਹਾਂ ਦੀ ਕਵਿਤਾ ਸੁਣੀ ਸੀ।'

'ਜੀ ਹਾਂ ਬੜੀ ਖੂਬਸੂਰਤ ਨਜ਼ਮ ਸੀ।'

'ਉਸ ਵਿਚ ਬੜੀ ਰਵਾਨੀ, ਸ਼ਿਦਤ ਅਤੇ ਗਹਿਰਾਈ ਸੀ। ਵਾਹ ਵਾਹ ਮੈਂ ਤਾਂ ਸੋਚਦਾ ਹਾਂ ਕਿ ਮੈਨੂੰ ਕਵਿਤਾ ਲਿਖਣੀ ਹੀ ਛੱਡ ਦੇਣੀ ਚਾਂਹੀਦੀ ਏ।' ਸਤਿਆਰਥੀ ਨੇ ਕਿਹਾ।

'ਇਹ ਤੁਸੀਂ ਕੀ ਕਹਿ ਰਹੇ ਹੋ?' ਕਵਿਤਰੀ ਕਹਿਣ ਲੱਗੀ 'ਤੁਸੀਂ ਤਾਂ ਏਨਾ ਵਧੀਆ ਲਿਖਦੇ ਹੋ।'

'ਜੀ ਹਾਂ...ਜੀ ਹਾਂ...'ਪਰ ਉਹ ਗੱਲ ਨਹੀਂ ਬਣਦੀ।'

ਏਨੇ ਵਿਚ ਸ਼ਮਸ਼ੇਰ ਸਿੰਘ ਖੰਜਰ ਵਾਪਸ ਆ ਗਿਆ। ਉਹਨੇ ਦਸਿਆ ਕਿ ਅਖਤਰ ਹੁਸੈਨ ਰਾਏਪੁਰੀ ਵਾਪਸ ਚਲੇ ਗਏ ਨੇ ਤੇ ਸ਼ਾਇਰਾਂ ਦੀਆਂ ਤਿੰਨ ਟੋਲੀਆਂ ਤਿੰਨ ਵੱਖ ਵੱਖ ਸ਼ਾਇਰਾਂ ਨੂੰ ਪ੍ਰਧਾਨਗੀ ਕਰਨ ਲਈ ਕਹਿ ਰਹੀਆਂ ਹਨ।

'ਫਿਰ ਤੁਸੀਂ ਕੀ ਫੈਸਲਾ ਕੀਤੈ' ਮੈਂ ਪੁਛਿਆ।

'ਮੈਂ ਕੋਈ ਫੈਸਲਾ ਨਹੀਂ ਕਰ ਸਕਿਆ' ਉਹ ਕਹਿਣ ਲੱਗਾ।

ਕਵਿਤਰੀ ਮੁਸਕੁਰਾਈ ਤੇ ਪੁਛਣ ਲੱਗੀ, 'ਕੀ ਤੁਹਾਡੇ ਵਿਚ ਪ੍ਰਧਾਨਗੀ ਲਈ ਦੰਗਾ-ਫਸਾਦ ਹੋ ਜਾਂਦੈ?'

'ਕੁਝ ਅਜਿਹਾ ਹੀ ਏ' ਮੈਂ ਕਿਹਾ

'ਕਿਉਂ?' ਉਹਨੇ ਕਿਹਾ ਤਾਂ ਮੈਨੂੰ ਉਹਦੀ ਸਾਦਗੀ 'ਤੇ ਪਿਆਰ ਆ ਗਿਆ।

'ਅਜੇ ਇਨ੍ਹਾਂ ਸਾਹਮਣੇ ਵੱਡੇ ਤੇ ਅਹਿਮ ਮਕਸਦ ਪੈਦਾ ਨਹੀਂ ਹੋਏ, ਜਦੋਂ ਹੋ ਗਏ ਤਾਂ ਇਨ੍ਹਾਂ ਛੋਟੀਆਂ-ਮੋਟੀਆਂ ਗੱਲਾਂ 'ਤੇ ਲੜਨਾ-ਝਗੜਨਾ ਛੱਡ ਦੇਣਗੇ।' ਕਵਿਤਰੀ ਚੁੱਪ ਕਰ ਗਈ। 'ਕੀ ਤੁਸੀਂ ਇਸ ਵਿਚ ਸਾਡੀ ਕੋਈ ਮਦਦ ਨਹੀਂ ਕਰ ਸਕਦੇ' ਮੈਂ ਪੁਛਿਆ

'ਮੈਂ, ਮੈਂ ਕੀ ਮਦਦ ਕਰ ਸਕਦੀ ਹਾਂ?' ਉਹਨੇ ਕਿਹਾ

'ਤੁਸੀਂ ਸਾਡੇ ਮੁਸ਼ਾਇਰੇ ਦੀ ਪ੍ਰਧਾਨਗੀ ਕਰ ਦਿਓ।' 'ਪਰ ਮੈਂ ਤਾਂ ਪੰਜਾਬੀ ਵਿਚ ਲਿਖਦੀ ਹਾਂ।'

'ਇਹੀ ਤਾਂ ਇਕ ਚੰਗੀ ਗੱਲ ਐ, ਨਹੀਂ ਤਾਂ ਸਪਸ਼ਟ ਐ ਕਿ ਇਕ ਮੁਸ਼ਾਇਰੇ 'ਚ ਤਿੰਨ ਜਣੇ ਪ੍ਰਧਾਨਗੀ ਨਹੀਂ ਕਰ ਸਕਦੇ। ਇਸ ਨਾਲ ਦੋ ਜਣੇ ਤਾਂ ਪੱਕਾ ਨਰਾਜ਼ ਹੋ ਜਾਣਗੇ।

'ਪਰ ਇਹ ਵੀ ਤਾਂ ਹੋ ਸਕਦੈ, ਮੇਰੇ ਪ੍ਰਧਾਨਗੀ ਕਰਨ 'ਤੇ ਤਿੰਨੇ ਹੀ ਨਰਾਜ਼ ਹੋ ਜਾਣ।

'ਨਹੀਂ ਤੁਸੀਂ ਔਰਤ ਹੋ ਇਸ ਲਈ ਅਜਿਹਾ ਨਹੀਂ ਹੋਵੇਗਾ।' ਸ਼ਮਸ਼ੇਰ ਸਿੰਘ ਖੰਜਰ ਕਹਿਣ ਲੱਗਾ। ਕਵਿਤਰੀ ਸ਼ਰਮਾ ਗਈ। ਕੁਝ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕੀ।

ਮੈਂ ਖੰਜਰ ਨੂੰ ਕਿਹਾ, ਤੁਸੀਂ ਜਾਓ ਤੇ ਪ੍ਰਧਾਨਗੀ ਲਈ ਇਨ੍ਹਾਂ ਦਾ ਨਾਂ ਸਟੇਜ ਸਕੱਤਰ ਨੂੰ ਦੇ ਆਓ।

ਖੰਜਰ ਚਲਾ ਗਿਆ।

ਇਕ ਮਿੰਟ ਬਾਅਦ ਕਵਿਤਰੀ ਵੀ ਚਲੀ ਗਈ।

'ਓਏ ਹਰਾਮਜ਼ਾਦੇ' ਸਤਿਆਰਥੀ ਚੀਕਿਆ ਤੇ ਉਹ ਵੀ ਚਲਾ ਗਿਆ।

ਮੈਨੂੰ ਉਹਦਾ ਇਕ ਮਜਮੂਨ ਯਾਦ ਆ ਗਿਆ ਜਿਸ ਵਿਚ ਉਹਨੇ ਲਿਖਿਆ ਸੀ, 'ਵੈਰੀਨਾਗ ਦੇ ਨੀਲਗੂੰ ਪਾਣੀ ਵਿਚ ਥਕਾਵਟ ਨਾਲ ਚੂਰ ਪੈਰ ਪਾਈ ਮੈਂ ਸੋਚ ਰਿਹਾ ਸਾਂ ਕਿ ਆਪਣੀ ਉਮਰ ਦਾ ਵਧੀਆ ਹਿੱਸਾ ਬੇਕਾਰ ਹੀ ਮੈਂ ਖਾਨਾਬਦੋਸ਼ੀ ਵਿਚ ਜ਼ਾਇਆ ਕਰ ਦਿਤਾ। ਖਾਹ-ਮਖਾਹ ਲੋਕ ਗੀਤਾਂ ਦੀ ਤਲਾਸ਼ 'ਚ ਭਟਕਦਾ ਰਿਹਾ। ਐਵੇਂ ਹੀ ਘਾਟ-ਘਾਟ ਦਾ ਪਾਣੀ ਪੀਣ ਨੂੰ ਜ਼ਿੰਦਗੀ ਦਾ ਆਦਰਸ਼ ਮੰਨ ਕੇ ਜ਼ਿੰਦਗੀ ਬਰਬਾਦ ਕਰਦਾ ਰਿਹਾ।'

ਸਟੇਜ 'ਤੇ ਖੜਾ ਉਹ ਬਾਕਮਾਲ ਹਸਤੀ ਨਜ਼ਰ ਆ ਰਿਹਾ ਸੀ ਪਰ ਸਟੇਜ ਤੋਂ ਉਤਰਦਿਆਂ ਉਹ ਆਮ ਆਦਮੀ ਬਣ ਗਿਆ ਸੀ। ਉਹਦੇ ਦਿਲ 'ਚ ਅਸਫਲਤਾਵਾਂ ਦਾ ਦਰਦ ਜਾਗ ਪਿਆ ਸੀ। ਉਮਰ ਦੇ ਬੇਤ੍ਰੀਨ ਹਿੱਸੇ ਦੇ ਜ਼ਾਇਆ ਹੋਣ ਦਾ ਦਰਦ।

ਮੁਸ਼ਾਇਰੇ ਤੋਂ ਅਗਲੇ ਦਿਨ ਪ੍ਰੀਤ ਨਗਰ ਵਾਲਿਆਂ ਨੇ ਉਰਦੂ ਅਤੇ ਪੰਜਾਬੀ ਦੇ ਲੇਖਕਾਂ ਨੂੰ ਇਕ ਸ਼ਾਨਦਾਰ ਪਾਰਟੀ ਦਿਤੀ। ਕਵਿਤਰੀ ਤੇ ਸਤਿਆਰਥੀ ਨਾਲੋ ਨਾਲ ਬੈਠੇ ਸਨ। ਚਾਹ ਦੀਆਂ ਚੁਸਕੀਆਂ ਦੇ ਨਾਲ ਨਾਲ ਸ਼ਾਇਰੀ ਦਾ ਦੌਰ ਵੀ ਚਲ ਰਿਹਾ ਸੀ। ਸਾਰੇ ਸ਼ਾਇਰਾਂ ਨੇ ਇਕ ਇਕ ਨਜ਼ਮ ਸੁਣਾਈ ਪਰ ਜਦੋਂ ਸਤਿਆਰਥੀ ਦੀ ਵਾਰੀ ਆਈ ਤਾਂ ਉਹ ਚੁੱਪ-ਚਾਪ ਬੈਠਾ ਰਿਹਾ। ਕਵਿਤਰੀ ਨੇ ਕਿਹਾ, 'ਤੁਸੀਂ ਵੀ ਕੁਝ ਸੁਣਾਓ ਨਾ।'

'ਛੱਡੋ ਜੀ, 'ਮੇਰੀ ਨਜ਼ਮ ਵਿਚ ਕੀ ਰਖਿਐ। ਤੁਸੀਂ ਸੁਣਾਓ।' ਸਤਿਆਰਥੀ ਨੇ ਚਾਹ ਦਾ ਘੁੱਟ ਭਰਦਿਆਂ ਕਿਹਾ।

'ਹਾਦਸਾ' ਇਕ ਕੋਨੇ 'ਚੋਂ ਅਵਾਜ਼ ਆਈ।

ਸਤਿਆਰਥੀ ਕੋਲੋਂ ਹਾਸਾ ਰੋਕਿਆ ਨਾ ਗਿਆ। ਉਹਦਾ ਮੂੰਹ ਖੁਲ੍ਹਾ ਤੇ ਸਾਰੀ ਚਾਹ ਫੁਰਕੜਾ ਵੱਜ ਕੇ ਉਹਦੀ ਦਾੜ੍ਹੀ ਤੇ ਕੋਟ 'ਤੇ ਡੁੱਲ੍ਹ ਗਈ। ਮੈਲੇ ਖਾਕੀ ਰੁਮਾਲ ਨਾਲ ਚੇਹਰੇ 'ਤੇ ਪਰਦਾ ਕਰਕੇ ਉਹ ਆਪਣੀ ਕੁਰਸੀ ਤੋਂ ਉਠਿਆ ਤੇ ਨਲਕੇ 'ਤੇ ਜਾ ਕੇ ਮੂੰਹ ਧੋਣ ਲੱਗਾ। ਜਦੋਂ ਉਹ ਮੂੰਹ ਧੋ ਕੇ ਵਾਪਸ ਆਇਆ ਤਾਂ ਉਹਦਾ ਚੇਹਰਾ ਉਦਾਸ ਸੀ। ਕਵਿਤਰੀ ਦੇ ਨਾਲ ਪਈ ਖਾਲੀ ਕੁਰਸੀ ਛੱਡ ਕੇ ਉਹ ਇਕ ਕੋਨੇ ਵਿਚ ਦੁਬਕ ਕੇ ਬਹਿ ਗਿਆ। ਸਾਰਾ ਸਮਾਂ ਕੋਈ ਗੱਲ ਨਾ ਕੀਤੀ।

ਪਾਰਟੀ ਤੋਂ ਬਾਅਦ ਮੈਂ ਚੁੱਪ ਦਾ ਕਾਰਨ ਪੁਛਿਆ ਤਾਂ ਬੜੇ ਦੁਖੀ ਮਨ ਨਾਲ ਕਹਿਣ ਲੱਗਾ, 'ਮੈਂ ਇਨ੍ਹਾਂ ਭੱਦਰ ਲੋਕਾਂ ਦੀ ਸੋਸਾਇਟੀ ਵਿਚ ਬਹੁਤ ਘੱਟ ਬੈਠਾ ਹਾਂ। ਆਪਣੀ ਸਾਰੀ ਉਮਰ ਮੈਂ ਕਿਸਾਨਾਂ ਅਤੇ ਖਾਨਾਬਦੋਸ਼ਾਂ ਵਿਚ ਗੁਜ਼ਾਰੀ ਹੈ ਤੇ ਹੁਣ ਜਦੋਂ ਮੈਨੂੰ ਮਾਡਰਨ ਕਿਸਮ ਦੀਆਂ ਮਹਿਫਿਲਾਂ ਵਿਚ ਬੈਠਣਾ ਪੈਂਦਾ ਹੈ ਤਾਂ ਮੈਂ ਘਬਰਾ ਜਾਂਦਾ ਹਾਂ। ਮੈਂ ਜ਼ਿਆਦਾ ਤੋਂ ਜ਼ਿਆਦਾ ਸੰਜਮ ਵਰਤਣ ਦੀ ਕੋਸ਼ਿਸ਼ ਕਰਦਾ ਹਾਂ। ਫਿਰ ਵੀ ਮੇਰੇ ਕੋਲੋਂ ਕੋਈ ਨਾ ਕੋਈ ਅਜਿਹੀ ਗਲਤੀ ਹੋ ਹੀ ਜਾਂਦੀ ਹੈ ਜੋ ਆਮ ਲੋਕਾਂ ਦੇ ਪੱਖ ਤੋਂ ਚੰਗੀ ਨਹੀਂ ਸਮਝੀ ਜਾਂਦੀ।'

ਸਤਿਆਰਥੀ ਦੀ ਗੱਲ ਸੁਣ ਕੇ ਮੇਰਾ ਮਨ ਬੜਾ ਦੁਖੀ ਹੋਇਆ। ਉਹਨੇ ਸਚਮੁੱਚ ਬੜੀ ਵੱਡੀ ਕੁਰਬਾਨੀ ਦਿਤੀ ਸੀ। ਲੋਕਗੀਤਾਂ ਦੀ ਤਲਾਸ਼ ਵਿਚ ਉਹਨੇ ਹਿੰਦੋਸਤਾਨ ਦਾ ਕੋਨਾ-ਕੋਨਾ ਛਾਣ ਮਾਰਿਆ ਸੀ। ਅਣਗਿਣਤ ਲੋਕਾਂ ਸਾਹਮਣੇ ਝੋਲੀ ਫੈਲਾਈ ਸੀ। ਕਈ ਬੋਲੀਆਂ ਸਿਖੀਆਂ ਸਨ। ਕਿਸਾਨਾਂ ਨਾਲ ਕਿਸਾਨ ਤੇ ਖਾਨਾਬਦੋਸ਼ਾਂ ਨਾਲ ਖਾਨਾਬਦੋਸ਼ ਬਣ ਕੇ ਆਪਣੀਆਂ ਇਛਾਵਾਂ ਭਰੀਆਂ ਰਾਤਾਂ ਦਾ ਗਲਾ ਘੁੱਟਿਆ ਸੀ। ਪਰ ਇਸ ਮਿਹਨਤ-ਮੁਸ਼ੱਕਤ, ਕੁਰਬਾਨੀ ਦੇ ਸਿਲੇ 'ਚ ਉਹਨੂੰ ਮਿਲਿਆ ਕੀ? ਇਕ ਅਰਧ ਫਾਕਿਆਂ ਵਾਲੀ ਜ਼ਿੰਦਗੀ ਤੇ ਇਕ ਟੁੱਟਾ ਹੋਇਆ ਦੁਖੀ ਦਿਲ।

ਪ੍ਰੀਤ ਨਗਰ ਤੋਂ ਵਾਪਸ ਆ ਕੇ ਮੈਨੂੰ ਅਦਬ-ਏ-ਲਤੀਫ ਰਸਾਲੇ ਵਿਚ ਨੌਕਰੀ ਮਿਲ ਗਈ। ਸਤਿਆਰਥੀ ਆਪਣਾ ਕੀਮਤੀ ਸਮਾਂ ਮੇਰੇ ਕੋਲ ਬਿਤਾਉਣ ਲੱਗਾ। ਹਰ ਰੋਜ਼ ਸਵੇਰੇ ਸਵੇਰੇ ਉਹ ਮੈਨੂੰ ਬਿਸਤਰੇ ਤੋਂ ਉਠਾ ਦੇਂਦਾ ਤੇ ਰਾਤ ਦੇਰ ਤੱਕ ਮੇਰੇ ਨਾਲ ਘੁੰਮਦਾ ਫਿਰਦਾ ਰਹਿੰਦਾ। ਜਦੋਂ ਕਦੇ ਉਹਦੀ ਤਬੀਅਤ ਲਹਿਰ ਵਿਚ ਹੁੰਦੀ ਤਾਂ ਉਹ ਮੈਨੂੰ ਪੰਜਾਬ ਦੇ ਲੋਕਗੀਤ ਸੁਣਾਂਦਾ,

1. ਕਿਹੜੇ ਪਿੰਡ ਮੁਕਲਾਵੇ ਜਾਣਾ<br>
ਨੀ ਟਾਹ੍ਲੀ ਦੇ ਸੰਦੂਕ ਵਾਲੀਏ।<br>
2. ਅੱਗ ਬਾਲ ਕੇ ਧੂੰਏਂ ਦੇ ਪੱਜ ਰੋਵਾਂ<br>
ਭੈੜੇ ਦੁਖ ਯਾਰੀਆਂ ਦੇ

ਗੀਤ ਸੁਣਾਂਦੇ-ਸੁਣਾਂਦੇ ਉਹ ਚੁੱਪ ਕਰ ਜਾਂਦਾ ਤੇ ਕਹਿੰਦਾ, 'ਭਾਵੇਂ ਮੇਰੀ ਆਰਥਕ ਹਾਲਤ ਕਿੰਨੀ ਵੀ ਮਾੜੀ ਕਿਉਂ ਨਾ ਹੋਵੇ ਪਰ ਹੈ ਤਾਂ ਮੈਂ ਹੀਰਾ।'

ਉਹਨੇ ਸਾਰੇ ਕਾਲਜਾਂ ਅਤੇ ਹੋਸਟਲਾਂ ਵਿਚ ਆਪਣੇ ਅੱਡੇ ਬਣਾਏ ਹੋਏ ਸਨ। ਹਰ ਰੋਜ਼ ਉਹ ਕਿਸੇ ਨਾ ਕਿਸੇ ਹੋਸਟਲ ਚਲਾ ਜਾਂਦਾ ਤੇ ਓਥੇ ਬੈਠਾ ਗੱਪਾਂ ਮਾਰਦਾ ਰਹਿੰਦਾ। ਵਿਦਿਆਰਥੀ ਉਹਨੂੰ ਬੜੇ ਜੋਸ਼ ਅਤੇ ਸ਼ਿਦਤ ਨਾਲ ਮਿਲਦੇ। ਚਾਹ ਪਿਆਂਦੇ, ਰੋਟੀ ਖੁਆਂਦੇ ਤੇ ਜੇ ਸਤਿਆਰਥੀ ਮੰਨ ਜਾਂਦਾ ਤਾਂ ਆਪਣੇ ਨਾਲ ਫਿਲਮ ਦਿਖੋਣ ਲੈ ਜਾਂਦੇ।

ਇਕ ਦੁਪਹਿਰ ਜਦੋਂ ਮੈਂ ਦਫਤਰ ਪਹੁੰਚਿਆ ਤਾਂ ਇਕ ਸੋਹਣਾ-ਸੁਨੱਖਾ ਨੌਜਵਾਨ ਪਹਿਲਾਂ ਤੋਂ ਬੈਠਾ ਮੇਰੀ ਉਡੀਕ ਕਰ ਰਿਹਾ ਸੀ।

'ਮੈਂ ਦੇਵਿੰਦਰ ਸਤਿਆਰਥੀ ਹਾਂ' ਉਹਨੇ ਕਿਹਾ।

ਹੈਰਾਨੀ ਨਾਲ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ। ਦਾੜ੍ਹੀ ਮੁੱਛਾਂ ਸਾਫ ਤੇ ਸਿਰ 'ਤੇ ਕਾਲਜੀਅਨ ਕੱਟ ਦੇ ਥੋੜ੍ਹੇ ਜਿਹੇ ਵਾਲ। ਇਹ ਦੇਵਿੰਦਰ ਸਤਿਆਰਥੀ ਨੂੰ ਕੀ ਹੋ ਗਿਆ, ਮੈਂ ਸੋਚਣ ਲੱਗਾ।

'ਬਹਿ ਜਾ' ਉਹਨੇ ਮੈਨੂੰ ਹੈਰਾਨ ਖੜੇ ਹੋਏ ਨੂੰ ਦੇਖਿਆ ਤੇ ਕਿਹਾ, ਮੈਂ ਬਹਿ ਗਿਆ।

ਥੋੜ੍ਹੀ ਦੇਰ ਤੱਕ ਅਸੀਂ ਦੋਵੇਂ ਚੁਪ-ਚਾਪ ਬੈਠੇ ਰਹੇ। ਫਿਰ ਮੈਂ ਉਹਨੂੰ ਇਕ ਹੋਟਲ 'ਚ ਲੈ ਗਿਆ। ਜਦੋਂ ਮੁੰਡੂ ਚਾਹ ਲੈ ਆਇਆ ਤਾਂ ਮੈਂ ਪੁਛਿਆ, 'ਤੂੰ ਇਹ ਹੁਲੀਆ ਕਿਉਂ ਬਦਲ ਲਿਐ?' 'ਉਂਜ ਹੀ' 'ਇਹ ਤਾਂ ਕੋਈ ਜੁਆਬ ਨਾ ਹੋਇਆ, ਕੋਈ ਤਾਂ ਗੱਲ ਹੋਵੇਗੀ।'

'ਗੱਲ...ਗੱਲ ਦਰਅਸਲ ਇਹ ਹੈ ਕਿ ਮੈਂ ਇਸ ਸ਼ਕਲ ਤੋਂ ਤੰਗ ਆ ਗਿਆ ਸਾਂ। ਪਹਿਲਾਂ-ਪਹਿਲ ਜਦੋਂ ਮੈਂ ਗੀਤ ਇਕੱਠੇ ਕਰਨ ਨਿਕਲਿਆ ਤਾਂ ਮੇਰੀ ਸ਼ਕਲ ਇਹੋ ਜਿਹੀ ਨਹੀਂ ਸੀ। ਉਦੋਂ ਗੀਤ ਇਕੱਠੇ ਕਰਨ ਵਿਚ ਬੜੀ ਮੁਸ਼ਕਲ ਆਉਂਦੀ ਸੀ। ਲੋਕ ਮੇਰੇ 'ਤੇ ਭਰੋਸਾ ਨਹੀਂ ਸਨ ਕਰਦੇ। ਕੁੜੀਆਂ ਮੇਰੇ ਕੋਲ ਬਹਿਣ ਤੋਂ ਘਬਰਾਂਦੀਆਂ ਸਨ। ਫਿਰ ਮੈਂ ਦਾੜ੍ਹੀ ਰਖ ਲਈ ਤੇ ਸਿਰ ਦੇ ਵਾਲ ਵਧਾ ਲਏ। ਬਿਲਕੁਲ ਸੰਨਿਆਸੀਆਂ ਵਾਲੀ ਸ਼ਕਲ ਬਣਾ ਲਈ। ਇਸ ਸ਼ਕਲ ਨੇ ਮੇਰੇ ਰਾਹ ਬਹੁਤ ਅਸਾਨ ਕਰ ਦਿਤੇ। ਪੇਂਡੂ ਮੇਰੀ ਇਜ਼ਤ ਕਰਨ ਲੱਗੇ। ਕੁੜੀਆਂ ਮੈਨੂੰ ਦਰਵੇਸ਼ ਸਮਝ ਕੇ ਤਵੀਤ ਮੰਗਣ ਲੱਗੀਆਂ। ਹੁਣ ਉਨ੍ਹਾਂ ਨੂੰ ਮੇਰੇ ਨੇੜੇ ਆਉਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਸੀ ਹੁੰਦੀ। ਮੈਂ ਘੰਟਿਆਂ ਬੱਧੀ ਬੈਠਾ ਉਨ੍ਹਾਂ ਕੋਲੋਂ ਗੀਤ ਸੁਣਦਾ ਰਹਿੰਦਾ। ਹੁਣ ਮੈਨੂੰ ਭੀਖ ਵੀ ਅਸਾਨੀ ਨਾਲ ਮਿਲ ਜਾਂਦੀ ਤੇ ਬਿਨਾ ਟਿਕਟ ਰੇਲਵੇ ਸਫਰ ਕਰਨਾ ਵੀ ਸੁਖਾਲਾ ਹੋ ਗਿਆ। ਹੌਲੀ-ਹੌਲੀ ਦਾੜ੍ਹੀ ਤੇ ਜਟਾਵਾਂ ਮੇਰੀ ਸ਼ਖਸੀਅਤ ਦਾ ਅਟੁੱਟ ਅੰਗ ਬਣ ਗਈਆਂ।'

'ਫਿਰ?' 'ਫਿਰ ਮੈਂ ਸ਼ਹਿਰ ਆ ਗਿਆ ਤੇ ਮਜਮੂਨ ਲਿਖ ਕੇ ਜ਼ਿੰਦਗੀ ਦੀ ਗੱਡੀ ਰੇੜ੍ਹਣ ਲੱਗਾ ਪਰ ਜਦੋਂ ਮੈਂ ਦੂਸਰੇ ਲੇਖਕਾਂ ਨੂੰ ਦੇਖਦਾ ਤਾਂ ਉਹ ਬੜੀ ਬੇਤਕੱਲਫੀ ਨਾਲ ਇਕ ਦੂਸਰੇ ਨੂੰ ਮਿਲਦੇ। ਸਾਰਾ ਸਮਾਂ ਉਹ ਇਕ ਦੂਜੇ ਨਾਲ ਹੱਸਦੇ-ਖੇਡਦੇ ਮਜ਼ਾਕ ਕਰਦੇ ਰਹਿੰਦੇ ਪਰ ਮੇਰੇ ਨਾਲ ਗੱਲ ਬਾਤ ਕਰਦਿਆਂ ਉਨ੍ਹਾਂ ਦਾ ਲਹਿਜਾ ਇਕ ਦਮ ਰਸਮੀ ਹੋ ਜਾਂਦਾ। ਮੇਰੇ ਤੇ ਉਨ੍ਹਾਂ ਵਿਚ ਇਕ ਰਸਮੀ ਜਿਹਾ ਇਕ ਬਨਾਉਟੀ ਪਰਦਾ ਤਨਿਆ ਰਹਿੰਦਾ, ਜਿਵੇਂ ਮੈਂ ਉਨ੍ਹਾਂ ਦੇ ਦਿਲਾਂ ਤੋਂ ਕੋਹਾਂ ਦੂਰ ਹੋਵਾਂ। ਆਮ ਲੋਕ ਵੀ ਜਦੋਂ ਮੇਰੇ ਸਾਹਮਣੇ ਆਉਂਦੇ ਤਾਂ ਬੜੇ ਅਦਬ ਨਾਲ ਬਹਿ ਜਾਂਦੇ, ਜਿਵੇਂ ਉਹ ਕਿਸੇ ਦਿਓਤੇ ਸਾਹਮਣੇ ਬੈਠੇ ਹੋਣ ਜੋ ਉਨ੍ਹਾਂ ਤੋਂ ਬੁਲੰਦ ਹੋਵੇ ਜਾਂ ਉਹ ਇਕ ਵੱਖਰੀ ਜਿਹੀ ਵੱਡੀ ਹਸਤੀ ਸਾਹਮਣੇ ਬੈਠੇ ਹੋਣ।'

'ਫਿਰ?' ਮੈਂ ਪੁਛਿਆ

'ਆਮ ਮਰਦਾਂ ਦੀ ਨਿਗਾਹ ਪੈਂਦਿਆਂ ਹੀ ਕੁੜੀਆਂ ਦੇ ਚੇਹਰੇ 'ਤੇ ਸ਼ਰਮ ਦੀ ਲਾਲੀ ਦੌੜ ਜਾਂਦੀ, ਉਨ੍ਹਾਂ ਦੀਆਂ ਗਲਾਂ ਤਮਤਮਾ ਉਠਦੀਆਂ ਪਰ ਜਦੋਂ ਮੈਂ ਉਨ੍ਹਾਂ ਵਲ ਦੇਖਦਾ ਤਾਂ ਉਨ੍ਹਾਂ ਦੇ ਚੇਹਰੇ ਦਾ ਰੰਗ ਉਹੀ ਰਹਿੰਦਾ। ਉਹ ਫੈਸਲਾ ਨਾ ਕਰ ਸਕਦੀਆਂ ਕਿ ਮੈਂ ਉਨ੍ਹਾਂ ਨੂੰ ਪਿਤਾ ਵਾਂਗ ਵੇਖ ਰਿਹਾ ਹਾਂ ਜਾਂ ਕਿ ਆਸ਼ਿਕਾਨਾ ਨਿਗ੍ਹਾ ਨਾਲ। ਮੈਂ ਅਜਿਹੀ ਜ਼ਿੰਦਗੀ ਤੋਂ ਤੰਗ ਆ ਗਿਆ ਸਾਂ। ਮੈਂ ਫੈਸਲਾ ਕਰ ਲਿਆ ਕਿ ਮੈਂ ਇਸ ਸ਼ਕਲ ਨੂੰ ਬਦਲ ਦਿਆਂਗਾ। ਮੈਂ ਦਿਓਤਾ ਨਹੀਂ, ਇਨਸਾਨ ਹਾਂ ਤੇ ਇਨਸਾਨ ਬਣ ਕੇ ਹੀ ਜਿਊਣਾ ਚਾਹੁੰਦਾ ਹਾਂ।'

'ਫਿਰ?' ਮੈਂ ਆਖਰੀ ਵਾਰ ਕਿਹਾ।

'ਫਿਰ...ਫਿਰ...ਮੈਂ ਤੇਰੇ ਸਾਹਮਣੇ ਬੈਠਾ ਹਾਂ ਕੀ ਹੁਣ ਮੇਰੀ ਸ਼ਕਲ ਇਕ ਆਮ ਇਨਸਾਨ ਵਰਗੀ ਨਹੀਂ ਲਗਦੀ?'

'ਹਾਂ ਬਿਲਕੁਲ ਲਗਦੀ ਹੈ, ਪਰ ਇਕ ਗੱਲ ਦਸ, ਨਾਈ ਨੇ ਤੇਰੇ ਕੋਲੋਂ ਕਿੰਨੇ ਪੈਸੇ ਲਏ ਨੇ?'

'ਪੰਜ ਰੁਪਏ, ਪਰ ਤੂੰ ਇਹ ਕਿਉਂ ਪੁਛ ਰਿਹਾ ਏਂ?'

***(ਬਾਕੀ ਅਗਲੇ ਸਫੇ 'ਤੇ)***

# ਪੰਜਾ ਸਾਹਿਬ ਸਾਕੇ ਦੇ ਪਹਿਲੇ ਸ਼ਹੀਦ ਭਾਈ ਕਰਮ ਸਿੰਘ ਜੀ

**ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ**

ਗੁਰਦੁਆਰਾ ਸ੍ਰੀ ਪੰਜਾ ਸਾਹਿਬ ਨੇੜਲੇ ਰੇਲਵੇ ਸਟੇਸ਼ਨ ਹਸਨ ਅਬਦਾਲ ਉਤੇ 'ਗੁਰੂ ਕਾ ਬਾਗ' ਦੇ ਮੋਰਚੇ ਵਿਚ ਕੈਦ ਹੋਏ ਭੁੱਖੇ ਫ਼ੌਜੀ ਸਿੰਘਾਂ ਨਾਲ ਭਰੀ ਹੋਈ ਗੱਡੀ ਨੂੰ ਰੋਕਣ ਲਈ ਰੇਲ ਦੀ ਪਟੜੀ ਉੱਤੇ ਲੇਟ ਕੇ ਦੋ ਸਿੰਘ - ਭਾਈ ਕਰਮ ਸਿੰਘ ਜੀ ਅਤੇ ਭਾਈ ਪ੍ਰਤਾਪ ਸਿੰਘ ਜੀ ਨੇ ਆਪਣੀ ਲਾਸਾਨੀ ਸ਼ਹਾਦਤ ਦਿੱਤੀ ਸੀ। ਭਾਈ ਕਰਮ ਸਿੰਘ ਜੀ ਮੇਰੇ ਪੜਦਾਦਾ ਸ਼੍ਰੋਮਣੀ ਰਾਜ ਕਵੀ ਸ੍ਰ. ਬਲਵੰਤ ਸਿੰਘ ਗਜਰਾਜ ਦੇ ਸਕੇ ਚਾਚਾ ਜੀ ਸਨ।



**ਪ੍ਰੋ. ਹਰਗੁਣਪ੍ਰੀਤ ਸਿੰਘ**
**ਫੋਨ: 94636-19353**

ਭਾਈ ਕਰਮ ਸਿੰਘ ਦਾ ਜਨਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਗ੍ਰੰਥੀ ਭਾਈ ਭਗਵਾਨ ਸਿੰਘ ਦੇ ਘਰ 14 ਨਵੰਬਰ, 1885 ਈਸਵੀ ਨੂੰ ਹੋਇਆ ਸੀ।

ਭਾਈ ਭਗਵਾਨ ਸਿੰਘ ਗੁਰਮਤਿ ਦੇ ਵਿਦਵਾਨ, ਸ਼੍ਰੋਮਣੀ ਕਥਾਕਾਰ ਅਤੇ ਸੇਵਾ ਭਾਵਨਾ ਵਾਲੇ ਸਨ। ਉਹ ਆਨੰਦਪੁਰ ਸਾਹਿਬ ਤੋਂ ਬਾਹਰ ਪਗਡੰਡੀਆਂ ਉੱਤੇ ਜਾ ਕੇ ਪਿਆਸੇ ਮੁਸਾਫ਼ਰਾਂ ਨੂੰ ਜਲ ਛਕਾਉਣ ਦੀ ਸੇਵਾ ਕਰਿਆ ਕਰਦੇ ਸਨ ਅਤੇ ਜਲ ਨਾਲ ਭਰਿਆ ਸਰਬਲੋਹ ਦਾ ਗੜਵਾ ਹਮੇਸ਼ਾ ਆਪਣੇ ਕੋਲ ਰੱਖਦੇ ਸਨ ਜਿਸ ਕਰਕੇ ਉਨ੍ਹਾਂ ਨੂੰ ਗੜਵੇ ਵਾਲੇ ਸੰਤ ਵੀ ਕਿਹਾ ਜਾਂਦਾ ਸੀ। ਭਾਈ ਕਰਮ ਸਿੰਘ ਨੇ ਆਪਣੇ ਪਿਤਾ ਪਾਸੋਂ ਬਾਣੀ ਦਾ ਪਾਠ, ਗੁਰ ਇਤਿਹਾਸ ਅਤੇ ਕੀਰਤਨ ਕਰਨ ਦੀ ਸਿੱਖਿਆ ਹਾਸਲ ਕੀਤੀ ਸੀ ਅਤੇ ਥੋੜ੍ਹੇ ਸਮੇਂ ਵਿਚ ਹੀ ਆਪ ਦਾ ਨਾਂ ਚੰਗੇ ਰਾਗੀਆਂ ਵਿਚ ਗਿਣਿਆ ਜਾਣ ਲੱਗਾ ਸੀ।

ਸੰਨ 1922 ਵਿਚ ਉਹ ਪੰਜਾ ਸਾਹਿਬ ਗੁਰੂ-ਧਾਮ ਦੀ ਯਾਤਰਾ ਕਰਨ ਗਏ ਅਤੇ ਉੱਥੇ ਹੀ ਕੀਰਤਨ ਕਰਨ ਦੀ ਸੇਵਾ ਨਿਭਾਉਣ ਲੱਗੇ। ਉਨ੍ਹਾਂ ਦਿਨਾਂ ਵਿਚ ਹੀ 8 ਅਗਸਤ, 1922 ਨੂੰ ਗੁਰੂ ਕਾ ਬਾਗ ਦਾ ਮੋਰਚਾ ਸ਼ੁਰੂ ਹੋ ਗਿਆ। ਉਥੋਂ ਪਕੜੇ ਜਾਂਦੇ ਸਿੰਘਾਂ ਨੂੰ ਪਹਿਲਾਂ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਵਿਚ ਕੈਦ ਰੱਖਿਆ ਜਾਂਦਾ ਸੀ ਅਤੇ ਜਦੋਂ ਉਨ੍ਹਾਂ ਦੀ ਸੰਖਿਆ ਇਕ ਗੱਡੀ ਵਿਚ ਸਵਾਰ ਕਰਨ ਜਿੰਨੀ ਹੋ ਜਾਂਦੀ ਸੀ ਤਾਂ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਜਾਂਦਾ ਸੀ।

29 ਅਕਤੂਬਰ, 1922 ਨੂੰ ਭੁੱਖੇ ਕੈਦੀ ਸਿੰਘਾਂ ਦੇ ਜਥੇ ਨਾਲ ਭਰੀ ਹੋਈ ਇਕ ਗੱਡੀ ਅੰਮ੍ਰਿਤਸਰ ਤੋਂ ਜ਼ਿਲ੍ਹਾ ਅਟਕ ਵੱਲ ਤੋਰੀ ਗਈ ਜਿਸ ਨੇ ਹਸਨ ਅਬਦਾਲ ਦੇ ਸਟੇਸ਼ਨ ਤੋਂ ਲੰਘਣਾ ਸੀ। ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਪੰਜਾ ਸਾਹਿਬ ਗੁਰੂਧਾਮ ਦੀ ਸੰਗਤ ਨੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਗੱਡੀ ਰੋਕਣ ਵਾਸਤੇ ਬੇਨਤੀ ਕੀਤੀ ਪਰ ਜੇਲ੍ਹ ਅਧਿਕਾਰੀਆਂ ਨੇ ਆਪਣੀ ਮਜਬੂਰੀ ਦੱਸਦੇ ਹੋਏ ਕਿਹਾ ਕਿ ਇਹ ਫ਼ੈਸਲਾ ਜੇਲ੍ਹ ਅਧਿਕਾਰੀਆਂ ਤੇ ਰੇਲਵੇ ਦੇ ਉੱਚ ਅਧਿਕਾਰੀਆਂ ਦਾ ਗੱਡੀ ਰਸਤੇ ਵਿਚ ਕਿਧਰੇ ਵੀ ਨਾ ਰੋਕਣ ਦਾ ਹੈ।



ਭਾਈ ਕਰਮ ਸਿੰਘ ਜੀ ਨੇ ਪੂਰੇ ਜਲੌਅ ਵਿਚ ਆ ਕੇ ਕਿਹਾ, 'ਤੁਹਾਨੂੰ ਤੁਹਾਡੇ ਮਾਲਕ ਦਾ ਹੁਕਮ ਗੱਡੀ ਨਾ ਰੋਕਣ ਦਾ ਹੈ ਅਤੇ ਮੈਨੂੰ ਮੇਰੇ ਮਾਲਕ ਦਾ ਹੁਕਮ ਗੱਡੀ ਖੜ੍ਹੀ ਕਰਨ ਦਾ ਹੈ।' ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕਰ ਕੇ ਕਿਹਾ, 'ਖ਼ਾਲਸਾ ਜੀ! ਗੱਡੀ ਰੋਕਣ ਲਈ ਸ਼ਹੀਦੀਆਂ ਲਈ ਤਿਆਰ ਹੋ ਜਾਵੋ। ਸਮਾਂ ਆ ਗਿਆ ਹੈ ਅੱਜ ਫੇਰ ਪੁਰਖਿਆਂ ਦਾ ਇਤਿਹਾਸ ਦੁਹਰਾਉਣ ਦਾ।' ਸਭ ਤੋਂ ਅੱਗੇ ਬੜੀ ਦ੍ਰਿੜ੍ਹਤਾ, ਬਹਾਦਰੀ ਅਤੇ ਨਿਰਭੈਤਾ ਨਾਲ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ, ਰੇਲ ਦੀ ਪਟੜੀ ਉਤੇ ਚੌਕੜੇ ਮਾਰੀ ਬੈਠੇ ਸਨ। ਉਹ ਅੱਗੇ-ਅੱਗੇ ਬਾਣੀ ਦਾ ਜਾਪ ਕਰ ਰਹੇ ਸਨ ਅਤੇ ਸੰਗਤਾਂ ਉਨ੍ਹਾਂ ਦੇ ਮਗਰ ਉਚਾਰਨ ਕਰ ਰਹੀਆਂ ਸਨ।

ਬਹੁਤ ਤੇਜ਼ ਰਫ਼ਤਾਰ ਨਾਲ ਕੂਕਾਂ ਮਾਰਦੀ ਗੱਡੀ ਆ ਰਹੀ ਸੀ ਅਤੇ ਸਿੰਘ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਗਾ ਰਹੇ ਸਨ। ਰੇਲ ਰੁਕਦੀ-ਰੁਕਦੀ ਪਟੜੀ 'ਤੇ ਬੈਠੇ ਸਿੰਘਾਂ ਨੂੰ ਲਿਤਾੜ ਕੇ ਅੱਗੇ ਜਾ ਕੇ ਰੁਕੀ। ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਜ਼ਖਮੀ ਹੋ ਗਏ ਪਰ ਉਨ੍ਹਾਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਕਿਹਾ, 'ਤੁਸੀਂ ਸਾਡੀ ਪ੍ਰਵਾਹ ਨਾ ਕਰੋ। ਪਹਿਲਾਂ ਜਾਓ ਅਤੇ ਆਪਣੇ ਕੈਦੀ ਵੀਰਾਂ ਦੀ ਲੰਗਰ ਪਾਣੀ ਦੀ ਸੇਵਾ ਕਰੋ।"

ਭਾਈ ਕਰਮ ਸਿੰਘ ਜੀ ਤਾਂ ਕੁਝ ਘੰਟਿਆਂ ਬਾਅਦ ਹੀ ਸ਼ਹੀਦ ਹੋ ਗਏ ਅਤੇ ਭਾਈ ਪ੍ਰਤਾਪ ਸਿੰਘ ਜੀ ਵੀ ਉਨ੍ਹਾਂ ਦੇ ਮਗਰੇ ਅਗਲੇ ਦਿਨ ਸ਼ਹੀਦਾਂ ਦੀ ਕਤਾਰ ਵਿਚ ਜਾ ਸ਼ਾਮਲ ਹੋਏ। ਦੋਹਾਂ ਸ਼ਹੀਦ ਸਿੰਘਾਂ ਦੀਆਂ ਪਵਿੱਤਰ ਦੇਹਾਂ ਦਾ ਸਸਕਾਰ 1 ਨਵੰਬਰ, 1922 ਨੂੰ 'ਲਈ' ਨਦੀ ਦੇ ਕੰਢੇ ਰਾਵਲਪਿੰਡੀ ਵਿਖੇ ਲਗਭਗ 15 ਹਜ਼ਾਰ ਸੰਗਤ ਦੀ ਹਾਜ਼ਰੀ ਵਿਚ ਹੋਇਆ। ਦੇਸ਼, ਧਰਮ ਅਤੇ ਇਨਸਾਨੀਅਤ ਲਈ ਸ਼ਹੀਦ ਹੋਣ ਦਾ ਇਹ ਅਮਰ ਸਾਕਾ ਇਕ ਲੋਕ ਗਾਥਾ ਦਾ ਰੂਪ ਧਾਰਨ ਕਰ ਗਿਆ।

ਇਸ ਸਾਕੇ ਦਾ ਵਖਿਆਨ ਗਿਆਨੀ ਸੋਹਣ ਸਿੰਘ ਸੀਤਲ ਨੇ 'ਗੱਡੀ' ਛੰਦ ਵਿਚ ਇੰਜ ਕੀਤਾ ਹੈ:

ਗੱਡੀ ਭਰ ਕੇ ਸਪਸ਼ੈਲ ਤੋਰੀ ਅੰਮ੍ਰਿਤਸਰ ਸ਼ਹਿਰ ਤੋਂ।

ਜੀਹਦੇ ਵਿਚ ਸੀ ਪੈਨਸ਼ਨੀ ਸਾਰੇ ਕੈਦ ਕੀਤੇ ਗੁਰੂ ਬਾਗ 'ਚੋਂ।

ਜਥੇਦਾਰ ਸ੍ਰੀ ਅਮਰ ਸਿੰਘ ਸੂਰਾ ਮੀਤ ਆਗੂ ਲਾਲ ਸਿੰਘ ਜੀ।

ਗੱਡੀ ਚਲਦੀ ਹਵਾ ਨਾਲ ਜ਼ਿਦ ਕੇ ਲੰਘ ਜਾਂਦੀ ਟੇਸ਼ਨ ਤੋਂ।

ਭੁੱਖੇ ਸਿੰਘ ਸੀ ਜਥੇ ਦੇ ਸਾਰੇ ਜਿਨ੍ਹਾਂ ਨੇ ਅਟਕ ਪੁੱਜਣਾ।

ਪੰਜਾ ਸਾਹਿਬ ਦੀ ਸੰਗਤ ਨੇ ਸੁਣਿਆ ਸੇਵਾ ਦਾ ਪ੍ਰੇਮ ਜਾਗਿਆ।

ਦੁੱਧ ਫ਼ਲ ਕਈ ਪਦਾਰਥ ਲੈ ਕੇ ਪੁੱਜ ਗਏ ਟੇਸ਼ਨ 'ਤੇ

ਜਥੇਦਾਰ ਨੇ ਬੇਨਤੀ ਕੀਤੀ ਕੋਲ ਜਾ ਕੇ ਬਾਬੂ ਸਾਹਿਬ ਦੇ।

ਫ਼ਤਹਿ ਆਖਰੀ ਕਰਮ ਸਿੰਘ ਬੋਲੀ ਉਧਰੋਂ ਸਵਾਸ ਮੁੱਕ ਗਏ।

ਦੂਜਾ ਭਾਈ ਪਰਤਾਪ ਸਿੰਘ ਸੂਰਾ ਜੀਹਨੇ ਬਾਹੀ ਜਥੇਦਾਰ ਦੀ।

ਮਲ ਲਈ। ਮੱਲ ਲਈ। ਖਾਲਸੇ ਨੇ ਰੱਤ ਡੋਲ੍ਹ ਕੇ ਗੱਡੀ ਠੱਲ੍ਹ ਲਈ।

---

## ਰੌਸ਼ਨ ਮੁਨਾਰਾ: ਸਤਿਆਰਥੀ

***(ਪਿਛਲੇ ਸਫੇ ਦਾ ਬਾਕੀ)***

'ਉਂਜ ਹੀ' ਮੈਂ ਕਿਹਾ ਤੇ ਅਸੀਂ ਦੋਵੇਂ ਹੱਸਣ ਲੱਗੇ।

ਕਵਿਤਰੀ ਨੇ ਸੁਣਿਆ ਤਾਂ ਹੈਰਾਨ ਰਹਿ ਗਈ। 'ਮੈਂ ਸਤਿਆਰਥੀ ਜੀ ਨੂੰ ਇਸ ਰੂਪ ਵਿਚ ਇਕ ਵਾਰ ਦੇਖਣਾ ਚਾਹੁੰਦੀ ਹਾਂ। ਕੀ ਤੁਸੀਂ ਉਨ੍ਹਾਂ ਨੂੰ ਏਥੇ ਲਿਆ ਸਕਦੇ ਹੋ?' 'ਮੈਂ ਕੋਸ਼ਿਸ਼ ਕਰਾਂਗਾ।'

ਅਗਲੇ ਦਿਨ ਮੈਂ ਸਤਿਆਰਥੀ ਨੂੰ ਦਸਿਆ ਕਿ ਕਵਿਤਰੀ ਉਹਨੂੰ ਮਿਲਣਾ ਚਾਹੁੰਦੀ ਹੈ।

'ਸੱਚ' ਉਹਨੇ ਅੱਖਾਂ ਪਾੜਦਿਆਂ ਕਿਹਾ

'ਸੱਚ' ਮੈਂ ਕਿਹਾ

'ਤਾਂ ਫਿਰ ਕਦੋਂ ਚਲੀਏ'

'ਕੱਲ੍ਹ ਕਿਸੇ ਸਮੇਂ ਆ ਜਾਣਾ, ਮੈਂ ਘਰ ਹੀ ਹੋਵਾਂਗਾ'

'ਚੰਗਾ' ਉਹਨੇ ਕਿਹਾ

ਅਗਲੇ ਦਿਨ ਸਵੇਰੇ ਠੀਕ ਪੌਣੇ ਛੇ ਵਜੇ ਉਹਨੇ ਮੈਨੂੰ ਬਿਸਤਰੇ ਤੋਂ ਉਠਾ ਦਿਤਾ।

'ਤੂੰ ਸਾਰੀ ਰਾਤ ਸੁੱਤਾਂ ਵੀ ਏਂ ਕਿ ਨਹੀਂ?' ਮੈਂ ਪੁਛਿਆ

'ਯਾਰ ਤੂੰ ਇਕ ਗੱਲ ਦਸ' ਉਹਨੇ ਬੜੇ ਭੇਦ-ਭਰੇ ਤਰੀਕੇ ਨਾਲ ਪੁਛਿਆ

'ਮੈਂ ਕਵਿਤਰੀ ਦੀ ਫੋਟੋ ਲੈਣੀ ਚਾਹੁੰਦਾ ਹਾਂ। ਕੀ ਉਹ ਮੰਨ ਜਾਏਗੀ?'

'ਓਥੇ ਜਾ ਤਾਂ ਰਹੇ ਹਾਂ, ਪੁਛ ਲਈਂ'

'ਮੈਂ ਕੈਮਰਾ ਨਾਲ ਲੈ ਕੇ ਆਇਆ ਹਾਂ' ਉਹਨੇ ਕਿਹਾ

'ਬੜਾ ਚੰਗਾ ਕੀਤੈ, ਦੁਸ਼ਮਨ ਦੇ ਘਰ ਖਾਲ੍ਹੀ ਹੱਥ ਨਹੀਂ ਜਾਣਾ ਚਾਹੀਦਾ' ਮੈਂ ਕਿਹਾ

ਸਤਿਆਰਥੀ ਨੂੰ ਦੇਖਦਿਆਂ ਹੀ ਕਵਿਤਰੀ ਖਿੜ ਗਈ-'ਤੁਸੀਂ ਤਾਂ ਬਿਲਕੁਲ ਨੌਜਵਾਨ ਲਗ ਰਹੇ ਹੋ' ਉਹ ਕਹਿਣ ਲੱਗੀ।

ਸਤਿਆਰਥੀ ਕੁਝ ਕਹਿਣਾ ਚਾਹੁੰਦਾ ਸੀ ਪਰ ਓਸੇ ਵੇਲੇ ਉਹਦਾ ਪਤੀ ਕਮਰੇ ਵਿਚ ਆ ਗਿਆ।

'ਤੁਸੀਂ ਇਨ੍ਹਾਂ ਨੂੰ ਪਛਾਣਿਐ, ਇਹ ਦੇਵਿੰਦਰ ਸਤਿਆਰਥੀ ਨੇ' ਉਹਦੇ ਪਤੀ ਨੇ ਸਤਿਆਰਥੀ ਨੂੰ ਸਿਰ ਤੋਂ ਪੈਰਾਂ ਤੱਕ ਘੂਰਿਆ। ਫਿਰ ਉਹਦੇ ਕੋਲ ਬਹਿ ਕੇ ਹੌਲੀ ਹੌਲੀ ਗੱਲਾਂ ਕਰਨ ਲੱਗਾ।

'ਮੈਂ ਤੁਸਾਂ ਦੋਵਾਂ ਦੀ ਫੋਟੋ ਖਿਚਣੀ ਚਾਹੁੰਦਾ ਹਾਂ।'

'ਫੋਟੋ...ਫੋਟੋ ਨੂੰ ਕੀ ਕਰੋਗੇ' ਕਵਿਤਰੀ ਨੇ ਮੁਸਕਰਾਂਦਿਆਂ ਪੁਛਿਆ।

'ਮੈਂ ਆਪਣੀ ਐਲਬਮ ਵਿਚ ਲਾਵਾਂਗਾ, ਤਕਰੀਬਨ ਸਾਰੇ ਲੇਖਕਾਂ ਦੀਆਂ ਫੋਟੋਆਂ ਮੈਂ ਲਈਆਂ ਹਨ।'

'ਤੁਹਾਨੂੰ ਸ਼ਾਇਦ ਪਤਾ ਨਹੀਂ, ਸਤਿਆਰਥੀ ਜੀ ਬਹੁਤ ਵਧੀਆ ਫੋਟੋਗ੍ਰਾਫਰ ਵੀ ਹਨ।' ਕਵਿਤਰੀ ਨੇ ਆਪਣੇ ਪਤੀ ਨੂੰ ਕਿਹਾ।

'ਮੈਂ ਬਹੁਤ ਵਧੀਆ ਕਹਾਣੀਕਾਰ ਤੇ ਕਵੀ ਵੀ ਹਾਂ' ਸਤਿਆਰਥੀ ਨੇ ਕਿਹਾ ਤਾਂ ਕਵਿਤਰੀ ਸ਼ਰਮਾ ਗਈ।

'ਤਾਂ ਫਿਰ ਦਸੋ, ਮੈਂ ਤਾਂ ਸਾਰੇ ਲੇਖਕਾਂ ਦੀਆਂ ਫੋਟੋਆਂ ਲੈ ਚੁੱਕਾ ਹਾਂ।'

'ਤੁਸੀਂ ਇਨ੍ਹਾਂ ਨੂੰ ਕਿਉਂ ਨਹੀਂ ਪੁਛ ਲੈਂਦੇ, ਮੈਨੂੰ ਤਾਂ ਤੁਸੀਂ ਜਾਣਦੇ ਹੀ ਹੋ, ਅਦਬ ਨਾਲ ਮੇਰਾ ਕੋਈ ਵਾਸਤਾ ਨਹੀਂ।' ਕਵਿਤਰੀ ਦੇ ਪਤੀ ਨੇ ਮੁਸਕਰਾਂਦੇ ਕਿਹਾ

'ਅਦਬ ਨਾਲ ਨਾ ਸਹੀ ਅਦੀਬਾ ਨਾਲ ਤਾਂ ਹੈ। ਤੁਹਾਡੀ ਆਗਿਆ ਬਿਨਾ ਮੈਂ ਫੋਟੋ ਕਿਵੇਂ ਲੈ ਸਕਦਾ ਹਾਂ।' ਸਤਿਆਰਥੀ ਨੇ ਕਿਹਾ

'ਮੈਂ ਇਨ੍ਹਾਂ ਨੂੰ ਹਰ ਗੱਲ ਦੀ ਆਗਿਆ ਦਿਤੀ ਹੋਈ ਹੈ।' ਕਵਿਤਰੀ ਦੇ ਪਤੀ ਨੇ ਕਿਹਾ।

'ਤਾਂ ਆਪਾਂ ਦੋਵੇਂ ਚਲੀਏ?'

'ਕਿਥੇ?' ਕਵਿਤਰੀ ਨੇ ਕਿਹਾ

'ਛੱਤ 'ਤੇ, ਓਥੇ ਪੂਰੀ ਲਾਈਟ ਮਿਲ ਜਾਏਗੀ।'

ਅਸੀਂ ਸਾਰੇ ਜਣੇ ਛੱਤ 'ਤੇ ਚਲੇ ਗਏ। ਸਤਿਆਰਥੀ ਕੋਈ ਦੋ ਘੰਟੇ ਕਵਿਤਰੀ ਤੇ ਉਹਦੇ ਪਤੀ ਦੀਆਂ ਫੋਟੋਆਂ ਖਿਚਦਾ ਰਿਹਾ। ਤਿੰਨ ਫੋਟੋਆਂ ਉਹਨੇ ਕਵਿਤਰੀ ਤੇ ਉਹਦੇ ਪਤੀ ਦੀਆਂ ਲਈਆਂ ਤੇ ਸੱਤ ਫੋਟੋਆਂ ਵੱਖਰੀਆਂ। ਉਹਨੇ ਮੈਨੂੰ ਦਸਿਆ ਕਿ ਤਿੰਨਾਂ ਫੋਟੋਆਂ ਵਿਚ ਕਵਿਤਰੀ ਦੇ ਪਤੀ ਨੂੰ ਮੈਂ ਉਹਦੇ ਤੋਂ ਥੋੜ੍ਹੇ ਜਿਹੇ ਫਾਸਲੇ 'ਤੇ ਖੜਾ ਕੀਤਾ ਤਾਂ ਕਿ ਕਵਿਤਰੀ ਦੀ ਫੋਟੋ ਦਾ ਵੱਖਰਾ ਪ੍ਰਿੰਟ ਕੱਢਣ ਵਿਚ ਅਸਾਨੀ ਰਹੇ।

ਇਕ ਮਹੀਨਾ ਬੀਤ ਗਿਆ। ਹਰ ਦੂਸਰੇ-ਤੀਸਰੇ ਦਿਨ ਸਤਿਆਰਥੀ ਕਵਿਤਰੀ ਦੀ ਫੋਟੋ ਦਾ ਇਨਲਾਰਜਮੈਂਟ ਬਣਾ ਲਿਆਂਦਾ ਤੇ ਆ ਕੇ ਮੈਨੂੰ ਕਹਿੰਦਾ 'ਚਲ ਇਹ ਇਨਲਾਰਜਮੈਂਟ ਉਹਨੂੰ ਦੇ ਆਈਏ।'

ਇਕ ਦਿਨ ਸਤਿਆਰਥੀ ਨੇ ਕਵਿਤਰੀ ਨੂੰ ਕਿਹਾ, 'ਮੈਂ ਤੁਹਾਡੀਆਂ ਕੁਝ ਹੋਰ ਫੋਟੋਆਂ ਖਿਚਣੀਆਂ ਚਾਹੁੰਦਾ ਹਾਂ।'

'ਹੋਰ ਫੋਟੋਆਂ ਕੀ ਕਰੋਗੇ?' ਕਵਿਤਰੀ ਨੇ ਮੁਸਕਰਾਂਦੇ ਹੋਏ ਕਿਹਾ। ਉਸ ਦਿਨ ਏਨੀਆਂ ਸਾਰੀਆਂ ਫੋਟੋਆਂ ਤਾਂ ਤੁਸੀਂ ਲੈ ਚੁਕੇ ਹੋ।'

'ਤੁਸੀਂ ਮੈਨੂੰ ਕੋਈ ਅਜਿਹਾ ਵੇਲਾ ਦਸੋ ਜਦੋਂ ਤੁਹਾਡੇ ਪਤੀ ਘਰ ਨਾ ਹੋਣ।'

'ਉਹ ਕਿਉਂ?'

'ਦਰਅਸਲ ਗੱਲ ਇਹ ਹੈ ਕਿ' ਤੇ ਫਿਰ ਲਾਇਲਪੁਰ ਦੇ ਮੈਜਿਸਟਰੇਟ ਅਤੇ ਕਿਸਾਨਾਂ ਦਾ ਕਿੱਸਾ ਸੁਣਾਉਣ ਲੱਗਾ। 'ਤਾਂ ਮੁਆਫੀ ਚਾਹੁੰਣਾ' ਉਹਨੇ ਪੂਰਾ ਕਿੱਸਾ ਸੁਣਾਉਣ ਤੋਂ ਬਾਅਦ ਕਿਹਾ-'ਤੁਹਾਡੇ ਪਤੀ ਸਾਹਮਣੇ ਫੋਟੋ ਖਿਚਣੀ ਬਿਲਕੁਲ ਇੰਜ ਹੈ ਜਿਵੇਂ ਥਾਣੇਦਾਰ ਸਾਹਮਣੇ ਕਿਸਾਨ ਨਚਾਉਣੇ।'

ਕਵਿਤਰੀ ਦਾ ਪਤੀ ਦੂਸਰੇ ਕਮਰੇ ਵਿਚ ਸਾਰੀਆਂ ਗੱਲਾਂ ਸੁਣ ਰਿਹਾ ਸੀ। ਉਹ ਸਤਿਆਰਥੀ ਨਾਲ ਬੜਾ ਖ਼ਫਾ ਹੋਇਆ, ਨਾਲ ਹੀ ਉਹਨੇ ਕਵਿਤਰੀ ਨੂੰ ਵੀ ਝਿੜਕਿਆ।

ਅਗਲੇ ਦਿਨ ਕਵਿਤਰੀ ਨੇ ਮੈਨੂੰ ਦਫਤਰੋਂ ਰੁੱਕਾ ਭੇਜ ਕੇ ਬੁਲਾਇਆ ਤੇ ਕਿਹਾ, 'ਤੁਸੀਂ ਤਾਂ ਜਾਣਦੇ ਹੀ ਹੋ ਮੇਰੀ ਜ਼ਿੰਦਗੀ ਬੜੀ ਮਜਬੂਰ ਕਿਸਮ ਦੀ ਜ਼ਿੰਦਗੀ ਐ। ਸਤਿਆਰਥੀ ਜੀ ਨੇ ਉਸ ਦਿਨ ਕੁਝ ਅਜਿਹੀਆਂ ਗੱਲਾਂ ਕਰ ਦਿਤੀਆਂ ਜਿਨ੍ਹਾਂ ਨਾਲ ਮੇਰੇ ਪਤੀ ਸਖਤ ਨਰਾਜ ਨੇ। ਤੁਸੀਂ ਸਤਿਆਰਥੀ ਜੀ ਨੂੰ ਕਹਿ ਦਿਉ ਕਿ ਮੇਰੀਆਂ ਫੋਟੋਆਂ ਦੇ ਜਿਹੜੇ ਨੈਗੇਟਿਵ ਉਨ੍ਹਾਂ ਕੋਲ ਹਨ, ਉਹ ਕਿਸੇ ਦੇ ਹੱਥ ਮੇਰੇ ਪਤੀ ਕੋਲ ਭਿਜਵਾ ਦੇਣ।'

ਸਤਿਆਰਥੀ ਨੇ ਨੈਗੇਟਿਵ ਵਾਪਸ ਕਰ ਦਿਤੇ। ਕਵਿਤਰੀ ਦੇ ਪਤੀ ਨੇ ਕਿਹਾ, 'ਤੁਸੀਂ ਇਨ੍ਹਾਂ ਦੀ ਕੀਮਤ ਲੈ ਲਓ।'

ਸਤਿਆਰਥੀ ਦੀਆਂ ਅੱਖਾਂ 'ਚ ਜਿਵੇਂ ਖੂਨ ਉਤਰ ਆਇਆ।

'ਮੈਂ ਬਹੁਤ ਗਰੀਬ ਆਦਮੀ ਹਾਂ, ਇਹ ਠੀਕ ਹੈ ਪਰ ਅਜੇ ਤੱਕ ਮੈਂ ਫੋਟੋਗ੍ਰਾਫੀ ਨੂੰ ਜ਼ਿੰਦਗੀ ਦਾ ਧੰਦਾ ਨਹੀਂ ਬਣਾਇਆ। ਜਦੋਂ ਬਣਾਇਆ ਲੈ ਲਵਾਂਗਾ ਤੇ ਤੁਹਾਨੂੰ ਦਸ ਵੀ ਦਿਆਂਗਾ।'

ਉਹ ਚਲਾ ਗਿਆ। ਫਿਰ ਦੋ-ਤਿੰਨ ਮਹੀਨੇ ਮੈਂ ਉਹਦੀ ਸ਼ਕਲ ਨਹੀਂ ਦੇਖੀ। ਏਸੇ ਦੌਰਾਨ ਮੈਨੂੰ ਬੰਬਈ ਵਿਚ ਇਕ ਫਿਲਮ ਕੰਪਨੀ ਵਿਚ ਨੌਕਰੀ ਮਿਲ ਗਈ। ਮੈਂ ਸਤਿਆਰਥੀ ਨੂੰ ਮਿਲਣ ਉਹਦੇ ਘਰ ਗਿਆ।

ਉਹ ਟੇਬਲ ਲੈਂਪ ਦੀ ਰੌਸ਼ਨੀ ਵਿਚ ਆਪਣੇ ਛੋਟੇ ਜਿਹੇ ਕਮਰੇ ਵਿਚ ਮੇਜ਼ 'ਤੇ ਝੁਕਿਆ ਬੈਠਾ ਕੁਝ ਲਿਖ ਰਿਹਾ ਸੀ। ਕਦਮਾਂ ਦੀ ਆਹਟ ਸੁਣ ਕੇ ਉਹਨੇ ਦਰਵਾਜ਼ੇ ਵੱਲ ਵੇਖਿਆ,

'ਹੈਲੋ ਸਾਹਿਰ।'

ਮੈਂ ਅੰਦਰ ਚਲਾ ਗਿਆ।

ਸਤਿਆਰਥੀ ਨੇ ਦਾੜ੍ਹੀ ਤੇ ਸਿਰ ਦੇ ਵਾਲ ਫਿਰ ਵਧਾ ਲਏ ਸਨ।

'ਮੈਂ ਕੱਲ੍ਹ ਸ਼ਾਮ ਦੀ ਗੱਡੀ 'ਚ ਜਾ ਰਿਹਾਂ' ਮੈਂ ਕਿਹਾ

'ਕਿਉਂ?'

'ਮੈਨੂੰ ਇਕ ਫਿਲਮੀ ਕੰਪਨੀ 'ਚ ਨੌਕਰੀ ਮਿਲ ਗਈ ਏ।'

'ਚੰਗਾ, ਫਿਰ ਤਾਂ ਅੱਜ ਤੇਰੇ ਨਾਲ ਲੰਬੀਆਂ ਚੌੜੀਆਂ ਗੱਲਾਂ ਹੋਣੀਆਂ ਚਾਹੀਦੀਆਂ ਨੇ।' ਉਹਨੇ ਫਾਊਂਨਟੇਨ ਪੈੱਨ ਬੰਦ ਕਰਕੇ ਮੇਜ਼ 'ਤੇ ਰਖ ਦਿਤਾ।

ਏਨੇ ਵਿਚ ਸਤਿਆਰਥੀ ਦੀ ਬੀਵੀ ਅੰਦਰ ਆ ਗਈ। ਸ਼ਕਲ ਸੂਰਤ ਤੋਂ ਉਹ ਉਨੱਤੀ-ਤੀਹ ਵਰ੍ਹਿਆਂ ਦੀ ਲਗਦੀ ਸੀ। ਮੈਂ ਹੱਥ ਜੋੜ ਕੇ ਨਮਸਤੇ ਕੀਤੀ।

'ਨਮਸਤੇ'

ਸਤਿਆਰਥੀ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ, 'ਇਹ ਅੱਜ ਏਥੇ ਰਹੇਗਾ ਤੇ ਖਾਣਾ ਵੀ ਏਥੇ ਹੀ ਖਾਏਗਾ।'

ਉਹ ਜਾ ਕੇ ਖਾਣਾ ਲੈ ਆਈ। ਸਤਿਆਰਥੀ ਦੀ ਨੌਂ ਸਾਲ ਦੀ ਬੱਚੀ ਕਵਿਤਾ ਵੀ ਆ ਗਈ। ਅਸੀਂ ਸਾਰੇ ਖਾਣਾ ਖਾਣ ਲੱਗੇ। ਸਤਿਆਰਥੀ ਦੀ ਬੀਵੀ ਸਾਡੇ ਕੋਲ ਬੈਠੀ ਪੱਖੀ ਝਲਦੀ ਰਹੀ।

'ਖਾਣਾ ਠੀਕ ਐ' ਉਸ ਪੁਛਿਆ

'ਸਿਰਫ ਠੀਕ ਹੀ ਨਹੀਂ ਬੇਹੱਦ ਸੁਆਦੀ ਵੀ ਹੈ' ਮੈਂ ਕਿਹਾ

'ਅਸੀਂ ਬੜੇ ਗਰੀਬ ਹਾਂ' ਉਹ ਕਹਿਣ ਲੱਗੀ।

ਅਚਾਨਕ ਮੈਨੂੰ ਆਪਣੇ ਸੂਟ ਦਾ ਖਿਆਲ ਆਇਆ, 'ਮੇਰੇ ਕੋਲ ਇਹੀ ਇਕ ਸੂਟ ਹੈ, ਇਹ ਵੀ ਮੇਰੇ ਮਾਮੂ ਨੇ ਮੈਨੂੰ ਬਣਵਾ ਕੇ ਦਿਤਾ ਸੀ।' ਮੈਂ ਕਿਹਾ

ਉਹ ਹੱਸਣ ਲੱਗੀ। ਇਕ ਬੜਾ ਬੇਝਿਜਕ ਅਤੇ ਪਵਿਤਰ ਹਾਸਾ। ਜਦੋਂ ਉਹ ਖਾਣੇ ਵਾਲੇ ਜੂਠੇ ਭਾਂਡੇ ਲੈ ਕੇ ਗਈ ਤਾਂ ਸਤਿਆਰਥੀ ਨੇ ਮੈਨੂੰ ਦਸਿਆ, 'ਇਸ ਔਰਤ ਨੇ ਅਨੇਕਾਂ ਮੁਸੀਬਤਾਂ ਝਲੀਆਂ ਨੇ। ਹਿੰਦੋਸਤਾਨ ਦਾ ਕੋਈ ਸੂਬਾ ਅਜਿਹਾ ਨਹੀਂ ਜਿਥੇ ਮੇਰੇ ਵਰਗੇ ਮੰਗਤੇ ਦੇ ਨਾਲ ਉਹ ਮੰਗਤੀ ਬਣ ਕੇ ਮਾਰੀ-ਮਾਰੀ ਫਿਰੀ ਨਾ ਹੋਵੇ। ਜੇ ਇਹ ਮੇਰਾ ਸਾਥ ਨਾ ਦੇਂਦੀ ਤਾਂ ਸ਼ਾਇਦ ਮੈਂ ਆਪਣੇ ਮਕਸਦ ਵਿਚ ਕਦੇ ਕਾਮਯਾਬ ਨਾ ਹੋ ਸਕਦਾ।'

'ਤੇਰੀ ਜ਼ਿੰਦਗੀ ਤਾਂ ਗਰਵ ਕਰਨ ਵਾਲੀ ਏ।' ਮੈਂ ਕਿਹਾ

'ਜ਼ਿੰਦਗੀ? ਸ਼ਾਇਦ ਜ਼ਿੰਦਗੀ ਤੋਂ ਤੇਰਾ ਮਤਲਬ ਬੀਵੀ ਹੈ। ਮੇਰੀ ਬੀਵੀ ਹੈ ਹੀ ਗਰਵ ਕਰਨ ਵਾਲੀ। ਹਾਲਾਂ ਕਿ ਕਈ ਵਾਰ ਮੈਂ ਉਹਦੀ ਮਾਮੂਲੀ ਜਿਹੀ ਸ਼ਕਲ ਸੂਰਤ ਤੋਂ ਪਰੇਸ਼ਾਨ ਵੀ ਹੋਇਆ ਹਾਂ। '

ਮੈਂ ਕੰਧ 'ਤੇ ਲੱਗੀਆਂ ਫੋਟੋਆਂ ਵੱਲ ਦੇਖਣ ਲੱਗਾ। ਲੈਨਿਨ-ਟੈਗੋਰ-ਇਕਬਾਲ

'ਇਨ੍ਹਾਂ ਤਿੰਨਾਂ ਦੀਆਂ ਸ਼ਕਲਾਂ-ਸੂਰਤਾਂ ਬਾਰੇ ਤੇਰਾ ਕੀ ਖਿਆਲ ਹੈ?'

ਮੈਂ ਮੁਸਕੁਰਾਂਦਿਆਂ ਪੁਛਿਆ

'ਇਨ੍ਹਾਂ ਤਿੰਨਾਂ ਦਾ ਮੇਰੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਹੈ।' ਸਤਿਆਰਥੀ ਨੇ ਦਸਿਆ ਤੇ ਫਿਰ ਪਤਾ ਨਹੀਂ ਕਿਹੜੀਆਂ ਯਾਦਾਂ 'ਚ ਗੁੰਮ ਹੋ ਗਿਆ, 'ਜਦੋਂ ਮੈਂ ਬਿਲਕੁਲ ਅਜੇ ਕਿਸ਼ੋਰ ਸਾਂ, ਤਾਂ ਮੈਂ ਖ਼ੁਦਕੁਸ਼ੀ ਕਰਨ ਦੀ ਸੋਚੀ ਸੀ। ਕੁਝ ਦੋਸਤਾਂ ਨੂੰ ਪਤਾ ਚਲ ਗਿਆ। ਉਹ ਮੈਨੂੰ ਫੜ ਕੇ ਡਾਕਟਰ ਇਕਬਾਲ ਕੋਲ ਲੈ ਗਏ। ਇਕਬਾਲ ਬੜੀ ਦੇਰ ਤੱਕ ਸਮਝਾਂਦੇ ਰਹੇ। ਉਨ੍ਹਾਂ ਦੀਆਂ ਗੱਲਾਂ ਦਾ ਮੇਰੇ 'ਤੇ ਬੜਾ ਡੂੰਘਾ ਅਸਰ ਹੋਇਆ ਤੇ ਮੈਂ ਖ਼ੁਦਕੁਸ਼ੀ ਦਾ ਖਿਆਲ ਛੱਡ ਦਿਤਾ।'

'ਫਿਰ ਮੈਂ ਲੈਨਿਨ ਦੀ ਵਿਚਾਰਧਾਰਾ ਬਾਰੇ ਪੜ੍ਹਿਆ ਤਾਂ ਮੇਰੇ ਦਿਲ ਵਿਚ ਪਿੰਡ ਪਿੰਡ ਜਾ ਕੇ ਦੇਹਾਤੀ ਗੀਤ ਇਕੱਠੇ ਕਰਨ ਦੀ ਇੱਛਾ ਪੈਦਾ ਹੋ ਗਈ।'

'ਟੈਗੋਰ ਨੇ ਮੇਰੇ ਇਸ ਖਿਆਲ ਨੂੰ ਸਲਾਹਿਆ ਤੇ ਮੇਰੀ ਹੌਂਸਲਾ ਅਫਜ਼ਾਈ ਕੀਤੀ। ਮੈਂ ਗੀਤ ਇਕੱਠੇ ਕਰਦਾ ਰਿਹਾ ਤੇ ਹੁਣ ਜਦੋਂ ਇਹ ਤਿੰਨੋਂ ਮਰ ਚੁਕੇ ਹਨ ਤਾਂ ਰਾਤਾਂ ਦੀ ਖਾਮੋਸ਼ ਤਨਹਾਈ ਵਿਚ ਇਨ੍ਹਾਂ ਗੀਤਾਂ ਨੂੰ ਉਰਦੂ, ਹਿੰਦੀ ਜਾਂ ਅੰਗਰੇਜ਼ੀ ਵਿਚ ਢਾਲਦੇ ਸਮੇਂ ਕਦੇ-ਕਦੇ ਮੈਨੂੰ ਅਜਿਹਾ ਜਾਪਦਾ ਹੈ, ਜਿਵੇਂ ਕਿਸਾਨ ਔਰਤਾਂ ਤੇ ਮਰਦ ਮੇਰੇ ਆਲੇ-ਦੁਆਲੇ ਘੇਰਾ ਬਣਾ ਕੇ ਖੜੇ ਹੋਣ ਤੇ ਕਹਿ ਰਹੇ ਹੋਣ-'ਸੰਨਿਆਸੀ! ਅਸਾਂ ਤਾਂ ਤੈਨੂੰ ਆਪਣਾ ਸਮਝਿਆ ਸੀ, ਤੇਰੇ 'ਤੇ ਭਰੋਸਾ ਕੀਤਾ ਸੀ। ਤੂੰ ਸਾਡੀ ਸਦੀਆਂ ਦੀ ਪੂੰਜੀ ਸਾਡੇ ਕੋਲੋਂ ਖੋਹ ਕੇ ਸ਼ਹਿਰਾਂ ਵਿਚ ਵੇਚ ਦਏਂਗਾ-ਇਹਦਾ ਸਾਨੂੰ ਭੋਰਾ ਵੀ ਸ਼ੱਕ ਨਹੀਂ ਸੀ ਹੋਇਆ ਪਰ ਤੂੰ ਸਾਡੇ ਵਿਚੋਂ ਜੋ ਨਹੀਂ ਸੈਂ। ਤੂੰ ਸ਼ਹਿਰੋਂ ਆਇਆ ਸੈਂ ਤੇ ਸ਼ਹਿਰ ਹੀ ਵਾਪਸ ਪਰਤ ਗਿਆ। ਹੁਣ ਤੂੰ ਇਨ੍ਹਾਂ ਗੀਤਾਂ ਨੂੰ ਜੋ ਸਾਡੇ ਦੁਖ-ਸੁਖ ਦੇ ਸਾਥੀ ਸਨ, ਜਿਨ੍ਹਾਂ 'ਤੇ ਅਜੇ ਤੱਕ ਕਿਸੇ ਬੰਦੇ ਦੇ ਨਾਂ ਦੀ ਮੋਹਰ ਨਹੀਂ ਸੀ ਲੱਗੀ, ਤੂੰ ਆਪਣੇ ਨਾਂ ਦੀ ਛਾਪ ਨਾਲ ਬਜ਼ਾਰ ਵਿਚ ਵੇਚ ਰਿਹਾ ਏਂ ਤੇ ਆਪਣੀ ਬੀਵੀ ਬੱਚਿਆਂ ਦਾ ਪੇਟ ਪਾਲ ਰਿਹਾਂ ਏਂ, ਤੂੰ ਬਹੁਰੂਪੀਆ ਏਂ, ਫਰੇਬੀ, ਦਗਾਬਾਜ਼ ਤੇ ਫਿਰ ਉਹ ਜਲਦੀਆਂ ਹੋਈਆਂ ਅੱਖਾਂ ਨਾਲ ਮੈਨੂੰ ਘੂਰਨ ਲੱਗਦਾ ਏ।'

'ਇਹ ਤੇਰਾ ਜਜ਼ਬਾਤੀਪੁਣਾ ਏ, ਤੂੰ ਤਾਂ ਇਨ੍ਹਾਂ ਗੀਤਾਂ ਨੂੰ ਪਿੰਡ ਦੇ ਸੀਮਤ ਘੇਰੇ ਵਿਚੋਂ ਕੱਢ ਕੇ ਵਿਸ਼ਾਲ ਕਰ ਦਿਤਾ ਹੈ। ਇਕ ਮਰਦੀ ਹੋਈ ਤਹਿਜ਼ੀਬ ਦੀ ਗੋਦੀ ਵਿਚ ਮਹਿਕਣ ਵਾਲੇ ਫੁਲਾਂ ਨੂੰ ਪਤਝੜ ਤੋਂ ਬਚਾ ਕੇ ਉਹਦੀ ਮਹਿਕ ਨੂੰ ਸਦੀਵੀ ਬਣਾ ਦਿਤਾ ਹੈ।' ਮੈਂ ਕਿਹਾ।

'ਇਹ ਤੇਰਾ ਕਾਰਨਾਮਾ ਹੈ, ਅਜ਼ਾਦ ਅਤੇ ਬਰਾਬਰੀ ਵਾਲੇ ਹਿੰਦੋਸਤਾਨ 'ਚ ਜਦੋਂ ਸਿਖਿਆ ਆਮ ਹੋ ਜਾਏਗੀ ਤੇ ਸਨਅਤੀ ਜ਼ਿੰਦਗੀ ਸਿਖਰ 'ਤੇ ਆ ਜਾਏਗੀ ਤਾਂ ਇਹੀ ਕਿਸਾਨ ਜੋ ਅਜ ਤੇਰੇ ਖਿਆਲਾਂ ਵਿਚ ਤੈਨੂੰ ਜਲਦੀਆਂ ਅੱਖਾਂ ਨਾਲ ਘੂਰਦੇ ਨੇ, ਤੈਨੂੰ ਮੁਹੱਬਤ ਅਤੇ ਪਿਆਰ ਨਾਲ ਦੇਖ ਕੇ ਮੁਸਕੁਰਾਣਗੇ। ਉਨ੍ਹਾਂ ਦੇ ਬੱਚੇ ਤੈਨੂੰ ਅਕੀਦਤ ਅਤੇ ਦਿਲੀ ਜਜ਼ਬਾਤਾਂ ਨਾਲ ਯਾਦ ਕਰਨਗੇ ਅਤੇ ਫੁਰਸਤ ਵੇਲੇ ਤੇਰੇ ਇਨ੍ਹਾਂ ਮਜਮੂਨਾਂ ਅਤੇ ਕਹਾਣੀਆਂ ਨੂੰ ਪੜ੍ਹ ਕੇ, ਜਿਨ੍ਹਾਂ ਵਿਚ ਤੂੰ ਉਨ੍ਹਾਂ ਦੇ ਪੁਰਖਿਆਂ ਦੇ ਦਿਲਾਂ ਦੀਆਂ ਧੜਕਨਾਂ ਸਮਾ ਦਿਤੀਆਂ ਨੇ, ਤੇ ਇਕ ਵਾਰ ਫਿਰ ਉਹ ਇਸ ਤਹਿਜ਼ੀਬ ਦੀਆਂ ਝਲਕਾਂ ਦੇਖ ਸਕਣਗੇ, ਜੋ ਉਸ ਸਮੇਂ ਤੱਕ ਗੁੰਮ ਹੋ ਚੁਕੀਆਂ ਹੋਣਗੀਆਂ।'

ਉਹ ਮੁਸਕਰਾਣ ਲੱਗਾ

ਅਗਲੇ ਦਿਨ ਮੈਂ ਲਾਹੌਰ ਚਲਾ ਗਿਆ ਤੇ ਬੰਬਈ ਜਾ ਕੇ ਫਿਲਮੀ ਗੀਤ ਲਿਖਣ ਲੱਗਾ। ਥੋੜੇ ਦਿਨਾਂ ਬਾਅਦ ਪਤਾ ਲੱਗਾ ਕਿ ਸਤਿਆਰਥੀ ਨੇ ਲਾਹੌਰ ਛੱਡ ਕੇ ਦਿੱਲੀ ਦੇ ਕਿਸੇ ਅਰਧ ਸਰਕਾਰੀ ਅਖਬਾਰ ਵਿਚ ਨੌਕਰੀ ਕਰ ਲਈ ਏ। ਮੈਨੂੰ ਯਕੀਨ ਹੈ ਕਿ ਹੁਣ ਸਤਿਆਰਥੀ ਦਾ ਲਿਬਾਸ ਪਹਿਲੇ ਵਾਂਗ ਮੈਲਾ ਕੁਚੈਲਾ ਨਹੀਂ ਹੋਵੇਗਾ। ਉਹਦੇ ਬੂਟ ਵੀ ਹੁਣ ਲਾਹੌਰ ਦੇ ਮਸ਼ਹੂਰ ਪ੍ਰਕਾਸ਼ਕ ਦੇ ਬੂਟਾਂ ਵਾਂਗ ਕੀਮਤੀ ਅਤੇ ਚਮਕੀਲੇ ਹੋਣਗੇ। ਨੰਨ੍ਹੀ ਮੁਨ੍ਹੀ ਕਵਿਤਾ ਹੁਣ ਵੱਡੀ ਹੋ ਗਈ ਹੈ ਤੇ ਟਾਂਗੇ ਵਿਚ ਸਕੂਲ ਜਾਂਦੀ ਹੋਵੇਗੀ- ਪਰ ਕਿਸਾਨ?

ਸ਼ਾਇਦ ਸਤਿਆਰਥੀ ਹੁਣ ਵੀ ਉਨ੍ਹਾਂ ਬਾਰੇ ਸੋਚਦਾ ਹੋਵੇਗਾ।

# ਹਿੰਮਤ ਦੀ ਜਿੱਤ: ਵਿਲਮਾ ਰੁਡੋਲਫ਼

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਬੰਦੇ ਦੀ ਸਭ ਤੋਂ ਵੱਡੀ ਤਾਕਤ ਹੈ ਹਿੰਮਤ ਅਤੇ ਕੁਝ ਕਰਨ ਦੀ ਤੀਬਰ ਇੱਛਾ ਤੇ ਦ੍ਰਿੜ ਇਰਾਦਾ। ਜਿੱਥੇ ਇੱਛਾ, ਦ੍ਰਿੜ ਇਰਾਦਾ, ਹਿੰਮਤ ਤੇ ਹੌਂਸਲਾ ਹੋਵੇ ਉਥੇ ਕੁਝ ਵੀ ਕੀਤਾ ਜਾ ਸਕਦਾ ਹੈ। ਸੁਫ਼ਨੇ ਹਕੀਕਤਾਂ ਵਿਚ ਬਦਲੇ ਜਾ ਸਕਦੇ ਹਨ, ਬੰਜਰਾਂ 'ਚ ਬਾਗ਼ ਖਿੜਾਏ ਜਾ ਸਕਦੇ ਤੇ ਉਜਾੜਾਂ ਨੂੰ ਬਹਾਰਾਂ 'ਚ ਬਦਲਿਆ ਜਾ ਸਕਦਾ ਹੈ। ਗ਼ਰੀਬ, ਨਿਤਾਣੇ, ਅਪਾਹਜ ਤੇ ਅਣਗੌਲੇ ਬੱਚੇ ਵੀ ਜੇ ਹਿੰਮਤ ਕਰਨ ਤਾਂ ਉਹ ਜੋ ਨਹੀਂ ਸੋ ਕਰ ਸਕਦੇ ਹਨ। ਇਸੇ ਪ੍ਰਸੰਗ ਵਿਚ 'ਟਰੈਕ ਦੀ ਰਾਣੀ' ਅਮਰੀਕਨ ਅਥਲੀਟ ਵਿਲਮਾ ਰੁਡੋਲਫ਼ ਦੀ ਬਾਤ ਪਾਉਣੀ ਵਾਜਬ ਹੋਵੇਗੀ। ਉਸ ਨੂੰ ਰੋਮ ਓਲੰਪਿਕਸ ਦੇ ਦਰਸ਼ਕਾਂ ਨੇ 'ਟਰੈਕ ਦੀ ਮੁਰਗਾਬੀ' ਦਾ ਖ਼ਿਤਾਬ ਦਿੱਤਾ ਸੀ ਤੇ ਫਰਾਂਸੀਸੀਆਂ ਨੇ ਉਸ ਨੀਗਰੋ ਕੁੜੀ ਨੂੰ 'ਕਾਲਾ ਮੋਤੀ' ਕਹਿ ਕੇ ਵਡਿਆਇਆ ਸੀ। ਫਿਰ ਕਿਸੇ ਨੇ ਉਸ ਨੂੰ 'ਟਾਰਨਾਡੋ' ਕਿਹਾ ਤੇ ਕਿਸੇ ਨੇ 'ਟ੍ਰੈਕ ਸਟਾਰ'।

ਹਾਸ਼ਮ ਸ਼ਾਹ ਦਾ ਕਥਨ 'ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ' ਵਿਲਮਾ 'ਤੇ ਇੰਨ ਬਿੰਨ ਢੁਕਦੈ। ਓਲੰਪਿਕ ਸਟਾਰ ਵਿਲਮਾ ਰੁਡੋਲਫ਼ ਦੀ ਬਾਤ ਪਾਉਂਦਿਆਂ ਮਨ 'ਚ ਆਉਂਦੈ, "ਕੀ ਇੰਜ ਵੀ ਹੋ ਸਕਦੈ? ਗਰੀਬ ਘਰ ਦੀ ਅਪਾਹਜ ਅਤੇ ਬਿਮਾਰ ਰਹਿੰਦੀ ਬੱਚੀ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੀ ਐ ਤੇ ਇਕੋ ਓਲੰਪਿਕਸ ਵਿਚੋਂ ਤਿੰਨ ਗੋਲਡ ਮੈਡਲ ਜਿੱਤ ਸਕਦੀ ਐ!" ਮਨ ਫੇਰ ਆਪੇ ਈ ਆਖਦੈ, "ਕਿਉਂ ਨਹੀਂ ਹੋ ਸਕਦਾ? ਜੋ ਵਿਲਮਾ ਨੇ ਕਰ ਵਿਖਾਇਐ, ਹੋਰ ਬੱਚੇ ਵੀ ਕਰ ਸਕਦੇ ਨੇ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤ ਕਰਨ।"

ਵਿਲਮਾ ਟੱਬਰ ਦੇ ਵਧੇਰੇ ਜੀਆਂ ਵਾਲੇ ਗ਼ਰੀਬ ਪਰਿਵਾਰ ਦੀ ਬੱਚੀ ਸੀ। ਉਸ ਦਾ ਪਿਤਾ ਰੇਲਵੇ ਦਾ ਕੁਲੀ ਸੀ ਜਿਸ ਦਾ ਕੰਮ ਮੁਸਾਫ਼ਰਾਂ ਦਾ ਭਾਰ ਢੋਣਾ ਸੀ। ਉਸ ਦੇ ਦੋ ਵਿਆਹਾਂ 'ਚੋਂ ਬਾਈ ਬੱਚੇ ਸਨ ਜਿਨ੍ਹਾਂ 'ਚ ਵਿਲਮਾ ਵੀਹਵੇਂ ਥਾਂ ਸਤਮਾਹੀ ਜੰਮੀ ਸੀ। ਜੰਮਣ ਸਮੇਂ ਉਸ ਦਾ ਵਜ਼ਨ ਸਿਰਫ਼ ਸਾਢੇ ਚਾਰ ਪੌਂਡ ਸੀ। ਝੀਖ ਜਿਹੀ ਉਸ ਬੱਚੀ ਦੇ ਬਚਣ ਦੀ ਆਸ ਘੱਟ ਹੀ ਸੀ। ਐਡੇ ਪਰਿਵਾਰ 'ਚ ਬੱਚਿਆਂ ਦੀ ਪਾਲਣਾ-ਪੋਸ਼ਣਾ ਕਿਹੋ ਜਿਹੀ ਹੁੰਦੀ ਹੋਵੇਗੀ ਉਹਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ। ਪਰ ਬਲਿਹਾਰੇ ਜਾਈਏ ਬੰਦੇ ਅੰਦਰ ਸੁੱਤੀਆਂ ਸੰਭਾਵਨਾਵਾਂ ਦੇ! ਵਿਲਮਾ ਦੀ ਬਾਤ ਕਮਜ਼ੋਰ, ਬਿਮਾਰ ਤੇ ਅਪਾਹਜ ਬੱਚਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀ ਹੈ।

ਵਿਲਮਾ ਚਹੁੰ ਸਾਲਾਂ ਦੀ ਸੀ ਕਿ ਪੋਲੀਓ ਨਾਲ ਉਹਦੀ ਖੱਬੀ ਲੱਤ ਗ੍ਰਹਿਣੀ ਗਈ ਤੇ ਪੈਰ ਵਿੰਗਾ ਹੋ ਗਿਆ। ਫਿਰ ਮੋਹਰਕੇ ਦਾ ਤਾਪ ਚੜ੍ਹਿਆ ਅਤੇ ਡਬਲ ਨਮੂਨੀਆ ਹੋ ਗਿਆ। ਦੇਸੀ ਇਲਾਜ ਨਾਲ ਮੰਜੇ ਤੋਂ ਤਾਂ ਉਠ ਖੜ੍ਹੀ ਹੋਈ ਪਰ ਉਹਦਾ ਵਧੇਰੇ ਸਮਾਂ ਭੁੰਜੇ ਘਿਸਰਦਿਆਂ ਹੀ ਬੀਤਦਾ। ਬਿਮਾਰੀ ਨੇ ਉਸ ਬੱਚੀ ਨੂੰ ਅਪੰਗ ਬਣਾ ਦਿੱਤਾ ਜਿਸ ਵਿਚ ਉਹਦਾ ਆਪਣਾ ਕੋਈ ਕਸੂਰ ਨਹੀਂ ਸੀ। ਟੀਵੀ ਦੀ ਸਕਰੀਨ ਉਤੇ ਉਹ ਬੱਚਿਆਂ ਨੂੰ ਛਾਲਾਂ ਦੁੜੰਗੇ ਲਾਉਂਦਿਆਂ ਵੇਖਦੀ ਤਾਂ ਉਹਦਾ ਮਨ ਵੀ ਦੁੜੰਗੇ ਲਾਉਣ ਨੂੰ ਮਚਲਦਾ ਪਰ ਉਹਦੀ ਕੋਈ ਪੇਸ਼ ਨਾ ਜਾਂਦੀ। ਭੈਣਾਂ ਉਹਨੂੰ ਸਕੂਲੇ ਲੈ ਜਾਂਦੀਆਂ ਜਿਥੇ ਉਹ ਬਾਸਕਟਬਾਲ ਖੇਡਦੀਆਂ ਕੁੜੀਆਂ ਨੂੰ ਵੇਖ ਕੇ ਤਾੜੀਆਂ ਮਾਰਦੀ।

ਫਿਰ ਇਕ ਮਾਲਸ਼ੀਏ ਨੇ ਪਰਿਵਾਰ ਨੂੰ ਦੱਸਿਆ, ਜੇ ਵਿਲਮਾ ਦੀਆਂ ਲੱਤਾਂ ਦੀ ਬਾਕਾਇਦਾ ਮਾਲਸ਼ ਕੀਤੀ ਜਾਵੇ ਤਾਂ ਉਹ ਚੱਲ ਸਕਦੀਆਂ ਤੇ ਤਕੜੀਆਂ ਵੀ ਹੋ ਸਕਦੀਆਂ। ਉਸ ਦੀ ਦੱਸੀ ਵਿਧੀ ਅਨੁਸਾਰ ਵਿਲਮਾ ਦੀਆਂ ਮਾਲਸ਼ਾਂ ਕੀਤੀਆਂ ਜਾਣ ਲੱਗੀਆਂ। ਉਹ ਲੰਗੜਾਅ ਕੇ ਤੁਰਨ ਲੱਗ ਪਈ ਤੇ ਬੱਚਿਆਂ ਨਾਲ ਮਾੜਾ ਮੋਟਾ ਖੇਡਣ ਮੱਲ੍ਹਣ ਵੀ ਲੱਗੀ। ਉਹਦੇ ਪੈਰ 'ਚ ਆਰਥੋ ਬੂਟ ਪੁਆ ਕੇ ਕਸਰਤਾਂ ਕਰਾਈਆਂ ਤਾਂ ਉਹਦੀ ਪੋਲੀਓ ਮਾਰੀ ਲੱਤ ਵੀ ਚੱਲ ਪਈ। ਬੱਚਿਆਂ ਨੂੰ ਖੇਡਦਿਆਂ ਵੇਖ ਉਹਦਾ ਮਨ ਵੀ ਖੇਡਣ ਲਈ ਉਤੇਜਿਤ ਹੋ ਜਾਂਦਾ। ਉਹ ਲੰਗੜਾਅ ਕੇ ਦੌੜਦੀ ਪਰ ਦੌੜਦਿਆਂ ਡਿੱਗ ਪੈਂਦੀ। ਫਿਰ ਉਠਦੀ, ਫਿਰ ਦੌੜਦੀ ਤੇ ਫਿਰ ਡਿੱਗਦੀ। ਉਹ ਹਿੰਮਤੀ ਬਹੁਤ ਸੀ। ਡਿੱਗਣ ਢਹਿਣ ਦੀ ਪਰਵਾਹ ਕੀਤੇ ਬਿਨਾਂ ਉਹ ਕਸਰਤਾਂ ਕਰੀ ਗਈ ਤੇ ਖੇਡ ਅਭਿਆਸ ਕਰਦਿਆਂ ਬਾਸਕਟਬਾਲ ਦੀ ਚੰਗੀ ਖਿਡਾਰਨ ਬਣ ਗਈ। ਉਸ ਦਾ ਕੱਦ ਵੀ ਕਾਫੀ ਲੰਮਾ ਹੋ ਗਿਆ ਜੋ ਬਾਸਕਟਬਾਲ ਖੇਡਣ ਦੇ ਵਧੇਰੇ ਯੋਗ ਸੀ। ਆਖ਼ਰ ਉਹ ਸਕੂਲ ਦੀ ਬਾਸਕਟਬਾਲ ਟੀਮ ਵਿਚ ਚੁਣੀ ਗਈ ਤੇ ਸਟੇਟ ਪੱਧਰ ਤਕ ਖੇਡੀ। ਉਹ ਦਸਵੀਂ 'ਚ ਪੜ੍ਹਦੀ ਸੀ ਜਦੋਂ ਦੌੜਾਂ ਦੇ ਕੋਚ ਐਡ ਟੈਂਪਲ ਦੀ ਨਜ਼ਰੇ ਚੜ੍ਹੀ। ਉਹ ਉਹਦੇ ਅਸਾਧਾਰਨ ਲੰਮੇ ਕਦਮਾਂ ਤੋਂ ਹੈਰਾਨ ਸੀ!



ਅਜੇ ਉਹ ਪੰਦਰਵੇਂ ਸਾਲ 'ਚ ਸੀ ਕਿ ਉਹਦਾ ਕੱਦ ਛੇ ਫੁੱਟ ਉੱਚਾ ਹੋ ਗਿਆ। ਉਹ ਪੋਲੀਓ ਵਾਲੀ ਲੱਤ 'ਤੇ ਜੁਰਾਬ ਚੜ੍ਹਾ ਕੇ ਰੱਖਦੀ। ਪੋਲੀਓ ਨਾਲ ਵਿੰਗਾ ਹੋਇਆ ਪੈਰ ਉਸ ਨੇ ਵਿਸ਼ੇਸ਼ ਬੂਟ ਪਾ ਕੇ ਸਿੱਧਾ ਕਰ ਲਿਆ ਸੀ। ਉਸ ਦੀਆਂ ਲੱਤਾਂ, ਉਪਰਲੇ ਜੁੱਸੇ ਦੀ ਨਿਸਬਤ ਲੰਮੇਰੀਆਂ ਸਨ। 1956 'ਚ ਮੈਲਬੌਰਨ ਦੀਆਂ ਓਲੰਪਿਕ ਖੇਡਾਂ ਆਈਆਂ ਤਾਂ ਵਿਲਮਾ ਅਮਰੀਕਾ ਦੀ ਅਥਲੈਟਿਕਸ ਟੀਮ ਵਿਚ ਚੁਣੀ ਗਈ। ਸੋਲ੍ਹਵਾਂ ਜਨਮ ਦਿਨ ਉਸ ਨੇ ਮੈਲਬੌਰਨ ਵਿਚ ਮਨਾਇਆ। ਉਥੇ ਉਹ 4×100 ਮੀਟਰ ਰਿਲੇਅ ਦੌੜ 'ਚੋਂ ਤਾਂਬੇ ਦਾ ਤਮਗ਼ਾ ਜਿੱਤੀ। ਆਸਟ੍ਰੇਲੀਆ ਦੀ ਅਥਲੀਟ ਬੈਟੀ ਕਥਬਰਟ ਨੇ 100, 200 ਤੇ 400 ਮੀਟਰ ਦੌੜਾਂ 'ਚੋਂ ਸੋਨੇ ਦੇ ਤਗ਼ਮੇ ਜਿੱਤੇ ਤਾਂ ਵਿਲਮਾ ਨੇ ਮਨ 'ਚ ਧਾਰ ਲਿਆ ਕਿ ਹੋਰ ਚਹੁੰ ਸਾਲਾਂ ਤਕ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਉਹ ਵੀ ਬੈਟੀ ਕਥਬਰਟ ਵਾਂਗ ਤਿੰਨ ਗੋਲਡ ਮੈਡਲ ਜਿੱਤ ਕੇ ਵਿਖਾਵੇਗੀ!

ਐਡ ਟੈਂਪਲ ਦੀ ਕੋਚਿੰਗ, ਵਿਲਮਾ ਦੀ ਲਗਨ, ਮਿਹਨਤ ਤੇ ਸਿਰੜ ਨੇ ਚੰਗੇ ਸਿੱਟੇ ਕੱਢੇ। ਵਿਲਮਾ ਜਿਸ ਮੁਕਾਬਲੇ ਵਿਚ ਵੀ ਜਾਂਦੀ ਧੰਨ-ਧੰਨ ਕਰਾ ਕੇ ਮੁੜਦੀ। ਮੁਰਗ਼ਾਬੀ ਵਾਂਗ ਟਰੈਕ ਦੀਆਂ ਤਾਰੀਆਂ ਲਾਉਂਦੀ। ਉਹਦਾ ਰੰਗ ਪੱਕਾ ਸੀ ਜੋ ਧੁੱਪਾਂ 'ਚ ਤਪ ਕੇ ਲੋਹੇ-ਰੰਗੀ ਭਾਅ ਮਾਰਨ ਲੱਗ ਪਿਆ ਸੀ। ਨੈਣ ਨਕਸ਼ ਭਾਵੇਂ ਦਿਲਖਿਚਵੇਂ ਨਹੀਂ ਸਨ ਪਰ ਚਾਲ ਢਾਲ ਵਿਚ ਬੜੀ ਖਿੱਚ ਸੀ। ਉਹਦਾ ਨੱਕ ਨਿੱਕਾ ਤੇ ਮੋਟਾ ਸੀ ਪਰ ਸਿਹਲੀਆਂ ਤਰਾਸ਼ ਕੇ ਰੱਖਦੀ ਸੀ। ਬਾਹਾਂ ਪਤਲੀਆਂ ਤੇ ਸਿਰ ਉਤੇ ਨਿੱਕੇ ਪਟੇ ਸਨ ਜੋ ਦੌੜਦਿਆਂ ਨਿੱਕੀਆਂ ਨਿੱਕੀਆਂ ਛਾਲਾਂ ਮਾਰਦੇ।

ਰੋਮ ਦੀਆਂ ਓਲੰਪਿਕ ਖੇਡਾਂ-1960 ਲਈ ਵਿਲਮਾ ਫਿਰ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਮਸ਼ਹੂਰ ਮੁੱਕੇਬਾਜ਼ ਮੁਹੰਮਦ ਅਲੀ ਦਾ ਨਾਂ ਉਦੋਂ ਕੈਸ਼ੀਅਸ ਕਲੇਅ ਸੀ ਅਤੇ ਉਹ ਵੀ ਅਮਰੀਕਾ ਦੇ ਦਲ ਵਿਚ ਸ਼ਾਮਲ ਸੀ। ਨੀਗਰੋ ਨਸਲ ਦੇ ਇਹ ਦੋਵੇਂ ਖਿਡਾਰੀ ਉਦੋਂ ਵੀਹਵੇਂ ਸਾਲ ਵਿਚ ਸਨ। ਬੈਟੀ ਵਾਂਗ ਸੋਨੇ ਦੇ ਤਿੰਨ ਤਗ਼ਮੇ ਜਿੱਤਣ ਦੀ ਚਿਣਗ ਉਸ ਨੂੰ ਟੇਕ ਨਹੀਂ ਸੀ ਆਉਣ ਦੇ ਰਹੀ। ਦੌੜ ਮੁਕਾਬਲੇ ਸ਼ੁਰੂ ਹੋਏ ਤਾਂ ਵਿਲਮਾ ਦਾ ਇਕ ਪੈਰ ਟੇਢਾ ਪੈ ਗਿਆ ਜਿਸ ਨਾਲ ਮੋਚ ਆ ਗਈ। ਪਰ ਉਹ ਪੈਰ ਦੇ ਦਰਦ ਨਾਲ ਵੀ ਦੌੜਦੀ ਗਈ ਤੇ ਆਪਣੀ ਹੀਟ ਵਿਚੋਂ ਪ੍ਰਥਮ ਆਈ। ਆਖ਼ਰ ਉਹ 100 ਮੀਟਰ ਦੌੜ ਦੇ ਫਾਈਨਲ ਵਿਚ ਅੱਪੜ ਗਈ। ਤਦ ਸਭ ਦੀਆਂ ਨਜ਼ਰਾਂ ਇਸ ਲੰਮੀ ਝੰਮੀ ਨੀਗਰੋ ਕੁੜੀ ਉਤੇ ਸਨ। ਸਟਾਰਟ ਦੇ ਫਾਇਰ ਨਾਲ ਉਹ ਗੋਲੀ ਵਾਂਗ ਨਿਕਲੀ ਤੇ 11.0 ਸਕਿੰਟ ਦੇ ਰਿਕਾਰਡ ਸਮੇਂ ਨਾਲ ਸੋਨ-ਤਗ਼ਮਾ ਜਿੱਤ ਗਈ। ਫਿਰ 200 ਮੀਟਰ ਦੌੜ ਦਾ ਸੋਨ-ਤਗ਼ਮਾ ਵੀ ਜਿੱਤ ਗਈ ਤੇ 4+100 ਰੀਲੇਅ ਦੌੜ ਦਾ ਗੋਲਡ ਮੈਡਲ ਵੀ। 200 ਮੀਟਰ ਦਾ ਸਮਾਂ ਸੀ 23.2 ਸੈਕੰਡ ਤੇ ਰੀਲੇਅ ਦੌੜ ਦਾ 44.5 ਸੈਕੰਡ।

ਇਕੋ ਓਲੰਪਿਕਸ 'ਚੋਂ ਸੋਨੇ ਦੇ ਤਿੰਨ ਤਗਮੇ ਜਿੱਤਣ ਵਾਲੀ ਉਹ ਅਮਰੀਕਾ ਦੀ ਪਹਿਲੀ ਦੌੜਾਕ ਬਣੀ। ਅਪੰਗ ਤੋਂ ਓਲੰਪਿਕ ਚੈਂਪੀਅਨ ਬਣੀ ਉਸ ਲੜਕੀ ਨੇ ਸਾਰੀ ਦੁਨੀਆਂ ਵਿਚ ਬੱਲੇ ਬੱਲੇ ਕਰਾ ਦਿੱਤੀ। ਉਹਦੀਆਂ ਜਿੱਤਾਂ ਨੇ ਦੁਨੀਆ ਭਰ 'ਚ ਸੰਦੇਸ਼ ਦਿੱਤਾ ਕਿ ਜਨਮੋਂ ਕੋਈ ਕਿੰਨਾ ਵੀ ਕਮਜ਼ੋਰ ਜਾਂ ਬਚਪਨ ਵਿਚ ਕਿੰਨਾ ਵੀ ਬਿਮਾਰ ਕਿਉਂ ਨਾ ਰਿਹਾ ਹੋਵੇ, ਜੇਕਰ ਉਹਦੇ ਵਿਚ ਕੁਝ ਕਰ ਵਿਖਾਉਣ ਦਾ ਜਜ਼ਬਾ ਤੇ ਹਿੰਮਤ ਹੈ ਤਾਂ ਉਹ ਜੋ ਚਾਹੇ ਕਰ ਸਕਦੈ। ਪੰਜਾਬੀ ਦੇ ਕਵੀ ਧਨੀ ਰਾਮ ਚਾਤ੍ਰਿਕ ਦਾ ਵੀ ਕਥਨ ਹੈ: ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ। ਖੇਡ ਸਹੂਲਤਾਂ ਖਿਡਾਰੀਆਂ ਦੀ ਆਪੋ ਆਪਣੀ ਲਗਨ, ਮਿਹਨਤ, ਹਿੰਮਤ ਤੇ ਜਿੱਤਾਂ ਜਿੱਤਣ ਦੇ ਦ੍ਰਿੜਤਾ ਨੂੰ ਹੀ ਸਾਣ ਚਾੜ੍ਹਦੀਆਂ ਹਨ।

ਤੰਗੀਆਂ ਤੁਰਸ਼ੀਆਂ ਵਾਲੇ ਘਰ ਦੀ ਜੰਮੀ ਜਾਈ ਵਿਲਮਾ ਵਾਵਰੋਲੇ ਵਾਂਗ ਚੜ੍ਹੀ ਤੇ ਅੰਬਰਾਂ 'ਚ ਬਿਜਲੀ ਵਾਂਗ ਲਿਸ਼ਕੀ। ਉਹਦੀ ਚਮਕ ਦਮਕ ਨੇ ਸਾਧਨ ਸੰਪੰਨ ਤੇ ਸਾਧਨ ਵਿਹੂਣੇ ਸਭਨਾਂ ਲੋਕਾਂ ਨੂੰ ਚੁੰਧਿਆ ਦਿੱਤਾ। ਵਿਲਮਾ ਨੇ ਜੋ ਕੀਤਾ, ਆਪਣੇ ਇਰਾਦੇ, ਮਿਹਨਤ ਤੇ ਸਾਹਸ ਨਾਲ ਕੀਤਾ। ਜੇ ਕਿਤੇ ਅਸਫ਼ਲ ਹੋਈ ਤਾਂ ਵੀ ਆਪਣੀ ਕਿਸੇ ਕਮੀ ਕਮਜ਼ੋਰੀ ਕਾਰਨ ਹੋਈ। ਉਸ ਨੇ ਆਪਣੇ ਨਾਲ ਪੜ੍ਹਦੇ ਸਾਥੀ ਰੌਬਰਟ ਐਲਡਰਿਜ ਨਾਲ ਲਵ-ਮੈਰਿਜ ਕੀਤੀ। ਚਾਰ ਬੱਚੇ ਵੀ ਹੋਏ ਪਰ ਅਧੇੜ ਉਮਰ ਵਿਚ ਉਨ੍ਹਾਂ ਦੀ ਬਣ ਨਾ ਸਕੀ ਤੇ ਤਲਾਕ ਹੋ ਗਿਆ। ਅਮਰੀਕਾ 'ਚ ਤਲਾਕ ਸਾਧਾਰਨ ਵਰਤਾਰਾ ਸਮਝਿਆ ਜਾਂਦਾ ਹੈ। ਵੈਸੇ ਵਿਲਮਾ ਦੀ ਡੇਟਿੰਗ ਉਹਦੇ ਹਾਣ ਦੇ ਮੁਹੰਮਦ ਅਲੀ ਨਾਲ ਵੀ ਹੋਈ ਸੀ ਪਰ ਸੰਜੋਗ ਨਹੀਂ ਸਨ ਰਲ਼ੇ। ਉਂਜ ਅਲੀ ਨੇ ਵੀ ਚਾਰ ਵਿਆਹ ਕਰਾਏ ਜਦ ਕਿ ਵਿਲਮਾ ਨੇ ਦੋਂਹ ਨਾਲ ਹੀ ਸਾਰ ਲਿਆ! ਮੁਹੰਮਦ ਅਲੀ ਬਾਰੇ ਕਦੇ ਫੇਰ ਲਿਖਾਂਗਾ।

ਵਿਲਮਾ ਨੇ ਆਪਣੀ ਸਵੈ-ਜੀਵਨੀ ਲਿਖੀ ਅਤੇ ਹਾਲੀਵੁੱਡ ਨੇ 'ਵਿਲਮਾ' ਨਾਂ ਦੀ ਫ਼ਿਲਮ ਬਣਾਈ। ਉਸ ਨੇ ਆਪਣੇ ਜੀਵਨ ਵਿਚ ਕਈ ਕਿੱਤੇ ਅਪਣਾਏ ਤੇ ਕਈ ਛੱਡੇ। ਕਈ ਸ਼ਹਿਰਾਂ ਵਿਚ ਕਿਆਮ ਕੀਤਾ। ਕਦੇ ਇੰਡੀਅਨਐਪੋਲਿਸ, ਸੇਂਟ ਲੂਈਸ, ਡਿਟਰਾਇਟ ਤੇ ਕਦੇ ਸ਼ਿਕਾਗੋ। ਉਹ ਅਧਿਆਪਕ, ਲੈਕਚਰਾਰ, ਖੋਜਕਾਰ, ਕੁਮੈਂਟੇਟਰ, ਮਾਡਲ ਤੇ ਮਿਸ਼ਨਰੀ ਬਣੀ। ਤਲਾਕ ਹੋ ਜਾਣ ਪਿਛੋਂ ਉਸ ਨੇ ਵਿਲਮਾ ਰੁਡੋਲਫ਼ ਫਾਊਂਡੇਸ਼ਨ ਬਣਾਈ ਜਿਸ ਲਈ ਲੱਖਾਂ ਡਾਲਰ ਖ਼ੁਦ ਪਾਏ ਤੇ ਬਾਕੀ 'ਕੱਠੇ ਕੀਤੇ। ਇਹ ਫਾਊਂਡੇਸ਼ਨ ਸਾਧਨ ਵਿਹੂਣੇ ਬੱਚਿਆਂ ਨੂੰ ਸਾਧਨ ਮੁਹੱਈਆ ਕਰਦੀ ਹੈ ਤਾਂ ਜੋ ਜੀਹਦੇ ਅੰਦਰ ਵੀ ਅੱਗ ਦੀ ਚਿਣਗ ਮਘਣਾ ਚਾਹੁੰਦੀ ਹੈ, ਉਹ ਮਘ ਸਕੇ, ਜਗ ਸਕੇ ਤੇ ਆਪਣਾ ਆਲਾ-ਦੁਆਲਾ ਰੁਸ਼ਨਾ ਸਕੇ।

1994 ਵਿਚ ਵਿਲਮਾ ਦੀ ਮਾਂ ਗੁਜ਼ਰ ਗਈ। ਉਸ ਤੋਂ ਤੁਰੰਤ ਬਾਅਦ ਵਿਲਮਾ ਨੂੰ ਆਪਣੇ ਬ੍ਰੇਨ ਟਿਊਮਰ ਦਾ ਪਤਾ ਲੱਗਾ। ਉਸ ਨੂੰ ਗਲੇ ਦਾ ਕੈਂਸਰ ਵੀ ਹੋ ਗਿਆ। ਇਲਾਜ ਦੇ ਬਾਵਜੂਦ 12 ਨਵੰਬਰ 1994 ਨੂੰ ਉਸ ਦਾ ਆਪਣੇ ਜੱਦੀ ਸ਼ਹਿਰ ਨੈਸ਼ਵਿਲੇ ਵਿਚ ਦੇਹਾਂਤ ਹੋ ਗਿਆ। ਉਸ ਦੀ ਮੌਤ ਦੇ ਸੋਗ ਵਿਚ ਟੈਨੈਸੀ ਸਟੇਟ ਦੇ ਝੰਡੇ ਝੁਕਾਏ ਗਏ। ਉਸ ਦੀ ਦੇਹ ਦਫਨਾਉਣ ਸਮੇਂ ਉਹਦੇ ਚਾਰੇ ਪੁੱਤਰ, ਅੱਠ ਪੋਤੇ ਪੋਤਰੀਆਂ ਤੇ ਦਰਜਨਾਂ ਰਿਸ਼ਤੇਦਾਰ ਮੌਜੂਦ ਸਨ। ਉਸ ਦੇ ਫੈਨ ਵੀ ਅਣਗਿਣਤ ਸਨ। ਉਸ ਨੂੰ ਜਿਉਂਦੇ ਜੀਅ ਅਨੇਕਾਂ ਅਵਾਰਡ ਮਿਲੇ ਸਨ। ਮਰਨ ਉਪਰੰਤ ਉਸ ਦੀ ਯਾਦ ਵਿਚ ਅਵਾਰਡ ਜਾਰੀ ਕੀਤੇ ਗਏ। ਇਕ ਅਵਾਰਡ ਦਾ ਨਾਂ 'ਵਿਲਮਾ ਰੁਡੋਲਫ਼ ਹਿੰਮਤ ਅਵਾਰਡ' ਹੈ ਜੋ ਪ੍ਰਸਿੱਧ ਮਹਿਲਾ ਅਥਲੀਟ ਜੈਕੀ ਜਾਇਨਰ ਕਰਸੀ ਨੂੰ ਮਿਲਿਆ। ਇਕ ਸਕੂਲ ਦਾ ਨਾਂ, ਇਕ ਸੜਕ ਦਾ ਤੇ ਇਕ ਸਟੇਡੀਅਮ ਦਾ ਨਾਂ ਵਿਲਮਾ ਰੁਡੋਲਫ਼ ਦੇ ਨਾਂ ਉਤੇ ਰੱਖੇ ਗਏ। ਉਹਦੀ ਯਾਦ ਵਿਚ ਉਹਦਾ ਤਾਂਬੇ ਦਾ ਬੁੱਤ ਸਥਾਪਤ ਕੀਤਾ ਗਿਆ ਤੇ ਡਾਕ ਟਿਕਟ ਜਾਰੀ ਕੀਤੀ ਗਈ। ਕਈ ਲੇਖਕਾਂ ਨੇ ਉਹਦੀਆਂ ਜੀਵਨੀਆਂ ਲਿਖੀਆਂ ਤੇ ਕਈ ਫਿਲਮ ਪ੍ਰੋਡਿਊਸਰਾਂ ਨੇ ਫਿਲਮਾਂ ਬਣਾਈਆਂ। ਉਹ ਹਿੰਮਤ ਦੇ ਹੌਂਸਲੇ ਦੀ ਸਾਕਾਰ ਮੂਰਤ ਸੀ। ਉਹਦੀ ਬਾਤ ਵਿਸ਼ਵ ਭਰ ਦੇ ਨਿਤਾਣੇ, ਨਿਮਾਣੇ, ਅਪਾਹਜ ਤੇ ਬਿਮਾਰ ਬੱਚਿਆਂ ਨੂੰ ਉਤਸ਼ਾਹਿਤ ਕਰਦੀ ਰਹੇਗੀ। ਉਨ੍ਹਾਂ ਅੰਦਰ ਵੀ ਅੰਬਰਾਂ ਨੂੰ ਛੂਹਣ ਦੀਆਂ ਅੰਗੜਾਈਆਂ ਜਨਮ ਲੈਣਗੀਆਂ ਜੋ ਗੁਜ਼ਰ ਗਈ ਵਿਲਮਾ ਰੁਡੋਲਫ਼ ਦੀ ਰੂਹ ਨੂੰ ਸਕੂਨ ਦੇਣਗੀਆਂ!


# ਬੇਟਾ! ਪਲੀਜ਼ ਦੇਖ ਲੈ ਮੂਵੀ

ਮੈਂ ਪੰਜਾਬ ਦੇ ਪੇਂਡੂ ਕਿਸਾਨੀ ਪਰਿਵਾਰ ਵਿਚ ਜੰਮਿਆ ਪਲਿਆ ਹਾਂ। 1981-82 ਵਿਚ ਜਦੋਂ ਮੈਂ 10-11 ਸਾਲ ਦਾ ਸੀ ਤਾਂ ਟੈਲੀਵਿਜ਼ਨ ਅਤੇ ਸਿਨੇਮਾ ਪੇਂਡੂ ਪਰਿਵਾਰਾਂ ਵਿਚ ਇੰਨਾ ਸਨਮਾਨਯੋਗ ਸਥਾਨ ਨਹੀਂ ਰੱਖਦੇ ਸਨ। ਭਾਵੇਂ ਅਸੀਂ ਗਾਹੇ-ਬਗਾਹੇ ਪੰਜਾਬੀ ਫਿਲਮਾਂ ਘਰਦਿਆਂ ਤੋਂ ਚੋਰੀ ਟੈਲੀਵਿਜ਼ਨ ਜਾਂ ਥੋੜ੍ਹੇ ਵੱਡੇ

ਜਸਵੀਰ ਸਿੰਘ ਬੈਂਸ
ਐਟਲਾਂਟਾ, ਜਾਰਜੀਆ
ਫੋਨ: 770-715-8835

ਹੋ ਕੇ ਨੇੜੇ ਦੇ ਸ਼ਹਿਰਾਂ ਵਿਚ ਵੇਖ ਲਿਆ ਕਰਦੇ ਸਾਂ ਪਰ ਇਹ ਕਦੀ ਵੀ ਪਰਿਵਾਰ ਦੀ ਸਨਮਾਨਯੋਗ ਜਾਂ ਸਤਿਕਾਰਤ ਸਹਿਮਤੀ ਨਹੀਂ ਹੁੰਦੀ ਸੀ। ਹਮੇਸ਼ਾ ਚੋਰੀ ਛੁਪੇ ਦੀ ਆਦਤ ਬਣੀ ਰਹਿੰਦੀ ਸੀ। ਸਗੋਂ ਪਤਾ ਲੱਗਣ 'ਤੇ ਝਾੜ ਝੰਬ ਦਾ ਸਬੱਬ ਬਣ ਜਾਂਦਾ ਸੀ।

ਅੱਜ ਅਮਰੀਕਾ ਵਿਚ ਜਨਮੇ ਅਤੇ ਪਲ ਰਹੇ ਸਾਡੇ ਬੱਚੇ ਜਿੱਥੇ ਇੱਥੋਂ ਦੇ ਵਿਦਿਅਕ ਅਤੇ ਮਨ ਪ੍ਰਚਾਵੇ ਦੇ ਖੇਤਰਾਂ ਵਿਚ ਆਪਣੀ ਪਸੰਦ ਅਤੇ ਸਮਝ ਅਨੁਸਾਰ ਅੱਗੇ ਤੋਂ ਅੱਗੇ ਵਧ ਰਹੇ ਹਨ ਤਾਂ ਔਸਤ ਪੰਜਾਬੀ ਪਰਿਵਾਰਾਂ ਵਿਚ ਜਿੱਥੇ ਬੱਚਿਆਂ ਦੀਆਂ ਸਥਾਨਕ ਪ੍ਰਾਪਤੀਆਂ 'ਤੇ ਮਾਣ ਕੀਤਾ ਜਾਂਦਾ ਹੈ ਉਥੇ ਹੀ ਆਪਣੇ ਬੱਚਿਆਂ ਦੇ ਪੰਜਾਬੀ ਪਿਛੋਕੜ ਨਾਲੋਂ ਟੁੱਟਣ ਦਾ ਹੌਲ ਵੀ ਦਿਲ ਨੂੰ ਪੈਂਦਾ ਰਹਿੰਦਾ ਹੈ। ਜਦੋਂ ਪੰਜਾਬ ਦੇ ਲਗਵਾਏ ਗੇੜੇ ਅਤੇ ਗੁਰੂ ਘਰਾਂ ਦੀਆਂ ਪੰਜਾਬੀ ਕਲਾਸਾਂ ਦੀ ਪ੍ਰਾਪਤੀ ਵੀ ਬਹੁਤਾ ਗਿਣਨਯੋਗ ਨਹੀਂ ਲੱਗਦੀ ਤਾਂ ਮਾਪੇ ਚਿੰਤਾਤੁਰ ਹੋਣ ਲੱਗਦੇ ਹਨ। ਬੱਚਿਆਂ ਨੂੰ ਪੰਜਾਬੀ ਪੜ੍ਹਨਾ ਤੇ ਲਿਖਣਾ ਬੋਰਿੰਗ ਕਾਰਜ ਜਾਪਦਾ ਹੈ। ਅੰਗਰੇਜ਼ੀ ਵਿਚ ਲਿਖੇ ਗਏ ਗੁਟਕਾ ਸਾਹਿਬ ਤੋਂ ਬੱਚੇ ਪਾਠ ਤਾਂ ਕਰ ਲੈਂਦੇ ਹਨ ਪਰ ੳ, ਅ ਦਾ ਇਕ ਸਫ਼ਾ ਵੀ ਲਿਖ ਸਕਣਾ ਉਨ੍ਹਾਂ ਵਾਸਤੇ ਭਵਜਲ ਪਾਰ ਕਰਨ ਦੇ ਤੁਲ ਹੈ।



ਜਦੋਂ ਸਭ ਹਥਿਆਰ ਖੁੰਢੇ ਹੋਏ ਜਾਪਦੇ ਹਨ ਤਾਂ ਪੰਜਾਬੀ ਫਿਲਮਾਂ ਹੀ ਇਕਮਾਤਰ ਆਸ ਦੀ ਕਿਰਨ ਦਿਖਾਈ ਦਿੰਦੀਆਂ ਹਨ। ਲੱਗਦਾ ਹੈ ਪੰਜਾਬੀ ਫਿਲਮਾਂ ਦਾ ਪੁਲ ਹੀ ਵਿਦੇਸ਼ਾਂ ਵਿਚ ਵੱਡੇ ਹੋ ਰਹੇ ਬੱਚਿਆਂ ਨੂੰ ਪੰਜਾਬੀ ਪਿਛੋਕੜ ਨਾਲ ਜੋੜ ਸਕਦਾ ਹੈ। ਮੈਂ 10-11 ਸਾਲ ਦੀ ਉਮਰ ਵਿਚ ਪੰਜਾਬੀ ਫਿਲਮਾਂ ਵੇਖਣ ਕਰਕੇ ਕਈ ਵਾਰ ਘਰਦਿਆਂ ਤੋਂ ਧੌਣੀ ਲੁਹਾਈ ਸੀ। ਅੱਜ ਆਪਣੇ ਅਮਰੀਕਾ ਵਿਚ ਜਨਮੇ ਤੇ ਪਲ ਰਹੇ ਪੁੱਤ ਨੂੰ ਪੰਜਾਬੀ ਫਿਲਮਾਂ ਵੇਖਣ ਲਈ ਮਨਾਉਣ ਵਾਸਤੇ ਖ਼ੁਦ ਲਾਲਚ ਦਿੰਦਾ ਹਾਂ। ਹਰ ਸ਼ਨਿਚਰਵਾਰ ਉਸ ਨੂੰ ਇਕ ਪੰਜਾਬੀ ਮੂਵੀ ਦੇਖਣ ਲਈ ਦੂਸਰੇ ਦਿਨ ਵਧੀਆ ਰੈਸਟੋਰੈਂਟ ਦਾ ਫੂਡ ਆਫਰ ਕਰਨਾ ਪੈਂਦਾ ਹੈ। ਫਿਰ ਵੀ ਤਸੱਲੀ ਹੁੰਦੀ ਹੈ ਕਿ ਜਦੋਂ ਪੁੱਤਰ ਦੱਸਦਾ ਹੈ ਕਿ ਮੈਂ ਪੰਜਾਬੀ ਮੂਵੀ ਦਾ 40-45% ਹੀ ਸਮਝ ਸਕਿਆ ਹਾਂ। ਮੇਰੇ ਲਈ ਇਹ ਨਿਰਣਾ ਕਰਨਾ ਮੁਸ਼ਕਿਲ ਹੈ ਕਿ ਜਦੋਂ ਮੈਂ 10-11 ਸਾਲ ਦਾ ਸਾਂ ਤਾਂ ਮੈਂ ਗਲਤ ਸੀ ਜਾਂ ਮੇਰੇ ਘਰਦੇ ਅਤੇ ਅੱਜ ਕੌਣ ਠੀਕ ਹੈ ਮੈਂ ਜਾਂ ਮੇਰਾ ਪੁੱਤਰ। ਪਰ ਲੱਗਦਾ ਹੈ ਕਿ ਸਮੇਂ ਦੇ ਚੱਕਰ ਅੱਗੇ ਗ਼ਲਤ-ਠੀਕ ਆਪਣੇ ਅਰਥ ਬਦਲਦੇ ਰਹਿੰਦੇ ਹਨ।

# ਭਾਰਤ ਦੀਆਂ ਵਧਦੀਆਂ ਚੁਣੌਤੀਆਂ

ਦੁਨੀਆ ਔਖੀ ਸੌਖੀ ਮਹਾਮਾਰੀ ਦੇ ਚੱਕਰ 'ਚੋਂ ਨਿਕਲ ਆਈ ਹੈ ਪਰ ਮੈਡੀਕਲ ਅਤੇ ਸਿਹਤ ਨਾਲ ਜੁੜੇ ਇਸ ਦੇ ਅਸਰਾਂ ਤੋਂ ਅਜੇ ਤਾਈਂ ਨਿਜਾਤ ਮਿਲਦੀ ਨਜ਼ਰ ਨਹੀਂ ਆ ਰਹੀ। ਇਹ ਅਸਰ ਕਈ ਤਰ੍ਹਾਂ ਦੇ ਹਨ ਆਰਥਿਕ, ਸਿਆਸੀ ਤੇ ਸਮਾਜਿਕ। ਮਹਾਮਾਰੀ ਦੇ ਅਰਸੇ ਦੌਰਾਨ ਵਾਰ ਵਾਰ ਲੌਕਡਾਊਨ ਲਾਉਣ, ਰੋਕਾਂ ਤੇ ਛੋਟਾਂ, ਘਰ ਤੋਂ ਦਫ਼ਤਰੀ ਕੰਮ, ਫਰਲੋ ਆਦਿ ਦੇ ਰੂਪ ਵਿਚ ਬਹੁਤ ਸਾਰੀ ਉਥਲ-ਪੁਥਲ ਪੈਦਾ ਹੋਈ ਹੈ ਜਿਸ ਕਰਕੇ ਮਨੁੱਖੀ ਜੀਵਨ ਦੇ ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਪਹਿਲੂਆਂ 'ਤੇ ਗਹਿਰੇ ਪ੍ਰਭਾਵ ਪਏ ਹਨ। ਸਾਡਾ ਆਪਣੀ ਨੈਤਿਕਤਾ, ਸਾਡੀਆਂ ਭੌਤਿਕ, ਵਿਗਿਆਨਕ, ਮਾਨਸਿਕ ਤੇ ਵਿੱਤੀ ਸੀਮਾਵਾਂ ਨਾਲ ਸਾਹਮਣਾ ਹੋਇਆ ਹੈ। ਇਨ੍ਹਾਂ ਵਿਸੰਗਤੀਆਂ ਅਤੇ ਇਸ ਦੇ ਨਾਲ ਹੀ ਸਾਧਨਾਂ ਤੇ ਸਮੱਰਥਾਵਾਂ ਦੀਆਂ ਘਾਟਾਂ ਦੇ ਸਿੱਟੇ ਵਜੋਂ ਸਿਆਸੀ, ਆਰਥਿਕ ਤੇ ਸਮਾਜਿਕ ਖੇਤਰਾਂ ਵਿਚ ਪਹਿਲਾਂ ਤੋਂ ਮੌਜੂਦ ਤ੍ਰੇੜਾਂ 'ਤੇ ਦਬਾਅ ਹੋਰ ਵਧ ਗਿਆ। ਅਮਰੀਕਾ, ਯੂਰਪ ਅਤੇ ਹੋਰ ਵਿਕਸਤ ਤੇ ਵਿਕਾਸਸ਼ੀਲ ਅਰਥਚਾਰਿਆਂ ਦੀਆਂ ਸਰਕਾਰਾਂ ਤੇ ਕੇਂਦਰੀ ਬੈਂਕਾਂ ਦੀਆਂ ਵਿੱਤੀ ਤੇ

**ਗੁਰਬਚਨ ਜਗਤ**

ਆਰਥਿਕ ਨੀਤੀਆਂ ਕਰਕੇ ਵਿੱਤੀ ਪ੍ਰਣਾਲੀ ਵਿਚ ਪੂੰਜੀ ਦੇ ਵਹਾਓ ਦਾ ਹੜ੍ਹ ਆ ਗਿਆ ਸੀ ਤੇ ਬਹੁਤ ਜ਼ਿਆਦਾ ਤਰਲਤਾ ਕਰਕੇ ਮਹਿੰਗਾਈ ਦਰਾਂ ਵਿਚ ਬਹੁਤ ਜ਼ਿਆਦਾ ਵਾਧਾ ਹੋ ਗਿਆ। ਯੂਕਰੇਨ ਤੇ ਰੂਸ ਦਰਮਿਆਨ ਜੰਗ ਛਿੜਨ ਕਰਕੇ ਇਹ ਸਮੱਸਿਆ ਹੋਰ ਜ਼ਿਆਦਾ ਸੰਗੀਨ ਹੋ ਗਈ ਹੈ। ਸਿੱਟੇ ਵਜੋਂ ਇਨ੍ਹਾਂ ਕੇਂਦਰੀ ਬੈਂਕਾਂ ਵੱਲੋਂ ਆਪਣੀਆਂ ਕਮਰਾਂ ਕੱਸਣ (ਵਿਆਜ ਦਰਾਂ ਵਧਾ ਕੇ) ਕਰਕੇ ਵਿਕਾਸਸ਼ੀਲ ਅਰਥਚਾਰਿਆਂ 'ਤੇ ਦਬਾਅ ਬਹੁਤ ਵਧ ਗਿਆ ਹੈ। ਸ੍ਰੀਲੰਕਾ, ਰੂਸ ਤੇ ਬੇਲਾਰੂਸ ਪਹਿਲਾਂ ਹੀ ਕਰਜ਼ੇ ਮੋੜਨ ਤੋਂ ਅਸਮਰੱਥ ਹੋ ਚੁੱਕੇ ਹਨ (ਹਾਲਾਂਕਿ ਰੂਸ ਤੇ ਬੇਲਾਰੂਸ ਦੀ ਹਾਲਤ ਲਈ ਜੰਗੀ ਪਾਬੰਦੀਆਂ ਦਾ ਵੀ ਬਰਾਬਰ ਦਾ ਹੱਥ ਹੈ)। 'ਦਿ ਗਾਰਡੀਅਨ' ਅਖ਼ਬਾਰ ਦੇ ਇਕ ਹਾਲੀਆ ਲੇਖ ਮੁਤਾਬਿਕ ਕਰੀਬ ਘੱਟ ਆਮਦਨ ਵਾਲੇ 60 ਫ਼ੀਸਦੀ ਮੁਲਕ ਅਤੇ ਉਭਰਦੀਆਂ ਮੰਡੀਆਂ ਵਾਲੇ ਦੇਸ਼ਾਂ ਦੇ 25 ਫ਼ੀਸਦੀ ਮੁਲਕ ਕਰਜ਼ੇ ਦੇ ਬੋਝ ਹੇਠ ਆ ਚੁੱਕੇ ਹਨ ਜਾਂ ਫਿਰ ਭਾਰੀ ਜੋਖ਼ਮ ਦੀ ਜ਼ੱਦ ਵਿਚ ਹਨ। ਅਮਰੀਕੀ ਡਾਲਰ ਦੀ ਕੀਮਤ ਵਧਣ ਕਰਕੇ ਦੁਨੀਆ ਦੇ ਕਰੰਸੀ ਬਾਜ਼ਾਰ ਲਹੂ ਲੁਹਾਣ ਹੋਏ ਪਏ ਹਨ। ਉਭਰਦੀਆਂ ਮੰਡੀਆਂ ਵਾਲੇ 90 ਫ਼ੀਸਦੀ ਮੁਲਕਾਂ ਦਾ ਕਰਜ਼ਾ ਡਾਲਰ ਵਿਚ ਚੁਕਾਇਆ ਜਾਂਦਾ ਹੈ ਤੇ ਇੰਝ ਡਾਲਰ ਦੀ ਕੀਮਤ ਵਧਣ ਕਰਕੇ ਉਨ੍ਹਾਂ ਸਿਰ ਕਰਜ਼ੇ ਦਾ ਭਾਰ ਹੋਰ ਵਧ ਰਿਹਾ ਹੈ। ਬਹੁਤ ਜ਼ਿਆਦਾ ਕਰਜ਼ੇ ਦੇ ਬੋਝ ਹੇਠਲੇ ਮੁਲਕਾਂ ਅੰਦਰ ਬੌਂਡ ਤੋਂ ਹੋਣ ਵਾਲੀ ਕਮਾਈ ਵਿਚ ਤਿੱਖਾ ਵਾਧਾ ਹੋਇਆ ਹੈ।

ਇਹ ਸਭ ਕੁਝ ਮੈਨੂੰ ਆਪਣੇ ਦੇਸ਼ ਭਾਰਤ ਵੱਲ ਖਿੱਚ ਲਿਆਉਂਦਾ ਹੈ ਜੋ ਇਸ ਗ੍ਰਹਿ 'ਤੇ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣਨ ਦੀ ਤਿਆਰੀ ਵਿਚ ਹੈ। ਇਕ ਅਜਿਹਾ ਦੇਸ਼ ਜੋ ਹੁਣੇ ਹੁਣੇ ਆਪਣਾ 75ਵਾਂ ਆਜ਼ਾਦੀ ਦਿਵਸ ਮਨਾ ਕੇ ਹਟਿਆ ਹੈ ਅਤੇ ਇੰਨੇ ਛੋਟੇ ਅਰਸੇ ਵਿਚ ਦੁਨੀਆ ਦੇ ਚੋਟੀ ਦੇ ਪੰਜ ਜਾਂ ਛੇ ਅਰਥਚਾਰਿਆਂ ਵਿਚ ਆਪਣਾ ਮੁਕਾਮ ਬਣਾ ਲਿਆ ਹੈ, ਫਿਰ ਵੀ ਇਹ ਘੱਟ ਆਮਦਨ ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਤੇ ਇਸ ਦੀ ਵੱਡੀ ਆਬਾਦੀ ਮਸਾਂ ਗੁਜ਼ਾਰਾ ਕਰ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ 80 ਕਰੋੜ ਲੋਕਾਂ ਨੂੰ ਮੁਫ਼ਤ ਕਣਕ ਤੇ ਚੌਲ ਵੰਡੇ ਜਾ ਰਹੇ ਹਨ। ਇਸ ਤਰ੍ਹਾਂ ਦੇ ਹਾਲਾਤ ਨਾਲ ਅਸੀਂ ਕਿਵੇਂ ਸਿੱਝ ਸਕਾਂਗੇ? ਮੈਂ ਪਿਛਲੇ ਦੋ ਸਾਲਾਂ ਦੀਆਂ ਕੌੜੀਆਂ ਯਾਦਾਂ ਤੇ ਤਬਾਹੀ ਦੀ ਤਫ਼ਸੀਲ ਨਹੀਂ ਦੇਣਾ ਚਾਹੁੰਦਾ ਸਗੋਂ ਵਰਤਮਾਨ ਅਤੇ ਆਉਣ ਵਾਲੇ ਦਿਨਾਂ ਦੀ ਚਰਚਾ ਕਰਨਾ ਚਾਹੁੰਦਾ ਹਾਂ। ਜੇ ਅਸੀਂ ਵਿਸ਼ਵ ਵਿਆਪੀ ਭੁੱਖਮਰੀ ਸੂਚਕ ਅੰਕ ਜਾਂ ਆਰਥਿਕ ਨਾ-ਬਰਾਬਰੀ ਬਾਰੇ ਵੱਖ-ਵੱਖ ਕੌਮਾਂਤਰੀ ਏਜੰਸੀਆਂ ਦੇ ਅੰਕੜਿਆਂ ਨੂੰ ਨਜ਼ਰਅੰਦਾਜ਼ ਕਰ ਦੇਈਏ ਤਾਂ ਵੀ ਸਾਡੀ ਰੋਜ਼ਮੱਰਾ ਜ਼ਿੰਦਗੀ ਦੀ ਕਠੋਰ ਹਕੀਕਤ ਤੋਂ ਅਸੀਂ ਮੂੰਹ ਨਹੀਂ ਫੇਰ ਸਕਦੇ। ਪਿਛਲੇ ਕੁਝ ਦਿਨਾਂ ਤੋਂ ਲਖਨਊ ਤੇ ਹੋਰਨਾਂ ਸ਼ਹਿਰਾਂ ਵਿਚ ਯੂ.ਪੀ. ਸਰਕਾਰ ਵੱਲੋਂ ਦਿੱਤੇ ਨੌਕਰੀਆਂ ਦੇ ਇਸ਼ਤਿਹਾਰਾਂ ਦੀ ਭਰਤੀ ਲਈ ਪਹੁੰਚਣ ਵਾਸਤੇ ਮੈਂ ਉੱਤਰ ਪ੍ਰਦੇਸ਼ ਦੇ ਰੇਲਵੇ ਪਲੇਟਫਾਰਮਾਂ 'ਤੇ ਇਕੱਤਰ ਹੋਏ ਨੌਜਵਾਨਾਂ ਦੀਆਂ ਤਸਵੀਰਾਂ ਦੇਖ ਰਿਹਾ ਹਾਂ। ਇਹ ਤਸਵੀਰਾਂ ਤੁਹਾਨੂੰ ਕੁਝ ਦੋ ਕੁ ਸਾਲ ਪਹਿਲਾਂ ਲੌਕਡਾਊਨ ਦੀ ਯਾਦ ਦਿਵਾਉਂਦੀਆਂ ਹਨ ਜਦੋਂ ਲੱਖਾਂ ਮਜ਼ਦੂਰਾਂ ਨੇ ਪੈਦਲ, ਸਾਈਕਲ, ਟਰੱਕਾਂ ਤੇ ਰੇਲਗੱਡੀਆਂ ਆਦਿ ਰਾਹੀਂ ਆਪੋ ਆਪਣੇ ਪਿੰਡਾਂ ਨੂੰ ਚਾਲੇ ਪਾ ਦਿੱਤੇ ਸਨ। ਇਸ ਵਾਰ ਇਉਂ ਲੱਗ ਰਿਹਾ ਹੈ ਜਿਵੇਂ ਪਿੰਡਾਂ ਤੋਂ ਮੁੜ ਸ਼ਹਿਰਾਂ ਵੱਲ ਪਲਾਇਨ ਸ਼ੁਰੂ ਹੋ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਹ ਨੌਜਵਾਨ ਕਿੱਥੇ ਸਨ। ਜ਼ਾਹਿਰ ਹੈ ਕਿ ਜਾਂ ਤਾਂ ਉਹ ਬੇਰੁਜ਼ਗਾਰੀ ਦੀ ਮਾਰ ਝੱਲਦੇ ਰਹੇ ਜਾਂ ਫਿਰ ਮਗਨਰੇਗਾ ਸਕੀਮ ਤਹਿਤ ਕੰਮ ਕਰ ਰਹੇ ਸਨ। ਨੌਜਵਾਨਾਂ ਅੰਦਰ ਸਰਕਾਰੀ ਨੌਕਰੀਆਂ ਦੀ ਦੌੜ ਸਾਬਿਤ ਕਰਦੀ ਹੈ ਕਿ ਖੇਤੀਬਾੜੀ ਖੇਤਰ ਇਨ੍ਹਾਂ ਨੂੰ ਸਮੋ ਨਹੀਂ ਸਕਦਾ। ਉਂਝ ਵੀ ਪਿਛਲੇ ਕਈ ਦਹਾਕਿਆਂ ਤੋਂ ਖੇਤੀ ਜੋਤਾਂ ਸੁੰਗੜ ਰਹੀਆਂ ਹਨ ਤੇ ਸਰਕਾਰੀ ਨੀਤੀਆਂ ਨੇ ਖੇਤੀਬਾੜੀ ਖੇਤਰ ਨੂੰ ਵਿਸਾਰਿਆ ਹੋਣ ਕਰਕੇ ਇਸ ਖੇਤਰ ਉਪਰ ਬੁਰੀ ਮਾਰ ਪੈਂਦੀ ਆ ਰਹੀ ਹੈ।

ਇਸ ਪੱਧਰ ਦੀ ਬੇਰੁਜ਼ਗਾਰੀ, ਰੁਪਏ ਦੀ ਡਿੱਗਦੀ ਕੀਮਤ, ਵਧ ਰਹੀ ਮਹਿੰਗਾਈ ਤੇ ਨਾਬਰਾਬਰੀ ਅਤੇ ਸਮੁੱਚੇ ਰੂਪ ਵਿਚ ਕੋਵਿਡ ਮਹਾਮਾਰੀ ਦੀ ਤਬਾਹੀ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸਾਡੇ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਖ਼ਤਰੇ ਵਿਚ ਪੈ ਗਈ ਹੈ। ਦੇਸ਼ ਅੰਦਰ ਕਤਲ, ਲੁੱਟਾਂ-ਖੋਹਾਂ, ਅਗਵਾ, ਬਲਾਤਕਾਰ ਆਦਿ ਅਪਰਾਧਿਕ ਵਾਰਦਾਤਾਂ ਆਮ ਹੋ ਗਈਆਂ ਹਨ। ਇਸ ਸੰਦਰਭ ਵਿਚ ਅੰਕੜਿਆਂ ਦਾ ਹਵਾਲਾ ਦੇਣ ਦੀ ਲੋੜ ਨਹੀਂ ਹੈ। ਮੈਂ ਪੁਲਿਸ ਤੇ ਪ੍ਰਸ਼ਾਸਕੀ ਅਹੁਦਿਆਂ 'ਤੇ ਕੰਮ ਕੀਤਾ ਹੈ ਅਤੇ ਜਾਣਦਾ ਹਾਂ ਕਿ ਅੰਕੜੇ ਕਿਵੇਂ ਅੱਖਾਂ ਵਿਚ ਘੱਟਾ ਪਾਉਣ ਦਾ ਕੰਮ ਦਿੰਦੇ ਹਨ। ਮੁਕਾਮੀ ਤੌਰ 'ਤੇ ਅਮਨ ਕਾਨੂੰਨ



ਦੀ ਸਥਿਤੀ ਦੀ ਸਹੀ ਝਲਕ ਪਾਉਣ ਲਈ ਸਹੀ ਸਵਾਲ ਇਹ ਹੁੰਦਾ ਹੈ ਕਿ ਕਿਸੇ ਇਲਾਕੇ ਦੇ ਲੋਕ ਸੁਰੱਖਿਅਤ ਮਹਿਸੂਸ ਕਰਦੇ ਹਨ ਜਾਂ ਨਹੀਂ? ਕਿਸੇ ਅੰਕੜੇ ਨਾਲੋਂ ਇਹ ਤਸਵੀਰ ਹਾਲਾਤ ਨੂੰ ਬਿਹਤਰ ਢੰਗ ਨਾਲ ਬਿਆਨ ਕਰਦੀ ਹੈ। ਇਸ ਲਿਹਾਜ਼ ਤੋਂ ਸ਼ਹਿਰੀ ਖੇਤਰਾਂ ਖ਼ਾਸਕਰ ਉੱਤਰ ਅਤੇ ਉੱਤਰੀ ਪੂਰਬੀ ਭਾਰਤ ਦੇ ਵੱਡੇ ਸ਼ਹਿਰਾਂ ਦੇ ਲੋਕ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਸਮੂਹਿਕ ਜਬਰ-ਜਨਾਹ ਜਿਹੀਆਂ ਸੰਗੀਨ ਘਟਨਾਵਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਾਨੂੰ ਇਹ ਵੀ ਪਤਾ ਨਹੀਂ ਚਲਦਾ ਕਿ ਕਿੰਨੇ ਮੁਲਜ਼ਮਾਂ ਨੂੰ ਸਜ਼ਾ ਦਿੱਤੀ ਗਈ ਹੈ, ਯਕੀਨਨ ਇਸ ਦੀ ਪ੍ਰਤੀਸ਼ਤਤਾ ਮਾਮੂਲੀ ਹੁੰਦੀ ਹੈ। ਅਗਵਾ, ਬਲਾਤਕਾਰ, ਲੁੱਟ ਖੋਹ ਦੀਆਂ ਵਾਰਦਾਤਾਂ ਨਾਲ ਪੀੜਤਾਂ ਤੇ ਵਡੇਰੇ ਰੂਪ ਵਿਚ ਸਮਾਜ ਦੀ ਮਾਨਸਿਕਤਾ 'ਤੇ ਬਹੁਤਾ ਗਹਿਰਾ ਅਸਰ ਪੈਂਦਾ ਹੈ।

ਪਿੰਡਾਂ ਤੇ ਸ਼ਹਿਰਾਂ ਵਿਚ ਅਪਰਾਧਿਕ ਗਰੋਹਾਂ ਦੇ ਉਭਾਰ ਦੇ ਰੂਪ ਵਿਚ ਇਕ ਹੋਰ ਹਾਲੀਆ ਵਰਤਾਰਾ ਦੇਖਣ ਨੂੰ ਮਿਲ ਰਿਹਾ ਹੈ। ਨਿਊਯਾਰਕ, ਸ਼ਿਕਾਗੋ ਤੇ ਸੋਹੋ ਅਤੇ ਪੈਰਿਸ ਜਾਂ ਮੁੰਬਈ ਵਿਚ ਪਨਪਦੀ ਗੈਂਗਬਾਜ਼ੀ ਬਾਰੇ ਸੁਣਿਆ ਕਰਦੇ ਸਾਂ ਪਰ ਹੁਣ ਭਾਰਤ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਵੀ ਇਹ ਗਰੋਹ ਪੈਦਾ ਹੋ ਗਏ ਹਨ। ਉਹ ਆਟੋਮੈਟਿਕ ਹਥਿਆਰ ਤੇ ਸੰਚਾਰ ਉਪਕਰਨ ਲੈ ਕੇ ਸ਼ਰ੍ਹੇਆਮ ਘੁੰਮਦੇ ਹਨ। ਉਹ ਆਪਣੇ ਵੱਲੋਂ ਕੀਤੀਆਂ ਕਤਲ ਦੀਆਂ ਵਾਰਦਾਤਾਂ ਜਾਂ ਕਿਸੇ ਨੂੰ ਧਮਕੀ ਦੇਣ ਦੀ ਜਾਣਕਾਰੀ ਇੰਟਰਨੈੱਟ 'ਤੇ ਪਾਉਂਦੇ ਹਨ। ਗ੍ਰਿਫ਼ਤਾਰੀਆਂ, ਹਥਿਆਰਾਂ ਦੀਆਂ ਬਰਾਮਦਗੀਆਂ ਦੇ ਐਲਾਨ ਵੀ ਆਉਂਦੇ ਰਹਿੰਦੇ ਹਨ ਪਰ ਗਰੋਹ ਪਲਦੇ ਰਹਿੰਦੇ ਹਨ। ਜਾਪਦਾ ਹੈ ਕਿ ਬੇਰੁਜ਼ਗਾਰ ਨੌਜਵਾਨ ਅਤੇ ਇਸ ਧੰਦੇ ਨਾਲ ਜੁੜੀ ਚਮਕ ਦਮਕ ਇਨ੍ਹਾਂ ਦਾ ਸਰੋਤ ਬਣੀ ਹੋਈ ਹੈ। ਕਈ ਗਾਇਕ ਇਨ੍ਹਾਂ ਗਰੋਹਾਂ ਦੇ ਕਸੀਦੇ ਪੜ੍ਹਦੇ ਰਹਿੰਦੇ ਹਨ ਤੇ ਇਉਂ ਇਨ੍ਹਾਂ ਦਾ ਗੁੱਡਾ ਬੰਨ੍ਹ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਦੇਸ਼ ਅੰਦਰ ਨਸ਼ਿਆਂ ਦਾ ਪਸਾਰਾ ਹੋ ਰਿਹਾ ਹੈ ਤੇ ਨਸ਼ਾ ਕਰਨ ਵਾਲਿਆਂ ਤੇ ਵਰਤਾਉਣ ਵਾਲਿਆਂ ਦਾ ਦਾਇਰਾ ਵਧ ਰਿਹਾ ਹੈ। ਕਦੇ ਲੋਕ ਸ਼ਰਾਬ, ਅਫ਼ੀਮ, ਭੰਗ ਦਾ ਸੇਵਨ ਕਰਦੇ ਸਨ ਪਰ ਹੁਣ ਕੋਕੀਨ, ਹੈਰੋਇਨ, ਕਈ ਤਰ੍ਹਾਂ ਦੇ ਮੈਡੀਕਲ ਨਸ਼ਿਆਂ ਦਾ ਚਲਨ ਆਮ ਹੋ ਗਿਆ ਹੈ। ਪਿੰਡਾਂ ਦੇ ਲੋਕ, ਸ਼ਹਿਰੀ ਗ਼ਰੀਬਾਂ ਤੋਂ ਲੈ ਕੇ ਅਮੀਰ ਤਬਕੇ ਤਕ ਸਭ ਇਸ ਦੀ ਲਪੇਟ ਵਿਚ ਆ ਗਏ ਹਨ।

ਤਸਕਰ ਗਰੋਹਾਂ ਦਾ ਜਾਲ ਫੈਲਿਆ ਹੋਇਆ ਹੈ ਤੇ ਇਹ ਬਹੁਤ ਬੱਝਵੇਂ ਢੰਗ ਨਾਲ ਕੰਮ ਕਰਦੇ ਹਨ। ਗੁਜਰਾਤ ਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ ਸਮੇਂ ਸਮੇਂ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਫੜੀਆਂ ਜਾਂਦੀਆਂ ਹਨ ਪਰ ਇਹ ਪਤਾ ਨਹੀਂ ਲੱਗਦਾ ਕਿ ਇਨ੍ਹਾਂ ਸਭ ਪਿੱਛੇ ਕੌਣ ਕੰਮ ਕਰ ਰਿਹਾ ਹੈ? ਪਹਿਲਾਂ ਸਾਨੂੰ ਵੱਡੇ ਤਸਕਰਾਂ, ਫਾਇਨੈਂਸਰਾਂ ਤੇ ਹਰਕਾਰਿਆਂ ਦੇ ਨਾਂ ਪਤਾ ਚੱਲ ਜਾਂਦੇ ਸਨ। ਹੁਣ ਆਮ ਲੋਕਾਂ ਨੂੰ ਇਨ੍ਹਾਂ ਬਾਰੇ ਕੋਈ ਖ਼ਬਰ ਸਾਰ ਨਹੀਂ ਹੈ ਕਿ ਇਹ ਲੋਕ ਕੌਣ ਹਨ। ਉਹ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ ਅਤੇ ਸਾਡੇ ਅਰਥਚਾਰੇ ਤੇ ਸੁਰੱਖਿਆ ਤੰਤਰ ਨੂੰ ਢਾਹ ਲਾ ਰਹੇ ਹਨ। ਉਨ੍ਹਾਂ ਦੇ ਸੂਤਰ ਤੇ ਸਰੋਤ ਮੌਜੂਦ ਹਨ। ਵਿਦੇਸ਼ੀ ਏਜੰਸੀਆਂ ਉਨ੍ਹਾਂ ਨੂੰ ਨਸ਼ੇ ਸਪਲਾਈ ਕਰਦੀਆਂ ਹਨ ਅਤੇ ਇਸ ਦੇ ਇਵਜ਼ ਵਿਚ ਉਹ ਦੇਸ਼ ਅੰਦਰ ਬਦਅਮਨੀ ਫੈਲਾਉਂਦੇ ਹਨ। ਇਸ ਕਰਕੇ ਸਾਨੂੰ ਆਪਣੀਆਂ ਸਰਹੱਦਾਂ ਤੇ ਸਮੁੰਦਰੀ ਤੱਟਾਂ 'ਤੇ ਚੌਕਸੀ ਰੱਖਣ ਦੀ ਲੋੜ ਹੈ ਤੇ ਇਸ ਦੇ ਨਾਲ ਹੀ ਡਰੋਨ ਤਕਨਾਲੋਜੀ ਦੀ ਆਮਦ ਨਾਲ ਆਸਮਾਨ 'ਤੇ ਵੀ ਨਿਗਰਾਨੀ ਰੱਖਣੀ ਪੈਣੀ ਹੈ।

ਉੱਤਰ ਪੂਰਬ, ਪੰਜਾਬ ਤੇ ਜੰਮੂ ਕਸ਼ਮੀਰ ਵਿਚ ਵੱਖਵਾਦੀ ਲਹਿਰਾਂ ਪੈਦਾ ਹੋਈਆਂ ਸਨ। ਹਾਲਾਂਕਿ ਉੱਤਰ ਪੂਰਬੀ ਸੂਬਿਆਂ ਅੰਦਰ ਫਿਲਹਾਲ ਸ਼ਾਂਤੀ ਬਣੀ ਹੋਈ ਹੈ ਪਰ ਸਤਹਿ ਦੇ ਹੇਠਾਂ ਬੇਚੈਨੀ ਚੱਲ ਰਹੀ ਹੈ। ਭਾਰਤ ਸਰਕਾਰ ਦੀ ਮਰਜ਼ੀ ਦੇ ਉਲਟ ਮਿਜ਼ੋਰਮ ਸਰਕਾਰ ਨੇ ਹਜ਼ਾਰਾਂ ਰੋਹਿੰਗਿਆ ਸ਼ਰਨਾਰਥੀਆਂ ਨੂੰ ਮਿਜ਼ੋਰਮ ਵਿਚ ਆਉਣ ਦੀ ਆਗਿਆ ਦੇ ਦਿੱਤੀ। ਜ਼ਿਆਦਾਤਰ ਉੱਤਰ ਪੂਰਬੀ ਸੂਬਿਆਂ ਅੰਦਰ ਮਿਆਂਮਾਰ ਤੇ ਬੰਗਲਾਦੇਸ਼ ਤੋਂ ਤਸਕਰੀ ਹੁੰਦੀ ਹੈ। ਸਾਡੇ ਸਰਹੱਦੀ ਬਲ ਇਸ 'ਤੇ ਲਗਾਮ ਲਾਉਣ ਵਿਚ ਕਾਰਗਰ ਨਹੀਂ ਹੋ ਸਕੇ।

ਪੰਜਾਬ ਵਿਚ ਮੁੜ ਗੜਬੜ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਕੰਮ ਲਈ ਅੱਗ-ਲਾਊ ਅਨਸਰ ਤੇ ਪੈਸਾ ਦੋਵੇਂ ਬਾਹਰੋਂ ਆ ਰਹੇ ਹਨ। ਵਿਦੇਸ਼ੀ ਸਰਕਾਰਾਂ ਇਸ ਮੁਤੱਲਕ ਕੋਈ ਮਦਦ ਕਰਨ ਦੀ ਕਾਹਲ ਵਿਚ ਨਜ਼ਰ ਨਹੀਂ ਆ ਰਹੀਆਂ। ਇਸ ਸੰਬੰਧ ਵਿਚ ਉੱਚਤਮ ਸਿਆਸੀ ਤੇ ਕੂਟਨੀਤਕ ਪੱਧਰਾਂ 'ਤੇ ਫ਼ੌਰੀ ਕਾਰਵਾਈ ਕਰਨ ਦੀ ਲੋੜ ਹੈ। ਜੰਮੂ ਕਸ਼ਮੀਰ ਦੇ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਕਸ਼ਮੀਰ ਵਾਦੀ ਤੇ ਇਸ ਦੇ ਨਾਲ ਲੱਗਦੇ ਰਾਜੌਰੀ, ਪੁਣਛ ਅਤੇ ਡੋਡਾ ਦੇ ਇਲਾਕਿਆਂ ਅੰਦਰ ਹਾਲਾਤ ਅਣਸੁਖਾਵੇਂ ਬਣੇ ਹੋਏ ਹਨ। ਪੰਡਤਾਂ, ਬਾਹਰਲੇ ਲੋਕਾਂ ਅਤੇ ਪੁਲਿਸ ਤੇ ਸੁਰੱਖਿਆ ਦਸਤਿਆਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਰਾਜਧਾਨੀ ਸ੍ਰੀਨਗਰ ਵਿਚ ਵੀ ਇਹੋ ਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇਸ ਦੌਰਾਨ ਹਥਿਆਰਬੰਦ ਦਸਤੇ, ਨੀਮ-ਫ਼ੌਜੀ ਬਲ ਤੇ ਪੁਲਿਸ ਬਲ ਤਨਦੇਹੀ ਨਾਲ ਆਪਣਾ ਕੰਮ ਕਰ ਰਹੇ ਹਨ। ਮੈਨੂੰ ਚੇਤੇ ਹੈ ਕਿ ਜਦੋਂ ਕਾਰਗਿਲ ਯੁੱਧ ਹੋਇਆ ਤਾਂ ਰਾਤੋ-ਰਾਤ ਫ਼ੌਜ ਦੀਆਂ ਸਾਰੀਆਂ ਬਟਾਲੀਅਨਾਂ ਵਾਦੀ 'ਚੋਂ ਹਟਾ ਲਈਆਂ ਗਈਆਂ ਤਾਂ ਕਿ ਜੰਗੀ ਮੁਹਿੰਮ ਲਈ ਇਮਦਾਦ ਕੀਤੀ ਜਾ ਸਕੇ ਅਤੇ ਉਨ੍ਹਾਂ ਦੀ ਥਾਂ ਹੌਲੀ-ਹੌਲੀ ਰਾਸ਼ਟਰੀ ਰਾਈਫਲਜ਼ ਦੇ ਦਸਤਿਆਂ ਨੇ ਲੈ ਲਈ। ਇਸੇ ਕਰਕੇ ਮੈਂ ਇਸ ਗੱਲ 'ਤੇ ਜ਼ੋਰ ਦਿੰਦਾ ਆ ਰਿਹਾ ਹਾਂ ਕਿ ਫ਼ੌਜ ਨੂੰ ਅੰਦਰੂਨੀ ਸੁਰੱਖਿਆ ਦੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਕੀਤਾ ਜਾਵੇ। ਹਥਿਆਰਬੰਦ ਬਲਾਂ ਦੇ ਢਾਂਚੇ ਅਤੇ ਫ਼ੌਜੀਆਂ ਦੀ ਭਰਤੀ ਵਿਚ ਕੀਤੀਆਂ ਤਬਦੀਲੀਆਂ ਦੇ ਮੱਦੇਨਜ਼ਰ ਚੀਜ਼ਾਂ ਕਾਫ਼ੀ ਬਦਲ ਰਹੀਆਂ ਹਨ। ਸਮਝਦਾਰੀ ਇਸੇ ਵਿਚ ਹੈ ਕਿ ਸਾਡੇ ਦੋ ਗੁਆਂਢੀ ਦੇਸ਼ਾਂ ਨਾਲ ਲੱਗਦੀਆਂ ਸਰਹੱਦਾਂ 'ਤੇ ਉਭਰ ਰਹੇ ਖ਼ਤਰੇ ਦੇ ਮੱਦੇਨਜ਼ਰ ਅੱਧ-ਪਚੱਧ ਫੇਰਬਦਲ ਦੀ ਸਥਿਤੀ ਵਿਚ ਫਸਣ ਨਾਲੋਂ ਪਹਿਲਾਂ ਤੋਂ ਹੀ ਯੋਜਨਾਬੰਦੀ ਕਰ ਲਈ ਜਾਵੇ। ਇਸ ਦੌਰਾਨ ਹਥਿਆਰਬੰਦ ਦਸਤਿਆਂ ਨੂੰ ਅੰਦਰੂਨੀ ਸੁਰੱਖਿਆ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕੀਤਾ ਜਾਵੇ।

ਜ਼ਮੀਨੀ ਸਰਹੱਦੀ ਬਲਾਂ ਦੇ ਨਾਲੋ ਨਾਲ ਖ਼ਾਸ ਤੌਰ 'ਤੇ ਤੱਟ ਰੱਖਿਅਕ ਬਲਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਸਾਹਿਲੀ ਸੁਰੱਖਿਆ ਪੱਖੋਂ ਕਈ ਊਣਤਾਈਆਂ ਮੌਜੂਦ ਹਨ। ਚੀਨ ਵੱਲੋਂ ਹਮਲਾਵਰ ਰੁਖ਼ ਵਿਚ ਆਉਣ ਅਤੇ ਪਾਕਿਸਤਾਨ-ਅਮਰੀਕਾ ਸੰਬੰਧਾਂ ਨੂੰ ਨਵਾਂ ਹੁਲਾਰਾ ਮਿਲਣ ਦੇ ਮੱਦੇਨਜ਼ਰ ਇਨ੍ਹਾਂ ਘਟਨਾਵਾਂ 'ਤੇ ਕਰੀਬੀ ਨਜ਼ਰ ਰੱਖਣ ਦੀ ਲੋੜ ਹੈ ਜਦੋਂਕਿ ਆਲਮੀ ਅਰਥਚਾਰੇ, ਊਰਜਾ ਤੇ ਤੇਲ ਦੀਆਂ ਵਧਦੀਆਂ ਕੀਮਤਾਂ ਉਪਰ ਰੂਸ-ਯੂਕਰੇਨ ਜੰਗ ਦਾ ਅਸਰ ਪੈਂਦਾ ਰਹੇਗਾ। ਸਾਨੂੰ ਆਪਣੇ ਆਸੇ-ਪਾਸੇ ਨਜ਼ਰ ਰੱਖਣੀ ਪਵੇਗੀ। ਕੋਵਿਡ ਨੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਮਧੋਲ ਦਿੱਤਾ ਹੈ, ਮਹਿੰਗਾਈ, ਬੇਰੁਜ਼ਗਾਰੀ ਤੇ ਨਾਬਰਾਬਰੀ ਵਿਚ ਇਜ਼ਾਫ਼ਾ ਹੁੰਦਾ ਜਾ ਰਿਹਾ ਹੈ। ਅਜਿਹੇ ਸਮੇਂ ਸਾਨੂੰ ਆਪਣੀ ਵੋਟ ਬੈਂਕ ਦੀ ਸਿਆਸਤ ਪਾਸੇ ਰੱਖ ਕੇ ਤੇ ਇਕਜੁੱਟ ਹੋ ਕੇ ਇਨ੍ਹਾਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

# ਭਾਰਤ ਦੀ ਆਰਥਿਕ ਕਾਰਕਰਦਗੀ

ਕੌਮਾਂਤਰੀ ਮਾਲੀ ਕੋਸ਼ (ਆਈ.ਐੱਮ.ਐੱਫ.) ਨੇ ਹਾਲ ਹੀ ਵਿਚ ਵੱਖ-ਵੱਖ ਮੁਲਕਾਂ ਦੀ ਆਰਥਿਕ ਕਾਰਕਰਦਗੀ ਬਾਰੇ ਸੱਜਰੇ ਅੰਕੜੇ ਸਾਹਮਣੇ ਲਿਆਂਦੇ ਹਨ। ਇਹ ਅੰਕੜੇ ਪਿਛਾਂਹ 1980 ਤੱਕ ਫੈਲੇ ਹੋਏ ਹਨ ਜਦੋਂ ਆਈ.ਐੱਮ.ਐੱਫ. ਨੇ ਆਪਣੀ ਪਹਿਲੀ ਆਲਮੀ ਆਰਥਿਕ ਨਜ਼ਰੀਆ ਰਿਪੋਰਟ ਜਾਰੀ ਕੀਤੀ ਸੀ ਜਿਸ ਵਿਚ ਮੁਲਕ-ਵਾਰ ਡੇਟਾ ਦਿੱਤਾ ਗਿਆ ਸੀ। ਅਮਰੀਕੀ ਡਾਲਰ ਦੀ ਚਲੰਤ

**ਟੀ.ਐੱਨ. ਨੈਨਾਨ**

ਕੀਮਤ ਦੇ ਆਧਾਰ 'ਤੇ ਜਦੋਂ ਤੁਲਨਾਤਮਕ ਆਰਥਿਕ ਵਿਕਾਸ 'ਤੇ ਨਜ਼ਰ ਮਾਰੀ ਜਾਂਦੀ ਹੈ ਤਾਂ 2011-21 ਦੇ ਦਹਾਕੇ ਵਿਚ ਬਿਹਤਰੀਨ ਕਾਰਗੁਜ਼ਾਰੀ ਦਿਖਾਉਣ ਵਾਲੇ ਚਾਰ ਦੇਸ਼ ਹਨ ਜਿਨ੍ਹਾਂ 'ਚ ਕ੍ਰਮਵਾਰ ਬੰਗਲਾਦੇਸ਼, ਚੀਨ, ਵੀਅਤਨਾਮ ਅਤੇ ਭਾਰਤ ਸ਼ਾਮਲ ਹਨ (ਭਾਰਤ ਦੇ ਲਿਹਾਜ਼ ਤੋਂ 2021 ਦਾ ਮਤਲਬ ਹੈ ਵਿੱਤੀ ਸਾਲ 2021-22 ਜੋ ਇਸ ਦਹਾਕੇ ਦਾ ਆਖ਼ਰੀ ਸਾਲ ਗਿਣਿਆ ਜਾਂਦਾ ਹੈ)।

ਇਨ੍ਹਾਂ ਵਿਚੋਂ ਸਿਰਫ਼ ਦੋ ਦੇਸ਼ ਹੀ ਇਸ ਤੋਂ ਪਹਿਲੇ ਦਹਾਕੇ ਵਿਚ ਬਿਹਤਰੀਨ ਕਾਰਕਰਦਗੀ ਦਿਖਾਉਣ ਵਾਲੇ ਦੇਸ਼ਾਂ ਵਿਚ ਸ਼ਾਮਲ ਸਨ ਜਿਨ੍ਹਾਂ ਵਿਚੋਂ ਚੀਨ ਸਭ ਤੋਂ ਮੋਹਰੀ ਸੀ ਅਤੇ ਵੀਅਤਨਾਮ (ਤੁਰਕੀ ਸਹਿਤ) ਪੰਜਵੇਂ ਮੁਕਾਮ 'ਤੇ ਸੀ। ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਹ ਅਰਸਾ (2001-11) ਭਾਰਤ ਦੇ ਦਹਾਕਾ-ਵਾਰ ਆਰਥਿਕ ਵਿਕਾਸ ਪੱਖੋਂ ਸਭ ਤੋਂ ਵਧੀਆ ਦਹਾਕਾ ਗਿਣਿਆ ਜਾਂਦਾ ਹੈ। ਉਂਝ, ਉਸ ਦੌਰਾਨ ਦੇਸ਼ ਦਾ ਆਰਥਿਕ ਵਿਕਾਸ ਸਾਰੇ ਉਭਰਦੇ ਹੋਏ ਅਰਥਚਾਰਿਆਂ ਅਤੇ ਵਿਕਾਸਸ਼ੀਲ ਮੁਲਕਾਂ (ਅਜਿਹਾ ਸਮੂਹ ਜਿਸ ਵਿਚ ਕਰੀਬ 40 ਸਭ ਤੋਂ ਵੱਧ ਵਿਕਸਤ ਅਰਥਚਾਰੇ ਸ਼ਾਮਲ ਹਨ) ਦੇ ਔਸਤ ਵਿਕਾਸ ਨਾਲੋਂ ਮਾਮੂਲੀ ਘੱਟ ਸੀ। ਭਾਰਤ ਉਦੋਂ ਗੈਰ-ਮਾਮੂਲੀ ਕਾਰਗੁਜ਼ਾਰੀ ਦਿਖਾ ਰਿਹਾ ਸੀ ਜਦੋਂ ਜ਼ਿਆਦਾਤਰ ਮੁਲਕ ਵੀ ਅਸਾਧਾਰਨ ਢੰਗ ਨਾਲ ਬਿਹਤਰੀਨ ਕਾਰਗੁਜ਼ਾਰੀ ਦਿਖਾ ਰਹੇ ਸਨ। ਇਸ ਤੋਂ ਪਹਿਲੇ ਦੋ ਦਹਾਕਿਆਂ 1991-2001 ਅਤੇ 1981-91 ਦੌਰਾਨ ਭਾਰਤ ਦੀ ਕਾਰਗੁਜ਼ਾਰੀ ਉਭਰਦੇ ਹੋਏ ਅਰਥਚਾਰਿਆਂ ਦੇ ਔਸਤ ਵਿਕਾਸ ਨਾਲੋਂ ਥੋੜ੍ਹਾ ਬਿਹਤਰ ਜਾਂ ਹਲਕੀ ਜਿਹੀ ਮਾੜੀ ਕਾਰਗੁਜ਼ਾਰੀ ਦਿਖਾਈ ਸੀ।

ਇਹ ਆਰਥਿਕ ਵਿਕਾਸ ਦੀ ਨਿਸਬਤਨ ਦਰਜਾਬੰਦੀ ਹੈ ਨਾ ਕਿ ਵਿਕਾਸ ਦੇ ਨਿਰਲੇਪ ਅੰਕੜੇ। ਇਸ ਕਰ ਕੇ ਭਾਰਤ 2011-21 ਦੌਰਾਨ ਉਭਰਦੇ ਹੋਏ ਅਰਥਚਾਰਿਆਂ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾ ਰਿਹਾ ਸੀ ਪਰ 2001-11 ਦੌਰਾਨ ਅਜਿਹਾ ਨਹੀਂ ਸੀ ਜਦਕਿ ਪਿਛਲੇ ਦਹਾਕੇ ਦੌਰਾਨ ਇਸ ਦਾ ਵਿਕਾਸ ਉਸ ਤੋਂ ਪਿਛਲੇ ਦਹਾਕੇ ਦੇ ਮੁਕਾਬਲੇ ਮੱਠਾ ਸੀ। ਇਸ ਦੇ ਦਰਜੇ ਵਿਚ ਸੁਧਾਰ ਇਹ ਗੱਲ ਦਰਸਾਉਂਦੀ ਹੈ ਕਿ ਸਮੁੱਚੇ ਤੌਰ 'ਤੇ ਆਲਮੀ ਵਿਕਾਸ ਵਿਚ ਕਮਜ਼ੋਰੀ ਆਈ ਹੈ। ਡਾਲਰ ਦੀਆਂ ਚਲੰਤ ਕੀਮਤਾਂ ਮੁਤਾਬਕ ਭਾਰਤੀ ਅਰਥਚਾਰੇ ਦਾ ਵਿਕਾਸ 2001-11 ਦੇ ਦਹਾਕੇ ਦੌਰਾਨ 3.7 ਗੁਣਾ ਵਧਿਆ ਸੀ ਜਦਕਿ ਪਿਛਲੇ ਦਹਾਕੇ ਦੌਰਾਨ ਇਹ ਸਿਰਫ਼ 1.7 ਗੁਣਾ ਹੀ ਵਧਿਆ ਹੈ।

ਤੁਲਨਾਤਮਕ ਕਾਰਗੁਜ਼ਾਰੀ ਅੱਗੇ ਚੱਲ ਕੇ ਹੋਰ ਵੀ ਨਿੱਖਰ ਕੇ ਸਾਹਮਣੇ ਆ ਰਹੀ ਹੈ। ਸਾਲ 2022 (ਭਾਰਤ ਲਈ 2022-23) ਵਿਚ ਭਾਰਤ ਦਾ ਆਰਥਿਕ ਵਿਕਾਸ 6.8 ਫ਼ੀਸਦ ਰਹਿਣ ਦਾ ਅਨੁਮਾਨ ਹੈ ਜਦਕਿ ਸਾਰੇ ਉਭਰਦੇ ਹੋਏ ਅਰਥਚਾਰਿਆਂ ਦੀ ਵਿਕਾਸ ਦਰ ਮਹਿਜ਼ 3.7 ਫ਼ੀਸਦ ਰਹਿਣ ਦੇ ਆਸਾਰ ਹਨ। ਉਭਰਦੇ ਹੋਏ ਅਰਥਚਾਰਿਆਂ ਦਰਮਿਆਨ 3 ਫ਼ੀਸਦ ਤੋਂ ਵੱਧ ਅੰਕਾਂ ਦਾ ਇਹ ਫ਼ਾਸਲਾ ਪੂਰਨਾ ਬਹੁਤ ਮੁਸ਼ਕਿਲ ਹੈ ਅਤੇ 2023 ਵਿਚ ਵੀ ਇਹ ਕਾਫ਼ੀ (ਲਗਭਗ 2.4 ਫ਼ੀਸਦ) ਬਣੇ ਰਹਿਣ ਦਾ ਅਨੁਮਾਨ ਹੈ। ਯਕੀਨਨ, ਇਸ ਦਾ ਕਾਰਨ ਇਹ ਹੈ ਕਿ ਚੀਨ ਦਾ ਆਰਥਿਕ ਵਿਕਾਸ ਮੱਠਾ ਪੈਣ ਕਰ ਕੇ ਸਾਰੇ ਉਭਰਦੇ ਹੋਏ ਸਾਰੇ ਅਰਥਚਾਰਿਆਂ ਦੀ ਅਨੁਮਾਨਤ ਦਰ ਕਾਫ਼ੀ ਹੇਠਾਂ ਆ ਗਈ ਹੈ। ਇਸ ਦੌਰਾਨ, ਵਿਕਸਤ ਮੁਲਕਾਂ ਦੀ ਵਿਕਾਸ ਦਰ ਇਸ ਸਾਲ 2.4 ਫ਼ੀਸਦ ਅਤੇ ਅਗਲੇ ਸਾਲ ਘਟ ਕੇ 1.1 ਫ਼ੀਸਦ ਰਹਿਣ ਦਾ ਅਨੁਮਾਨ ਹੈ। ਆਈ.ਐੱਮ.ਐੱਫ. ਨੇ ਬਗ਼ੈਰ ਕੁਝ ਕਹੇ 'ਡੀ-ਕਪਲਿੰਗ' (ਜਦੋਂ ਕੋਈ ਅਰਥਚਾਰਾ ਆਪਣੇ ਚੌਗਿਰਦੇ ਦੇ ਦਬਾਓ ਦੇ ਬਾਵਜੂਦ ਵਧਦਾ-ਫੁੱਲਦਾ ਰਹਿੰਦਾ ਹੈ) ਦੇ ਮੰਜ਼ਰ ਦਾ ਸੰਕੇਤ ਦਿੱਤਾ ਹੈ। ਇਸ ਕਿਸਮ ਦਾ ਮੰਜ਼ਰ ਭਾਵੇਂ ਅੰਸ਼ਕ ਹੀ ਸਾਬਿਤ ਹੋਵੇ ਅਤੇ ਭਾਰਤ ਦੇ ਆਰਥਿਕ ਵਿਕਾਸ ਦੇ ਅੰਕੜੇ 2022 ਅਤੇ 2023 ਵਿਚ ਆਸ ਤੋਂ ਨੀਵੇਂ ਹੀ ਰਹਿਣ, ਤਾਂ ਵੀ ਕੁਝ ਅਰਸੇ ਲਈ ਇਸ ਦਾ ਮੌਜੂਦਾ ਮੁਕਾਮ ਸਿਆਹ ਦਿਸਹੱਦੇ 'ਤੇ ਚਮਕਦਾਰ ਬਣਿਆ ਰਹੇਗਾ (ਜਿਵੇਂ ਆਈ.ਐੱਮ.ਐੱਫ. ਨੇ ਇਸ ਨੂੰ ਆਖਿਆ ਹੈ)।

ਹੁਣ ਜਦੋਂ ਭਾਰਤ ਨਾਲ ਵੀਅਤਨਾਮ ਅਤੇ ਬੰਗਲਾਦੇਸ਼ ਦਾ ਸਾਥ ਮਿਲ ਰਿਹਾ ਹੈ (ਤੇਲ ਸਰੋਤ ਨਾਲ ਭਰਪੂਰ ਸਾਊਦੀ ਅਰਬ ਇਸ ਤੋਂ ਬਾਹਰ ਹੋ ਗਿਆ ਹੈ) ਤਾਂ ਇਹ ਕਹਿਣ ਨੂੰ ਜੀਅ ਕਰਦਾ ਹੈ ਕਿ ਕਾਫ਼ੀ ਸਮਾਂ ਪਾ ਕੇ ਇਸ ਦੌੜ ਵਿਚ ਸ਼ਾਮਲ ਹੋਏ ਗਰੀਬ ਮੁਲਕ ਪੂਰਬੀ ਏਸ਼ੀਆ ਦੇ ਮੁਲਕਾਂ ਦੀਆਂ ਪਹਿਲੀਆਂ ਪੀੜ੍ਹੀਆਂ ਦੀ ਹੀ ਕਾਰਗੁਜ਼ਾਰੀ ਦੁਹਰਾ ਰਹੇ ਹਨ ਜਿਹੜੇ ਪਿਛਲੇ ਦਹਾਕਿਆਂ ਵਿਚ ਪਿਛਾਂਹ ਰਹਿ ਗਏ ਸਨ ਹਾਲਾਂਕਿ ਇਨ੍ਹਾਂ ਵਿਚੋਂ ਕੁਝ ਕੁ ਦੇਸ਼ (ਦੱਖਣੀ ਕੋਰੀਆ ਤੇ ਤਾਇਵਾਨ) ਨੇ 1981 ਤੋਂ ਪਹਿਲਾਂ ਹੀ ਇਸ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਤਰ੍ਹਾਂ ਦੀ ਵਿਆਖਿਆ ਸਹੀ ਮੰਨੀ ਜਾ ਸਕਦੀ ਹੈ ਹਾਲਾਂਕਿ ਵੀਅਤਨਾਮ ਦੀ ਪ੍ਰਤੀ ਜੀਅ ਆਮਦਨ ਭਾਰਤ ਦੀ ਪ੍ਰਤੀ ਜੀਅ ਆਮਦਨ ਨਾਲੋਂ 60 ਫ਼ੀਸਦ ਜ਼ਿਆਦਾ ਹੈ ਅਤੇ ਮੁਢਲੇ ਆਸੀਅਨ-5 ਮੁਲਕਾਂ ਵਿਚੋਂ ਸਭ ਤੋਂ ਵੱਧ ਗ਼ਰੀਬ ਗਿਣੇ ਜਾਂਦੇ ਫਿਲਪਾਈਨ ਦੀ ਪ੍ਰਤੀ ਜੀਅ ਆਮਦਨ ਨਾਲੋਂ ਹੋਰ ਵੀ ਜ਼ਿਆਦਾ ਹੈ। 2022 ਵਿਚ ਫਿਲਪਾਈਨ ਬਿਹਤਰੀਨ ਕਾਰਗੁਜ਼ਾਰੀ ਦਿਖਾਉਣ ਵਾਲੇ ਤਿੰਨ ਮੁਲਕਾਂ ਤੋਂ ਥੋੜ੍ਹਾ ਹੀ ਪਿੱਛੇ ਹੈ। ਇਨ੍ਹਾਂ ਚਾਰਾਂ ਮੁਲਕਾਂ ਨੂੰ ਚਾਇਨਾ+1 ਰਣਨੀਤੀ ਤਹਿਤ ਆਪਣੇ ਉਤਪਾਦਨ ਆਧਾਰ ਨੂੰ ਚੀਨ ਤੋਂ ਹਟਾ ਕੇ ਹੋਰਨਾਂ ਥਾਵਾਂ 'ਤੇ ਫੈਲਾਉਣ ਲਈ ਕੌਮਾਂਤਰੀ ਕਾਰੋਬਾਰ ਦੇ ਉਮੀਦਵਾਰ ਗਿਣਿਆ ਜਾਂਦਾ ਹੈ।

ਪਿਛਲੇ ਚਾਰ ਦਹਾਕਿਆਂ (1981-2021) ਨੂੰ ਇਕੱਠਿਆਂ ਮਿਲਾ ਕੇ ਦੇਖਿਆ ਜਾਵੇ ਤਾਂ ਆਈ.ਐੱਮ.ਐੱਫ. ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਿਰਫ਼ ਤਿੰਨ ਦੇਸ਼ ਹੀ ਅਜਿਹੇ ਹਨ ਜਿਨ੍ਹਾਂ ਦਾ ਆਰਥਿਕ ਵਿਕਾਸ ਭਾਰਤ ਨਾਲੋਂ ਬਿਹਤਰ ਰਹੀ ਹੈ। ਚੀਨ ਤਾਂ ਇਸ ਵੰਨਗੀ ਵਿਚ ਪਹਿਲਾਂ ਤੋਂ ਹੀ ਸ਼ਾਮਲ ਹੈ ਜਿਸ ਨੇ (ਡਾਲਰ ਦੀ ਚਲੰਤ ਕੀਮਤ ਦੇ ਹਿਸਾਬ ਨਾਲ) ਆਪਣੇ ਅਰਥਚਾਰੇ ਵਿਚ 62 ਗੁਣਾ ਵਾਧਾ ਕੀਤਾ ਹੈ; ਅਗਲਾ ਨੰਬਰ ਦੱਖਣੀ ਕੋਰੀਆ ਦਾ ਹੈ ਜਿਸ ਨੇ ਆਪਣਾ ਅਰਥਚਾਰਾ 25 ਗੁਣਾ ਵਧਾਇਆ ਹੈ ਤੇ ਫਿਰ ਵੀਅਤਨਾਮ ਦਾ ਨੰਬਰ ਆਉਂਦਾ ਹੈ। ਭਾਰਤ ਦਾ ਨੰਬਰ ਇਨ੍ਹਾਂ ਤੋਂ ਬਾਅਦ ਦੇ ਦੇਸ਼ਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਚਾਰ ਹੋਰਨਾਂ ਮੁਲਕਾਂ (ਮਿਸਰ, ਸ੍ਰੀਲੰਕਾ, ਬੰਗਲਾਦੇਸ਼ ਅਤੇ ਤਾਇਵਾਨ) ਦੇ ਨਾਲ ਭਾਰਤ ਨੇ ਆਪਣੇ ਅਰਥਚਾਰੇ ਵਿਚ 16 ਗੁਣਾ ਵਾਧਾ ਕੀਤਾ ਹੈ ਜਦਕਿ ਥਾਈਲੈਂਡ ਅਤੇ ਮਲੇਸ਼ੀਆ ਵੀ ਇਨ੍ਹਾਂ ਤੋਂ ਬਹੁਤੇ ਪਿੱਛੇ ਨਹੀਂ ਹਨ। ਇੰਝ ਦੇਖਿਆਂ ਇਹ ਕਾਫ਼ੀ ਚੰਗੀ ਕਾਰਕਰਦਗੀ ਜਾਪਦੀ ਹੈ ਪਰ ਵਿਲੱਖਣ ਵੀ ਨਹੀਂ ਹੈ। ਇਸ ਦੇ ਨਾਲ ਹੀ 1981-91 ਦੇ ਦਹਾਕੇ ਦੌਰਾਨ ਆਲਮੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਚ ਭਾਰਤ ਦੀ ਹਿੱਸੇਦਾਰੀ 1.7 ਫ਼ੀਸਦ ਤੋਂ ਘੱਟ ਕੇ 1.1 ਫ਼ੀਸਦ ਰਹਿਣ ਤੋਂ ਬਾਅਦ ਇਹ 2011 ਤੱਕ 2.5 ਫ਼ੀਸਦ ਵਧ ਗਈ ਸੀ ਅਤੇ ਫਿਰ 2021 ਤੱਕ 3.3 ਫ਼ੀਸਦ ਹੋ ਗਈ ਸੀ। ਇਸ ਮਾਮਲੇ ਵਿਚ ਇਸ ਨੇ ਹਾਲੇ ਬਹੁਤ ਜ਼ਿਆਦਾ ਪੈਂਡਾ ਤੈਅ ਕਰਨਾ ਹੈ।

# ਮਾਧੁਰੀ ਦੀਕਸ਼ਿਤ ਦਾ ਹੁਣ 'ਮਾਜਾ ਮਾਂ' ਦਾ ਜਾਦੂ





*(ਉਪਰ) ਅੱਜ ਦੀ ਮਾਧੁਰੀ ਦੀਕਸ਼ਿਤ ਅਤੇ (ਹੇਠਾਂ) ਇਕ ਪੁਰਾਣੀ ਤਸਵੀਰ।*

ਆਪਣੇ ਵੇਲਿਆਂ ਦੀ ਸੁਪਰ ਸਟਾਰ ਆਧੁਰੀ ਦੀਕਸ਼ਿਤ ਨੇਨੇ ਨੇ ਕਿਹਾ ਹੈ ਕਿ ਹੁਣ ਡਿਜੀਟਲ ਪਲੈਟਫਾਰਮਾਂ ਨੇ ਫਿਲਮਾਂ ਨੂੰ ਬਾਕਸ ਆਫਿਸ ਦੇ ਟਰੈਪ ਤੋਂ ਮੁਕਤ ਕਰਵਾ ਦਿੱਤਾ ਹੈ। ਹੁਣ ਸਭ ਅਦਾਕਾਰ ਆਪਣੀ ਮਰਜ਼ੀ ਦੇ ਰੋਲ ਨਿਭਾਉਣ ਲਈ ਕਮਰ ਕੱਸ ਰਹੇ ਹਨ। ਉਹ 'ਪ੍ਰਾਈਮ ਵੀਡੀਓ' 'ਤੇ ਰਿਲੀਜ਼ ਹੋਈ ਆਪਣੀ ਫਿਲਮ 'ਮਾਜਾ ਮਾਂ' ਬਾਰੇ ਵਿਚਾਰ ਪ੍ਰਗਟ ਕਰ ਰਹੀ ਸੀ। ਇਸ ਫਿਲਮ ਵਿਚ ਮਾਧੁਰੀ ਨੇ ਪੱਲਵੀ ਪਟੇਲ ਨਾਂ ਦਾ ਕਿਰਦਾਰ ਨਿਭਾਇਆ ਹੈ ਜੋ ਸਮਲਿੰਗੀ ਹੈ। ਇਸ ਫਿਲਮ ਵਿਚ ਤਣਾਅ ਸਿਖਰਾਂ 'ਤੇ ਹੈ। ਉਹ ਆਪਣੀ ਵਿਅਕਤੀਗਤ ਇੱਛਾਵਾਂ ਨੂੰ ਵੀ ਮਰਨ ਨਹੀਂ ਦਿੰਦੀ ਅਤੇ ਨਾਲ

**ਕੁਦਰਤ ਕੌਰ**

ਦੀ ਨਾਲ ਆਪਣੇ ਪਰਿਵਾਰ ਦੇ ਜ਼ਾਬਤੇ ਵਿਚ ਰਹਿਣ ਦੀ ਕੋਸ਼ਿਸ਼ ਵੀ ਕਰਦੀ ਹੈ।

ਯਾਦ ਰਹੇ ਕਿ ਮਾਧੁਰੀ ਦੀਕਸ਼ਿਤ ਨੇ ਇਸੇ ਸਾਲ ਨੈੱਟਫਲਿਕਸ ਸੀਰੀਜ਼ ਰਾਹੀਂ ਪਹਿਲੀ ਵਾਰ 'ਦਿ ਫੇਮ ਗੇਮ' ਨਾਲ ਓ.ਟੀ.ਟੀ. 'ਤੇ ਹਾਜ਼ਰੀ ਲੁਆਈ ਸੀ ਅਤੇ ਉਸ ਨੂੰ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਸੀ। ਮਾਧੁਰੀ ਦੀਕਸ਼ਿਤ ਨੇ ਇਸ ਸਬੰਧੀ ਕਿਹਾ, "ਅਸਲ ਵਿਚ 1990ਵਿਆਂ ਵਾਲਾ ਦੌਰ ਬਿਲਕੁਲ ਵੱਖਰਾ ਸੀ। ਹੁਣ ਓ.ਟੀ.ਟੀ. ਨੇ ਸਾਰਾ ਕੁਝ ਬਦਲ ਕੇ ਰੱਖ ਦਿੱਤਾ ਹੈ। ਨਵੀਂਆਂ-ਨਵੀਆਂ ਕਹਾਣੀ ਸਾਹਮਣੇ ਲਿਆਂਦੀਆਂ ਜਾ ਰਹੀਆਂ ਹਨ। ਸਭ ਨੂੰ ਵੱਡੇ ਪੱਧਰ 'ਤੇ ਮੌਕਾ ਮਿਲ ਰਿਹਾ ਹੈ।"

ਚੇਤੇ ਰਹੇ ਕਿ ਮਾਧੁਰੀ ਦੀਕਸ਼ਿਤ ਨੇ 'ਤੇਜ਼ਾਬ', 'ਦਿਲ', 'ਖਲਨਾਇਕ', 'ਹਮ ਆਪ ਕੇ ਹੈਂ ਕੌਨ' ਵਰਗੀਆਂ ਵਪਾਰਕ ਤੌਰ 'ਤੇ ਸਫਲ ਫਿਲਮਾਂ ਕੀਤੀਆਂ ਹਨ; ਇਸ ਤੋਂ ਇਲਾਵਾ 'ਮ੍ਰਿਤਯੂਦੰਡ', 'ਪ੍ਰਹਾਰ', 'ਲੱਜਾ', 'ਡੇਢ ਇਸ਼ਕੀਆ' ਤੇ 'ਪੁਕਾਰ' ਵਰਗੀਆਂ ਫਿਲਮਾਂ ਵੀ ਕੀਤੀਆਂ ਹਨ ਜੋ ਵਪਾਰਕ ਪੱਖੋਂ ਤਾਂ ਸਫਲ ਰਹੀਆਂ ਹੀ, ਕਲਾ ਕਰਕੇ ਵੀ ਇਨ੍ਹਾਂ ਫਿਲਮਾਂ ਦੀ ਚਰਚਾ ਹੋਈ।

ਫਿਲਮ 'ਮਾਜਾ ਮਾਂ' ਦਾ ਨਿਰਦੇਸ਼ਨ ਆਨੰਦ ਤਿਵਾੜੀ ਨੇ ਕੀਤਾ ਹੈ। ਫਿਲਮ ਬਾਰੇ ਆਨੰਦ ਤਿਵਾੜੀ ਦਾ ਕਹਿਣਾ ਹੈ ਕਿ ਇਸ ਫਿਲਮ ਦਾ ਵਿਸ਼ਾ ਰਤਾ ਕੁ ਹਟਵਾਂ ਹੈ। ਇਸ ਵਿਸ਼ੇ 'ਤੇ ਭਾਵੇਂ ਪਹਿਲਾਂ ਵੀ ਕੁਝ ਫਿਲਮਾਂ ਬਣ ਚੁੱਕੀਆਂ ਹਨ



ਪਰ ਇਸ ਫਿਲਮ ਵਿਚ ਪਰਿਵਾਰ ਅਤੇ ਸਮਾਜ ਨੂੰ ਓਨੀ ਹੀ ਅਹਿਮੀਅਤ ਦਿੱਤੀ ਗਈ ਹੈ। ਮਾਧੁਰੀ ਦੀਕਸ਼ਿਤ ਨੇ ਫਿਲਮ ਵਿਚ ਆਪਣਾ ਕਿਰਦਾਰ ਬਾਖੂਬੀ ਨਿਭਾਇਆ ਹੈ।

ਇਸੇ ਦੌਰਾਨ ਮਾਧੁਰੀ ਦੀਕਸ਼ਿਤ ਨੇ ਕਿਹਾ ਕਿ ਉਸ ਨੇ ਆਪਣੇ ਕਰੀਅਰ ਦੌਰਾਨ ਹਰ ਤਰ੍ਹਾਂ ਦੀ ਫਿਲਮ ਅਤੇ ਹਰ ਤਰ੍ਹਾਂ ਦਾ ਕਿਰਦਾਰ ਨਿਭਾਉਣ ਦਾ ਯਤਨ ਕੀਤਾ ਹੈ। ਸੁਪਰ ਸਟਾਰ ਹੋਣ ਨੇ ਉਸ ਦੇ ਕੰਮ ਵਿਚ ਕਦੀ ਅੜਿੱਕਾ ਨਹੀਂ ਪਾਇਆ। 15 ਮਈ 1967 ਨੂੰ ਜਨਮੀ ਮਾਧੁਰੀ ਦੀਕਸ਼ਿਤ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਅਬੋਧ' ਨਾਲ ਸਾਲ 1984 ਵਿਚ ਕੀਤੀ ਸੀ। ਇਸ ਤੋਂ ਬਾਅਦ ਉਸ ਨੂੰ 'ਅਵਾਰਾ ਬਾਪ', 'ਸਵਾਤੀ', 'ਮਾਨਵ ਹੱਤਿਆ', 'ਹਿਫਾਜ਼ਤ', 'ਉਤਰ ਦਕਸ਼ਿਨ', 'ਮੋਹਰੇ' ਆਦਿ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਪਰ ਇਨ੍ਹਾਂ ਵਿਚੋਂ ਕੋਈ ਵੀ ਫਿਲਮ ਵਪਾਰਕ ਪੱਖੋਂ ਸਫਲ ਨਾ ਹੋ ਸਕੀ ਅਤੇ ਉਸ ਦਾ ਕਰੀਅਰ ਉਡਾਰੀ ਨਹੀਂ ਭਰ ਸਕਿਆ। ਫਿਰ 1988 ਵਿਚ ਜਦੋਂ ਫਿਲਮ 'ਦਯਾਵਾਨ' ਰਿਲੀਜ਼ ਹੋਈ ਤਾਂ ਉਸ ਦੀ ਚਰਚਾ ਆਰੰਭ ਹੋਈ। ਇਹ ਫਿਲਮ ਫਿਰੋਜ਼ ਖਾਨ ਨੇ ਨਿਰਦੇਸ਼ਤ ਕੀਤੀ ਸੀ ਅਤੇ ਇਸ ਵਿਚ ਮਾਧੁਰੀ ਦੀਕਸ਼ਿਤ ਨਾਲ ਵਿਨੋਦ ਖੰਨਾ, ਫਿਰੋਜ਼ ਖਾਨ ਤੇ ਆਦਿੱਤਿਆ ਪੰਚੋਲੀ ਵੀ ਸਨ। ਇਹ ਫਿਲਮ ਬਾਕਸ ਆਫਿਸ 'ਤੇ ਹਿੱਟ ਰਹੀ ਅਤੇ ਫਿਲਮ ਆਲੋਚਕਾ ਨੇ ਵੀ ਇਸ ਦਾ ਨੋਟਿਸ ਲਿਆ। ਇਸ ਦੇ ਨਾਲ ਹੀ ਮਾਧੁਰੀ ਦੀਕਸ਼ਿਤ ਦਾ ਨੋਟਿਸ ਲਿਆ ਗਿਆ।

ਇਸੇ ਹੀ ਸਾਲ ਮਾਧੁਰੀ ਦੀਕਸ਼ਿਤ ਦੀ ਫਿਲਮ 'ਤੇਜ਼ਾਬ' ਰਿਲੀਜ਼ ਹੋਈ ਤਾਂ ਫਿਲਮੀ ਦੁਨੀਆ ਅੰਦਰ ਮਾਨੋ ਤਹਿਲਕਾ ਹੀ ਮੱਚ ਗਿਆ। ਇਸ ਫਿਲਮ ਲਈ ਉਹ ਫਿਲਮਫੇਅਰ ਇਨਾਮਾਂ ਲਈ ਸਰਵੋਤਮ ਅਦਾਕਾਰ ਵਜੋਂ ਨਾਮਜ਼ਦ ਹੋਈ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਇਸ ਤੋਂ ਬਾਅਦ ਆਈਆਂ ਫਿਲਮਾਂ 'ਰਾਮ ਲਖਨ', 'ਤ੍ਰੀਦੇਵ', 'ਦਿਲ', 'ਪ੍ਰਹਾਰ', 'ਬੇਟਾ', 'ਖਲਨਾਇਕ', 'ਹਮ ਆਪ ਕੇ ਹੈਂ ਕੌਨ?', 'ਰਾਜਾ' ਨੇ ਫਿਲਮੀ ਦੁਨੀਆ ਵਿਚ ਉਸ ਦੀ ਪੈਂਠ ਬਣਾ ਦਿੱਤੀ।

ਮਾਧੁਰੀ ਦੀਕਸ਼ਿਤ ਨੇ 17 ਅਕਤੂਬਰ 1999 ਨੂੰ ਅਮਰੀਕਾ ਵੱਸਦੇ ਡਾਕਟਰ ਸ਼੍ਰੀਰਾਮ ਮਾਧਵ ਨੇਨੇ ਨਾਲ ਵਿਆਹ ਕਰਵਾ ਲਿਆ ਅਤੇ ਕਾਫੀ ਲੰਮਾ ਸਮਾ ਫਿਲਮਾਂ ਵਿਚ ਕੰਮ ਨਹੀਂ ਕੀਤਾ ਅਤੇ ਅਮਰੀਕਾ ਵਿਚ ਹੀ ਵਸੇਬਾ ਰੱਖਿਆ ਪਰ 2011 ਵਿਚ ਉਹ ਮੁੜ ਮੁੰਬਈ ਆ ਗਈ। ਫਿਰ ਤਾਂ 2018 ਵਿਚ ਉਸ ਨੇ ਆਪਣੇ ਪਤੀ ਨਾਲ ਰਲ ਕੇ 'ਆਰ.ਐਨ.ਐਮ. ਮੂਵਿੰਗ ਪਿਕਚਰਜ਼' ਨਾਂ ਦੀ ਕੰਪਨੀ ਬਣਾ ਲਈ।

ਮਾਧੁਰੀ ਦੀਕਸ਼ਿਤ ਦਾ ਮੰਨਣਾ ਹੈ ਕਿ ਫਿਲਮਾਂ ਹਰ ਆਮ-ਖਾਸ ਵਿਅਕਤੀ ਦੇ ਜੀਵਨ ਵਿਚ ਕੋਈ ਨਾ ਕੋਈ ਭੂਮਿਕਾ ਜ਼ਰੂਰ ਨਿਭਾਉਂਦੀਆਂ ਹਨ ਹਾਲਾਂਕਿ ਇਹ ਵੀ ਸੱਚ ਹੈ ਕਿ ਜਦੋਂ ਨੇਨੇ ਨੇ ਮਾਧੁਰੀ ਨਾਲ ਵਿਆਹ ਕਰਵਾਇਆ ਸੀ ਤਾਂ ਉਹ ਅਦਾਕਾਰ ਵਜੋਂ ਮਾਧੁਰੀ ਨੂੰ ਨਹੀਂ ਸੀ ਜਾਣਦਾ ਅਤੇ ਨਾ ਹੀ ਮਾਧੁਰੀ ਦੀ ਕੋਈ ਫਿਲਮ ਦੇਖੀ ਸੀ।

# ਵਾਤਾਵਰਨ ਚੇਤਨਾ ਬਾਰੇ ਫਿਲਮ ਮੇਲਾ: ਕਿਰਨ ਰਾਓ ਜੱਜ ਬਣੀ

ਆਪਣੀਆਂ ਫਿਲਮਾਂ ਵਿਚ ਵਾਤਾਵਰਨ ਦਾ ਮੁੱਦਾ ਉਭਾਰਨ ਵਾਲੀ ਫਿਲਮ ਨਿਰਮਾਤਾ ਕਿਰਨ ਰਾਓ ਨੂੰ ਇਸ ਵਾਰ 'ਆਲ ਲਿਵਿੰਗ ਥਿੰਗਜ਼ ਐਵਾਇਰਨਮੈਂਟਲ ਫਿਲਮ ਫੈਸਟੀਵਲ (2022) ਦੀ ਜਿਊਰੀ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਫੈਸਟੀਵਲ 17 ਤੋਂ 27 ਨਵੰਬਰ ਤੱਕ ਲੱਗੇਗਾ ਜਿਸ ਦੌਰਾਨ 55 ਫਿਲਮਾਂ ਦਿਖਾਈਆਂ ਜਾਣਗੀਆਂ। ਇਸ ਬਾਰੇ ਕਿਰਨ ਰਾਓ ਨੇ ਕਿਹਾ, "ਇਹ ਫੈਸਟੀਵਲ ਹਮੇਸ਼ਾ ਹੀ ਵਾਤਾਵਰਨ ਬਾਰੇ ਜਾਗਰੂਕਤਾ ਫੈਲਾਉਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ, ਮੈਨੂੰ ਬਹੁਤ ਖੁਸ਼ੀ ਹੈ ਕਿ ਮੈਨੂੰ ਇਸ ਫੈਸਟੀਵਲ ਦੌਰਾਨ ਜੱਜਾਂ ਦੇ ਪੈਨਲ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਸਾਲ ਇਸ ਫੈਸਟੀਵਲ ਵਿਚ ਦਿਖਾਈਆਂ ਜਾਣ ਵਾਲੀਆਂ ਫਿਲਮਾਂ ਵਿਚ ਵਾਤਾਵਰਨ ਨਾਲ ਸਬੰਧਿਤ ਕਈ ਮੁੱਦੇ ਉਠਾਏ ਜਾਣਗੇ।"

ਜ਼ਿਕਰਯੋਗ ਹੈ ਕਿ ਕਿਰਨ ਰਾਓ ਸੰਸਥਾ 'ਪਾਨੀ' ਦੀ ਸਹਿ-ਸੰਸਥਾਪਕ ਹੈ ਜੋ ਮਹਾਰਾਸ਼ਟਰ ਵਿਚ ਸੋਕੇ ਤੋਂ ਬਚਣ ਅਤੇ ਪਾਣੀ ਦੀ ਬੱਚਤ ਵਰਗੀਆਂ ਮੁਹਿੰਮਾਂ ਚਲਾ ਰਹੀ ਹੈ। ਇਹ ਸੰਸਥਾ 2016 ਵਿਚ ਬਣਾਈ ਗਈ ਸੀ। ਪਾਣੀ ਦੇ ਖੇਤਰ ਵਿਚ ਪਾਏ ਜਾ ਰਹੇ ਇਸ ਅਹਿਮ ਯੋਗਦਾਨ ਕਾਰਨ ਹੀ ਇਸ ਵਾਰ ਕਿਰਨ ਰਾਓ ਨੂੰ ਇਸ ਫੈਸਟੀਵਲ ਵਿਚ ਜੱਜ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

7 ਨਵੰਬਰ 1973 ਨੂੰ ਬੰਗਲੌਰ ਵਿਚ ਜਨਮੀ ਕਿਰਨ ਰਾਓ ਦਾ ਪਾਲਣ-ਪੋਸ਼ਣ ਕਲਕੱਤਾ ਵਿਚ ਹੋਇਆ। 1992 ਵਿਚ ਜਦੋਂ ਉਸ ਦੇ ਮਾਪਿਆਂ ਨੇ ਕਲਕੱਤਾ ਛੱਡਣ ਦਾ ਫੈਸਲਾ



*ਕਿਰਨ ਰਾਓ ਆਪਣੇ ਸਾਬਕਾ ਪਤੀ ਆਮਿਰ ਖਾਨ ਨਾਲ।*

ਕੀਤਾ ਤਾਂ ਕਿਰਨ ਰਾਓ ਮੁੰਬਈ ਆ ਗਈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮਸਾਜ਼ ਆਸ਼ੂਤੋਸ਼ ਗੋਵਾਰੀਕਰ ਦੀ ਫਿਲਮ 'ਲਗਾਨ' ਲਈ ਬਤੌਰ ਅਸਿਸਟੈਂਟ ਡਾਇਰੈਕਟਰ ਕੀਤੀ। ਇਸ ਤੋਂ ਬਾਅਦ ਉਸ ਨੇ 'ਸਵਦੇਸ਼: ਵੁਈ, ਦਿ ਪੀਪਲ' ਲਈ ਵੀ ਅਸਿਸਟੈਟ ਡਾਇਰੈਕਟਰ ਦਾ ਕੰਮ ਕੀਤਾ। ਇਸੇ ਤਰ੍ਹਾਂ ਮਸ਼ਹੂਰ ਫਿਲਮਸਾਜ਼ ਮੀਰਾ ਨਾਇਰ ਦੀ ਫਿਲਮ 'ਮੌਨਸੂਨ ਵੈਡਿੰਗ' ਲਈ ਉਸ ਨੇ ਸੈਕਿੰਡ ਅਸਿਸਟੈਂਟ ਡਾਇਰੈਕਟਰ ਦਾ ਕਾਰਜ-ਭਾਰ ਨਿਭਾਇਆ। ਫਿਰ ਉਸ ਨੇ ਖੁਦ ਫਿਲਮ 'ਧੋਬੀ ਘਾਟ' ਲਿਖੀ ਅਤੇ ਡਾਇਰੈਕਟ ਵੀ ਕੀਤੀ।

# ਅਦਾਕਾਰ ਬੋਮਨ ਇਰਾਨੀ ਦੀ 'ਉਂਚਾਈ'

ਅਦਾਕਾਰ ਬੋਮਨ ਇਰਾਨੀ ਨੇ ਫਿਲ 'ਉਂਚਾਈ' ਵਿਚ ਅਦਾਕਾਰ ਅਮਿਤਾਭ ਬੱਚ ਅਤੇ ਅਨੁਪਮ ਖੇਰ ਵਰਗੇ ਸੀਨੀਅਰ ਅਦਾਕਾ ਨਾਲ ਕੰਮ ਕਰਨ ਦੇ ਆਪਣੇ ਤਜਰਬੇ ਬਾ ਗੱਲ ਕਰਦਿਆਂ ਦੱਸਿਆ ਕਿ ਇਹ ਫਿਲਮ ਤਿ ਦੋਸਤਾਂ ਦੀ ਕਹਾਣੀ ਹੈ ਜੋ ਐਵਰੈਸਟ ਦੇ ਬੇ ਕੈਂਪ ਤੱਕ ਪਹੁੰਚਣ ਲਈ ਕਈ ਭਾਵੁਕ ਅ ਜੋਖਮ ਭਰੇ ਹਾਲਾਤ 'ਚੋਂ ਲੰਘਦੇ ਹਨ। ਫਿਲ ਬਾਰੇ ਗੱਲ ਕਰਦਿਆਂ ਬੋਮਨ ਨੇ ਕਿਹ "'ਉਂਚਾਈ' ਵਿਚ ਕੰਮ ਕਰਨਾ ਮੇਰੇ ਲਈ ਫਿਲ ਜਗਤ ਦੇ ਸਫ਼ਰ ਦਾ ਸਭ ਤੋਂ ਮਹੱਤਵਪੂਰ ਪੜਾਅ ਸਾਬਤ ਹੋਇਆ ਹੈ। ਇਸ ਫਿਲਮ ਵਿ ਮੇਰੇ ਸਹਿ-ਕਲਾਕਾਰ ਸਭ ਤੋਂ ਬਿਹਤਰੀਨ ਸਭ ਤੋਂ ਵੱਧ ਹਲੀਮੀ ਨਾਲ ਪੇਸ਼ ਆਉਣ ਵਾ ਸਨ। ਇਸ ਫਿਲਮ ਵਿਚ ਤਿੰਨੇ ਦੋਸਤਾਂ ਦ ਜ਼ਿੰਦਗੀ ਵਿਚ ਆਉਣ ਵਾਲੇ ਕਈ ਤਜਰਬੇ, ਖੁਸ਼ੀ, ਪਿਆਰ, ਰਿਸ਼ਤੇ ਸਭ ਰੂਹਾਨੀ ਪੱਧਰ 'ਤੇ ਸਨ।"

ਯਾਦ ਰਹੇ ਕਿ ਅਦਾਕਾਰ ਬੋਮਨ ਇਰਾਨੀ ਨੇ ਆਪਣੇ ਕਰੀਅਰ ਦਾ ਆਰੰਭ 2001 ਵਿਚ ਕੀਤਾ ਸੀ ਅਤੇ ਹੁਣ ਤੱਕ ਉਹ ਆਪਣੀ ਅਦਾਕਾਰੀ ਦਾ ਲੋਹਾ ਤਾਂ ਮੰਨਵਾ ਹੀ ਚੁੱਕੇ ਹਨ, 100 ਤੋਂ ਉਪਰ ਫਿਲਮਾਂ ਵਿਚ ਕੰਮ ਵੀ ਕਰ ਚੁੱਕੇ ਹਨ। ਉਸ ਨੇ ਅਦਾਕਾਰੀ 40 ਸਾਲ ਤੋਂ ਬਾਅਦ ਦੀ ਉਮਰ ਵਿਚ ਸ਼ੁਰੂ ਕੀਤੀ ਸੀ ਅਤੇ ਫਿਰ ਕਮਾਲ ਕਰਕੇ ਦਿਖਾ ਦਿੱਤੀ। ਸਾਲ 2022 ਵਿਚ ਉਸ ਦੀਆਂ ਦੋ ਫਿਲਮਾਂ ਰਿਲੀਜ਼ ਹੋ ਚੁੱਕੀਆਂ ਹਨ। ਇਨ੍ਹਾਂ ਦੇ ਨਾਂ 'ਰਨਵੇਅ 34' ਅਤੇ 'ਜਯੇਸ਼ਭਾਈ ਜੋਰਦਾਰ' ਹਨ।






*ਫਿਲਮ 'ਉਂਚਾਈ ਦਾ ਪੋਸਟਰ ਅਤੇ (ਹੇਠਾਂ) ਬੋਮਨ ਇਰਾਨੀ।*

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

16th Mahan Nagar Kirtan

On Sat. October 29th, 2022 at 11:30 am

# Gurdwara Sant Sagar

242-25 Braddock Ave., Bellerose NY 11426. Ph. 718-343-1030

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

# 16ਵਾਂ ਮਹਾਨ ਨਗਰ ਕੀਰਤਨ




ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 8 ਨਵੰਬਰ ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਅਕਤੂਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵੱਲੋਂ ਹੋਵੇਗੀ।

**Saturday October 29, 2022, 16th Mahan Nagar Kirtan will start from GURDWARA SANT SAGAR, Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

ਗੁਰਪੁਰਬ ਦੇ ਸੰਬੰਧ'ਚ 31 ਅਕਤੂਬਰ ਤੋਂ 6 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ 7 ਨਵੰਬਰ ਦਿਨ ਸੋਮਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋ 12:00 ਤੱਕ ਹੋਵੇਗੀ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। 8 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ ਉਪਰੰਤ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ ਸ਼ਾਮ 05:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬੱਲੁਜ਼ਵਾਲ, ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ, ਕਥਾ ਵਾਚਕ ਗਿਅਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਦਮਦਮੀ ਟਕਸਾਲ ਵਾਲੇ) ਤੇ ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਡਾਣਾ ਹਿੱਸਾ ਲੈਣਗੇ।

ਨੋਟ (1) : ਖਾਸ ਤੋਰ ਤੇ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ (ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ) 31 ਅਕਤੂਬਰ ਤੋਂ 8 ਨਵੰਬਰ ਤੱਕ ਹਰ ਰੋਜ ਸ਼ਾਮ ਨੂੰ 8:00 ਵਜੇ ਤੋਂ 8:45 ਤੱਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸੰਬੰਧੀ ਕਥਾ ਕਰਣਗੇ।

(2) : 5 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਰੈਣ ਸਬਾਈ ਅਖੰਡ ਕੀਰਤਨੀ ਜਥੇ ਵਲੋਂ ਹੋਵੇਗੀ।

ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 21 ਅਗਸਤ ਤੋ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 6 ਨਵੰਬਰ ਨੂੰ ਸਮਾਪਤ ਹੋਣਗੀਆਂ।



ਗੱਤਕਾ ਟੀਮ ਆਪਣੇ ਜੌਹਰ ਦਿਖਾਏਗੀ

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



LIVE

ਨਗਰ ਕੀਰਤਨ ਤੇ ਪ੍ਰਕਾਸ਼ ਦਿਹਾੜੇ ਦੇ ਦੀਵਾਨ ਦਾ ਸਿੱਧਾ ਪ੍ਰਸਾਰਣ ਜੱਸ ਪੰਜਾਬੀ ਤੇ YouTube ਤੇ ਦੇਖ ਸਕਦੇ ਹੋ ।
Watch live Nagar Kirtan and Diwan on JUS PUNJABI & YouTube

YouTube
jus